ਕੁਲ ਸੰਸਾਰ ਇਕ ਪਰਿਵਾਰ...

ਨਵੀਂ ਦੁਨੀਆ

Nawi Dunia

Free



8 ਮਾਰਚ - ਕੌਮਾਂਤਰੀ ਇਸਤਰੀ ਦਿਵਸ

ਸਾਲ : 4 ਅੰਕ : 03 Phone : 780 465 9118, 403 830 7007, 204 218 6284 : Fax: 780 465 0661, e-mail: info@nawidunia.com ਮਾਰਚ 2013

ਸ਼ਾਵੇਜ਼ ਨਹੀਂ ਰਹੇ



ਕਾਰਾਕਸ (ਨਦਬ) : ਦੱਖਣੀ ਅਮਰੀਕੀ ਮੁਲਕ ਵੈਨਜ਼ੂਏਲਾ ਦੇ ਰਾਸ਼ਟਰਪਤੀ, ਉਥੋਂ ਦੀ ਆਵਾਮ ਦੇ ਨਾਇਕ ਅਤੇ ਸੰਸਾਰ ਸਿਆਸਤ ਵਿਚ ਅਸਰਦਾਰ ਭੂਮਿਕਾ ਨਿਭਾਉਣ ਵਾਲੇ ਹਯੂਗੋ ਸ਼ਾਵੇਜ਼ ਸਦਾ ਲਈ ਤੁਰ ਗਏ ਹਨ। ਸ਼ਾਵੇਜ਼ ਦੇ ਦੇਹਾਂਤ ਦਾ ਅਧਿਕਾਰਤ ਐਲਾਨ ਉਪ ਰਾਸ਼ਟਰਪਤੀ ਨਿਕੋਲਸ ਮਡੂਰੋ ਨੇ ਕੀਤਾ। ਸ਼ਾਵੇਜ਼ ਪਿਛਲੇ ਇਕ ਸਾਲ ਤੋਂ ਕੈਂਸਰ ਨਾਲ ਜੂਝ ਰਹੇ ਸਨ ਅਤੇ ਉਨ੍ਹਾਂ ਦੀ ਕਈ ਵਾਰ ਸਰਜਰੀ ਕੀਤੀ ਜਾ ਚੁੱਕੀ ਸੀ। ਸਰਜਰੀ ਤੋਂ ਬਾਅਦ ਉਹ ਸਾਹ ਨਾਲ ਜੁੜੀ ਨਵੀਂ ਪ੍ਰੇਸ਼ਾਨੀ ਦਾ ਸਾਹਮਣਾ ਕਰ ਰਹੇ ਸਨ। ਕਾਫ਼ੀ ਦਿਨਾਂ ਤੋਂ ਉਹ ਆਮ ਲੋਕਾਂ ਵਿਚਾਲੇ ਦਿਖਾਈ ਨਹੀਂ ਸਨ ਦੇ ਰਹੇ। ਪਿਛਲੇ ਮਹੀਨੇ ਹੀ ਕਾਫ਼ੀ ਦਿਨਾਂ ਬਾਅਦ ਉਹ ਰਾਜਧਾਨੀ ਕਾਰਾਕਾਸ ਵਿਚ ਆਮ ਜਨਤਾ ਨੂੰ ਮੁਖ਼ਾਤਬ ਹੋਏ ਸਨ। ਵੈਨਜ਼ੂਏਲਾ ਦੇ ਉਪ ਰਾਸ਼ਟਰਪਤੀ ਨਿਕੋਲਸ ਮਡੂਰੋ ਨੇ ਕੁਝ ਦਿਨ ਪਹਿਲਾਂ ਹੀ ਦੱਸਿਆ ਕਿ ਸ਼ਾਵੇਜ਼ ਆਪਣਾ 'ਸਭ ਤੋਂ ਮੁਸ਼ਕਲ' ਸਮਾਂ ਕੱਟ ਰਹੇ ਹਨ। ਉਨ੍ਹਾਂ ਦੀ ਦੇਹਾਂਤ ਦੀ ਖ਼ਬਰ ਸੁਣਦਿਆਂ ਹੀ ਹਜ਼ਾਰਾਂ ਲੋਕ ਕੈਥੋਲਿਕ ਚੈਪਲ ਮਿਲਟਰੀ ਹਸਪਤਾਲ ਮੂਹਰੇ ਇਕੱਠੇ ਹੋਣੇ ਸ਼ੁਰੂ ਹੋ ਗਏ, ਜਿਥੇ ਸ਼ਾਵੇਜ਼ ਨੇ ਕਿਊਬਾ ਤੋਂ ਪਰਤ ਕੇ ਆਪਣੀ ਜ਼ਿੰਦਗੀ ਦੇ ਆਖ਼ਰੀ ਦੋ ਹਫ਼ਤੇ ਬਿਤਾਏ। ਪਿਛਲੇ 14 ਸਾਲਾਂ ਤੋਂ ਵੈਨਜ਼ੂਏਲਾ ਦੇ ਰਾਸ਼ਟਰਪਤੀ ਰਹੇ 58 ਸਾਲਾ ਸਮਾਜਵਾਦੀ ਆਗੂ ਹਯੂਗੋ ਸ਼ਾਵੇਜ਼ ਨੇ ਪਿਛਲੇ ਸਾਲ ਅਕਤੂਬਰ ਮਹੀਨੇ ਵਿਚ ਹੀ ਫਿਰ ਚੋਣਾਂ ਜਿੱਤੀਆਂ ਸਨ ਅਤੇ ਅਗਲੇ 6 ਸਾਲਾਂ ਲਈ ਲੋਕ ਫ਼ਤਵਾ ਹਾਸਲ ਕੀਤਾ ਸੀ। ਉਦੋਂ ਬਿਮਾਰੀ ਕਾਰਨ ਉਹ ਰਾਸ਼ਟਰਪਤੀ ਦੇ ਅਹੁਦੇ ਦੀ ਸਹੁੰ ਨਹੀਂ ਸੀ ਚੁੱਕ ਪਾ ਰਹੇ ਤਾਂ ਲੱਖਾਂ ਲੋਕਾਂ ਦੀਆਂ ਭਾਵਨਾਵਾਂ ਦੀ ਕਦਰ ਕਰਦਿਆਂ ਜਨਤਕ ਮੰਚ 'ਤੇ ਆਏ। ਉਦੋਂ ਲਾਤੀਨੀ ਅਮਰੀਕਾ ਦੇ 28 ਮੁਲਕਾਂ ਦੇ ਨੁਮਾਇੰਦਿਆਂ ਨੇ ਇਸ ਸਮਾਗਮ ਵਿਚ ਸ਼ਿਰਕਤ ਕੀਤੀ। ਉਹ ਲਾਤੀਨ ਅਮਰੀਕਾ ਦੇ ਸਭ ਤੋਂ ਸਪੱਸ਼ਟ ਗੱਲ ਕਰਨ ਵਾਲੇ ਆਗੂਆਂ ਵਿਚੋਂ ਸਨ। ਫ਼ੌਜ ਵਿਚ ਪੈਰਾਟਰੂਪਲ ਰਹੇ ਸ਼ਾਵੇਜ਼ ਸਾਲ 1992 ਵਿਚ ਫ਼ੌਜੀ ਤਖ਼ਤਾ ਪਲਟ ਦੀ ਕੋਸ਼ਿਸ਼ ਤੋਂ ਬਾਅਦ ਇਕ ਆਗੂ ਵਜੋਂ ਪਹਿਲੀ ਵਾਰ ਸੁਰਖੀਆਂ ਵਿਚ ਆਏ ਸਨ।

ਬਾਕੀ ਸਫ਼ਾ 7 'ਤੇ

ਓਬਾਮਾ ਵੱਲੋਂ ਖ਼ਰਚ ਕਟੌਤੀ ਦੇ ਪ੍ਰਸਤਾਵ 'ਤੇ ਦਸਤਖ਼ਤ

ਸਾਢੇ ਸੱਤ ਲੱਖ ਨੌਕਰੀਆਂ 'ਤੇ ਲੱਗੇਗਾ ਕੱਟ

ਆਲਮੀ ਅਰਥਚਾਰੇ 'ਚ ਆ ਸਕਦੀ ਹੈ ਖੜੋਤ : ਆਈਐਮਐਫ

ਵਸ਼ਿੰਗਟਨ (ਨਦਬ) : ਚਾਰ ਸਾਲ ਪਹਿਲਾਂ ਅਮਰੀਕਾ ਵਿੱਚ ਆਏ ਆਰਥਿਕ ਮੰਦਵਾੜੇ ਤੋਂ ਬਾਅਦ ਅਮਰੀਕਾ ਪੱਖੀ ਅਰਥਸਾਸ਼ਤਰੀਆਂ ਵੱਲੋਂ ਇਹ ਪ੍ਰਚਾਰਿਆ ਜਾ ਰਿਹਾ ਸੀ ਕਿ ਮੰਦਵਾੜੇ 'ਚੋਂ ਨਿੱਕਲ ਕੇ ਅਮਰੀਕਾ ਦਾ ਅਰਥਚਾਰਾ ਦੁਆਰਾ ਫਿਰ ਮਜ਼ਬੂਤੀ ਦੀ ਲੀਹ 'ਤੇ ਆ ਗਿਆ ਹੈ। ਪਰ ਇਸ ਤੱਥ ਦੀ ਪੋਲ ਹੁਣ ਅਮਰੀਕੀ ਰਾਸ਼ਟਰਪਤੀ ਵੱਲੋਂ 85 ਲੱਖ ਡਾਲਰ ਦੀ ਖਰਚ ਕਟੌਤੀ 'ਤੇ ਦਸਤਖ਼ਤ ਕਰਨ ਨਾਲ ਖੁੱਲ ਗਈ ਹੈ। ਹੁਣ ਇਸ ਕਟੌਤੀ ਕਾਰਣ ਅਮਰੀਕਾ ਵਿੱਚ ਸਾਢੇ ਸੱਤ ਲੱਖ ਨੌਕਰੀਆਂ 'ਤੇ ਕੱਟ ਲੱਗਣਗੇ। ਜੇਕਰ ਅੰਕਾ ਦਾ ਹਿਸਾਬ ਨਾਲ ਦੇਖੀਏ ਤਾਂ ਇਸ ਕਟੌਤੀ ਕਾਰਣ ਅਮਰੀਕੀ ਅਰਥਚਾਰੇ ਦੀ ਵਾਧੇ ਦੀ ਦਰ ਵਿੱਚ ਅੱਧਾ ਫ਼ੀਸਦੀ ਕਮੀ ਆਵੇਗੀ। ਜ਼ਿਕਰਯੋਗ ਹੈ ਕਿ ਇਸ ਕਟੌਤੀ ਕਾਰਣ ਜਿੱਥੇ ਅਮਰੀਕਾ ਨੂੰ ਆਰਥਿਕ ਮੰਦਵਾੜੇ ਦਾ ਇੱਕ ਵਾਰ ਫਿਰ ਸਾਹਮਣਾ ਕਰਨਾ ਪੈ ਸਕਦਾ ਹੈ ਉੱਥੇ ਇਸ ਕਟੌਤੀ ਦਾ ਅਸਰ ਦੂਸਰੇ ਦੇਸ਼ਾਂ ਦੇ ਅਰਥਚਾਰਿਆਂ 'ਤੇ ਵੀ ਦੇਖਣ ਨੂੰ ਮਿਲ ਸਕਦਾ ਹੈ, ਉਹਨਾਂ ਦੇਸ਼ਾਂ 'ਤੇ ਨਿਸਚਿਤ ਹੀ ਇਸਦਾ ਅਸਰ ਪੈ ਸਕਦਾ ਹੈ ਜਿਨ੍ਹਾਂ ਦੇ ਅਮਰੀਕਾ ਨਾਲ ਨੇੜਲੇ ਸਬੰਧ ਹਨ। ਇੱਥੇ ਇਹ ਦੱਸਣਯੋਗ ਹੈ ਕਿ ਰਿਪਬਲੀਕਨ ਪਾਰਟੀ ਦੇ ਸਾਂਸਦਾਂ ਵੱਲੋਂ ਇਸ ਪ੍ਰਸਤਾਵ ਦਾ ਇਹ ਕਹਿ ਕੇ ਵਿਰੋਧ ਕੀਤਾ ਗਿਆ ਕਿ ਇਹ ਯੋਜਨਾਬਧ ਨਹੀਂ ਹੈ ਤੇ ਆਖ਼ਰੀ ਸਮੇਂ

ਬਾਕੀ ਸਫ਼ਾ 7 'ਤੇ

ਸਿਹਤ ਸੇਵਾਵਾਂ ਦੇ ਖੇਤਰ 'ਚ ਹੋਵੇਗੀ 400 ਅਸਾਮੀਆਂ ਦੀ ਕਟੌਤੀ

ਐਡਮਿੰਟਨ (ਨਦਬ): ਦਾ ਵਾਈਟਲਲਿਟ ਹੈਲਥ ਨੈਟਵਰਕ ਵੱਲੋਂ ਸਿਹਤ ਸੇਵਾਵਾਂ ਦੇ ਖੇਤਰ ਵਿੱਚ ਹਰ ਸਾਲ 24 ਮਿਲੀਅਨ ਡਾਲਰ ਬਚਾਉਣ ਲਈ ਆਉਂਦੇ ਤਿੰਨ ਸਾਲਾਂ ਵਿੱਚ 400 ਅਸਾਮੀਆਂ ਖਤਮ ਕੀਤੀਆਂ ਜਾਣਗੀਆਂ। ਯੋਜਨਾ ਹੈ ਕਿ ਜਿਹੜੇ ਵਰਕਰ ਸੇਵਾਮੁਕਤ ਹੁੰਦੇ ਹਨ, ਉਹਨਾਂ ਦੀ ਥਾਂ 'ਤੇ ਨਵੀਂ ਭਰਤੀ ਨਹੀਂ ਕੀਤੀ ਜਾਵੇਗੀ। ਸੰਸਥਾ ਦੇ ਪ੍ਰਧਾਨ ਅਤੇ ਮੁੱਖ ਪ੍ਰਬੰਧਕੀ ਅਫ਼ਸਰ ਰਿਨੋ ਵੌਲਪ ਦਾ ਕਹਿਣਾ ਹੈ ਕਿ ਆਮ ਤੌਰ 'ਤੇ ਸਾਲ ਵਿੱਚ 240 ਵਰਕਰ ਸੇਵਾਮੁਕਤ ਹੁੰਦੇ ਹਨ ਪਰ ਪਹਿਲੇ ਸਾਲ 200 ਅਸਾਮੀਆਂ 'ਤੇ ਕੱਟ ਲੱਗੇਗਾ। ਜ਼ਿਕਰਯੋਗ ਹੈ ਕਿ ਹੈਲਥ ਨੈਟਵਰਕ 'ਚ ਕੁੱਲ 6728 ਅਸਾਮੀਆਂ ਹਨ। ਵੌਲਪ ਦਾ ਕਹਿਣਾ ਹੈ ਕਿ ਅਸੀਂ ਵਿੱਤੀ ਘਾਟੇ ਨੂੰ ਘਟਾਉਣ ਲਈ ਸੰਸਥਾ ਦੇ ਸਮੁੱਚੇ ਕਾਰਜਾਂ ਦੀ ਪੜਚੋਲ ਕਰਕੇ ਇਸ ਵਿੱਚ ਨਵੇਂ ਸੁਧਾਰ ਕਰਾਂਗੇ।

ਬਾਕੀ ਸਫ਼ਾ 7 'ਤੇ

ਸ਼ਹੀਦ ਭਗਤ ਸਿੰਘ ਸਬੰਧੀ ਸੈਮੀਨਾਰ 30 ਮਾਰਚ ਨੂੰ

ਐਡਮਿੰਟਨ (ਨਦਬ):- ਪ੍ਰੋਗਰੈਸਿਵ ਪੀਪਲਜ਼ ਫ਼ਾਊਡੇਸ਼ਨ ਆਫ਼ ਐਡਮਿੰਟਨ ਵੱਲੋਂ ਗ਼ਦਰ ਲਹਿਰ ਦੀ 100ਵੀਂ ਸ਼ਤਾਬਦੀ ਨੂੰ ਸਮਰਪਿਤ 30 ਮਾਰਚ 2013 (ਸ਼ਨੀਵਾਰ) ਨੂੰ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਹਾੜ੍ਹੇ ਸਬੰਧੀ ਸੈਮੀਨਾਰ ਕਰਵਾਇਆ ਜਾ ਰਿਹਾ ਹੈ। ਸੁਲਤਾਨ ਬੈਂਕੁਇਟ ਹਾਲ ਵਿਖੇ ਦੁਪਿਹਰ 2 ਵਜੇ ਸ਼ੁਰੂ ਹੋਣ ਵਾਲੇ ਇਸ ਸੈਮੀਨਾਰ ਦਾ ਵਿਸ਼ਾ 'ਗ਼ਦਰ ਲਹਿਰ ਦਾ ਭਗਤ ਸਿੰਘ 'ਤੇ ਪ੍ਰਭਾਵ' ਰੱਖਿਆ ਗਿਆ ਹੈ। ਇਸ ਦੇ ਨਾਲ ਹੀ 8 ਮਾਰਚ 2013 (ਸ਼ਨੀਵਾਰ) ਨੂੰ ਦੁਪਿਹਰ 1.30 ਵਜੇ ਮਹਾਰਾਜਾ ਪੈਲਿਸ ਵਿਖੇ ਪ੍ਰੋਗਰੈਸਿਵ ਪੀਪਲਜ਼ ਫ਼ਾਊਡੇਸ਼ਨ ਆਫ਼ ਐਡਮਿੰਟਨ ਵੱਲੋਂ ਅੰਤਰਰਾਸ਼ਟਰੀ ਔਰਤ ਦਿਵਸ ਮਨਾਇਆ ਜਾ ਰਿਹਾ ਹੈ। ਆਗੂਆਂ ਵੱਲੋਂ ਪ੍ਰਾਪਤ ਜਾਣਕਾਰੀ ਇਨ੍ਹਾਂ ਸੈਮੀਨਾਰਾਂ ਵੱਖ-ਵੱਖ ਬੁਲਾਰੇ ਸ਼ਮੂਲੀਅਤ ਕਰਨਗੇ। 30 ਮਾਰਚ 2013 (ਸ਼ਨੀਵਾਰ) ਅਤੇ 8 ਮਾਰਚ 2013 ਸੈਮੀਨਾਰਾਂ ਸਬੰਧੀ ਵਧੇਰੇ ਜਾਣਕਾਰੀ ਲਈ ਪ੍ਰੋਗਰੈਸਿਵ ਪੀਪਲਜ਼ ਫ਼ਾਊਡੇਸ਼ਨ ਆਫ਼ ਐਡਮਿੰਟਨ ਦੇ ਦਲਬੀਰ ਸਾਂਗਿਆਂਣ ਨਾਲ 780-995-5475, ਬਖ਼ਸ਼ ਸੰਘਾ 780-461-7528, ਕਿਰਤਮੀਤ ਕੁਹਾੜ ਨਾਲ 780-200-5328, ਨਵਤੇਜ ਬੈਂਸ ਨਾਲ 780-200-2872, ਗੁਰਚਰਨ ਬਰਾੜ ਨਾਲ 780-265-3752 ਜਾਂ ਸੋਨੀ ਗਿੱਲ ਨਾਲ 780-497-8801 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਘਾਟੇ ਦਾ ਸਾਹਮਣਾ ਕਰ ਰਹੀ ਹੈ ਕਨੇਡਾ ਪੋਸਟ!



ਟੋਰਾਂਟੋ (ਨਦਬ) : ਕਨੇਡਾ ਪੋਸਟ ਨੂੰ 327 ਮਿਲੀਅਨ ਡਾਲਰ ਦਾ ਘਾਟਾ ਪੈਣ ਕਾਰਨ ਇਸ ਕਾਰਪੋਰੇਸ਼ਨ ਵੱਲੋਂ ਆਉਣ ਵਾਲੇ ਦਿਨਾਂ ਵਿਚ ਕਈ ਕਿਸਮ ਦੀਆਂ ਕਟੌਤੀਆਂ ਕੀਤੀਆਂ ਜਾ ਸਕਦੀਆਂ ਹਨ। ਕਨੇਡਾ ਪੋਸਟ ਆਪਣਾ ਵਜੂਦ ਕਾਇਮ ਰੱਖਣ ਲਈ ਹੇਠ ਲਿਖੇ ਨੁਕਤਿਆਂ ਉੱਤੇ ਵਿਚਾਰ ਕਰ ਰਹੀ ਹੈ:

- ਘਰਾਂ ਲਈ ਕੀਤੀ ਜਾਣ ਵਾਲੀ ਡਲੀਵਰੀ ਨੂੰ ਪੰਜ, ਚਾਰ ਜਾਂ ਤਿੰਨ ਦਿਨਾਂ ਤਕ ਘਟਾਉਣਾ
- ਕਨੇਡਾ ਭਰ ਵਿਚ ਮੌਜੂਦ ਰਿਟੇਲ ਆਊਟਲੈਟਸ ਵਿਚੋਂ 6,500 ਨੂੰ ਬੰਦ ਕਰਨਾ
- ਡਾਕ ਛਾਂਟਣ ਵਾਲੇ 21 ਸੈਂਟਰਾਂ ਨੂੰ ਸਿਰਫ਼ ਵੱਡੇ ਸ਼ਹਿਰਾਂ ਤਕ ਹੀ ਸੀਮਤ ਰੱਖਣਾ

ਕਨੇਡਾ ਪੋਸਟ ਨੂੰ ਅਸਲ ਵਿਚ ਰਵਾਇਤੀ ਡਾਕ ਸੇਵਾ ਦੀ ਮੰਗ ਘਟਣ ਕਾਰਨ ਖਮਿਆਜਾ ਭੁਗਤਣਾ ਪੈ ਰਿਹਾ ਹੈ। ਆਧੁਨਿਕ ਸਮੇਂ ਵਿੱਚ ਲੋਕਾਂ ਵੱਲੋਂ ਸੰਚਾਰ ਲਈ ਈ-ਮੇਲ, ਬਿੱਲਾਂ ਦੀ ਅਦਾਇਗੀ ਤੇ ਹੋਰ ਕੰਮਾਂ ਲਈ ਇੰਟਰਨੈਟ ਤੇ ਹੋਰ ਸੇਵਾਵਾਂ ਦੀ ਵਰਤੋਂ ਕੀਤੇ ਜਾਣ ਕਾਰਨ ਪੋਸਟ ਆਫਿਸ ਦੀ ਵਰਤੋਂ ਘੱਟਦੀ ਜਾ ਰਹੀ ਹੈ। ਇਸ ਤਰ੍ਹਾਂ ਕਦੇ ਜਿਹੜੀਆਂ ਸੇਵਾਵਾਂ ਪੋਸਟ ਆਫਿਸ ਵੱਲੋਂ ਨਿਭਾਈਆਂ ਜਾਂ ਮੁਹੱਈਆ ਕਰਵਾਈਆਂ ਜਾਂਦੀਆਂ ਸਨ, ਉਸ ਦਾ ਅਸਾਨ ਬਦਲ ਮਿਲ ਜਾਣ ਕਾਰਨ ਪੋਸਟ ਆਫਿਸ ਅਣਗੌਲਿਆ ਜਾਣ ਲੱਗਿਆ ਹੈ। ਕਨੇਡਾ ਪੋਸਟ ਦੇ ਬੁਲਾਰੇ ਜੌਨ ਹੈਮਿਲਟਨ ਦਾ ਕਹਿਣਾ ਹੈ ਕਿ ਕੰਪਨੀ ਭਵਿੱਖ ਵਿਚ ਆਪਣਾ ਵਜੂਦ ਕਾਇਮ ਰੱਖਣ ਲਈ ਸਾਰੇ ਬਦਲਾਂ ਉੱਤੇ ਵਿਚਾਰ ਕਰ ਰਹੀ ਹੈ ਤੇ ਇਸ ਵਾਸਤੇ ਹਰ ਪੱਖ ਖੁੱਲ੍ਹਾ ਰੱਖ ਕੇ ਸੋਚ ਵਿਚਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਇਸ ਸੇਵਾ ਵਿਚ ਤੇਜ਼ੀ ਨਾਲ ਆ ਰਹੀ ਗਿਰਾਵਟ ਕਾਰਨ ਇੱਕ ਖਲਾਅ ਪੈਦਾ ਹੋ ਰਿਹਾ ਹੈ। ਉਨ੍ਹਾਂ ਆਖਿਆ ਕਿ ਅਸੀਂ ਬਹੁਤੀਆਂ ਵੱਡੀਆਂ ਤਬਦੀਲੀਆਂ ਦੀ ਥਾਂ ਖੁਦ ਲਈ ਬਿਹਤਰ ਰਾਹ ਤਲਾਸ਼ ਕਰਨ ਵਿਚ ਲੱਗੇ ਹੋਏ ਹਾਂ। ਅਜਿਹਾ ਨਹੀਂ ਹੈ ਕਿ ਇੱਕਲੇ ਕਨੇਡਾ ਵਿਚ ਹੀ ਪੋਸਟਲ ਸਰਵਿਸ ਨੂੰ ਖੋਰਾ ਲੱਗ ਰਿਹਾ ਹੈ। ਅਮਰੀਕਾ ਦੀ ਪੋਸਟਲ ਸਰਵਿਸ ਨੇ ਪਿੱਛੇ ਜਿਹੇ ਹੀ ਐਲਾਨ ਕੀਤਾ ਸੀ ਕਿ ਉਹ ਸ਼ਨਿੱਚਰਵਾਰ ਦੀ ਡਲਿਵਰੀ ਖ਼ਤਮ ਕਰ ਰਹੀ ਹੈ। ਇਸ ਨਾਲ ਕੰਪਨੀ ਨੂੰ 2 ਬਿਲੀਅਨ ਡਾਲਰ ਦੀ ਬਚਤ ਹੋਣ ਦੀ ਸੰਭਾਵਨਾ ਹੈ। ਕਨੇਡਾ ਪੋਸਟ 40 ਸਾਲ ਪਹਿਲਾਂ ਹੀ ਸ਼ਨਿੱਚਰਵਾਰ ਦੀ ਸਰਵਿਸ ਬੰਦ ਕਰ ਚੁੱਕੀ ਹੈ। ਪਰ ਪੋਸਟਲ ਕਰਮਚਾਰੀਆਂ ਵੱਲੋਂ ਸੀ.ਯੂ.ਪੀ.ਡਬਲਿਊ. ਦੇ ਇਸ ਫੈਸਲੇ ਦਾ ਵਿਰੋਧ ਕਰਨ ਦਾ ਸੰਕੇਤ ਦਿੱਤਾ ਗਿਆ ਹੈ। ਸੀ.ਯੂ.ਪੀ.ਡਬਲਿਊ. ਦੇ ਕੌਮੀ ਪ੍ਰਧਾਨ ਡੈਨਿਸ ਲੈਮੇਲਿਨ ਦਾ ਕਹਿਣਾ ਹੈ ਕਿ ਉਹ ਜਨਤਾ ਤੇ ਦੇਸ਼ ਦੇ ਨਾਗਰਿਕਾਂ ਨਾਲ ਸੰਪਰਕ ਖ਼ਤਮ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਤੇ ਇਹ ਸਾਡੇ ਲਈ ਸਹੀ ਨਹੀਂ ਹੈ।

ਗਰਮੀਆਂ ਵਿੱਚ ਵਿਦਿਆਰਥੀ ਨਹੀਂ ਕਰ ਸਕਣਗੇ ਕਮਾਈ

ਐਡਮਿੰਟਨ (ਨਦਬ) : ਸੂਬਾ ਸਰਕਾਰ ਵੱਲੋਂ ਸਮਰ ਟੈਂਪਰੇਰੀ ਇੰਪਲਾਈਮੈਂਟ ਪ੍ਰੋਗਰਾਮ ਬੰਦ ਕਰਨ ਦਾ ਐਲਾਨ ਕਰ ਦਿੱਤਾ ਗਿਆ ਹੈ ਜਿਸ ਵਿੱਚ ਗਰੀਨ ਸ਼ੈਕ ਪ੍ਰੋਗਰਾਮ ਵੀ ਸ਼ਾਮਲ ਹੈ। ਅਜਿਹਾ ਕਰਨ ਨਾਲ ਲਗਭਗ ਤਿੰਨ ਹਜ਼ਾਰ ਵਿਅਕਤੀਆਂ ਨੂੰ ਕੰਮ ਤੋਂ ਹੱਥ ਧਾਉਣਾ ਪਵੇਗਾ। ਐਡਮਿੰਟਨ ਫੈਡਰੇਸ਼ਨ ਆਫ਼ ਕਮਿਊਨਿਟੀ ਲੀਗਜ਼ ਦੇ ਬੁਲਾਰੇ ਐਲਨ ਬੋਲਸਟੈਡ ਨੇ ਇਸ ਸਬੰਧੀ ਗੱਲਬਾਤ ਕਰਦਿਆਂ ਕਿਹਾ ਕਿ ਕਮਿਊਨਿਟੀ ਲੀਗਜ਼ ਨੂੰ ਇਹ ਜਾਣ ਕੇ ਬਹੁਤ ਨਿਰਾਸ਼ਾ ਹੋਈ ਕਿ ਮਾਰਚ ਮਹੀਨੇ ਪੇਸ਼ ਹੋਣ ਵਾਲੇ ਸੂਬੇ ਦੇ ਬਜਟ ਵਿੱਚ ਇਸ ਯੋਜਨਾ 'ਤੇ ਵੱਡਾ ਕੱਟ ਲੱਗਣ ਦੀ ਸੰਭਾਵਨਾ ਹੈ। ਉਹਨਾਂ ਕਿਹਾ ਕਿ ਸਾਡੇ ਕੋਲ 180 ਗਰੀਨ ਸ਼ੈਕ ਪ੍ਰੋਗਰਾਮ ਹਨ ਜਿਨ੍ਹਾਂ ਰਾਹੀਂ ਸਾਰੇ ਸ਼ਹਿਰ ਦੇ ਬੱਚਿਆਂ ਲਈ ਸਾਰੇ ਸ਼ਹਿਰ ਦੇ ਬੱਚਿਆਂ ਲਈ ਗਤੀਵਿਧੀਆਂ ਕੀਤੀਆਂ ਜਾਂਦੀਆਂ ਹਨ ਤੇ ਇਸ ਲਈ ਸਟੈਪ ਫੰਡਾਂ ਦੀ ਜ਼ਿਆਦਾ ਵਰਤੋਂ ਕੀਤੀ ਜਾਂਦੀ ਹੈ ਪਰ ਹੁਣ ਕੱਟ ਲੱਗਣ ਤੋਂ ਬਾਅਦ ਸਾਨੂੰ ਚਿੰਤਾ ਹੈ ਕਿ ਇਹਨਾਂ ਗਤੀਵਿਧੀਆਂ ਲਈ ਫੰਡ ਕਿੱਥੋਂ ਆਉਣਗੇ।

ਮਨੁੱਖੀ ਸੇਵਾਵਾਂ ਵਿਭਾਗ ਵੱਲੋਂ ਆਪਣੀ ਵੈਬਸਾਈਟ 'ਤੇ ਲਿਖਿਆ ਗਿਆ ਹੈ ਕਿ ਇਸ ਵਾਰੀ ਗਰਮੀਆਂ ਦੇ ਟੈਂਪਰੇਰੀ ਇੰਪਲਾਈਮੈਂਟ ਪ੍ਰੋਗਰਾਮ ਦੇ ਲਈ ਫੰਡ ਦੀ ਕੋਈ ਯੋਜਨਾ ਨਹੀਂ ਹੈ। ਬੋਲਸਟੈਡ ਦਾ ਕਹਿਣਾ ਹੈ ਕਿ ਸਰਕਾਰ ਨੇ ਇਹ ਫੈਸਲਾ ਲੈਣ ਤੋਂ ਪਹਿਲਾਂ ਕੋਈ ਚਿਤਾਵਨੀ ਨਹੀਂ ਦਿੱਤੀ, ਇਸ ਤਰ੍ਹਾਂ ਹੁਣ ਉਹਨਾਂ ਮਾਪਿਆਂ ਲਈ ਚੁਣੌਤੀ ਪੈਦਾ ਹੋ ਗਈ ਹੈ ਜਿਹੜੇ ਗਰਮੀਆਂ ਵਿੱਚ ਆਰਾਮ ਕਰਦੇ ਸਨ। ਦੂਜੇ ਪਾਸੇ ਵਿਦਿਆਰਥੀ ਇਹਨਾਂ ਦਿਨਾਂ ਵਿੱਚ ਕੁੱਝ ਰੁਪਏ ਕਮਾ ਲੈਂਦੇ ਸਨ ਤੇ ਇਸ ਨਾਲ ਟਿਊਸ਼ਨ ਦੀ ਫੀਸ ਤਾਰ ਦਿੰਦੇ ਸਨ।

ਗ੍ਰਿਫਤਾਰੀ ਸਮੇਂ ਫੋਨ ਦੀ ਜਾਂਚ ਕਰ ਸਕਦੀ ਹੈ ਪੁਲੀਸ : ਅਦਾਲਤ

ਟੋਰਾਂਟੋ, (ਨਦਬ) : ਓਨਟਾਰੀਓ ਦੀ ਸਰਬਉੱਚ ਅਦਾਲਤ ਨੇ ਇਹ ਸੰਕੇਤ ਦਿੱਤਾ ਹੈ ਕਿ ਗ੍ਰਿਫ਼ਤਾਰੀ ਸਮੇਂ ਪੁਲੀਸ ਅਧਿਕਾਰੀਆਂ ਨੂੰ ਕਿਸੇ ਦੇ ਫੋਨ ਦੀ ਤਲਾਸ਼ੀ ਲਏ ਜਾਣ ਦਾ ਅਧਿਕਾਰ ਹੈ। ਕੋਰਟ ਆਫ ਅਪੀਲ ਫੌਰ ਓਨਟਾਰੀਓ ਦਾ ਕਹਿਣਾ ਹੈ ਕਿ ਜੇ ਗ੍ਰਿਫ਼ਤਾਰੀ ਸਮੇਂ ਕਿਸੇ ਦਾ ਫੋਨ ਪਾਸਵਰਡ ਰਾਹੀਂ ਮਹਿਫੂਜ਼ ਨਹੀਂ ਕੀਤਾ ਗਿਆ ਤਾਂ ਪੁਲੀਸ ਉਸ ਦੇ ਫੋਨ ਦੀ ਸਰਸਰੀ ਜਾਂਚ ਕਰ ਸਕਦੀ ਹੈ। ਪਰ ਜੇ ਕਿਸੇ ਦੇ ਫੋਨ ਨੂੰ ਪਾਸਵਰਡ ਰਾਹੀਂ ਸੁਰੱਖਿਅਤ ਕੀਤਾ ਗਿਆ ਹੈ ਤਾਂ ਜਾਂਚਕਾਰਾਂ ਨੂੰ ਫੋਨ ਦੀ ਜਾਂਚ ਲਈ ਸਰਚ ਵਾਰੰਟ ਲੈਣੇ ਹੋਣਗੇ। ਅਦਾਲਤ ਵੱਲੋਂ ਇਹ ਫੈਸਲਾ ਉਦੋਂ ਕੀਤਾ ਗਿਆ ਜਦੋਂ ਇੱਕ ਵਿਅਕਤੀ ਨੇ ਲੁੱਟਮਾਰ ਸਬੰਧੀ ਮਾਮਲੇ ਵਿੱਚ ਅਦਾਲਤ ਸਾਹਮਣੇ ਅਪੀਲ ਕੀਤੀ ਤੇ ਆਖਿਆ ਕਿ ਗ੍ਰਿਫ਼ਤਾਰੀ ਮਗਰੋਂ ਅਧਿਕਾਰੀਆਂ ਨੇ ਉਸ ਦੇ ਫੋਨ ਦੀ ਜਾਂਚ ਕਰ ਕੇ ਉਸ ਦੇ ਚਾਰਟਰ ਸਬੰਧੀ ਅਧਿਕਾਰਾਂ ਦਾ ਉਲੰਘਣ ਕੀਤਾ।

ਕਾਊਂਸਲ ਵੱਲੋਂ ਹੋਰਸ ਹਿੱਲ 'ਚ ਅਰਬਨ ਵਿਕਾਸ ਨੂੰ ਹਰੀ ਝੰਡੀ

ਐਡਮਿੰਟਨ, (ਨਦਬ) : ਕਿਸਾਨਾਂ ਅਤੇ ਖੁਰਾਕ ਮਾਹਿਰਾਂ ਦੇ ਇਤਰਾਜ਼ ਦੇ ਬਾਵਜੂਦ ਸਿਟੀ ਕਾਊਂਸਲ ਵੱਲੋਂ ਪਿਛਲੇ ਦਿਨੀਂ ਹੋਰਸ ਹਿੱਲ ਇਲਾਕੇ ਵਿੱਚ ਜੋ ਕਿ ਉੱਤਰੀ ਐਡਮਿੰਟਨ ਦੀ ਬੱਖੀ 'ਚ ਪੈਂਦਾ ਹੈ, ਵਿੱਚ ਅਰਬਨ ਵਿਕਾਸ ਨੂੰ ਹਰੀ ਝੰਡੀ ਦੇ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਇਸ ਯੋਜਨਾ ਤਹਿਤ 220 ਹੈਕਟੇਅਰ ਜ਼ਮੀਨ ਵਾਹੁਣਯੋਗ ਹੋਵੇਗੀ। ਕਿਸਾਨਾਂ ਦਾ ਇਸ ਸਬੰਧੀ ਕਹਿਣਾ ਹੈ ਕਿ ਇਸ ਗੱਲ ਦੀ ਕੋਈ ਗਰੰਟੀ ਨਹੀਂ ਕਿ ਇਸ ਜ਼ਮੀਨ ਵਿੱਚ ਖੇਤੀ ਲਗਾਤਾਰ ਹੁੰਦੀ ਰਹੇਗੀ। ਦੂਜੀ ਗੱਲ ਇਹ ਹੈ ਕਿ ਜ਼ਮੀਨ ਵਿੱਚੋਂ ਹਾਈਵੇ ਨਿਕਲਣਾ ਹੈ ਜਿਸ ਕਾਰਣ ਜ਼ਮੀਨ ਟੁਕੜਿਆ ਵਿੱਚ ਵੰਡੀ ਜਾਵੇਗੀ। ਕਾਊਂਸਲ ਮੈਂਬਰਾਂ ਦੀ ਮੀਟਿੰਗ ਦੌਰਾਨ ਇਸ ਯੋਜਨਾ ਦੇ ਹੱਕ ਵਿੱਚ ਦਸ ਅਤੇ ਵਿਰੋਧ ਵਿੱਚ ਤਿੰਨ ਵੋਟਾਂ ਪਈਆਂ। ਵਿਰੋਧ ਕਰਨ ਵਾਲਿਆਂ ਵਿੱਚ ਲਿੰਡਾ ਸਲੌਨ, ਡੌਨ ਇਵਸਨ ਅਤੇ ਬੇਨ ਹੈਂਡਰਸਨ ਸ਼ਾਮਿਲ ਸਨ।

ਇਸ ਸਬੰਧੀ ਹੈਂਡਰਸਨ ਦਾ ਕਹਿਣਾ ਹੈ ਕਿ ਭਾਵੇਂ ਕਾਗਜ਼ੀ ਕਾਰਵਾਈ ਵਿੱਚ ਬਹੁਤ ਸਾਰੀਆਂ ਗੱਲਾਂ ਕੀਤੀਆਂ ਗਈਆਂ ਹਨ ਪਰ ਮੈਨੂੰ ਉਹ ਭਰੋਸੇਯੋਗ ਨਹੀਂ ਜਾਪੀਆਂ। ਇਸ ਤਰ੍ਹਾਂ ਦੇ ਵਿਚਾਰਾਂ ਦਾ ਪ੍ਰਗਟਾਵਾ ਲਿੰਡਾ ਸਲੌਨ ਅਤੇ ਡੌਨ ਇਵਸਨ ਵੱਲੋਂ ਵੀ ਕੀਤਾ ਗਿਆ। ਇਸ ਪ੍ਰਸਤਾਵ ਦੇ ਹੱਕ ਵਿੱਚ ਵੋਟ ਪਾਉਣ ਵਾਲੇ ਕਾਊਂਸਲਰ ਕਿਮ ਕਰੂਸ਼ਲ ਦਾ ਕਹਿਣਾ ਹੈ ਕਿ ਮੈਨੂੰ ਇਹ ਯੋਜਨਾ ਵਧੀਆ ਲੱਗੀ ਤੇ ਮੈਨੂੰ ਇਸ ਗੱਲ ਦੀ ਤਸੱਲੀ ਹੈ ਕਿ ਇੱਥੇ ਹਰ ਕੋਈ ਆਰਾਮ ਨਾਲ ਰਹਿ ਸਕੇਗਾ।

ਮੇਅਰ ਸਟੀਫ਼ਨ ਮੰਡੇਲ ਦਾ ਕਹਿਣਾ ਹੈ ਕਿ ਉਹ ਬੇਨ ਹੈਂਡਰਸਨ ਦੀਆਂ ਦਲੀਲਾਂ ਨਾਲ ਸਹਿਮਤ ਨਹੀਂ ਤੇ ਪ੍ਰਸਾਸ਼ਨ ਹਰੇਕ ਉਚਿਤ ਪ੍ਰਸ਼ਨ ਦਾ ਜਵਾਬ ਦੇਣ ਲਈ ਤਿਆਰ ਹੈ। ਦੂਜੇ ਪਾਸੇ ਕਿਸਾਨ ਗੋਰਡ ਵਿਸਰ ਦਾ ਇਸ ਮਾਮਲੇ ਬਾਰੇ ਕਹਿਣਾ ਹੈ ਕਿ ਇਸ ਯੋਜਨਾ ਤਹਿਤ ਕਿਸਾਨ ਆਪਣੀ ਧਰਤ ਖੋ ਦੇਣਗੇ, ਜਿਸਨੂੰ ਉਹ ਅੰਤਾਂ ਦਾ ਪਿਆਰ ਕਰਦੇ ਹਨ। ਪਿਛਲੇ ਦਿਨੀਂ ਇਸ ਯੋਜਨਾ ਦਾ ਵਿਰੋਧ ਕਰਨ ਵਾਲੇ ਸਿਟੀ ਹਾਲ ਵਿੱਚ ਇਕੱਠੇ ਹੋਏ ਤੇ ਉਹਨਾਂ ਨੇ ਇੱਥੇ ਇਸ ਯੋਜਨਾ ਦੇ ਨਾਕਾਰਾਤਮਕ ਪੱਖਾਂ ਨੂੰ ਵਿਚਾਰਿਆ। ਇੱਥੇ ਦਲੀਲ ਇਹ ਬਣੀ ਕਿ ਘੱਟੋ-ਘੱਟ 600 ਹੈਕਟੇਅਰ ਜ਼ਮੀਨ ਨੂੰ ਸਥਾਈ ਤੌਰ 'ਤੇ ਸੁਰੱਖਿਅਤ ਰੱਖਿਆ ਜਾਵੇ।

ਰੈਡਫੋਰਡ ਸਿਹਤ ਸੇਵਾਵਾਂ ਨਾਲ ਕੀਤੇ ਵਾਅਦੇ ਨਿਭਾਵੇ : ਬਰਾਇਨ ਮੇਸਨ



ਅਡਮਿੰਟਨ (ਨਦਬ) ਨਿਊ ਡੈਮੋਕਰੇਟਸ ਦੇ ਆਗੂ ਬਰਾਇਨ ਮੇਸਨ ਨੇ ਸੂਬੇ ਦੀ ਪ੍ਰੀਮੀਅਰ ਐਲੀਸਨ ਰੈਡਫੋਰਡ 'ਤੇ ਦੋਸ਼ ਲਾਇਆ ਹੈ ਕਿ ਚੋਣਾਂ ਵਿੱਚ ਉਹਨਾਂ ਦੀ ਪਾਰਟੀ ਨੇ ਲੋਕਾਂ ਨਾਲ ਸਿਹਤ ਸੇਵਾਵਾਂ ਨਾਲ ਸਬੰਧਿਤ ਜੋ ਵਾਅਦੇ ਕੀਤੇ ਸਨ ਸਰਕਾਰ ਬਣਨ ਤੋਂ ਬਾਅਦ ਹੁਣ ਉਹਨਾਂ ਵਾਅਦਿਆਂ 'ਤੇ ਅਮਲ ਨਹੀਂ ਹੋ ਰਿਹਾ, ਸਗੋਂ ਇਸਦੇ ਉਲਟ ਸਿਹਤ ਸੇਵਾਵਾਂ 'ਤੇ ਕੱਟ ਲਾ ਕੇ ਇਸਦਾ ਘੇਰਾ ਸੀਮਿਤ ਕੀਤਾ ਜਾ ਰਿਹਾ ਹੈ। ਉਹਨਾਂ ਅਨੁਸਾਰ ਚੋਣਾਂ ਵੇਲੇ ਰੈਡਫੋਰਡ ਵੱਲੋਂ ਵਾਅਦਾ ਕੀਤਾ ਗਿਆ ਸੀ ਕਿ ਜੇਕਰ ਉਹ ਚੋਣ ਜਿੱਤਦੇ ਹਨ ਤਾਂ 140 ਨਵੇਂ ਫੈਮਲੀ ਕਲੀਨਿਕ ਖੋਲ੍ਹੇ ਜਾਣਗੇ। ਇਹਨਾਂ ਵਿੱਚ ਇੱਕ ਹਜ਼ਾਰ ਅਜਿਹੇ ਬੈਡਾਂ ਦੀ ਵਿਵਸਥਾ ਹੋਵੇਗੀ ਜਿੱਥੇ ਮਰੀਜ਼ ਲੰਮੇ ਸਮੇਂ ਤੱਕ ਰਹਿ ਕੇ ਆਪਣਾ ਇਲਾਜ਼ ਕਰਵਾ ਸਕਦੇ ਹਨ। ਉਹਨਾਂ ਨੇ ਇਹ ਵੀ ਵਾਅਦਾ ਕੀਤਾ ਸੀ ਕਿ ਹਰੇਕ ਪਰਿਵਾਰ ਦੇ ਬੱਚਿਆਂ 'ਤੇ ਸਿਹਤ ਸੇਵਾਵਾਂ ਨੂੰ ਧਿਆਨ ਵਿੱਚ ਰੱਖ ਕੇ ਪੰਜ ਸੌ ਡਾਲਰ ਖਰਚ ਕੀਤੇ ਜਾਣਗੇ। ਪਰ ਹੁਣ ਪ੍ਰੀਮੀਅਰ ਨੂੰ ਇਹ ਵਾਅਦੇ ਭੁੱਲ ਚੁੱਕੇ ਹਨ। ਇਹਨਾਂ ਵਾਅਦਿਆਂ ਤੋਂ ਭੱਜਣ ਲਈ ਬਹਾਨਾ ਇਹ ਬਣਾਇਆ ਜਾ ਰਿਹਾ ਹੈ ਕਿ ਤੇਲ ਦੀਆਂ ਕੀਮਤਾਂ ਵਿੱਚ ਅਸਥਿਰਤਾ ਆਉਣ ਕਾਰਣ ਸੂਬੇ ਦੀ ਆਰਥਿਕ ਸਥਿਤੀ ਸਥਿਰ ਨਹੀਂ ਹੈ ਜਿਸ ਕਾਰਣ ਸਰਕਾਰ ਨੂੰ ਇਹਨਾਂ ਵਾਅਦਿਆਂ ਤੋਂ ਪਿੱਛੇ ਹਟਣਾ ਪੈ ਰਿਹਾ ਹੈ, ਜਦੋਂਕਿ ਇਸਦੇ ਪਿੱਛੇ ਦਾ ਅਸਲੀ ਕਾਰਣ ਸਰਕਾਰ ਦੇ ਪ੍ਰਬੰਧਾਂ ਵਿੱਚ ਕਮੀ ਹੈ। ਜੇਕਰ ਸਰਕਾਰ ਦੇ ਪ੍ਰਬੰਧ ਦਰੁਸਤ ਹੋਣ ਤਾਂ ਸਰਕਾਰ ਸਭ ਤਰ੍ਹਾਂ ਦੀਆਂ ਸੁਵਿਧਾਵਾਂ ਆਪਣੇ ਨਾਗਰਿਕਾਂ ਨੂੰ ਦੇ ਸਕਦੀ ਹੈ। ਉਹਨਾਂ ਕਿਹਾ ਕਿ ਸਿਹਤ ਸੇਵਾਵਾਂ ਦੀ ਜ਼ਿੰਮੇਵਾਰੀ ਸਰਕਾਰ ਦੀ ਹੈ ਫਿਰ ਸਰਕਾਰ ਭਾਵੇਂ ਕਿਸੇ ਵੀ ਹਾਲਤ ਵਿੱਚ ਹੋਵੇ ਪਰ ਜਨਤਾ ਦੀ ਸਿਹਤ ਨਾਲ ਖਿਲਵਾੜ ਨਹੀਂ ਹੋਣਾ ਚਾਹੀਦਾ।

ਯੂਨੀਵਰਸਿਟੀ ਆਫ਼ ਅਲਬਰਟਾ ਵੱਲੋਂ ਪਾਣੀ ਨੂੰ ਸ਼ੁੱਧ ਕਰਨ ਵਾਲੀ ਨਵੀਂ ਤਕਨੀਕ ਈਜ਼ਾਦ

ਐਡਮਿੰਟਨ (ਨਦਬ) : ਯੂਨੀਵਰਸਿਟੀ ਆਫ਼ ਅਲਬਰਟਾ ਦੇ ਵਿਗਿਆਨੀਆਂ ਅਤੇ ਵਿਦਿਆਰਥੀਆਂ ਵੱਲੋਂ ਪਾਣੀ ਨੂੰ ਸ਼ੁੱਧ ਕਰਨ ਵਾਲੀ ਨਵੀਂ ਤਕਨੀਕ ਖੋਜੀ ਗਈ ਹੈ ਜਿਸਦੀ ਵਰਤੋਂ ਕਨੇਡਾ ਅਤੇ ਭਾਰਤ ਦੇ ਦੂਰ ਦੁਰੇਡੇ ਇਲਾਕਿਆਂ ਵਿੱਚ ਪਾਣੀ ਨੂੰ ਸ਼ੁੱਧ ਕਰਨ ਲਈ ਕੀਤੀ ਜਾਵੇਗੀ। ਲੰਘੀ 16 ਫਰਵਰੀ ਨੂੰ ਬੋਸਟਨ ਵਿੱਚ ਹੋਏ ਅਮੈਰੀਕਨ ਐਸੋਸੀਏਸ਼ਨ ਫਾਰ ਦੀ ਅਡਵਾਂਸਮੈਂਟ ਆਫ਼ ਸਾਇੰਸ ਦੇ ਸਲਾਨਾ ਸਮਾਗਮ 'ਤੇ ਇਸ ਨਵੀਂ ਤਕਨੀਕ 'ਤੇ ਮਾਹਿਰਾਂ ਵੱਲੋਂ ਚਰਚਾ ਕੀਤੀ ਗਈ। ਯੂਨੀਵਰਸਿਟੀ ਆਫ਼ ਅਲਬਰਟਾ ਦੇ ਪਾਣੀ ਨਾਲ ਸਬੰਧਿਤ ਵਿਭਾਗ ਦੇ ਪ੍ਰਬੰਧਕੀ ਨਿਰਦੇਸ਼ਕ ਨੇ ਇਸ ਕਾਨਫਰੰਸ ਵਿੱਚ ਬੋਲਦਿਆਂ ਕਿਹਾ ਕਿ ਯੂਨੀਵਰਸਿਟੀ ਵੱਲੋਂ ਪਾਣੀ ਨੂੰ ਸ਼ੁੱਧ ਕਰਨ ਲਈ ਅਜਿਹੀ ਵਿਧੀ ਈਜ਼ਾਦ ਕੀਤੀ ਗਈ ਹੈ ਜਿਹੜੀ ਕਿ ਮਾਈਕ੍ਰੋਚਿਪ ਅਧਾਰਿਤ ਹੈ, ਇਸ ਵਿਧੀ ਰਾਹੀਂ ਬਹੁਤ ਹੀ ਘੱਟ ਸਮੇਂ ਵਿੱਚ ਪਾਣੀ ਨੂੰ ਸ਼ੁੱਧ ਕੀਤਾ ਜਾ ਸਕਦਾ ਹੈ। ਯੂਨੀਵਰਸਿਟੀ ਟੀਮ ਵੱਲੋਂ ਕਨੇਡਾ ਵਿੱਚ ਉੱਤਰੀ ਐਡਮਿੰਟਨ ਤੇ ਹੈਮਲਟ ਵਿੱਚ ਅਤੇ ਭਾਰਤ ਦੇ ਨਾਗਪੁਰ ਤੇ ਪੰਜਾਬ ਦੇ ਬੰਗਾ ਸ਼ਹਿਰ ਵਿੱਚ ਇਸ ਵਿਧੀ ਨੂੰ ਪਾਣੀ ਸ਼ੁੱਧ ਕਰਨ ਲਈ ਵਰਤਿਆ ਜਾਵੇਗਾ। ਖੋਜੀ ਟੀਮ ਦਾ ਕਹਿਣਾ ਹੈ ਕਿ ਇਹ ਖੋਜ ਸਿਰਫ਼ ਕਨੇਡਾ ਜਾਂ ਭਾਰਤ ਲਈ ਨਹੀਂ ਹੈ ਸਗੋਂ ਜੇਕਰ ਇਸ ਵਿਧੀ ਸਬੰਧੀ ਮੁਢਲੇ ਤਜ਼ਰਬੇ ਸਫ਼ਲ ਰਹਿੰਦੇ ਹਨ ਤਾਂ ਇਸ ਤਕਨੀਕ ਦੀ ਵਰਤੋਂ ਦੁਨੀਆਂ ਦੇ ਉਹਨਾਂ ਸਾਰੇ ਇਲਾਕਿਆਂ ਵਿੱਚ ਜਿਨ੍ਹਾਂ 'ਚ ਪਾਣੀ ਨਾਲ ਸਬੰਧਿਤ ਵੱਖ-ਵੱਖ ਤਰ੍ਹਾਂ ਦੇ ਸੰਕਟ ਹਨ।

ਗ਼ਦਰ ਸ਼ਤਾਬਦੀ ਵਰ੍ਹੇ 2013 ਦੌਰਾਨ ਆਯੋਜਿਤ ਕੀਤੇ ਜਾ ਰਹੇ ਲੜੀਵਾਰ ਸਮਾਗਮਾਂ ਦੇ ਹਿੱਸੇ ਵਜੋਂ

PROGRESSIVE PEOPLES FOUNDATION OF EDMONTON

[An umbrella body, representing four independent organizations, promoting secular & progressive values through lectures and performing arts.]









is organizing* ‘A SEMINAR’ *on

“IMPACT OF GADAR MOVEMENT ON BHAGAT SINGH”

Programme

30th March 2013 (Saturday) @ 2:00 pm

Venue: Sultan Banquet Hall 9241 34A Ave NW, Edmonton

ਪ੍ਰੋਗਰੈਸਿਵ ਪੀਪਲਜ਼ ਫ਼ਾਊਂਡੇਸ਼ਨ ਆਫ਼ ਐਡਮਿੰਟਨ

(ਪੰਜਾਬੀ ਆਰਟ ਐਸੋਸੀਏਸ਼ਨ, ਮੇਪਲ ਲੀਫ਼ ਰਾਈਟਰਜ਼ ਫ਼ਾਊਂਡੇਸ਼ਨ, ਪੰਜਾਬੀ ਕਲਚਰਲ ਐਸੋਸੀਏਸ਼ਨ ਆਫ਼ ਅਲਬਰਟਾ, ਸੈਕੂਲਰ ਪੀਪਲਜ਼ ਐਸੋਸੀਏਸ਼ਨ ਦਾ ਸਾਂਝਾ ਮੰਚ)

ਵੱਲੋਂ

‘ਗ਼ਦਰ ਲਹਿਰ ਦਾ ਭਗਤ ਸਿੰਘ ‘ਤੇ ਪ੍ਰਭਾਵ’

ਵਿਸ਼ੇ ’ਤੇ ਸੈਮੀਨਾਰ ਕੀਤਾ ਜਾ ਰਿਹਾ ਹੈ

ਪ੍ਰੋਗਰਾਮ

ਮਿਤੀ: 30 ਮਾਰਚ 2013 (ਸ਼ਨੀਵਾਰ) ਦੁਪਿਹਰ 2 ਵਜੇ

ਸਥਾਨ: ਸੁਲਤਾਨ ਬੈਂਕੁਇਟ ਹਾਲ 9241 34ਏ ਐਵੀਨਿਊ, ਐਡਮਿੰਟਨ

ਸਾਮਾਰਾਜੀ ਗੁਲਾਮੀ ਤੋਂ ਮੁਕਤੀ ਅਤੇ ਲੋਕ ਜਮਹੂਰੀਅਤ ਦੀ ਸਥਾਪਨਾ ਲਈ ਗ਼ਦਰੀ ਸੂਰਬੀਰ ਦੇਸ਼-ਭਗਤਾਂ ਵੱਲੋਂ ਜਥੇਬੰਦ ਕੀਤੀ ਗਈ ਭਾਰਤ ਦੀ ਪਹਿਲੀ ਵੱਡੀ ਰਾਜਸੀ ਲੋਕ ਲਹਿਰ ਦੇ ਸਰਵ-ਪੱਖੀ, ਦੂਰ-ਰਸ ਪ੍ਰਭਾਵਾਂ ਅਤੇ ਸਮਕਾਲੀਨ ਪ੍ਰਸਥਿਤੀਆਂ ਵਿੱਚ ਗ਼ਦਰ ਲਹਿਰ ਦੀ ਅਹਿਮੀਅਤ ਨੂੰ ਸਮਝਦੇ ਹੋਏ ਮਨੁੱਖਤਾ ਦੇ ਸੁਨਿਹਰੇ ਭਵਿੱਖ ਦੇ ਨਿਰਮਾਣ ਲਈ ਕਦਮ ਨਾਲ ਕਦਮ ਮਿਲਾ ਕੇ ਤੁਰਦੇ ਰਹਿਣ ਦਾ ਅਹਿਦ ਕਰੀਏ।

ਅਸੀਂ, ਪ੍ਰੋਗਰੈਸਿਵ ਪੀਪਲਜ਼ ਫ਼ਾਊਂਡੇਸ਼ਨ ਆਫ਼ ਐਡਮਿੰਟਨ ਵੱਲੋਂ ਗ਼ਦਰ ਸ਼ਤਾਬਦੀ ਵਰ੍ਹੇ 2013 ਦੌਰਾਨ ਆਯੋਜਿਤ ਕੀਤੇ ਜਾ ਰਹੇ ਲੜੀਵਾਰ ਸਮਾਗਮਾਂ ਦੇ ਮਾਧਿਅਮ ਰਾਹੀਂ ਖੁੱਲ੍ਹੀ ਵਿਚਾਰ-ਚਰਚਾ ‘ਚ ਸ਼ਾਮਿਲ ਹੋਣ ਲਈ ਸਮੂਹ ਲੋਕਾਂ ਨੂੰ ਅਪੀਲ ਕਰਦੇ ਹਾਂ।

ਦਲਬੀਰ ਸਾਂਗਿਆਣ (780-995-5475), ਡਾ.ਪੀ.ਆਰ. ਕਾਲੀਆ (780-485-2990), ਗੁਰਬਰਿੰਦਰ ਗਿੱਲ ਸੋਨੀ (780-497-8801)

ਗੁਰਸੇਵਕ ਮਾਨ (780-710-3710), ਨਵਤੇਜ ਬੈਂਸ (780-200-2872), ਜੋਗਿੰਦਰ ਰੰਧਾਵਾ (780-914-6251)

ਕਿਰਤਮੀਤ ਕੁਹਾੜ (780-200-5328), ਗੁਰਚਰਨ ਬਰਾੜ (780-265-3752), ਬਖ਼ਸ਼ ਸੰਘਾ (780-660-7520)

Progressive Peoples Foundation of Edmonton

Orgnizes

2nd International Women's Day

Date : Saturday, March 9, 2013

place : Maharaza Palace 9241 34A Ave Edmonton AB

Time : 1:30 PM

Subject : Significance of International Women Day



ਅਸੀਂ ਸਾਰੀਆਂ ਭੈਣਾਂ ਨੂੰ ਅਪੀਲ ਕਰਦੇ ਹਾਂ ਕਿ ਆਓ ਇਸ ਪ੍ਰੋਗਰਾਮ ਵਿਚ ਸ਼ਾਮਲ ਹੋ ਕੇ ਸਮਾਜਕ ਵਿਕਾਸ ਅੰਦਰ ਔਰਤ ਦੇ ਇਤਿਹਾਸਕ ਰੋਲ ਅਤੇ ਅਜੋਕੀਆਂ ਪ੍ਰਸਥਿਤੀਆਂ ਅੰਦਰ ਔਰਤ ਦੀ ਦਸ਼ਾ ਅਤੇ ਦਿਸ਼ਾ ਬਾਰੇ ਮਹੱਤਵਪੂਰਨ ਤੇ ਵਿਚਾਰ-ਵਟਾਂਦਰਾ ਕਰੀਏ।

ਹੋਰ ਜਾਣਕਾਰੀ ਲਈ ਫ਼ੋਨ ਕਰੋ :

ਬਖ਼ਸ਼ ਸੰਘਾ : 780-461-7528, ਜਸਵਿੰਦਰ ਝੀਤਾ : 780-884-4640, ਟਿੱਪੀ ਗਿੱਲ : 780-465-4716, ਗੁਰਮੀਤ ਰੰਧਾਵਾ : 780-446-4091 ਅਤੇ ਅਰਵਿੰਦ ਸੇਖੋਂ : 780-965-9508

South Asian Long Term Care Foundation

Banquet to raise funds for a seniors home

When: Saturday, April 6, 2013, 6:00-10:00 p.m.

Where: Mahraja Banquet Hall

Tickets: $ 50.00 or buy a table of 10

Sponsorship opportunities

- SAKAW land has been rezoned for this project by City of Edmonton
- The foundation has partnered with Greater Edmonton Foundation to move this project forward.
- Income tax deductable receipt provided.
- Make donation for sake of your parents.

Entire funds raised from this banquet will go towards this project.
Taxable receipt is provided.

Contact:
Harchand Grewal @ 780-952-9550
Dr. Mirza @ 780-463-0652

ਸੁਤੰਤ੍ਰਤਾ ਸੰਗਰਾਮ ਦੇ ਸ਼ਹੀਦਾਂ ਦੀ ਯਾਦ

Indo Canadian Workers Association



ਗਦਰ ਪਾਰਟੀ ਦੀ 100ਵੀਂ ਵਰੇ ਗੰਢ ਨੂੰ ਸਮਰਿਪਤ

ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੀ ਯਾਦ 'ਚ

ਐਤਵਾਰ, 24 ਮਾਰਚ 2013

1.00 pm @ ਲਾਇਬਰੇਰੀ 765 keewatin st, ਵਿਨੀਪੈਗ

ਇੰਡੋ ਕੈਨੇਡੀਅਨ ਵਰਕਰਜ਼ ਐਸੋਸੀਏਸ਼ਨ ਕੈਨੇਡਾ ਦੀ ਵਿਨੀਪੈਗ ਬਰਾਂਚ ਵਲੋਂ ਭਾਰਤ ਦੀ ਆਜ਼ਾਦੀ ਦੇ ਮਹਾਨ ਸੰਗ੍ਰਾਮੀਏਂ ਅਤੇ ਦੇਸ ਭਗਤਾਂ ਦੀ ਯਾਦ ਨੂੰ ਸਮਰਪਤ ਇਕ ਸਮਾਗਮ ਕੀਤਾ ਜਾ ਰਿਹਾ ਹੈ।ਵਿਚਾਰਵਾਨ, ਕਵੀ ਅਤੇ ਸੰਗੀਤਕਾਰ ਇਸ ਮੌਕੇ 'ਤੇ ਸ਼ਹੀਦਾ ਨੂੰ ਸ਼ਰਧਾਂਜਲੀ ਅਰਪਨ ਕਰਨਗੇ ਅਤੇ ਸ਼ਹੀਦਾਂ ਦੇ ਮਹਾਨ ਕਾਰਨਾਮਿਆਂ ਅਤੇ ਵਿਚਾਰਾਂ ਬਾਰੇ ਚਰਚਾ ਹੋਵੇਗੀ।

ਆਪ ਸਭ, ਇਸ ਅਵਸਰ ਤੇ ਸਮੇ ਸਿਰ ਪੁੱਜ ਕੇ ਸਾਡਾ ਸਾਥ ਦਿਓ। ਧੰਨਵਾਦੀ ਹੋਵਾਂਗੇ।

ਸੰਪਰਕ

ਰਾਜਿੰਦਰ ਧਾਲੀਵਾਲ	ਸੁਖਵੀਰ ਕਾਲਕੱਟ
204 633 5229	204 697 3324

Emergency Service 24x7

Free Estimate with Treatment

GOLDEN ARROW PEST CONTROL INC.



CALL @ 780 462 6669

Specializing in:

Ants, Bees, Birds, Bedbugs, Flies,Bugs, Spiders, Flea, Mice/Rats, Cock-Roaches, Wasp, Squirrels, Gophers, Pigeons etc.

PROFESSIONAL CERTIFIED SERVICE PROVIDER FOR:
&

* Air-Guard And Konk- Fly Control Machines.
* Unwanted pests any kind 100% guarantee.
* Hanta Virus Clean-up & Disinfecting
* Exclusion work for Bird & Rodents.
* Special Gophers Poison
* bee's,Wasp,Hornet Control
* Home Protection Programs
* Residential and Commercial Experts

ਘਰਾਂ ਤੇ ਵਪਾਰਕ ਥਾਵਾਂ ਨੂੰ ਮੱਖੀਆਂ, ਕਾਕਰੋਚ, ਚੂਹਿਆਂ, ਕੀੜੀਆਂ ਅਤੇ ਹੋਰ ਅਣਚਾਹੇ ਜਾਨਵਰਾਂ ਤੋਂ ਮੁਕਤੀ ਲਈ ਅੱਜ ਹੀ ਕਾਲ ਕਰੋ **ਗੋਲਡਨ ਐਰੋ ਪੈਸਟ ਕੰਟਰੋਲ** ਨੂੰ।

M.S. (Sunny)
Expert Certified Service Technician
780 243 6705

908-77 AVE NW, Edmonton AB T6P 1M2
info@goldenarrowpestcontrol.com www.goldenarrowpestcontrol.com





ਯੂ.ਪੀ.ਏ. ਸਰਕਾਰ ਦਾ ਆਖ਼ਰੀ ਬਜਟ, ਟੁਕੜੇ-ਟੁਕੜੇ ਹੋਏ ਸੁਪਨੇ

ਨਵੀਂ ਦਿੱਲੀ (ਨਦਬ) : ਦੇਸ਼ ਦਾ ਇਕੋ-ਇਕ ਡ੍ਰੀਮ ਬਜਟ ਲਿਆਉਣ ਵਾਲੇ ਪੀ. ਚਿੰਦਬਰਮ ਨੇ ਇਸ ਵਾਰ ਸਾਰਿਆਂ ਦੇ ਸੁਪਨੇ ਤੋੜ ਦਿੱਤੇ ਹਨ। ਚੋਣਾਂ ਤੋਂ ਪਹਿਲਾਂ ਆਇਆ ਯੂ.ਪੀ.ਏ.-2 ਦਾ ਆਖ਼ਰੀ ਆਮ ਬਜਟ ਪੂਰੀ ਤਰ੍ਹਾਂ ਚੋਣਾਵੀ ਤਾਂ ਹੈ, ਪਰ ਰਾਹਤਾਂ ਨਾਲ ਭਰਿਆ ਬਿਲਕੁਲ ਨਹੀਂ ਹੈ।

ਵਿੱਤ ਮੰਤਰੀ ਨੇ ਬਜਟ ਵਿਚ ਅਜਿਹਾ ਕੋਈ ਉਪਾਅ ਨਹੀਂ ਕੀਤਾ ਜਿਸ ਨਾਲ ਕੀਮਤਾਂ ਘੱਟਣ। ਬਲਕਿ ਖਾਣ ਪੀਣ ਦੀਆਂ ਚੀਜ਼ਾਂ ਉਸੇ ਤੇਜ਼ੀ ਨਾਲ ਮਹਿੰਗੀਆਂ ਹੁੰਦੀਆਂ ਰਹਿਣਗੀਆਂ। ਰੋਜ਼ਾਨਾ ਵਰਤੋਂ ਦਾ ਸਾਮਾਨ ਵੀ ਸਸਤਾ ਇਸ ਲਈ ਨਹੀਂ ਹੋਵੇਗਾ ਕਿਉਂਕਿ ਐਕਸਾਈਜ਼ ਡਿਊਟੀ 12% ਬਰਕਰਾਰ ਰੱਖੀ ਗਈ ਹੈ। ਇਸੇ ਤਰ੍ਹਾਂ ਜ਼ਰੂਰੀ ਚੀਜ਼ਾਂ ’ਤੇ 2 ਫੀਸਦੀ ਸਰਵਿਸ ਟੈਕਸ ਘਟਨ ਦੀ ਉਮੀਦ ਬੇਕਾਰ ਰਹੀ। ਘਾਟਾ ਕਾਬੂ ਕਰਨ ਲਈ ਵਿੱਤ ਮੰਤਰੀ ਨੇ ਕੰਜ਼ਿਊਮਰ ਸੈਂਟੀਮੇਟ ਲਈ ਚੰਗਾ ਮੰਨ ਲਿਆ ਹੈ। ਅਜਿਹਾ ਨਹੀਂ ਹੋਵੇਗਾ।

ਬਾਜ਼ਾਰ ਨਿਰਾਸ਼ ਇਸ ਲਈ ਹੈ ਕਿ ਕੋਈ ਵੱਡਾ ਐਲਾਨ ਨਹੀਂ ਹੈ, ਜਿਸ ਨਾਲ ਉਛਾਲ ਆਵੇ। ਛੋਟੇ ਉਪਾਅ ਹਨ। ਸਭ ਤੋਂ ਜ਼ਿਆਦਾ ਨਿਰਾਸ਼ ਟੈਕਸਪੇਅਰ ਹੀ ਹੋਇਆ ਹੈ। ਇਹ ਛੋਟ ਐਨੀ ਛੋਟੀ ਹੈ ਕਿ ਉਸ ਨੂੰ ਫ਼ਾਇਦਾ ਨਹੀਂ ਹੋਵੇਗਾ ਅਤੇ ਸੀਮਤ ਵੀ ਹੈ। ਸਾਲਾਨਾ 5 ਲੱਖ ਤੋਂ ਜ਼ਿਆਦਾ ਵਾਲੇ ਇਸ ਤੋਂ ਵਾਂਝੇ ਰਹਿਣਗੇ। ਔਰਤਾਂ ਨੂੰ ਪਿਛਲੇ ਸਾਲ ਤੋਂ ਹੀ ਫ਼ਾਇਦਾ ਦੇਣਾ ਬੰਦ ਕਰ ਦਿੱਤਾ ਗਿਆ ਸੀ। ਬਜ਼ੁਰਗਾਂ ਨੂੰ ਵੀ ਅਣਦੇਖਿਆ ਕੀਤਾ ਗਿਆ।

ਬਜਟ ਹਮੇਸ਼ਾ ਦੀ ਤਰ੍ਹਾਂ ਪਿੰਡ ’ਤੇ ਅਧਾਰਤ ਹੈ, ਜੋ ਜ਼ਰੂਰੀ ਵੀ ਹੈ। ਸ਼ਹਿਰੀ ਪਰਿਵਾਰਾਂ ਲਈ ਸਿੱਧੇ ਕੋਈ ਫ਼ਾਇਦੇ ਨਹੀਂ ਹਨ। ਨੌਕਰੀਆਂ ਵੱਧਣ ਦੀ ਗੱਲ ਕਹੀ ਜ਼ਰੂਰ ਗਈ ਹੈ ਪਰ ਕਿਸ ਤਰ੍ਹਾਂ ਵੱਧਣਗੀਆਂ, ਸਾਫ਼ ਨਹੀਂ ਕੀਤਾ ਹੈ। ਕਾਰੋਬਾਰ ਵੱਧਣ ਨਾਲ ਨੌਕਰੀਆਂ ਵੀ ਵਧਣਗੀਆਂ। ਅਜੇ ਕੋਈ ਮਾਹੌਲ ਨਹੀਂ ਹੈ। ਕਰਜ਼ੇ ਵਿਚ ‘ਵੱਡਾ ਐਲਾਨ’ ਦੱਸਦੇ ਹੋਏ 25 ਲੱਖ ਤਕ ਦੇ ਹਾਊਸਿੰਗ ਲੋਨ ’ਤੇ ਵਿਆਜ ਵਿਚ ਛੋਟ ਡੇਢ ਲੱਖ ਤੋਂ ਵਧਾ ਕੇ ਢਾਈ ਲੱਖ ਕੀਤੀ ਹੈ। ਪਰ ਇਸ ਦਾ ਫ਼ਾਇਦਾ ਸਿਰਫ਼ 2 ਸਾਲ ਤਕ ਮਿਲ ਸਕੇਗਾ।



ਜਾਣੋ ਆਪਣੇ ਟੈਕਸ ਅਤੇ ਖਰਚ

3.5 ਕਰੋੜ ਕੁਲ ਆਮਦਨ ਕਰ ਦਾਤਾ ਹਨ ਦੇਸ਼ ਵਿਚ


44% ਆਮਦਨ ਕਰ ਦਾਤਾਵਾਂ ਦਾ ਟੈਕਸ 1000 ਰੁਪਏ ਤੋਂ ਘੱਟ

89% ਆਮਦਨ ਕਰ ਦਾਤਾਵਾਂ ਤੋਂ ਮਿਲਦਾ ਹੈ 11% ਟੈਕਸ

33% ਆਮਦਨ ਕਰ ਦੇਸ਼ ਨੂੰ ਮੁੰਬਈ ਤੋਂ ਮਿਲਦਾ ਹੈ।

2.5% ਲੋਕ ਹੀ ਸਾਡੇ ਦੇਸ਼ ਵਿਚ ਆਮਦਨ ਕਰ ਦਿੰਦੇ ਹਨ।

100 ਰੁਪਏ ਦਾ ਔਸਤ ਖ਼ਰਚ ਇਸ ਤਰ੍ਹਾਂ



2020 ਤਕ ਭਾਰਤੀਆਂ ਦੀ ਕਮਾਈ ਵਧੇਗੀ **2.9** ਗੁਣਾ

₹

ਜਦਕਿ ਖ਼ਰਚ ਵਧੇਗਾ **3.6** ਗੁਣਾ (2010 ਦੀ ਤੁਲਨਾ ਵਿਚ)



ਕੋਈ ਵੱਡਾ ਐਲਾਨ ਨਹੀਂ, ਮਹਿੰਗਾਈ ਦੇ ਮੋਰਚੇ ’ਤੇ ਵੀ ਫੇਲ੍ਹ

ਨਵੀਂ ਦਿੱਲੀ (ਨਦਬ) : ਚੋਣਾਵੀ ਸਾਲ ਅਤੇ ਆਰਥਕ ਸੁਸਤੀ ਦੀ ਦੋਹਰੀ ਚੁਣੌਤੀ ਵਿਚਕਾਰ ਪੇਸ਼ ਸਾਲ 2013-14 ਦੇ ਬਜਟ ਵਿਚ ਆਮ ਆਦਮੀ ਲਈ ਰਾਹਤ ਘੱਟ ਤੇ ਸੁਪਨੇ ਜ਼ਿਆਦਾ ਹਨ। ਵਿੱਤ ਮੰਤਰੀ ਪੀ. ਚਿਦੰਬਰਮ ਵਲੋਂ ਸੰਸਦ ਵਿਚ ਪੇਸ਼ ਬਜਟ ਸ਼ਾਇਦ ਹੀ ਸਮਾਜ ਦੇ ਕਿਸੇ ਵਰਗ ਨੂੰ ਖੁਸ਼ ਕਰਨ ਦਾ ਮਾਦਾ ਰਖਦਾ ਹੋਵੇ। ਇਸ ਵਿਚ ਇਕ ਪਾਸੇ ਜਿਥੇ ਆਮਦਨ ਕਰ ਅਤੇ ਮਹਿੰਗਾਈ ਦੇ ਮੋਰਚੇ ’ਤੇ ਮੱਧ ਵਰਗ ਅਤੇ ਆਮ ਆਦਮੀ ਨੂੰ ਕੋਈ ਖਾਸ ਰਾਹਤ ਨਹੀਂ ਹੈ, ਉਥੇ ਹੀ ਅਰਥਵਿਵਸਥਾ ਦੇ ਮਹੱਤਵਪੂਰਨ ਖੇਤਰਾਂ ਖੇਤੀ, ਉਦਯੋਗ ਅਤੇ ਸੇਵਾ ਖੇਤਰ ਨੂੰ ਪਟੜੀ ’ਤੇ ਲਿਆਉਣ ਲਈ ਕੋਈ ਵੱਡਾ ਕਦਮ ਨਹੀਂ ਹੈ। ਹਾਲਾਂਕਿ ਆਉਂਦੀਆਂ ਆਮ ਚੋਣਾਂ ਵਿਚ ਧਿਆਨ ਵਿਚ ਰੱਖਦਿਆਂ ਵੱਡੇ ਸੁਧਾਰਾਂ ਦੇ ਐਲਾਨ ਤੋਂ ਉਹ ਬਚੇ ਹਨ ਪਰ ਵਿਦੇਸ਼ੀ ਰੇਟਿੰਗ ਏਜੰਸੀਆਂ ਲਈ ਜ਼ਰੂਰੀ ਮਾਹੌਲ ਬਣਾਉਣ ਲਈ ਉਨ੍ਹਾਂ ਨੇ ਖ਼ਰਚੇ ’ਤੇ ਸੰਜਮ ਵਰਤਣ ਦੀ ਕੋਸ਼ਿਸ਼ ਕੀਤੀ ਹੈ ਜਿਸ ਦੇ ਚਲਦਿਆਂ ਬਜਟ ਦੇ ਕਈ ਖ਼ਰਚ ਪ੍ਰਸਤਾਵਤ ਗੈਰ-ਵਿਹਾਰਕ ਦੱਸ ਰਹੇ ਹਨ।

ਗਰੀਬ ਵਿਰੋਧੀ

ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕੇਂਦਰੀ ਬਜਟ ਨੂੰ ਦਿਸ਼ਾਹੀਣ , ਗ਼ਰੀਬ ਅਤੇ ਕਿਸਾਨ ਵਿਰੋਧੀ ਕਰਾਰ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਮੰਦੀ ਦੇ ਦੌਰ ਵਿਚੋਂ ਗੁਜ਼ਰ ਰਹੀ ਅਰਥਵਿਵਸਥਾ ਦੇ ਮਾਮਲੇ ਵਿਚ ਇਹ ਪ੍ਰਭਾਵਹੀਣ ਹੈ।



ਅਮਰੀਕਾ ਅਤੇ ਪਾਕਿਸਤਾਨ ਦੀ ਤੁਲਨਾ ਵਿਚ ਅਸੀਂ ਕਿਥੇ

ਅਮਰੀਕਾ ਦਾ ਪਿਛਲਾ ਬਜਟ ਸਾਡੇ ਤੋਂ 12 ਅਤੇ ਚੀਨ ਦਾ 6 ਗੁਣਾ ਜ਼ਿਆਦਾ ਹੈ, ਪਰ ਉਹ ਸਾਡੀ ਸਮਰਥਾ ਨੂੰ ਮੰਨਦੇ ਹਨ।

ਸਿਖਿਆ

(ਅੰਕੜੇ ਭਾਰਤੀ ਰੁਪਏ ਵਿਚ)

ਅਮਰੀਕਾ ਵਿਚ ਸਿਖਿਆ ’ਤੇ 6 ਗੁਣਾ ਜ਼ਿਆਦਾ ਖ਼ਰਚ

ਅਮਰੀਕਾ	ਚੀਨ	ਪਾਕਿਸਤਾਨ
4.16 ਲੱਖ ਕਰੋੜ	2.06 ਲੱਖ ਕਰੋੜ	2.66 ਹਜ਼ਾਰ ਕਰੋੜ

... ਅਤੇ ਭਾਰਤ ਵਿਚ : 6586 ਕਰੋੜ ਰੁਪਏ ਦਾ ਬਜਟ।



... ਪਰ ਭਾਰਤੀ ਵਿਦਿਆਰਥੀਆਂ ਨੂੰ ਜ਼ਿਆਦਾ ਲਾਭਦਾਇਕ ਮੰਨਦੀਆਂ ਹਨ ਅਮਰੀਕੀ ਕੰਪਨੀਆਂ।

1.49 ਲੱਖ ਭਾਰਤੀ ਕਰ ਰਹੇ ਹਨ ਅਮਰੀਕੀ ਕੰਪਨੀਆਂ ਵਿਚ ਕੰਮ

34% ਭਾਰਤੀ ਕੰਮ ਕਰਦੇ ਹਨ ਮਾਈਕ੍ਰੋਸਾਫ਼ ਵਿਚ।

36% ਭਾਰਤੀ ਹਨ ਅਮਰੀਕੀ ਪੁਲਾੜ ਏਜੰਸੀ ਨਾਸਾ ਦੇ ਸਟਾਫ਼ ਵਿਚ।


ਸਿਹਤ

ਸਾਡੇ ਤੋਂ 11 ਗੁਣਾ ਜ਼ਿਆਦਾ ਹੈ ਅਮਰੀਕਾ ਦਾ ਬਜਟ

ਅਮਰੀਕਾ	ਚੀਨ	ਪਾਕਿਸਤਾਨ
4.34 ਲੱਖ ਕਰੋੜ	6987 ਕਰੋੜ	435 ਕਰੋੜ

... ਅਤੇ ਭਾਰਤ ਵਿਚ : 3733 ਲੱਖ ਕਰੋੜ ਰੁਪਏ ਖਰਚ ਹੋਣਗੇ।

ਭਾਰਤੀਆਂ ਤੋਂ **8 ਸਾਲ** ਜ਼ਿਆਦਾ ਜਿਉਂਦੇ ਹਨ ਅਮਰੀਕੀ



ਔਸਤ ਉਮਰ ਦਾ ਅੰਕੜਾ

ਪਰ ਇਲਾਜ ਸਾਡੇ ਇਥੇ ਸਸਤਾ ਹੈ

1.25 ਲੱਖ ਰੁਪਏ ਹਨ ਕਿਡਨੀ ਟ੍ਰਾਂਸਪਲਾਂਟ ਦਾ ਖ਼ਰਚਾ ਭਾਰਤ ਵਿਚ

ਜਦਕਿ ਅਮਰੀਕਾ ਵਿਚ ਇਲਾਜ ਕਰਵਾਇਆ ਜਾਵੇ ਤਾਂ ਬਿਲ ਬਣੇਗਾ 60 ਲੱਖ ਰੁਪਏ ਦਾ। ਯਾਨੀ 48 ਗੁਣਾਂ ਮਹਿੰਗਾ


ਰੱਖਿਆ

ਬਜਟ ਘੱਟ, ਪਰ ਅਸੀਂ ਸਭ ਤੋਂ ਵੱਡੇ ਖਰੀਦਦਾਰ

ਅਮਰੀਕਾ	ਚੀਨ	ਪਾਕਿਸਤਾਨ
30.06 ਲੱਖ ਕਰੋੜ	5.85 ਲੱਖ ਕਰੋੜ	30387 ਕਰੋੜ

... ਅਤੇ ਭਾਰਤ ਵਿਚ : 2.03 ਲੱਖ ਕਰੋੜ ਰੁਪਏ ਦਾ ਬਜਟ।

2012 ਵਿਚ ਚੀਨ ਨੇ ਆਪਣਾ ਪੰਜਵੀਂ ਪੀੜ੍ਹੀ ਦਾ ਸਟੀਲਥ ਲੜਾਕੂ ਜਹਾਜ਼ ਬਣਾਇਆ। ਅਮਰੀਕਾ ਤੋਂ ਬਾਅਦ ਦੂਜਾ ਦੇਸ਼ ਬਣਿਆ।



10.89 ਹਜ਼ਾਰ ਕਰੋੜ ਵਿਚ ਫਰਾਂਸ ਨਾਲ 126 ਡੈਸੋ ਰਫਾਲ ਲੜਾਕੂ ਜਹਾਜ਼ਾਂ ਦਾ ਸੌਦਾ ਕੀਤਾ। 2 ਲੱਖ ਕਰੋੜ ਰੁਪਏ ਦੇ ਰੱਖਿਆ ਸੌਦੇ ਲਈ ਭਾਰਤ ਨੇ 2009-12 ਵਿਚ।



ਸਫ਼ਾ ਇਕ ਦੀ ਬਾਕੀ

ਸ਼ਾਵੇਜ਼ ਨਹੀਂ ਰਹੇ

ਉਦੋਂ ਉਨ੍ਹਾਂ ਖ਼ਰਚਿਆਂ ਵਿਚ ਕਟੌਤੀ ਦੇ ਯਤਨਾਂ ਨਾਲ ਲੋਕਾਂ ਵਿਚ ਵੱਧਦੇ ਗੁੱਸੇ ਦੌਰਾਨ ਉਦੋਂ ਦੇ ਰਾਸ਼ਟਰਪਤੀ ਕਾਰਲੌਸ ਐਂਡਰੇਜ਼ ਪੇਰੇਜ਼ ਦੀ ਸਰਕਾਰ ਡੇਗਣ ਦੀ ਕੋਸ਼ਿਸ਼ ਕੀਤੀ ਸੀ। ਇਸ ਕੋਸ਼ਿਸ਼ ਦੀ ਬੁਨਿਆਦ ਇਕ ਦਹਾਕਾ ਪਹਿਲਾਂ ਹੀ ਰੱਖੀ ਗਈ ਸੀ ਜਦੋਂ ਸ਼ਾਵੇਜ਼ ਤੇ ਉਨ੍ਹਾਂ ਦੇ ਕੁਝ ਫ਼ੌਜੀ ਸਹਿਯੋਗੀਆਂ ਨੇ ਦੱਖਣੀ ਅਮਰੀਕੀ ਸੁਤੰਤਰਾ ਦੇ ਨਾਇਕ ਸਿਮੋਨ ਬੋਲੀਵਰ ਦੇ ਨਾਂਅ ’ਤੇ ਇਕ ਗੁਪਤ ਅੰਦੋਲਨ ਸ਼ੁਰੂ ਕੀਤਾ ਸੀ। ਸਾਲ 1992 ਵਿਚ ਰੈਵਲਿਊਸ਼ਨਰੀ ਵੋਲਵੀਅਨ ਮੂਵਮੈਂਟ ਦੇ ਮੈਂਬਰਾਂ ਦੀ ਬਗਾਵਤ ਵਿਚ 18 ਲੋਕ ਮਾਰੇ ਗਏ ਸਨ ਅਤੇ 60 ਹੋਰ ਜ਼ਖ਼ਮੀ ਹੋਏ ਸਨ। ਇਸ ਤੋਂ ਬਾਅਦ ਸ਼ਾਵੇਜ਼ ਨੂੰ ਫੜ ਕੇ ਜੇਲ੍ਹ ਵਿਚ ਸੁੱਟ ਦਿੱਤਾ ਗਿਆ ਸੀ। ਉਨ੍ਹਾਂ ਦੇ ਸਹਿਯੋਗੀਆਂ ਨੇ 9 ਮਹੀਨੇ ਬਾਅਦ ਵੀ ਸੱਤਾ ’ਤੇ ਕਬਜ਼ੇ ਦੀ ਕੋਸ਼ਿਸ਼ ਕੀਤੀ ਸੀ। ਸ਼ਾਵੇਜ਼ ਨੇ 2 ਸਾਲ ਜੇਲ੍ਹ ਵਿਚ ਬਿਤਾਏ। ਇਸ ਤੋਂ ਬਾਅਦ ਉਨ੍ਹਾਂ ਨੇ ਮੂਵਮੈਂਟ ਫ਼ਾਰ ਫਿਫਥ ਰਿਪਬਲੀਕਨ ਨਾਂਅ ਨਾਲ ਆਪਣੀ ਪਾਰਟੀ ਦੁਬਾਰਾ ਜਥੇਬੰਦ ਕੀਤੀ। ਹੁਣ ਉਹ ਫ਼ੌਜੀ ਤੋਂ ਲੋਕ ਆਗੂ ਬਣ ਗਏ ਸਨ। ਫਿਰ 6 ਸਾਲ ਬਾਅਦ 1998 ਵਿਚ ਵੈਨਜ਼ੂਏਲਾ ਦੀ ਸਿਆਸਤ ਵਿਚ ਮੱਚੀ ਉਥਲ ਪੁਥਲ ਤੋਂ ਬਾਅਦ ਉਹ ਲੋਕ-ਰੋਹ ਦੀ ਲਹਿਰ ’ਤੇ ਸਵਾਰ ਹੋ ਕੇ ਰਾਸ਼ਟਰਪਤੀ ਦੀ ਕੁਰਸੀ ਤਕ ਪਹੁੰਚ ਗਏ। ਇਸ ਤੋਂ ਬਾਅਦ ਸ਼ਾਵੇਜ਼ ਇਕ ਤੋਂ ਬਾਅਦ ਇਕ ਕਈ ਚੋਣਾਂ ਅਤੇ ਲੋਕ ਫ਼ਤਵੇ ਆਪਣੇ ਨਾਂਅ ਕਰਨ ਵਿਚ ਕਾਮਯਾਬ ਹੁੰਦੇ ਗਏ।

ਹਯੂਗੋ ਸ਼ਾਵੇਜ਼ ਨੇ ਰਾਸ਼ਟਰਪਤੀ ਰਹਿੰਦਿਆਂ ਮੁਲਕ ਦੀਆਂ ਸਮਾਜਕ, ਆਰਥਕ ਨੀਤੀਆਂ ਵਿਚ ਕ੍ਰਾਂਤੀਕਾਰੀ ਸੁਧਾਰ ਕੀਤੇ ਅਤੇ ਕੌਮਾਂਤਰੀ ਪੂੰਜੀਵਾਦ ’ਤੇ ਲਗਾਤਾਰ ਹਮਲਾ ਬੋਲਦੇ ਰਹੇ। ਉਹ ਮੁਲਕ ਨੂੰ ਸੰਬੋਧਨ ਕਰਨ ਦੇ ਕਿਸੇ ਵੀ ਮੌਕੇ ਤੋਂ ਖੁੰਝਦੇ ਨਹੀਂ ਸਨ। ਚਰਚ ਦੇ ਆਗੂਆਂ ਨਾਲ ਵੀ ਸ਼ਾਵੇਜ਼ ਦਾ ਲਗਾਤਾਰ ਟਕਰਾਅ ਹੁੰਦਾ ਰਿਹਾ। ਸ਼ਾਵੇਜ਼ ਨੇ ਉਨ੍ਹਾਂ ’ਤੇ ਗਰੀਬਾਂ ਦੀ ਅਣਦੇਖੀ ਕਰਨ ਅਤੇ ਅਮੀਰਾਂ ਦਾ ਪੱਖ ਲੈਣ ਦਾ ਦੋਸ਼ ਲਾਇਆ।

11 ਸਤੰਬਰ 2001 ਤੋਂ ਬਾਅਦ ਅਮਰੀਕਾ ਦੇ ਬੁਸ਼ ਪ੍ਰਸ਼ਾਸਨ ਨੇ ਅਫ਼ਗਾਨਿਸਤਾਨ ਯੁੱਧ ਦੇ ਦੌਰਾਨ ਸਖ਼ਤ ਰਵੱਈਆ ਅਪਣਾਇਆ ਤਾਂ ਸ਼ਾਵੇਜ਼ ਨੇ ਅਮਰੀਕਾ ’ਤੇ ਦੋਸ਼ ਲਾਇਆ ਕਿ ਉਹ ਦਹਿਸ਼ਤ ਨਾਲ ਸਿੱਝਣ ਲਈ ਦਹਿਸ਼ਤ ਦੀ ਹੀ ਵਰਤੋਂ ਕਰ ਰਿਹਾ ਹੈ। ਇਸ ਨਾਲ ਦੋਵਾਂ ਮੁਲਕਾਂ ਦੇ ਸਬੰਧ ਹੋਰ ਵੀ ਖਰਾਬ ਹੋ ਗਏ। ਸ਼ਾਵੇਜ਼ ਦੀ ਸਰਕਾਰ ਨੇ ਸਿੱਖਿਆ ਅਤੇ ਸਿਹਤ ਸੇਵਾਵਾਂ ਸਣੇ ਕਈ ਖੇਤਰਾਂ ਵਿਚ ਬਿਹਤਰੀਨ ਕਾਰਗੁਜ਼ਾਰੀ ਕਰਨ ਵਾਲੀਆਂ ਯੋਜਨਾਵਾਂ ਦੀ ਸ਼ੁਰੂਆਤ ਕੀਤੀ। ਹਯੂਗੋ ਸ਼ਾਵੇਜ਼ ਦੇ ਦੇਹਾਂਤ ’ਤੇ ਦੁਨੀਆ ਦੇ ਕਈ ਆਗੂਆਂ ਨੇ ਡੂੰਘਾ ਦੁੱਖ ਪ੍ਰਗਟ ਕੀਤਾ ਹੈ।

ਹਯੂਗੋ ਸ਼ਾਵੇਜ਼ ਦੀ ਮੌਤ ਦੇ ਐਲਾਨ ਦੇ ਨਾਲ ਹੀ ਉਪ ਰਾਸ਼ਟਰਪਤੀ ਨਿਕੋਲਸ ਮਡੂਰੋ ਨੇ ਵੈਨਜ਼ੂਏਲਾ ਦੇ ਖ਼ਿਲਾਫ਼ ਚੱਲ ਰਹੀ ਸਾਜ਼ਿਸ਼ ਦੀ ਗੱਲ ਕੀਤੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ’ਤੇ ਕੋਈ ਸ਼ੱਕ ਨਹੀਂ ਕਿ ਸ਼ਾਵੇਜ਼ ਨੂੰ ਕੈਂਸਰ ਦੁਸ਼ਮਣਾਂ ਦੀ ਵਜ੍ਹਾ ਨਾਲ ਹੋਇਆ ਸੀ। ਉਨ੍ਹਾਂ ਕਿਹਾ ਕਿ ਇਕ ਵਿਗਿਆਨਕ ਕਮਿਸ਼ਨ ਇਕ ਦਿਨ ਜ਼ਰੂਰ ਇਸ ਗੱਲ ਦੀ ਪੁਸ਼ਟੀ ਕਰ ਦੇਵੇਗਾ ਕਿ ਸ਼ਾਵੇਜ਼ ਦਾ ਕੈਂਸਰ ਵੈਨਜ਼ੂਏਲਾ ਦੇ ਦੁਸ਼ਮਣਾਂ ਦੀ ਦੇਣ ਸੀ। 1954 ਵਿਚ ਪੈਦਾ ਹੋਏ ਸ਼ਾਵੇਜ਼ ਨੂੰ 2011 ਵਿਚ ਕੈਂਸਰ ਦਾ ਮੁਕਾਬਲਾ ਕਰਨਾ ਪਿਆ। ਉਹ ਕੈਂਸਰ ਦਾ ਇਲਾਜ ਕਰਵਾਉਣ ਲਈ ਕਿਊਬਾ ਵੀ ਗਏ। ਅਮਰੀਕਾ ਵਿਰੋਧੀ ਅਤੇ ਖੱਬੇ ਪੱਖੀ ਵਿਚਾਰਧਾਰਾ ਦੇ ਹਮਾਇਤੀ ਹਯੂਗੋ ਸ਼ਾਵੇਜ਼ ਕਿਊਬਾ ਦੇ ਸਾਬਕਾ ਰਾਸ਼ਟਰਪਤੀ ਫੀਦਲ ਕਾਸਤਰੋ ਅਤੇ ਉਨ੍ਹਾਂ ਦੇ ਭਰਾ ਤੇ ਮੌਜੂਦਾ ਰਾਸ਼ਟਰਪਤੀ ਰਾਊਲ ਕਾਸਤਰੋ ਦੇ ਨੇੜਲੇ ਦੋਸਤ ਸਨ।

ਰਾਸ਼ਟਰਪਤੀ ਸ਼ਾਵੇਜ਼ ਇਹ ਤਰਕ ਦਿੰਦੇ ਰਹੇ ਕਿ ਵੈਨਜ਼ੂਏਲਾ ਵਿਚ ਸਮਾਜਵਾਦੀ ਕ੍ਰਾਂਤੀ ਦੀਆਂ ਜੜ੍ਹਾਂ ਡੂੰਘੀਆਂ ਕਰਨ ਦੀ ਉਨ੍ਹਾਂ ਨੂੰ ਹੋਰ ਸਮੇਂ ਦੀ ਲੋੜ ਹੈ। ਉਨ੍ਹਾਂ ਦੇ ਹਮਾਇਤੀਆਂ ਦਾ ਕਹਿਣਾ ਹੈ ਕਿ ਉਹ ਗਰੀਬਾਂ ਦੇ ਹਿੱਤ ਦੀ ਗੱਲ ਕਰਦੇ ਸਨ। ਸਾਲ 2011 ਵਿਚ ਸਰਜਰੀ ਅਤੇ ਕੀਮੋਥਰੈਪੀ ਤੋਂ ਬਾਅਦ ਮਈ 2012 ਵਿਚ ਸ਼ਾਵੇਜ਼ ਨੇ ਕਿਹਾ ਸੀ ਕਿ ਉਹ ਕੈਂਸਰ ਤੋਂ ਉਭਰ ਆਏ ਹਨ ਪਰ ਬਾਅਦ ਵਿਚ ਮੁੜ ਕੈਂਸਰ ਨੇ ਉਨ੍ਹਾਂ ਨੂੰ ਘੇਰ ਲਿਆ। 2012 ਦੇ ਦਸੰਬਰ ਮਹੀਨੇ ਵਿਚ ਜਦੋਂ ਉਹ ਸਖ਼ਤ ਬਿਮਾਰੀ ਦੀ ਹਾਲਤ ਵਿਚ ਸਨ ਅਤੇ ਚੋਣ ਸਰਗਰਮੀਆਂ ਵਿਚ ਹਿੱਸਾ ਲੈਣਾ ਵੀ ਸੰਭਵ ਨਹੀਂ ਸੀ ਤਦ ਵੀ ਉਨ੍ਹਾਂ ਦੀ ਅਗਵਾਈ ਵਿਚ ਵੈਨਜ਼ੂਏਲਾ ਦੇ 23 ਵਿਚੋਂ 20 ਸੂਬਿਆਂ ਦੇ ਗਵਰਨਰ ਚੋਣਾਂ ਜਿੱਤ ਹਾਸਲ ਕੀਤੀ ਗਈ। ਉਨ੍ਹਾਂ ਨੇ ਆਪਣੇ ਸੰਭਾਵਤ ਉਤਰਾ ਅਧਿਕਾਰੀ ਦੇ ਤੌਰ ’ਤੇ ਉਪ ਰਾਸ਼ਟਰਪਤੀ ਨਿਕੋਲਸ ਮਡੂਰੋ ਦਾ ਨਾਂਅ ਹੀ ਅੱਗੇ ਵਧਾਇਆ ਸੀ।

ਉਪ ਰਾਸ਼ਟਰਪਤੀ ਨਿਕੋਲਸ ਮਡੂਰੋ ਨੇ ਹੰਝੂਆਂ ਨਾਲ ਗਹਿਗੱਚ ਗਲੇ ਵਿਚੋਂ ਬੋਲਦੇ ਹੋਏ ਆਪਣੇ ਮੁਲਕ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਏਕਤਾ ਬਣਾਈ ਰੱਖਣ। ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਸਰਕਾਰ ਨੇ ਪੂਰੇ ਮੁਲਕ ਵਿਚ ਫ਼ੌਜ ਅਤੇ ਪੁਲੀਸ ਨੂੰ ਸੜਕਾਂ ’ਤੇ ਤਾਇਨਾਤ ਕਰ ਦਿੱਤਾ ਹੈ ਤਾਂ ਜੋ ਆਮ ਲੋਕਾਂ ਦੀ ਸੁਰੱਖਿਆ ਪੱਕੀ ਕੀਤੀ ਜਾ ਸਕੇ। ਇਸ ਤੋਂ ਇਲਾਵਾ ਉਪ ਰਾਸ਼ਟਰਪਤੀ ਨੇ ਇਹ ਵੀ ਦੱਸਿਆ ਕਿ ਦੋ ਅਮਰੀਕੀ ਅਧਿਕਾਰੀਆਂ ਨੂੰ ਦੇਸ਼ ਦੀ ਫ਼ੌਜ ਦੀ ਜਾਸੂਸੀ ਕਰਨ ਕਰ ਕੇ ਦੇਸ਼ ਵਿਚੋਂ ਕੱਢ ਦਿੱਤਾ ਹੈ। ਇਸੇ ਦੌਰਾਨ ਵੈਨਜ਼ੂਏਲਾ ਦੀ ਫ਼ੌਜ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਉਹ ਦੇਸ਼ ਦੇ ਲੋਕਾਂ ਦੀ ਰਾਖੀ ਕਰਦੇ ਰਹਿਣਗੇ ਅਤੇ ਨਾਲ ਹੀ ਦੇਸ਼ ਦੇ ਉਪ ਰਾਸ਼ਟਰਪਤੀ ਅਤੇ ਸੰਸਦ ਪ੍ਰਤੀ ਪ੍ਰਤੀਬੱਧ ਹਨ।

ਸਿਹਤ ਸੇਵਾਵਾਂ ਦੇ ਖੇਤਰ.....

ਇੱਥੇ ਵੀ ਇਹ ਵੀ ਦੱਸਣਯੋਗ ਹੈ ਕਿ ਖਤਮ ਹੋਣ ਵਾਲੀਆਂ ਅਸਾਮੀਆਂ ਵਿੱਚ ਅੱਠ ਮੀਤ ਪ੍ਰਧਾਨਾਂ ਦੀਆਂ ਅਸਾਮੀਆਂ ਵੀ ਹੋਣਗੀਆਂ। ਨਵੀਂ ਯੋਜਨਾ ਸਬੰਧੀ ਵੌਲਪ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਚਾਰ ਪ੍ਰਬੰਧਕੀ ਨਿਰਦੇਸ਼ਕ ਹਰ ਇੱਕ ਨੈਟਵਰਕ ਜੋਨ ਦੇ ਚੀਫ਼ ਅਪਰੇਟਿੰਗ ਅਫ਼ਸਰ ਹੋਣਗੇ। ਹਰੇਕ ਜੋਨ ਆਪਣੀ ਅਬਾਦੀ ਅਤੇ ਸਾਜੋ-ਸਮਾਨ ਦੇ ਨਜ਼ਰੀਏ ਤੋਂ ਸਿਹਤ ਸੇਵਾਵਾਂ ਨਾਲ ਸਬੰਧੀ ਫੈਸਲੇ ਲੈਣ ਲਈ ਅਜ਼ਾਦ ਹੋਵੇਗਾ।

ਜ਼ਿਕਰਯੋਗ ਹੈ ਕਿ ਵਾਈਟਲਲਿਟ ਨੈਟਵਰਕ ਦਾ ਇਹ ਫੈਸਲਾ ਹੋਰੀਜਨ ਹੈਲਥ ਨੈਟਵਰਕ ਵੱਲੋਂ ਅਸਾਮੀਆਂ ਵਿੱਚ ਕਟੌਤੀ ਕਰਨ ਦੇ ਬਾਅਦ ਆਇਆ ਹੈ। ਸਿਹਤ ਮੰਤਰੀ ਫਲੇਮਿੰਗ ਦਾ ਇਸ ਸਬੰਧੀ ਕਹਿਣਾ ਹੈ ਕਿ ਜੇਕਰ ਤੁਹਾਡੇ ਕੋਲ ਵਰਕਰ ਵੱਧ ਹੋਣ ਤਾਂ ਨਿਸਚਿਤ ਤੌਰ 'ਤੇ ਸੇਵਾਵਾਂ ਵਧੀਆ ਢੰਗ ਨਾਲ ਮੁਹੱਇਆ ਕਰਵਾਈਆਂ ਜਾ ਸਕਦੀਆਂ ਹਨ, ਵਰਕਰਾਂ ਦੀ ਕਟੌਤੀ ਕਾਰਣ ਮਰੀਜ਼ਾਂ ਨੂੰ ਸਮੱਸਿਆ ਆ ਸਕਦੀ ਹੈ। ਇਸ ਤਰਜ਼ 'ਤੇ ਹੀ ਓਟਾਵਾ ਦੇ ਹਸਪਤਾਲ ਵਿੱਚ ਵੀ 290 ਅਸਾਮੀਆਂ ਵਿੱਚ ਕਟੌਤੀ ਕੀਤੀ ਗਈ ਹੈ।

ਓਬਾਮਾ ਵੱਲੋਂ ਖ਼ਰਚ ਕਟੌਤੀ....

ਆਪਣੀਆਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਵੀ ਅਮਰੀਕਾ ਦੇ ਰਾਸ਼ਟਰਪਤੀ ਇਸ ਪ੍ਰਸਤਾਵ 'ਤੇ ਸਹਿਮਤੀ ਨਹੀਂ ਬਣਾ ਸਕੇ। ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਖ਼ੁਦ ਇਹ ਸਵੀਕਾਰ ਕੀਤਾ ਹੈ ਕਿ ਇਸ ਖਰਚ ਕਟੌਤੀ ਕਾਰਣ ਮੁਸ਼ਕਿਲ ਨਾਲ ਆਰਥਿਕ ਲੀਹ 'ਤੇ ਆਇਆ ਅਮਰੀਕੀ ਅਰਥਚਾਰਾ ਫਿਰ ਤੋਂ ਡਗਮਗਾ ਸਕਦਾ ਹੈ। ਰਾਸ਼ਟਰਪਤੀ ਓਬਾਮਾ ਅਨੁਸਾਰ ਅਜਿਹੇ ਫੈਸਲੇ ਨਾਲ ਅਮਰੀਕਾ ਦੇ ਕਾਰੋਬਾਰੀਆਂ ਨੂੰ ਵੱਡੀ ਸੱਟ ਵੱਜੇਗੀ, ਕਿਉਂਕਿ ਖਰਚ ਕਰਨ ਲਈ ਲੋਕਾਂ ਕੋਲ ਘੱਟ ਪੈਸੇ ਹੋਣਗੇ ਜਿਸਦਾ ਖ਼ਮਿਆਜਾ ਕਾਰੋਬਾਰੀਆਂ ਨੂੰ ਭੁਗਤਣਾ ਪਏਗਾ। ਅਮਰੀਕੀ ਰਾਸ਼ਟਰਪਤੀ ਦੀ ਇਸ ਪ੍ਰਤੀਕਿਰਿਆ ਤੋਂ ਇਹੀ ਜਾਪਦਾ ਹੈ ਕਿ ਉਹਨਾਂ ਨੂੰ ਸਧਾਰਣ ਲੋਕਾਂ ਨਾਲੋਂ ਜ਼ਿਆਦਾ ਅਮਰੀਕਾ ਦੇ ਵੱਡੇ ਕਾਰੋਬਾਰੀਆਂ ਦੀ ਚਿੰਤਾ ਵੱਧ ਹੈ। ਉਹਨਾਂ ਦੇ ਇਹ ਬੋਲ ਵੀ ਆਪਾ ਵਿਰੋਧੀ ਹਨ ਕਿ ਅਮਰੀਕੀ ਅਰਥਚਾਰਾ ਲੀਹ 'ਤੇ ਆ ਗਿਆ ਸੀ ਕਿਉਂਕਿ ਜੇ ਅਰਥਚਾਰਾ ਲੀਹ 'ਤੇ ਹੁੰਦਾ ਤਾਂ ਅਮਰੀਕਾ ਨੂੰ ਇੰਨਾ ਕਠੋਰ ਫੈਸਲਾ ਨਾ ਲੈਣਾ ਪੈਂਦਾ। ਇੱਥੇ ਇਹ ਦੱਸਣਯੋਗ ਹੈ ਕਿ ਇਹ ਖਰਚ ਕਟੌਤੀ 50 ਫ਼ੀਸਦੀ ਸੁਰੱਖਿਆ ਬਜਟ 'ਤੇ ਲਾਗੂ ਹੋਵੇਗੀ ਤੇ ਇਸ ਖਰਚ ਕਟੌਤੀ ਦੀ 50 ਫ਼ੀਸਦੀ ਮਾਰ ਆਮ ਆਦਮੀ 'ਤੇ ਪਏਗੀ। ਕਟੌਤੀ ਬਾਰੇ ਬੀਬੀਸੀ ਦੇ ਪ੍ਰਤੀਨਿਧ ਮਾਰਕ ਮਾਰਡਲ ਦਾ ਕਹਿਣਾ ਹੈ ਕਿ ਜੇਕਰ ਇਸ ਕਟੌਤੀ ਨੂੰ ਪੂਰੀ ਤਰ੍ਹਾਂ ਯੋਜਨਾਬਧ ਢੰਗ ਨਾਲ ਤਿਆਰ ਕੀਤਾ ਜਾਂਦਾ ਸਧਾਰਣ ਲੋਕਾਂ 'ਤੇ ਇਸ ਕਟੌਤੀ ਦਾ ਪੈਣ ਵਾਲਾ ਅਸਰ ਕਾਫ਼ੀ ਘੱਟ ਜਾਣਾ ਸੀ। ਅੰਤਰਰਾਸ਼ਟਰੀ ਮੁਦਰਾ ਫੰਡ ਵੱਲੋਂ ਖ਼ਦਸ਼ਾ ਪ੍ਰਗਟਾਇਆ ਗਿਆ ਹੈ ਕਿ ਇਸ ਕਟੌਤੀ ਨਾਲ ਆਲਮੀ ਅਰਥਚਾਰੇ ਦੀ ਵਿਕਾਸ ਗਤੀ ਵਿੱਚ ਕਟੌਤੀ ਆ ਸਕਦੀ ਹੈ।

ਛਪਦੇ -ਛਪਦੇ...

ਕੈਪਟਨ ਦੀ ਕਪਤਾਨੀ ਖ਼ਤਮ, ਬਾਜਵਾ ਪੰਜਾਬ ਕਾਂਗਰਸ ਦੇ ਨਵੇਂ ਪ੍ਰਧਾਨ






ਨਵੀਂ ਦਿੱਲੀ (ਨਦਬ) ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੂੰ ਆਖ਼ਰਕਾਰ ਪ੍ਰਧਾਨਗੀ ਦੇ ਅਹੁਦੇ ਤੋਂ ਹਟਾ ਹੀ ਦਿੱਤਾ ਗਿਆ। ਉਨ੍ਹਾਂ ਦੀ ਥਾਂ ਗੁਰਦਾਸਪੁਰ ਤੋਂ ਸੰਸਦ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੂੰ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਕੁਲ ਹਿੰਦ ਕਾਂਗਰਸ ਕਮੇਟੀ ਦੀ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਨੇ ਪ੍ਰਤਾਪ ਸਿੰਘ ਬਾਜਵਾ ਨੂੰ ਕੈਪਟਨ ਅਮਰਿੰਦਰ ਸਿੰਘ ਦੀ ਥਾਂ ਪ੍ਰਧਾਨ ਨਿਯੁਕਤ ਕੀਤਾ। ਉਨ੍ਹਾਂ ਨਾਲ ਹੀ ਕੁਲ ਹਿੰਦ ਕਾਂਗਰਸ ਕਮੇਟੀ ਦੇ ਸਕੱਤਰ ਅਤੇ ਸੰਸਦ ਮੈਂਬਰ ਸ੍ਰੀ ਹਰੀਸ਼ ਚੌਧਰੀ ਨੂੰ ਪੰਜਾਬ ਕਾਂਗਰਸ ਮਾਮਲਿਆਂ ਦੇ ਨਵੇਂ ਇੰਚਾਰਜ ਲਾਇਆ ਹੈ।

ਲਹਿੰਦਾ ਪੰਜਾਬ

ਲਾਹੌਰਨਾਮਾ

ਪੰਜਾਬੀ ਤੇ ਸਿਆਸਤ





ਆਸਿਮ ਚੌਧਰੀ

ਦੁਨੀਆ ਦੀ ਕਿਸੇ ਵੀ ਜ਼ੁਬਾਨ ਨੂੰ ਜੀਉਂਦਿਆਂ ਜਾਗਦਿਆਂ ਰੱਖਣ ਵਿਚ ਸਿਆਸਤ ਤੇ ਹੁਕਮਰਾਨਾਂ ਦੀ ਬਜਾਏ ਉਸ ਜ਼ੁਬਾਨ ਨੂੰ ਬੋਲਣ ਵਾਲਿਆਂ ਦਾ ਚੋਖਾ ਹੱਥ ਹੁੰਦਾ ਏ, ਜਦ ਜ਼ੁਬਾਨ ਬੋਲਣ ਵਾਲੇ ਈ ਅਪਣੀ ਬੋਲੀ ਨੂੰ ਦੇਸ ਨਕਾਲਾ ਦੇ ਛੱਡਣ ਤੇ ਫਿਰ ਕੋਈ ਸਿਆਸੀ ਤਾਕਤ ਜ਼ਬਾਨ ਨੂੰ ਮਰਨ ਤੋਂ ਨਹੀਂ ਬਚਾ ਸਕਦੀ। ਜਿੱਥੇ ਤੀਕਰ ਪੰਜਾਬ ਦੀ ਸਰਹੱਦ ਅਪੜੀ ਓਥੇ ਤਾਈਂ ਪੰਜਾਬੀ ਬੋਲਣ ਵਾਲੇ ਵੀ ਅੱਪੜੇ ਤੇ ਪੰਜਾਬੀ ਦੇ ਵਧਾ ਦਾ ਮੂਜਬ ਬਣੇ। ਤਾਰੀਖ਼ ਦੇ ਵਰਕਿਆਂ ਅੰਦਰ ਪੰਜਾਬ ਦਾ ਪਸਾਰ ਤੇ ਖਿਲਾਰ ਵੇਖੀਏ ਤੇ ਪਤਾ ਚਲਦਾ ਏ ਕਿ ਪੰਜਾਬੀ ਪੰਜਾਬ ਦੀਆਂ ਸਰਹੱਦਾਂ ਇਹਦੇ ਪੰਜ ਦਰਿਆਵਾਂ ਤੋਂ ਸਿੰਜੀ ਜਾਣ ਵਾਲੀ ਜ਼ਮੀਨ ਤੋਂ ਕਿੱਧਰੇ ਵੱਧ ਇਲਾਕਿਆਂ ਤੇ ਫੈਲੀ ਹੋਈ ਸੀ।

ਪੰਜਾਬ ਦੇ ਸਿਆਸੀ ਕਿਰਦਾਰ ਵੱਲ ਝਾਤ ਪਾਈਏ ਤੇ ਪਤਾ ਚਲਦਾ ਏ ਕਿ ਮਹਾ ਭਾਰਤ ਤੋਂ ਲੈ ਕੇ ਪਾਣੀਪੱਤ ਦੀਆਂ ਲੜਾਈਆਂ ਤੱਕ ਪੰਜਾਬ ਹਮੇਸ਼ ਮੈਦਾਨੇ ਜੰਗ ਬਣਿਆ ਰਹਿਆ ਏ, ਪੰਜਾਬ ਨੇ ਆਉਣ ਵਾਲੇ ਹਮਲਾਆਵਰਾਂ ਨੂੰ ਜੀ ਆਇਆਂ ਨੂੰ ਈ ਨਹੀਂ ਆਖਿਆ ਉਸ ਸਿਕੰਦਰੇ ਆਜ਼ਮ ਦੇ ਖ਼ਿਲਾਫ਼ ਖਲੋਣ ਦੀ ਜੁਰਅਤ ਵੀ ਕੀਤੀ ਸੀ। ਜਦ ਮੁਗ਼ਲ ਬਾਦਸ਼ਾਹ ਅਕਬਰ ਨੇ ਦੀਨੇ ਇਲਾਹੀ ਦਾ ਚੱਕਰ ਚਲਾਇਆ ਤੇ ਉਹਦੇ ਖ਼ਿਲਾਫ਼ ਝੰਡਾ ਪੰਜਾਬ ਵੱਲੋਂ ਚੁਕਿਆ ਗਿਆ, ਇਹ ਸਿਲਸਿਲਾ ਮੁਗ਼ਲਾਂ ਦੇ ਦੌਰ ਦੇ ਦੁੱਲਾ ਭੱਟੀ ਤੇ ਅੰਗਰੇਜ਼ ਸਮੇ ਦੇ ਅਹਿਮਦ ਖ਼ਾਂ ਖਰਲ ਤੱਕ ਜਾਰੀ ਰਿਹਾ। ਇਹ ਗੱਲ ਵੀ ਭੁੱਲਣ ਵਾਲੀ ਨਹੀਂ ਕਿ ਪੰਜਾਬ 'ਤੇ ਅੰਗਰੇਜ਼ਾਂ ਦਾ ਕਬਜ਼ਾ ਸਭ ਤੋਂ ਬਾਅਦ ਵਿੱਚ ਹੋਇਆ। ਪੰਜਾਬ ਨੇ ਸੌ ਸਾਲ ਗ਼ੁਲਾਮੀ ਅੰਦਰ ਲੰਘਾਏ ਜਦ ਕਿ ਬੰਗਾਲ ਤੇ ਹੋਰ ਕਈ ਦੂਜੇ ਸੂਬਿਆਂ ਦੋ ਸੌ ਸਾਲ ਤੱਕ ਗ਼ੁਲਾਮੀ ਕੱਟੀ। ਲਾਹੌਰ ਦੇ ਸ਼ਾਹੀ ਕਿਲ੍ਹੇ ਤੇ ਅਨਗਰੀਜ਼ਰਾਜ ਕਾਇਮ ਹੋਣ ਦੀ ਤਾਰੀਖ਼ 1849 ਲਖੀ ਏ, ਸਿੰਧ 1843 ਬਲੋਚਿਸਤਾਨ 1840 ਵਿਚ ਅੰਗਰੇਜ਼ ਦੇ ਕਬਜ਼ੇ ਵਿਚ ਆਏ ਜਦ ਕਿ ਖ਼ੈਬਰ ਪਖ਼ਤੋਨਖ਼ਵਾਹ 1849 ਵਿਚ ਪੰਜਾਬ ਦਾ ਈ ਹਿੱਸਾ ਹੁੰਦਾ ਸੀ।


ਜ਼ਬਾਨ ਦੀ ਗੱਲ ਕਰੀਏ ਤਾਂ ਹਿੰਦੁਸਤਾਨ ਵਿਚ 1834 ਵਿਚ ਉਰਦੂ ਨੂੰ ਫ਼ਾਰਸੀ ਦੀ ਜਗ੍ਹਾ ਦਫ਼ਤਰੀ ਜ਼ੁਬਾਨ ਕਰਾਰ ਦਿੱਤਾ ਗਿਆ। ਜਦ 1849 ਵਿਚ ਪੰਜਾਬ ਦੀ ਸਾਂਝ ਹੋਈ ਤਾਂ ਏਥੇ ਵੀ ਫ਼ਾਰਸੀ ਦੀ ਥਾਂ ਉਰਦੂ ਦਫ਼ਤਰੀ ਜ਼ਬਾਨ ਬਣ ਗਈ। ਅੰਗਰੇਜ਼ਾਂ ਤੋਂ ਕੀ ਸ਼ਿਕਾਇਤ, ਸਿੱਖਾਂ ਦੇ ਆਪਣੇ ਦੌਰ ਅੰਦਰ ਦਫ਼ਤਰੀ ਜ਼ਬਾਨ ਫ਼ਾਰਸੀ ਈ ਸੀ। ਉਸ ਵੇ.ਲੇ ਕਿਸ ਪੰਜਾਬੀ ਨੇ ਅਪਣੀ ਜ਼ਬਾਨ ਦੇ ਹੱਕ ਵਾਸਤੇ ਲੜਾਈ ਲੜੀ? 1865 ਵਿਚ ਅੰਜੁਮਨੇ ਪੰਜਾਬ ਦੀ ਨੀਂਹ ਰੱਖੀ ਗਈ, ਜਿਹਦਾ ਮਕਸਦ ਦੇਸੀ ਜ਼ਬਾਨਾਂ ਰਾਹੀਂ ਲੋਕਾਈ ਨੂੰ ਨਵੇਂ ਮਜ਼ਮੂਨ ਪੜ੍ਹਾਨਾ ਵੀ ਸੀ। ਅੰਜੁਮਨੇ ਪੰਜਾਬ ਨੇ 1882-83 ਵਿਚ ਦੇਸੀ ਜ਼ਬਾਨਾਂ ਦੀ ਤਰੱਕੀ ਵਾਸਤੇ ਉਰਦੂ, ਹਿੰਦੀ ਤੇ ਪੰਜਾਬੀ ਕਮੇਟੀਆਂ ਬਣਾਈਆਂ, ਮੁਸਲਮਾਨ ਤਾਂ ਉਰਦੂ ਦੇ ਹੱਕ ਵਿਚ ਸਨ ਇਸ ਪਾਰੋਂ ਪੰਜਾਬੀ ਕਮੇਟੀ ਦੇ ਮੈਂਬਰਾਂ ਵਿਚ ਹਿੰਦੂ, ਸਿੱਖ ਤੇ ਅੰਗਰੇਜ਼ ਸਨ ਪਰ ਕੋਈ ਮੁਸਲਮਾਨ ਨਹੀਂ ਸੀ। ਇਸ ਤੋਂ ਤੁਸੀਂ ਉਸ ਵੇ.ਲੇ ਦੇ ਪੰਜਾਬੀਆਂ ਦੀ ਪੰਜਾਬੀ ਨਾਲ ਸਾਂਝ ਦਾ ਅੰਦਾਜ਼ਾ ਲਾ ਸਕਦੇ ਓ।

1947 ਤੋਂ ਬਾਅਦ ਪਾਕਿਸਤਾਨ ਤੇ ਭਾਰਤ ਅੰਦਰ ਪੰਜਾਬੀ ਨਾਲ ਪੰਜਾਬੀਆਂ ਤੇ ਸਿਆਸਤ ਕੀ ਖੇਡ ਖੇਡੀ? ਪਾਕਿਸਤਾਨ ਦੇ ਦਸਤੂਰ ਦਾ ਆਰਟੀਕਲ 251 ਦੱਸਦਾ ਏ ਪਈ ਕੌਮੀ ਜ਼ਬਾਨ ਨਾਲ ਤਾਸੁਬ ਤੋਂ ਬਗ਼ੈਰ ਸੂਬਾਈ ਅਸੰਬਲੀ ਕਾਨੂੰਨ ਸਾਜ਼ੀ ਦੇ ਰਾਹੀਂ ਸੂਬਾਈ ਜ਼ਬਾਨ ਦੀ ਤਾਲੀਮ ਅਪਣੇ ਸੂਬੇ ਵਿਚ ਲਾਣਾ ਚਾਹੇ ਤਾਂ ਲਾ ਸਕਦੀ ਹੈ। ਪਾਕਿਸਤਾਨ ਦੇ ਆਈਨ ਨੇ ਤਾਂ ਸੂਬਿਆਂ ਨੂੰ ਆਪਣੀ ਜ਼ਬਾਨ ਵਰਤਣ ਦੀ ਖੁਲ ਦਿੱਤੀ ਪਰ ਉਨ੍ਹਾਂ ਇਸ ਤੋਂ ਫ਼ਾਇਦਾ ਨਾ ਚੁੱਕਿਆ। 1979 ਦੀ ਤਾਲੀਮੀ ਪਾਲੀਸੀ ਵਿਚ ਵੀ ਸੂਬਿਆਂ ਨੂੰ ਖੁੱਲ ਦਿੱਤੀ ਗਈ ਕਿ ਉਹ ਅਪਣੀ ਬੋਲੀ ਰਾਹੀਂ ਤਾਲੀਮ ਦੇ ਸਕਦੇ ਨੇਂ ਪਰ ਪੰਜਾਬੀ ਨੂੰ ਅੱਜ ਤੀਕਰ ਤਾਲੀਮ ਦੇਣ ਦਾ ਵਸੀਲਾ ਨਹੀਂ ਬਣਾਇਆ ਜਾ ਸਕਿਆ।

ਭਾਰਤ ਵਿਚ ਪੰਜਾਬੀ ਹੁਣ ਪੰਜਾਬੀ ਘੱਟ ਤੇ ਹਿੰਦੀ ਜਾਂ ਸੰਸਕ੍ਰਿਤਿ ਬਹੁਤੀ ਲੱਗਣ ਲੱਗ ਪਈ ਏ, ਇਸ ਦਾ ਕਾਰਨ ਭਾਰਤ ਸਰਕਾਰ ਦੀ ਜ਼ਬਾਨ ਬਾਰੇ ਪਾਲੀਸੀ ਏ। 1948 ਵਿਚ ਭਾਰਤ ਸਰਕਾਰ ਦੇ ਵਜ਼ੀਰੇ ਦਾਖ਼ਲਾ ਸਰਦਾਰ ਪਟੇਲ ਇਹ ਗਵੇੜ ਲਾ ਲਿਆ ਸੀ ਪਈ ਸਿੱਖਾਂ ਦੀ ਜੁੜਤ ਪਾਕਿਸਤਾਨ ਨਾਲ ਰਹਿਣੀ ਏ ਕਿਉਂ ਜੇ ਉਨ੍ਹਾਂ ਦੇ ਗੁਰਦੁਆਰੇ, ਵਿਰਸਾ ਤੇ ਹੋਰ ਬਹੁਤ ਕੁੱਝ ਪਾਕਿਸਤਾਨ ਅੰਦਰ ਏ, ਉਸ ਸਿੱਖਾਂ ਨੂੰ ਲਾਰਾ ਲਾਇਆ ਕਿ ਭਾਰਤੀ ਦਸਤੂਰ ਮੁਤਾਬਕ ਪੰਜਾਬੀ ਸਰਕਾਰੀ ਬੋਲੀ ਬਣ ਸਕਦੀ ਏ ਪਰ ਦਫ਼ਤਰੀ ਕੰਮਾਂ ਵਾਸਤੇ ਅਜੇ ਇਹਦੇ ਵਿਚ ਸਾਹ-ਸਤ ਨਹੀਂ ਏ, ਖ਼ੈਰ ਪਟਿਆਲਾ ਵਿੱਚ ਅਦਾਰਾ ਬਣਾ ਦਿੱਤਾ ਗਿਆ। ਜਿਹਨੇ ਰਸਾਲੇ ਛਾਪਣੇ ਸ਼ੁਰੂ ਕਰ ਦਿਤੇ, ਤਰਜਮੇ ਹੋਵਣ ਲੱਗੇ, ਸਾਇੰਸੀ ਆਸਤਲਾਹਵਾਂ ਨੂੰ ਪੰਜਾਬੀ ਵਿੱਚ ਢਾਲਣ ਦਾ ਕੰਮ ਸ਼ੁਰੂ ਹੋ ਗਿਆ। ਤਰਜਮੇ ਦਾ ਕੰਮ ਅਜਿਹੇ ਪ੍ਰੋਫ਼ੈਸਰਾਂ ਦੇ ਜ਼ਿੰਮੇ ਲਾਇਆ ਜਿਹੜੇ ਬੋਲੀ ਦੇ ਬਹੁਤੇ ਜਾਣੂ ਨਹੀਂ ਸਨ। ਉਨ੍ਹਾਂ ਹਿੰਦੀ ਤੇ ਸੰਸਕ੍ਰਿਤ ਡਿਕਸ਼ਨਰੀਆਂ ਵਰਤੀਆਂ, ਪੰਜਾਬੀ ਨੇ ਹਿੰਦੀ ਤੇ ਸੰਸਕ੍ਰਿਤ ਦਾ ਸੁਰਖ਼ੀ ਪੌਡਰ ਲਾ ਲਿਆ ਤੇ ਅਸਲ ਪੰਜਾਬੀ ਗਵਾਚ ਗਈ।

ਇਹ ਗੱਲ ਮੰਨੀ ਜਾ ਚੁੱਕੀ ਏ ਕਿ ਕੋਈ ਕੌਮ ਮਾਂ ਬੋਲੀ ਛੱਡ ਕੇ ਤਰੱਕੀ ਨਹੀਂ ਕਰ ਸਕਦੀ। ਚੀਨ,ਜਾਪਾਨ ਤੇ ਕੋਰੀਆ ਨੇ ਅੰਗਰੇਜ਼ੀ ਨਹੀਂ ਸਿੱਖੀ, ਕੀ ਉਨ੍ਹਾਂ ਤਰੱਕੀ ਨਹੀਂ ਕੀਤੀ। ਉਨ੍ਹਾਂ ਅਪਣੀ ਮਾਂ ਬੋਲੀ ਅੰਦਰ ਤਾਲੀਮ ਦਿੱਤੀ ਤੇ ਅੱਜ ਦੁਨੀਆ ਦੀ ਅਗਵਾਈ ਉਨ੍ਹਾਂ ਦੇ ਹੱਥ ਵਿਚ ਏ। ਅੰਗਰੇਜ਼ ਦੌਰ ਵਿੱਚ ਸ਼ਾਹਪੁਰ (ਮੌਜੂਦਾ ਸਰਗੋਧਾ) ਦੇ ਡਿਪਟੀ ਕਮਿਸ਼ਨਰ ਮੇਜਰ ਵਿਲਸਨ ਨੇ ਆਖਿਆ ਸੀ ਕਿ ਬਰਤਾਨੀਆ ਵਿਚ ਜਦ ਸਰਕਾਰੀ ਜ਼ੁਬਾਨ ਲਾਤੀਨੀ ਸੀ ਤੇ ਕੋਈ ਕੋਈ ਬੰਦਾ ਪੜ੍ਹਿਆ ਲਿਖਿਆ ਲੱਭਦਾ ਸੀ। ਜਦ ਫ਼ਰਾਂਸੀਸੀ ਲਾਈ ਗਈ ਤੇ ਪੜ੍ਹਨ ਵਾਲੇ ਵਧ ਗਏ ਕਿਉਂ ਜੇ ਫ਼ਰਾਂਸੀਸੀ ਅੰਗਰੇਜ਼ੀ ਨਾਲ ਰਲਦੀ-ਮਿਲਦੀ ਸੀ। ਪਰ ਅੰਗਰੇਜ਼ਾਂ ਵਿਚ ਵੀ ਤਾਲੀਮ ਆਮ ਉਦੋਂ ਈ ਹੋਈ ਜਦੋਂ ਅੰਗਰੇਜ਼ੀ ਨੂੰ ਹਰ ਪਧਰ 'ਤੇ ਵਰਤਿਆ ਗਿਆ। ਇਸ ਲਈ ਉਹਦਾ ਕਹਿਣਾ ਸੀ ਕਿ ਪੜ੍ਹਾਈ ਦੀ ਸ਼ਰਾ (ਲਿਟਰੇਸੀ ਰੇਟ) ਮਾਂ ਬੋਲੀ ਵਰਤੇ ਬਿਨਾ ਵੱਧ ਨਹੀਂ ਸਕਦੀ। ਤਹਿਰੀਕ ਦਸਦੀ ਏ ਕਿ ਜਿਹੜਾ ਨਿਆਣਾ ਮਾਂ ਬੋਲੀ ਦਾ ਜਾਣੂ ਹੁੰਦਾ ਏ ਉਸ ਨੂੰ ਦੂਜਿਆਂ ਜ਼ਬਾਨਾਂ ਵੀ ਸੌਖਿਆਂ ਆ ਜਾਂਦੀਆਂ ਹਨ। ਅਪਣੀ ਜ਼ੁਬਾਨ ਛੱਡ ਕੇ ਅਸਾਂ 65 ਵਰ੍ਹੇ ਲੰਘਾ ਬੈਠੇ ਹਾਂ ਨਾ ਅਪਣੀ ਜ਼ੁਬਾਨ ਆਈ ਤੇ ਨਾਂ ਅੰਗਰੇਜ਼ੀ।

ਕਿਹੜਾ ਲਾਹੌਰ ਤੇ ਕਿਹੜੇ ਫੇਸਟਿਵੱਲ



ਜ਼ੁਬੈਰ ਅਹਿਮਦ



ਲਾਹੌਰ ਅੱਜ ਕਲ੍ਹ ਬਸੰਤੀ ਹੋਇਆ ਫਿਰਦਾ ਏ। ਜਦ ਬਸੰਤ ਹੁੰਦੀ ਸੀ ਤਦ ਲਾਹੌਰ ਗੁੱਡੀਆਂ ਨਾਲ ਭਰਿਆ ਹੁੰਦਾ ਸੀ ਪਰ ਹਵਾ ਵਿਚ ਸਵਾਦ ਅਜੇ ਉਸੇ ਰੁੱਤ ਦਾ ਹੈ । ਜਦ ਦੀ ਲਾਲ ਪਰੀ (ਮੈਟਰੋ ਬੱਸ) ਲਾਹੌਰ ਵਿਚ ਚਲੀ ਏ ਲਾਹੌਰ ਦੀ ਟੌਰ ਤਾਂ ਵੇਖੀ ਨਹੀਂ ਜਾਂਦੀ। ਪਿਛਲਾ ਹਫ਼ਤਾ ਲਾਹੌਰ ਦੇ ਪੰਜਾਬੀ ਪਿਆਰਿਆਂ ਤੇ ਉਰਦੂ ਤੇ ਅੰਗਰੇਜ਼ੀ ਲਿਖਾਰੀਆਂ ਲਈ ਬਹੁਤ ਰੁਝਵਾਂ ਸੀ । ਬਹੁਤਾ ਮਾਂ ਬੋਲੀ ਤੇ ਲਾਹੌਰ ਦੇ ਅੰਗਰੇਜ਼ੀ ਲਿਖਾਰੀਆਂ ਲਈ। 21 ਫ਼ਰਵਰੀ ਨੂੰ "ਮਾਂ ਬੋਲੀ ਦਿਹਾੜਾ" ਸੀ ਤੇ ਪੰਜਾਬੀ ਪਿਆਰਿਆਂ ਲਾਹੌਰ ਪ੍ਰੈੱਸ ਕਲੱਬ ਤੋਂ ਅਸੰਬਲੀ ਹਾਲ ਤੀਕ ਭਰਵਾਂ ਜਲੂਸ ਕੱਢਿਆ। ਉਸੇ ਸ਼ਹਿਰ ਵਿਚ 23, 24 ਫ਼ਰਵਰੀ ਨੂੰ ਲਅਹੋਰਏ ਲਟਿਰਅਰੇ ਾਇਸਟਵਿਅਲ ਹੋਇਆ ਜਿਸ ਵਿੱਚ ਸਾਰੀਆਂ ਬੋਲੀਆਂ ਸਨ , ਉਰਦੂ ਤੇ ਅੰਗਰੇਜ਼ੀ ਪਰ ਨਹੀਂ ਸੀ ਤੇ ਲਾਹੌਰ ਦੀ ਬੋਲੀ ਨਹੀਂ ਸੀ, ਲਾਹੌਰ ਦੇ ਲੋਕ ਨਹੀਂ ਸਨ, ਲਾਹੌਰ ਦੀ ਰਹਿਤਲ ਨਹੀਂ ਸੀ। ਅਸੀਂ ਲਹੋਰੀਆਂ ਦੇ ਹੱਥਾਂ ਦੇ ਬਣੇ ਪਠੂਹਰੇ, ਨਾਨ ਹਲੀਮ ਤਾਂ ਸ਼ੌਕ ਨਾਲ ਖਾਨੇ ਆਂ ਪਰ ਇਨ੍ਹਾਂ ਲੋਕਾਂ ਦੀ ਬੋਲੀ ਸਾਨੂੰ ਏਨੀ ਭੈੜੀ ਕਿਉਂ ਲਗਦੀ ਏ? ਤੇ ਇਨ੍ਹਾਂ ਮੈਲੇ ਹੱਥਾਂ ਤੇ ਮਿਹਨਤੀਆਂ ਨੂੰ ਝਬ ਕੱਢ ਦੇਨੇ ਆਂ।

ਆਉ ਪਹਿਲਾਂ ਮਾਂ ਬੋਲੀ ਦੇ ਜਲੂਸ ਦੀ ਗੱਲ ਕਰੀਏ। ਇਹ ਜਲੂਸ ਬਹੂੰ ਚਿਰ ਪਿੱਛੋਂ ਨਿਕਲਿਆ ਏ ਪਰ ਸਾਰੇ ਪੰਜਾਬੀ ਪਿਆਰੇ ਹੁਣ ਇਸ ਗੱਲ ਉੱਤੇ ਮੁੱਕੇ ਹੋਏ ਨੇਂ ਪਈ ਹੁਣ ਵੇਲਾ ਏ ਕਿ ਅਸੀਂ ਗੱਜ-ਵੱਜ ਕੇ ਪਿੜ ਵਿੱਚ ਆਈਏ ਤੇ ਬੋਲੀ ਲਈ ਘੋਲ ਕਰੀਏ। ਹੁਣ ਨੁਕਰੇ ਬਹਿ ਕੰਮ ਕਰਨ ਦਾ ਵੇਲਾ ਨਹੀਂ। ਜੇ ਅੱਜ ਵੀ ਅਸੀਂ ਬੋਲੀ ਲਈ ਘੋਲ ਨਾ ਕੀਤਾ ਤੇ ਫਿਰ ਵੇਲਾ ਹੱਥ ਨਹੀਂ ਆਉਣਾ। ਇਹ ਬਹੂੰ ਖ਼ੁਸ਼ੀ ਦੀ ਗੱਲ ਏ ਪਈ ਸੱਜਣਾਂ ਤੇ ਬੋਲੀ ਪਿਆਰਿਆਂ ਜਲੂਸ ਦੇ ਸੱਦੇ ਦਾ ਭਰਵਾਂ ਹੁੰਗਾਰਾ ਦਿੱਤਾ। ਇਸ ਜਲੂਸ ਦਾ ਮੁੱਢਲਾ ਟੀਚਾ ਇਹ ਸੀ ਪਈ ਘੱਟੋ- ਘੱਟ ਬਾਲ ਨੂੰ ਪ੍ਰਾਇਮਰੀ ਤਾਲੀਮ ਮਾਂ ਬੋਲੀ ਵਿਚ ਦਿੱਤੀ ਜਾਵੇ ਤੇ ਮਾਂ ਬੋਲੀ ਜੇ ਲਾਜ਼ਮੀ ਨਹੀਂ ਤੇ ਇਕ ਮਜ਼ਮੂਨ ਦੀ ਪੱਧਰ ਉੱਤੇ ਪੜ੍ਹਾਈ ਜਾਵੇ।

ਜੇ ਮਾਂ ਬੋਲੀ ਦੇ ਜਲੂਸ ਵਿਚ ਮਹਾਤੜ ਤੇ ਹੇਠਲੇ ਮੇਲ ਦੇ ਜੀ ਸਨ ਤੇ lahore litrary festival ਵਿਚ ਕੋਈ ਵੀ ਮਹਾਤੜ ਨਹੀਂ ਸੀ। ਬਹੁਤੇ ਜਵਾਨ ਲੋਕ ਸਨ। ਅੰਗਰੇਜ਼ੀ ਸਕੂਲਾਂ ਤੇ ਯੂਨੀਵਰਸਿਟੀਆਂ ਦੇ ਪੜ੍ਹਿਆਰ ਯਾਂ ਉਸਤਾਦ ਤੇ ਪ੍ਰੋਫ਼ੈਸਰ ਤੇ ਵਿੱਚ ਕੁੱਝ ਅਧਕੜ ਤੇ ਵਡੇਰੀ ਉਮਰਾਂ ਦੇ ਵੀ ਸਨ। ਪੜ੍ਹਿਆਰ ਆਪਸ ਵਿਚ ਵੀ ਅੰਗਰੇਜ਼ੀ ਵਿਚ ਗੱਲ ਬਾਤ ਕਰਦੇ ਸਨ ਤੇ ਪੰਜਾਬੀ ਤਾਂ ਦੂਰ ਦੀ ਗੱਲ ਏ, ਉਰਦੂ ਤੋਂ ਵੀ ਫ਼ਾਰਗ਼ ਸਨ। ਇਹ ਪੜ੍ਹਿਆਰ ਅੰਗਜ਼ੀਰੀ ਦੇ ਲਿਖਿਆਰਾਂ ਨੂੰ ਵੇਖਣ ਤੇ ਸੁਣਨ ਆਏ ਸਨ। ਇਨ੍ਹਾਂ ਲਿਖਾਰੀਆਂ ਵਿਚ ਸਿਰ ਕਢਵੇਂ ਮੁਹਸਿਨ ਹਾਮਿਦ, ਦਾਨੀਆਲ ਮੁਹਉੱਦੀਨ, ਬਪਸੀ ਸਦਵਾ , ਵਲੀਮ ਡਲਰਮੀਪਲ, ਨਦੀਮ ਅਸਲਮ ਤੇ ਕੁੱਝ ਹੋਰ ਲਿਖਾਰੀ ਵੀ ਸਨ। ਸਿਆਸੀ ਨਰਵਾਰਾਂ ਵਿਚ ਤਾਰਿਕ ਅਲੀ, ਅਹਿਮਦ ਰਸ਼ੀਦ, ਹਮੀਦ ਹਾਰੂਨ , ਆਇਸ਼ਾ ਜਲਾਲ ਤੇ ਫ਼ਰਾਨਸਨ ਰੋਬਸਨ ਸ਼ਾਮਿਲ ਸਨ। ਜਿਹੜੇ ਇਕੱਠ ਹੋਏ ਉਹ ਸਾਰੇ ਅੰਗਰੇਜ਼ੀ ਵਿਚ ਸਨ ਤੇ ਸੁਣਨ ਆਲੇ ਵੀ ਅੰਗਰੇਜ਼ੀ ਦੇ ਜਾਣੂ ਸਨ। ਦੱਸਿਆ ਗਿਆ ਏ 30,000 ਲੋਕਾਂ ਇਹ ਮੇਲਾ ਤੱਕਿਆ । 50 ਤੋਂ ਵੱਧ ਬੁਲਾਰੇ ਸਨ। ਇਸ ਮੇਲੇ ਉੱਤੇ ਪੰਜਾਬੀ ਪਿਆਰਿਆਂ ਨੂੰ ਖੁੱਲ ਕੇ ਗੱਲ ਕਰਨੀ ਚਾਹੀਦੀ ਏ ਤੇ ਨਿਰਾ ਇਹ ਆਖ ਕੇ ਪਈ ਸਾਡਾ ਇਸ ਨਾਲ ਕੀ ਤਾਅਲੁੱਕ ਏ ਗੱਲ ਨੂੰ ਰੱਦ ਨਹੀਂ ਕਰ ਦੇਣਾ ਚਾਹੀਦਾ।

ਪਹਿਲਾ ਗੱਲ ਤਾਂ ਇਹ ਏ ਪਈ ਇਨ੍ਹਾਂ ਲਟਿਰਅਰੇ ਾਇਸਟਵਿਅਲ ਦੀ ਕੀ ਸਿਆਸਤ ਏ? ਇਨ੍ਹਾਂ ਪਿੱਛੇ ਕੌਣ ਏ? ਦੂਜੀ ਅੰਗਰੇਜ਼ੀ ਬੋਲੀ ਤੇ ਸੁਲੇਖ ਦੀ ਕੀ ਸਿਆਸਤ ਏ। ਕੀ ਇਹ ਅੰਗਰੇਜ਼ੀ ਬੋਲੀ ਹਿੰਦੁਸਤਾਨ ਵਿਚ ਗੋਰਿਆਂ ਦੀ ਬੋਲੀ ਤੋਂ ਵਖ ਏ? ਬਰਤਾਨੀਆ ਦਾ ਇਨ੍ਹਾਂ ਮੇਲਿਆਂ ਵਿਚ ਖ਼ਾਸ ਹੱਥ ਏ। ਅੰਗਰੇਜ਼ੀ ਲਿਖਾਰੀ ਤੇ ਸਫ਼ਾਰਤ ਖ਼ਾਨੇ ਇਨ੍ਹਾਂ ਮੇਲਿਆਂ ਵਿਚ ਵਧ ਚੜ੍ਹ ਕੇ ਹਿੱਸਾ ਪਾ ਰਹੇ ਨੇਂ। ਦੂਜੇ ਇਨ੍ਹਾਂ ਮੇਲਿਆਂ ਦਾ ਤਾਅਲੁੱਕ ਮੰਡੀ ਦੀ ਮਈਸ਼ਤ ਨਾਲ ਏ। ਇਨ੍ਹਾਂ ਮੇਲਿਆਂ ਦਾ ਮਲਟੀਨੈਸ਼ਨਲ ਕੰਪਨੀਆਂ ਹੱਥ ਵੰਡਾ ਰਹੀਆਂ ਨੇਂ ਤੇ ਖ਼ਰਚਿਆਂ ਵਿਚ ਹਿੱਸਾ ਵੰਡਾ ਰਹੀਆਂ ਨੇਂ। ਇਨ੍ਹਾਂ ਮੇਲਿਆਂ ਤੋਂ ਕਿਸੇ ਨੂੰ ਡਰ ਨਹੀਂ ਮੇਲੇ ਕਰਾਣ ਆਲੇ ਤੇ ਆਉਣ ਆਲੇ ਉਚ ਮੇਲ ਦੇ ਨੇਂ ਜੋ ਰੱਜ ਕੇ ਲੋਕਾਂ ਤੋਂ ਵਜੋਗਿਆ ਹੋਇਆ ਮੇਲ ਏ। ਇਨ੍ਹਾਂ ਦੀ ਦੌਲਤ ਦੇ ਸੋਮੇ ਕੀ ਨੇਂ, ਪਿੱਛੇ ਕੋਈ ਨਾ ਕੋਈ ਦੋ ਨੰਬਰੀ ਦੀ ਕਹਾਣੀ ਹੋਵੇਗੀ। ਇਹ ਗੱਲ ਵੀ ਏ ਪਈ ਉਰਦੂ ਦੀ ਕਹਾਣੀ ਮੁੱਕ ਗਈ ਏ। ਘੱਟੋ-ਘੱਟ ਸੁਲੇਖ ਵਿਚ। ਭਾਵੇਂ ਇਕ ਜਹਾਨ ਜਾਂਣਦਾ ਏ ਅਬਦੁੱਲ੍ਹਾ ਹੁਸੈਨ ਤੇ ਇੰਤਜ਼ਾਰ ਹੁਸੈਨ ਨੂੰ ਪਰ ਇਨ੍ਹਾਂ ਮੇਲਿਆਂ ਵਿਚ ਇਨ੍ਹਾਂ ਦੀ ਕੋਈ ਥਾਂ ਨਹੀਂ। ਉਰਦੂ ਜੋ ਸਾਡੀਆਂ ਬੋਲੀਆਂ ਨਾਲ ਕੀਤਾ ਉਹੋ ਹੁਣ ਉਸ ਨਾਲ ਅੰਗਰੇਜ਼ੀ ਕਰਦੀ ਪਈ ਏ। ਇਸ ਨਵੀਂ ਬੋਲੀ ਦੀ ਸਿਆਸਤ ਵਿਚ ਉਰਦੂ ਦੀ ਕੋਈ ਥਾਂ ਨਹੀਂ। ਉਰਦੂ ਦਾ ਜਨਾਜ਼ਾ ਨਿਕਲ ਗਿਆ ਏ ਪਰ ਅਸਾਂ ਪੜ੍ਹਿਆ ਨਹੀਂ।

ਇਹ ਅੰਗਰੇਜ਼ੀ ਪੜ੍ਹਨ ਆਲਾ ਪੜ੍ਹਿਆਰ ਹੁਣ ਆ ਗਿਆ ਏ। ਮੈਨੂੰ ਲਗਦਾ ਏ ਇਸ ਸਾਰੀ ਬਦਲੀ ਵਿਚ ਸਾਡਾ ਕੰਮ ਸੌਖਾ ਹੋ ਗਿਆ ਏ। ਉਰਦੂ ਦੇ ਮੁੱਕਣ ਨਾਲ ਹੁਣ ਸਾਡੀ ਥਾਂ ਨਿਕਲ ਆਈ ਏ ਸਾਡੀ ਬੋਲੀ ਆ ਸਕਦੀ ਏ। ਉਰਦੂ ਨਾਲ ਇਹ ਹੋਣਾ ਸੀ ਜਿਹਨਾਂ ਉਰਦੂ ਪੜ੍ਹੀ ਸਿੱਖੀ ਉਨ੍ਹਾਂ ਦੇ ਬਾਲ ਈ ਅੰਗਰੇਜ਼ੀ ਪੜ੍ਹਦੇ ਪਏ ਨੇਂ। ਉਰਦੂ ਨਾਲ ਕਿਸੇ ਦਾ ਜਜ਼ਬਾਤੀ ਰਿਸ਼ਤਾ ਨਹੀਂ ਸੀ ਇਸ ਲਈ ਇਸ ਦੇ ਮਰਨ ਦਾ ਕਿਸੇ ਨੂੰ ਦੁਖ ਵੀ ਨਹੀਂ ਏ। lahore litrary festival ਇਹ ਤਾਂ ਕੀਤਾ। ਰਹਿੰਦੀ ਕਹਾਣੀ ਫਿਰ ਕਰਾਂਗੇ।

ਪੰਜਾਬ

ਅੱਜ-ਕੱਲ੍ਹ

ਪੰਜਾਬ ਪਾਲ



ਮੋਗੇ ਦੀ ਜਿੱਤ ਦੇ ਅਰਥ

ਸ਼੍ਰੋਮਣੀ ਅਕਾਲੀ ਦਲ ਦੇ ਜੋਗਿੰਦਰਪਾਲ ਜੈਨ ਨੇ ਕਾਂਗਰਸ ਦੇ ਵਿਜੈ ਸਾਥੀ ਨੂੰ 18,849 ਵੋਟਾਂ ਨਾਲ ਹਰਾ ਕੇ ਮੋਗਾ ਜ਼ਿਮਨੀ ਚੋਣ ਜਿੱਤ ਲਈ ਹੈ। ਇਸ ਜਿੱਤ ਨਾਲ ਸ਼੍ਰੋਮਣੀ ਅਕਾਲੀ ਦਲ 117 ਸੀਟਾਂ ਵਾਲੀ ਵਿਧਾਨ ਸਭਾ ਵਿਚ ਪੂਰਨ ਬਹੁਮਤ ਵਿਚ ਆ ਗਿਆ ਹੈ। ਉਸ ਦੇ 59 ਮੈਂਬਰ (ਦੋ ਐਸੋਸੀਏਟ ਮੈਂਬਰ ਮਿਲਾ ਕੇ) ਹੋ ਗਏ ਹਨ। ਜੈਨ ਕਾਂਗਰਸ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋਏ ਸਨ। ਜੈਨ ਨੂੰ 69,269 ਵੋਟਾਂ ਮਿਲੀਆਂ ਜਦਕਿ ਉਸ ਦੇ ਸਾਥੀ ਨੂੰ 50,420 ਵੋਟਾਂ ਮਿਲੀਆਂ। ਪੀ.ਪੀ.ਪੀ ਉਮੀਦਵਾਰ ਡਾ. ਰਵਿੰਦਰ ਸਿੰਘ ਧਾਲੀਵਾਲ ਨੂੰ 7401 ਵੋਟਾ 'ਤੇ ਸਬਰ ਕਰਨਾ ਪਿਆ। ਜੈਨ ਨੇ ਜਿੱਤ ਦੀ ਹੈਟ੍ਰਿਕ ਬਣਾਈ ਹੈ। ਇਸ ਦੇ ਨਾਲ ਹੀ ਪੰਜਾਬ ਵਿਧਾਨ ਸਭਾ ਚੋਣਾਂ, ਡੀ.ਐਸ਼ਜੀ.ਐਮ.ਸੀ. ਚੋਣਾਂ ਅਤੇ ਹੁਣ ਮੋਗਾ ਉਪ ਚੋਣਾਂ ਜਿੱਤ ਕੇ ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੀ ਹੈਟ੍ਰਿਕ ਬਣਾਈ ਹੈ। ਤਿੰਨੋਂ ਚੋਣਾਂ ਸੁਖਬੀਰ ਸਿੰਘ ਦੀ ਅਗਵਾਈ ਵਿਚ ਲੜੀਆਂ ਗਈਆਂ। ਜੈਨ ਕਾਂਗਰਸ ਛੱਡ ਕੇ ਸ਼੍ਰੋਮਣੀ ਅਕਾਲੀ ਵਿਚ ਸ਼ਾਮਲ ਹੋਏ ਸਨ। ਮੋਗਾ ਨੂੰ 10 ਸਾਲ ਬਾਅਦ ਸੱਤਾਧਾਰੀ ਧਿਰ ਦਾ ਵਿਧਾਇਕ ਮਿਲਿਆ ਹੈ।

ਗਠਜੋੜ 'ਚ ਵੱਧ ਸਕਦੀ ਹੈ ਤਕਰਾਰ

ਮੋਗਾ ਜ਼ਿਮਨੀ ਚੋਣ ਇਸ ਲਈ ਖਾਸ ਹੈ ਕਿਉਂਕਿ ਇਹ ਸ਼੍ਰੋਮਣੀ ਅਕਾਲੀ ਦਲ ਲਈ ਤਰੁੱਪ ਦਾ ਇੱਕਾ ਸਾਬਤ ਹੋਵੇਗੀ। ਪੂਰਨ ਬਹੁਮਤ ਵਿਚ ਆਉਣ ਲਈ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਜੈਨ ਨੂੰ ਸ਼੍ਰੋਮਣੀ ਅਕਾਲੀ ਦਲ ਵਿਚ ਲੈ ਕੇ ਆਏ ਸਨ। ਹੁਣ ਸਰਕਾਰ ਵਿਚ ਅਕਾਲੀ ਦਲ ਦਾ ਵੱਕਾਰ ਵੱਧ ਗਿਆ ਹੈ, ਜੋ ਭਾਜਪਾ ਲਈ ਵੱਡੀ ਪ੍ਰੇਸ਼ਾਨੀ ਦਾ ਕਾਰਨ ਹੈ।

ਸੁਖਬੀਰ ਸਿੰਘ ਬਾਦਲ ਨੇ ਇਕ ਤੀਰ ਨਾਲ ਦੋ ਨਿਸ਼ਾਨੇ ਲਾਏ ਹਨ। ਇਕ ਸ਼੍ਰੋਮਣੀ ਅਕਾਲੀ ਨੂੰ ਆਪਣੇ ਦਮ 'ਤੇ ਸਰਕਾਰ ਬਣਾਉਣ ਦੀ ਸਥਿਤੀ ਵਿਚ ਲਿਆ ਖੜਾ ਕੀਤਾ ਹੈ, ਦੂਜਾ ਸਖ਼ਤ ਫ਼ੈਸਲੇ ਲੈਂਦੇ ਸਮੇਂ ਸ਼੍ਰੋਮਣੀ ਅਕਾਲੀ ਦਲ ਭਾਜਪਾ ਦੀ ਨਹੀਂ ਸੁਣੇਗਾ।

ਸ਼੍ਰੋਮਣੀ ਅਕਾਲੀ ਦਲ ਦੀ ਜਿੱਤ ਨਾਲ ਭਾਜਪਾ ਨੂੰ ਸਭ ਤੋਂ ਜ਼ਿਆਦਾ ਨੁਕਸਾਨ ਹੋਇਆ ਹੈ। ਸਰਕਾਰ ਭਾਜਪਾ ਦੇ ਸਹਾਰੇ ਸੀ। ਉਹ ਫ਼ੈਸਲਿਆਂ ਨੂੰ ਪ੍ਰਭਾਵਤ ਕਰਦੀ ਸੀ। ਪਰ ਹੁਣ ਉਹ ਨੈਗੋਸੀਏਸ਼ਨ ਦੀ ਸਥਿਤੀ ਵਿਚ ਨਹੀਂ ਹੈ। ਮੋਗਾ ਵਿਚ ਹਾਰ ਨਾਲ ਕਾਂਗਰਸ ਦੇ ਹੌਸਲੇ ਪਸਤ ਹੋ ਗਏ ਹਨ। ਉਸ ਦੀ ਚਿੰਤਾ ਮੋਗਾ ਨਹੀਂ, ਬਲਕਿ ਲੋਕ ਸਭਾ ਚੋਣਾਂ ਨੂੰ ਲੈ ਕੇ ਹੈ। ਇਹੀ ਕਾਰਨ ਹੈ ਕਿ ਪ੍ਰਤਾਪ ਬਾਜਵਾ ਵਰਗੇ ਨੇਤਾ ਵੀ ਮੋਗਾ ਵਿਚ ਡੱਟੇ ਰਹੇ।

ਸ਼੍ਰੋਮਣੀ ਅਕਾਲੀ ਦਲ ਕਿਉਂ ਜਿੱਤਿਆ?

ਸ਼੍ਰੋਮਣੀ ਅਕਾਲੀ ਦੀ ਜਿੱਤ ਦਾ ਕਾਰਨ ਸੱਤਾਧਾਰੀ ਹੋਣਾ ਹੈ। ਮੁੱਖ ਮੰਤਰੀ ਬਾਦਲ ਨੇ ਚੋਣ ਪ੍ਰਚਾਰ ਦੌਰਾਨ ਕਈ ਵਾਰ ਕਿਹਾ ਕਿ ਉਸੇ ਖੇਤਰ ਵਿਚ ਵਿਕਾਸ ਸਭ ਤੋਂ ਜ਼ਿਆਦਾ ਹੁੰਦਾ ਹੈ, ਜਿਸ ਦਾ ਵਿਧਾਇਕ ਸਰਕਾਰ ਵਿਚ ਹੁੰਦਾ ਹੈ।

ਕਾਂਗਰਸ ਕਿਉਂ ਹਾਰੀ ?

ਕਾਂਗਰਸ ਪਾਰਟੀ ਨੂੰ ਇਕਜੁਟ ਤਾਂ ਕੀਤਾ ਗਿਆ ਪਰ ਕਾਂਗਰਸ ਲੋਕਾਂ ਨੂੰ ਇਹ ਦੱਸਣ ਵਿਚ ਨਾਕਾਮ ਰਹੀ ਕਿ ਜਿੱਤ ਤੋਂ ਬਾਅਦ ਉਹ ਕੀ ਕਰੇਗੀ? ਲੋਕਾਂ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਸੁਣਿਆ ਜ਼ਰੂਰ ਪਰ ਉਨ੍ਹਾਂ ਦੀ ਗੱਲ ਮੰਨੀ ਨਹੀਂ।

ਤਾਕਤ ਤੇ ਪੈਸੇ ਦੀ 'ਸਿਆਸਤ'

ਮੋਗਾ ਜ਼ਿਮਨੀ ਚੋਣ ਦਾ ਮਤਲਬ ਸੀ ਤਾਕਤ ਅਤੇ ਪੈਸਾ। ਸਾਹਿਬ ਨੇ ਚਾਹਿਆ ਤੇ ਦੂਜੀ ਪਾਰਟੀ ਦੇ ਵਿਧਾਇਕ ਤੋਂ ਅਸਤੀਫ਼ਾ ਦੁਆ ਦਿੱਤਾ। ਉਸ ਨੂੰ ਪਾਰਟੀ ਵਿਚ ਸ਼ਾਮਲ ਕਰ ਕੇ ਫਿਰ ਤੋਂ ਜਿੱਤਵਾ ਦਿੱਤਾ। ਦੇਖਣ, ਸੁਣਨ ਅਤੇ ਸਮਝਣ ਵਿਚ ਇਹ ਜਿੰਨਾ ਆਸਾਨ ਲਗਦਾ ਹੈ, ਓਨਾ ਹੈ ਨਹੀਂ। ਸੁਖਬੀਰ ਨੇ ਨਵੀਂ ਤਰ੍ਹਾਂ ਦੀ 'ਐਡਵੈਂਚਰਸ ਸਿਆਸਤ' ਦਾ ਅਧਿਆਏ ਖੋਲ੍ਹਿਆ ਹੈ, ਜੋ ਦੇਖਣ ਅਤੇ ਪੜ੍ਹਨ ਨੂੰ ਘੱਟ ਹੀ ਮਿਲਦਾ ਹੈ। ਅਜਿਹਾ ਜੋਖ਼ਮ ਲੈਣ ਲਈ ਬੇਸ਼ੁਮਾਰ ਹਿੰਮਤ ਚਾਹੀਦੀ ਹੈ। ਸੁਖਬੀਰ ਨੇ ਇਹ ਸੰਕੇਤ ਵੀ ਦੇ ਦਿੱਤੇ ਹਨ ਕਿ ਉਹ ਅੱਗੇ ਵੀ ਅਜਿਹੀ ਸਿਆਸਤ ਕਰਦੇ ਰਹਿਣਗੇ। ਕਾਂਗਰਸ ਨੂੰ ਹੁਣ ਇਸ ਗੱਲ ਦੀ ਚਿੰਤਾ ਹੈ ਕਿ ਆਉਣ ਵਾਲੇ ਦਿਨਾਂ ਵਿਚ ਜੈਨ ਵਰਗੇ ਕੁਝ ਹੋਰ ਨੇਤਾ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਨਾ ਹੋ ਜਾਣ।

ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਵੀ ਅਕਾਲੀਆਂ ਦੀ ਜਿੱਤ ਨੂੰ ਪੈਸੇ, ਤਾਕਤ, ਪੁਲੀਸ ਅਤੇ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਦਾ ਨਤੀਜਾ ਕਰਾਰ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਬਾਦਲ ਨੇ ਲੋਕਾਂ ਨੂੰ ਡਰਾਵਾ ਦੇ ਕੇ ਦਬਾਅ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਇਹ ਸਰਕਾਰ ਦੀ ਹਰਮਨ ਪਿਆਰਤਾ ਦੀ ਜਿੱਤ ਨਹੀਂ ਹੈ।

ਕਾਂਗਰਸ ਦਾ ਕਾਟੋ ਕਲੇਸ਼

ਮੋਗਾ ਵਿਧਾਨ ਸਭਾ ਜ਼ਿਮਨੀ ਚੋਣ ਵਿਚ ਮਿਲੀ ਕਰਾਰੀ ਹਾਰ ਮਗਰੋਂ ਕਾਂਗਰਸ ਵਿਚ ਘਮਾਸਾਨ ਮਚਿਆ ਹੋਇਆ ਹੈ। ਸੂਬਾ ਪ੍ਰਧਾਨ ਅਮਰਿੰਦਰ ਸਿੰਘ ਖ਼ਿਲਾਫ਼ ਮੋਰਚਾ ਖੋਲ੍ਹਣ ਵਾਲੇ ਬ੍ਰਹਮ ਮਹਿੰਦਰਾ ਅਤੇ ਰਣਦੀਪ ਸਿੰਘ ਨਾਭਾ ਉਰਫ਼ ਕਾਕਾ 'ਤੇ ਕੈਪਟਨ ਬੁਰੀ ਤਰ੍ਹਾਂ ਵਰ੍ਹੇ ਹਨ। ਕੈਪਟਨ ਨੇ ਕਿਹਾ ਕਿ ਬ੍ਰਹਮ ਮਹਿੰਦਰਾ ਅਤੇ ਰਣਦੀਪ ਨਾਭਾ ਤੋਂ ਸਿਰਫ਼ ਚੋਣ ਪ੍ਰਚਾਰ ਦੌਰਾਨ ਗ਼ੈਰ ਹਾਜ਼ਰ ਰਹਿਣ ਦਾ ਕਾਰਨ ਪੁਛਿਆ ਗਿਆ ਹੈ ਜਦਕਿ ਇਹ ਨੇਤਾ ਇਸ ਦਾ ਕਾਰਨ ਦੱਸਣ ਦੀ ਬਜਾਏ ਗ਼ੈਰ ਪ੍ਰਸੰਗਕ ਮੁੱਦਿਆਂ ਨੂੰ ਉਭਾਰ ਕੇ ਅਸਲੀ ਮੁੱਦੇ ਤੋਂ ਪਿਛੇ ਹਟ ਰਹੇ ਹਨ। ਰਣਦੀਪ ਨਾਭਾ ਦੇ ਬਿਆਨ ਬਾਰੇ ਕੈਪਟਨ ਦਾ ਕਹਿਣਾ ਹੈਹੈ ਕਿ ਉਨ੍ਹਾਂ ਨੂੰ ਹਾਈ ਬਲੱਡ ਪ੍ਰੈਸ਼ਰ ਸੀ ਤੇ ਉਨ੍ਹਾਂ ਦੇ ਭਰਾ ਦੀ ਸਿਹਤ ਵੀ ਖਰਾਬ ਸੀ, ਪਰ ਮੈਨੂੰ ਸਮਝ ਨਹੀਂ ਆਉਂਦੀ ਕਿ ਹਾਈ ਬਲੱਡ ਪ੍ਰੈਸ਼ਰ ਵਾਲਾ ਵਿਅਕਤੀ ਕਿਵੇਂ ਚੰਡੀਗੜ੍ਹ ਦੇ ਗੋਲਫ ਕੋਰਸ ਵਿਚ ਝਗੜਾ ਕਰ ਰਿਹਾ ਹੈ, ਇਸ ਨਾਲ ਪਾਰਟੀ ਦਾ ਨਾਂ ਵੀ ਬਦਨਾਮ ਹੋ ਰਿਹਾ ਹੈ।

ਬ੍ਰਹਮ ਮਹਿੰਦਰਾ ਬਾਰੇ ਕੈਪਟਨ ਅਮਰਿੰਦਰ ਕਹਿੰਦੇ ਹਨ ਕਿ ਉਨ੍ਹਾਂ ਨੂੰ ਪ੍ਰਚਾਰ ਲਈ ਵਾਰਡ ਐਲਾਟ ਕੀਤੇ ਸੀ ਪਰ ਉਹ ਨਹੀਂ ਆਏ। ਮਹਿੰਦਰਾ ਸਿਰਫ਼ ਇਕ ਵਾਰ ਹੀ ਮੋਗਾ ਆਏ। ਉਨ੍ਹਾਂ ਕਿਹਾ ਕਿ ਮਹਿਜ਼ ਟੋਕਣ ਹਾਜ਼ਰੀ ਦਰਜ ਕਰਵਾਉਣ ਦਾ ਮਤਲਬ ਇਹ ਨਹੀਂ ਕਿ ਉਹ ਪ੍ਰਚਾਰ ਵਿਚ ਸ਼ਾਮਲ ਸਨ। ਕੈਪਟਨ ਨੇ ਸਪਸ਼ਟ ਕੀਤਾ ਕਿ ਸਾਰੇ ਵਿਧਾਇਕਾਂ ਨੂੰ ਪ੍ਰਚਾਰ ਤੋਂ ਪਹਿਲਾਂ ਉਨ੍ਹਾਂ ਦੇ ਖੇਤਰ ਐਲਾਟ ਕੀਤੇ ਗਏ ਸਨ। ਜੇਕਰ ਉਨ੍ਹਾਂ ਨੂੰ ਇਹ ਪਤਾ ਨਹੀਂ ਸੀ ਤਾਂ ਉਹ ਇਹ ਕਿਵੇਂ ਦਾਅਵਾ ਕਰ ਸਕਦੇ ਹਨ ਕਿ ਪੋਲਿੰਗ ਬੂਥ ਨੰਬਰ 121, 122 ਤੇ 123 'ਤੇ ਉਹ ਗਏ ਹੀ ਨਹੀਂ। ਕੈਪਟਨ ਦਾ ਦਾਅਵਾ ਹੈ ਕਿ ਉਹ ਸਾਰੇ 46 ਪਿੰਡਾਂ ਅਤੇ ਸ਼ਹਿਰਾਂ ਦੇ 31 ਵਾਰਡਾਂ ਵਿਚ ਗਏ ਹਨ। ਬ੍ਰਹਮ ਮਹਿੰਦਰਾ ਦੀ ਨਿੱਜੀ ਸ਼ਿਕਾਇਤ, ਜਿਸ ਵਿਚ ਉਨ੍ਹਾਂ ਨੇ ਕਿਹਾ ਸੀ ਕਿ ਕੈਪਟਨ 2007 ਅਤੇ 2012 ਵਿਚ ਉਨ੍ਹਾਂ ਦੇ ਇਲਾਕਿਆਂ ਵਿਚ ਪ੍ਰਚਾਰ ਕਰਨ ਨਹੀਂ ਆਏ ਸਨ, ਇਸ ਸਵਾਲ ਦੇ ਜਵਾਬ ਵਿਚ ਕੈਪਟਨ ਦਾ ਜੁਆਬ ਹੈ ਕਿ ਉਹ ਦੋਵੇਂ ਚੋਣਾਂ ਦੌਰਾਨ ਪ੍ਰਚਾਰ ਕਰ ਗਏ ਸਨ ਪਰ ਕੀ ਮਹਿੰਦਰਾ ਮੋਗਾ ਜ਼ਿਮਨੀ ਚੋਣ ਵਿਚ ਨਾ ਜਾ ਕੇ ਇਹ ਦਸਣਾ ਚਾਹੁੰਦੇ ਹਨ ਕਿ ਉਹ ਵੀ ਇਸ ਲਈ ਮੋਗਾ ਨਹੀਂ ਗਏ ਕਿਉਂਕਿ ਮੈਂ ਉਨ੍ਹਾਂ ਦੇ ਚੋਣ ਇਲਾਕੇ ਵਿਚ ਨਹੀਂ ਗਿਆ ਸੀ।



ਕਾਂਗਰਸ ਲਈ ਲੋਕ ਸਭਾ ਚੋਣਾਂ ਲਈ ਚੰਗੇ ਸੰਕੇਤ ਨਹੀਂ

ਮੋਗਾ ਵਿਧਾਨ ਸਭਾ ਜ਼ਿਮਨੀ ਚੋਣ ਖ਼ਤਮ ਹੁੰਦੇ ਹੀ ਜਿਸ ਤਰ੍ਹਾਂ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਚਾਰ ਸੀਨੀਅਰ ਕਾਂਗਰਸੀ ਵਿਧਾਇਕਾਂ ਤੇ ਆਗੂਆਂ ਨੂੰ ਮੋਗਾ ਚੋਣ ਤੋਂ ਗ਼ੈਰ-ਹਾਜ਼ਰ ਰਹਿਣ ਦਾ ਨੋਟਿਸ ਜਾਰੀ ਕੀਤਾ, ਉਸ ਨਾਲ ਪਾਰਟੀ ਆਗੂਆਂ ਦੀ ਚਿੰਤਾ ਵੱਧ ਗਈ ਹੈ। ਉਨ੍ਹਾਂ ਨੂੰ ਲਗਦਾ ਹੈ ਕਿ ਮੋਗਾ ਜ਼ਿਮਨੀ ਚੋਣ ਵਿਚ ਮਿਲੀ ਹਾਰ ਦਾ ਠੀਕਰਾ ਦੂਸਰੇ ਆਗੂਆਂ 'ਤੇ ਭੰਨ੍ਹਿਆ ਜਾ ਰਿਹਾ ਹੈ। ਪਾਰਟੀ ਗੁਟਬਾਜ਼ੀ ਤੋਂ ਪ੍ਰੇਸ਼ਾਨ ਰਹਿਣ ਵਾਲੇ ਨੇਤਾ ਇਸ ਨੂੰ ਆਉਣ ਵਾਲੀਆਂ ਲੋਕ ਸਭਾ ਚੋਣਾਂ ਲਈ ਚੰਗੇ ਸੰਕੇਤ ਨਹੀਂ ਮੰਨਦੇ। ਖਾਸ ਤੌਰ 'ਤੇ ਜਦੋਂ ਇਨ੍ਹਾਂ ਨੇਤਾਵਾਂ ਨੇ ਅਮਰਿੰਦਰ ਖ਼ਿਲਾਫ਼ ਮੋਰਚਾ ਖੋਲ੍ਹ ਦਿੱਤਾ ਹੈ। ਠੀਕ ਦੂਸਰੇ ਪਾਸੇ ਕੈਪਟਨ ਦੇ ਨਜ਼ਦੀਕੀ ਵਿਧਾਇਕ ਆਪਣੇ ਹੀ ਵਿਧਆਇਕਾਂ ਖ਼ਿਲਾਫ਼ ਖੜੇ ਹੋ ਗਏ ਹਨ। ਬ੍ਰਹਮ ਮਹਿੰਦਰਾ ਦੇ ਬਿਆਨ 'ਤੇ ਵਿਧਾਇਕਾਂ ਰਾਣਾ ਕੇ.ਪੀ. ਸਿੰਘ, ਰਾਣਾ ਗੁਰਜੀਤ ਸਿੰਘ, ਰਾਣਾ ਸੋਢੀ, ਅਜਾਇਬ ਸਿੰਘ ਭੱਟੀ, ਸੁਖਜਿੰਦਰ ਰੰਧਾਵਾ, ਫਤਹਿ ਸਿੰਘ ਬਾਜਵਾ ਤੇ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਉਨ੍ਹਾਂ ਨੂੰ ਖੂਬ ਸੁਣਾਈਆਂ ਹਨ। ਇਨ੍ਹਾਂ ਵਿਚੋਂ ਕਈ ਨੇਤਾਵਾਂ ਨੇ ਹਾਰ 'ਤੇ ਟਿੱਪਣੀ ਕਰਨ ਤੋਂ ਬਚਦੇ ਹੋਏ ਕਿਹਾ ਕਿ ਹਾਲੇ ਇਸ ਦੀ ਸਮੀਖਿਆ ਚੱਲ ਰਹੀ ਹੈ। ਜਦੋਂ ਹਾਰ ਦੇ ਕਾਰਨਾਂ ਦਾ ਪਤਾ ਚੱਲੇਗਾ ਤਾਂ ਸਾਰਿਆਂ ਨੂੰ ਦੱਸ ਦਿੱਤਾ ਜਾਵੇਗਾ।

ਕੈਂਸਰ ਦੀ ਦਹਿਸ਼ਤ

ਪੰਜਾਬ ਵਿਚ ਕੈਂਸਰ ਨੇ ਭਿਆਨਕ ਰੂਪ ਧਾਰਨ ਕਰ ਲਿਆ ਹੈ। ਇਹ ਹਲਕਾ ਬੱਲੂਆਣਾ ਦੇ ਅੱਠ ਹਜ਼ਾਰ ਦੀ ਆਬਾਦੀ ਵਾਲੇ ਪਿੰਡ ਡੰਗਰਖੇੜਾ ਵਿਚ ਕੈਂਸਰ ਛੇ ਸ਼ਾਲ ਵਿਚ 27 ਲੋਕਾਂ ਦੀ ਜਾਨ ਲੈ ਚੁੱਕਾ ਹਗੈ। ਸਿਹਤ ਵਿਭਾਗ ਵਲੋਂ ਕਰਵਾਏ ਜਾ ਰਹੇ ਸਰਵੇਖਣ ਵਿਚ ਇਹ ਖੁਲਾਸਾ ਹੋਇਆ ਹੈ। ਪਿੰਡ ਵਿਚ 6 ਮਰੀਜ਼ ਹਾਲੇ ਅਜਿਹੇ ਹਨ, ਜਿਨ੍ਹਾਂ ਵਿਚੋਂ ਕੈਂਸਰ ਦੀ ਪੁਸ਼ਟੀ ਹੋ ਚੁੱਕੀ ਹੈ ਅਤੇ ਉਹ ਇਲਾਜ ਲਈ ਭਟਕ ਰਹੇ ਹਨ। ਪਿੰਡ ਦੇ ਲੋਕ ਚਾਹੁੰਦੇ ਹਨ ਕਿ ਅਬੋਹਰ ਵਿਚ ਹੀ ਸਰਕਾਰ ਇਕ ਕੈਂਸਰ ਹਸਪਤਾਲ ਖੋਲ੍ਹੇ ਤਾਂ ਜੋ ਲੋਕਾਂ ਨੂੰ ਸਮੇਂ 'ਤੇ ਇਸ ਬਿਮਾਰੀ ਦਾ ਪਤਾ ਚੱਲ ਸਕੇ ਤੇ ਇਲਾਜ ਹੋ ਸਕੇ।

ਅੱਜ ਤਕ ਕਿਸੇ ਨੂੰ ਨਹੀਂ ਮਿਲੀ ਮਦਦ

ਪੰਜਾਬ ਸਰਕਾਰ ਨੇ 20 ਕਰੋੜ ਰੁਪਏ ਦੇ ਕੈਂਸਰ ਰਾਹਤ ਫੰਡ ਦੀ ਸਥਾਪਨਾ ਦਾ ਐਲਾਨ ਕੀਤਾ ਹੈ। ਇਸ ਤਹਿਤ ਹਰ ਮਰੀਜ਼ ਲਈ ਡੇਢ ਲੱਖ ਰੁਪਏ ਤਕ ਦੀ ਆਰਥਕ ਮਦਦ ਦਿੱਤੀ ਜਾਂਦੀ ਹੈ। ਲੋਕਾਂ ਅਨੁਸਾਰ ਡੰਗਰਖੇੜਾ ਦੇ ਕਿਸੇ ਵੀ ਮਰੀਜ਼ ਨੂੰ ਹਾਲੇ ਤਕ ਕੋਈ ਵਿੱਤੀ ਸਹਾਇਤਾ ਨਹੀਂ ਮਿਲੀ ਹੈ। ਮਰਨ ਵਾਲਿਆਂ ਦੇ ਪਰਿਵਾਰਾਂ ਦਾ ਵੀ ਕਿਸੇ ਨੇ ਹਾਲ ਨਹੀਂ ਪੁੱਛਿਆ। ਕੁਝ ਨੇ ਸਹਾਇਤਾ ਪ੍ਰਾਪਤ ਕਰਨ ਦੇ ਯਤਨ ਕੀਤੇ ਪਰ ਉਹ ਪ੍ਰਕਿਰਿਆ ਵਿਚ ਹੀ ਉਲਝ ਕੇ ਰਹਿ ਗਏ। ਪਰਿਵਾਰਾਂ ਨੇ ਸਰਕਾਰ ਨੂੰ ਇਹ ਯੋਜਨਾ ਸਰਲ ਬਣਾਉਣ ਦੀ ਮੰਗ ਕੀਤੀ ਹੈ।



ਹਨੇਰਿਆਂ ਵਿਚ ਗੁੰਮ ਹੋਏ ਚਿਰਾਗ

ਨਕੋਦਰ ਨੇੜੇ ਟੈਂਪੂ ਟਰੈਵਲਰ ਦੇ ਚਾਲਕ ਦੀ ਜਲਦਬਾਜ਼ੀ ਨੇ 13 ਸਕੂਲੀ ਬੱਚਿਆਂ ਨੂੰ ਮੌਤ ਦਾ ਸ਼ਿਕਾਰ ਬਣਾ ਦਿੱਤਾ। ਅਕਾਲ ਅਕਾਦਮੀ ਬੋਪਾਰਾਏ ਕਲਾਂ ਸਕੂਲ ਵਿਚ ਮਾਸੂਮ ਬੱਚਿਆਂ ਨੂੰ ਰੋਜ਼ ਸੁਪਰੀਮ ਕੋਰਟ ਦੀਆਂ ਗਾਈਡਲਾਈਨਜ਼ ਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਦੀ ਉਲੰਘਣਾ ਕਰ ਟੈਂਪੂ ਟਰੈਵਲਰ ਰਾਹੀਂ ਲਿਆਂਦਾ ਤੇ ਛੱਡਿਆ ਜਾਂਦਾ ਸੀ। ਇਸ ਪਾਸੇ ਨਾ ਤਾਂ ਕਦੇ ਸਕੂਲ ਮੈਨੇਜਮੈਂਟ ਨੇ ਧਿਆਨ ਦਿੱਤਾ ਤੇ ਨਾ ਹੀ ਟਰਾਂਸਪੋਰਟ ਅਧਿਕਾਰੀਆਂ ਨੇ ਜਾਂਚ ਕਰਨ ਦੀ ਜ਼ਹਿਮਤ ਉਠਾਈ। ਵਾਹਨ ਚਾਲਕ ਵਿਸ਼ਾਲ ਦਾ ਨਾ ਤਾਂ ਲਾਇਸੈਂਸ ਮਿਲਿਆ ਤੇ ਨਾ ਹੀ ਗੱਡੀ ਦੇ ਦੂਸਰੇ ਕਾਗਜ਼ਾਤ। ਇਸ ਟੈਂਪੂ 'ਤੇ ਨਾ ਤਾਂ ਪੀਲਾ ਰੰਗ ਕੀਤਾ ਗਿਆ ਸੀ ਤੇ ਨਾ ਹੀ ਆਨ ਸਕੂਲ ਡਿਊਟੀ ਦਾ ਬੋਰਡ ਮਿਲਿਆ। ਇਸ ਵਿਚ ਸਵਾਰੀਆਂ ਵੀ ਸਮਰਥਾ ਤੋਂ ਜ਼ਿਆਦਾ ਬਿਠਾਈਆਂ ਗਈਆਂ ਸਨ। ਚਾਲਕ ਤੇ ਕੰਡਕਟਰ ਵੀ ਡ੍ਰੈਸ ਵਿਚ ਨਹੀਂ ਸਨ। ਵਾਹਨ 'ਤੇ ਨਾ ਤਾਂ ਸਕੂਲ ਦਾ ਨਾਂ ਸੀ ਤੇ ਨਾ ਹੀ ਕੋਈ ਫੋਨ ਨੰਬਰ ਦਰਜ ਸੀ।

-ਅਖੇ ਸਾਡਾ ਕੋਈ ਵਾਸਤਾ ਨਹੀਂ

ਅਕਾਲ ਅਕਾਦਮੀ ਦੇ ਪ੍ਰਿੰਸੀਪਲ ਅਮਨਦੀਪ ਕੌਰ ਤਾਂ ਪੂਰੇ ਮਾਮਲੇ ਤੋਂ ਹੀ ਅਨਜਾਣ ਬਣ ਗਈ। ਉਨ੍ਹਾਂ ਦਾ ਕਹਿਣਾ ਹੈ ਕਿ ਟੈਂਪੂ ਟਰੈਵਲਰ ਨਾਲ ਉਨ੍ਹਾਂ ਦੇ ਸਕੂਲ ਦਾ ਕੋਈ ਵਾਹ ਵਾਸਤਾ ਨਹੀਂ ਹੈ। ਇਸ ਨੂੰ ਬੱਚਿਆਂ ਦੇ ਮਾਪਿਆਂ ਨੇ ਖੁਦ ਲਗਵਾਇਆ ਸੀ। ਇਸ ਦਾ ਚਾਲਕ ਕੌਣ ਹੋ? ਉਸ ਨੂੰ ਕਿੰਨਾ ਤਜਰਬਾ ਸੀ? ਇਸ ਸਬੰਧ ਵਿਚ ਉਨ੍ਹਾਂ ਨੂੰ ਕੁਝ ਪਤਾ ਨਹੀਂ ਹੈ।

ਵਾਹ! ਮੰਤਰੀ ਜੀ

ਆਖ਼ਰ ਇਸ ਦਰਦਨਾਕ ਹਾਦਸੇ ਦਾ ਜ਼ਿੰਮੇਦਾਰ ਕੌਣ ਹੈ? ਪੰਜਾਬ ਦੇ ਟਰਾਂਸਪੋਰਟ ਮੰਤਰੀ ਅਜੀਬ ਸਿੰਘ ਕੋਹਾੜ ਨੇ ਤਾਂ ਇਸ ਸਵਾਲ 'ਤੇ ਇਹ ਕਹਿ ਕੇ ਪੱਲਾ ਝਾੜ ਲਿਆ ਹੈ ਕਿ ਹਾਦਸੇ ਦੀ ਜਾਂਚ ਕਰਵਾਈ ਜਾਵੇਗੀ ਤੇ 15 ਦਿਨਾਂ ਵਿਚ ਇਸ ਦੀ ਰਿਪੋਰਟ ਤਿਆਰ ਕੀਤੀ ਜਾਵੇਗੀ।

... ਤੇ ਅੰਤ 'ਚ : ਮੋਗਾ ਨਹੀਂ ਤਾਂ ਆਹੀ ਸਹੀ

ਪੰਜਾਬ ਵਿਧਾਨ ਸਭਾ ਵਿਚ ਹਾਰਨ ਤੋਂ ਸ਼ੁਰੂ ਹੋਇਆ ਸਿਲਸਿਲਾ ਮੋਗਾ ਜ਼ਿਮਨੀ ਚੋਣ ਤਕ ਕਾਂਗਰਸ ਪਾਰਟੀ ਨੂੰ ਭੂਤ ਵਾਂਗ ਚਿੰਬੜਿਆ ਰਿਹਾ ਪਰ ਅਖ਼ੀਰ ਇਕ ਜਿੱਤ ਤਾਂ ਕੈਪਟਨ ਅਮਰਿੰਦਰ ਦੇ ਬੇਟੇ ਰਣਇੰਦਰ ਸਿੰਘ ਨੂੰ ਨਸੀਬ ਹੋ ਹੀ ਗਈ ਹੈ। ਭਾਵੇਂ ਇਹ ਸਿੱਧੇ ਤੌਰ 'ਤੇ ਕੋਈ ਸਿਆਸੀ ਚੋਣ ਨਹੀਂ ਹੈ ਪਰ ਫਿਰ ਵੀ ਕਾਂਗਰਸ ਪਾਰਟੀ ਖੁਸ਼ ਹੋ ਸਕਦੀ ਹੈ ਕਿ ਰਣਇੰਦਰ ਨੇ ਬਾਦਲਾਂ ਦੇ ਸਭ ਤੋਂ ਚਹੇਤੇ ਬਿਕਰਮ ਸਿੰਘ ਮਜੀਠੀਆ ਨੂੰ ਹਰਾਇਆ ਹੈ। ਚੋਣ ਨੈਸ਼ਨਲ ਰਾਈਫ਼ਲ ਐਸੋਸੀਏਸ਼ਨ ਦੀ ਜਿਸ ਵਿਚ ਕੁਲ 843 ਵੋਟਾਂ ਪਈਆਂ ਤੇ ਰਣਇੰਦਰ ਬਿਕਰਮ ਸਿੰਘ ਮਜੀਠੀਆ ਨੂੰ ਪਈਆਂ 324 ਵੋਟਾ ਦੇ ਮੁਕਾਬਲੇ 517 ਵੋਟਾਂ ਹਾਸਲ ਕਰ ਕੇ ਜਿੱਤ ਦੇ ਝੰਡੇ ਗੱਡ ਦਿੱਤੇ। ਆਪਣੀ ਜਿੱਤ ਨੂੰ ਰਣਇੰਦਰ ਨੇ ਸਿਆਸਤ 'ਤੇ ਖੇਡਾਂ ਦੀ ਜਿੱਤ ਦੱਸਿਆ ਹੈ।

A-WIN Insurance

ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ







A-WIN: MAKING LIFE EASY

Who We Are

Western Canada's

Biggest Brokers Team, designed to serve Canadians' with solutions for your personal and professional insurance needs.

When Time and Money Matters

Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

Quick Quotes When You Need Them







What we Offer

- Home / Auto Insurance
- RV Insurance
- Travel Insurance
- Emergency Road Services
- Auto Mobile Warranty Services
- Commercial Insurance
- D & O Coverage / E & O Insurance

- ਕਾਰ, ਮੋਟਰਸਾਈਕਲ ਇੰਸ਼ੋਰੈਂਸ
- ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੋਰੈਂਸ
- ਟਰੱਕ: ਲੌਂਗਹਾਲ ਅਤੇ ਗਰੈਵਲ
- ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
- ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

MON - FRI : 9:00 a.m -- 5:00 pm
SAT till 2:00 p.m by appointments only
Closed on Sunday & Stat Holidays.

PROVIDING PEACE OF MIND
100 YEARS & BEYOND
SMI
SASKATCHEWAN MUTUAL INSURANCE COMPANY

Discounts up to 60%

Payment Options available

ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲਬਾਤ ਕਰ ਸਕਦੇ ਹਾਂ

We Provide Services In English, Punjabi, Hindi & Urdu

Edmonton: 780-465-6900

ਜਸਵੀਰ ਦਿਓਲ, ਨਵਤੇਜ ਬੈਂਸ, ਲੌਰੀ ਮੋਰੈਨੋ, ਕਿਰਤਮੀਤ ਕੁਹਾੜ, ਰਮਨ ਗਿੱਲ, ਰਾਜਬੀਰ ਸਿੰਘ


Calgary: 403-775-2100

ਜੈਸੀ ਸਿੰਘ, ਰੂਪੀ ਚੇਰਾ, ਹਰਪ੍ਰੀਤ ਉੱਪਲ, ਤਰਨਪ੍ਰੀਤ ਮੋਹਦਵਾਨ

ਮੁਜ਼ਾਕਰਾਤ

ਸਲੀਮ ਪਾਸ਼ਾ

ਅਸੀਂ ਸਾਰੇ ਮਰ ਚੁੱਕੇ ਆਂ
ਯਾਂ ਫਿਰ ਲਗਦਾ ਹਰ ਚੁੱਕੇ ਆਂ
ਦੋਨ੍ਹਾਂ ਵਿਚੋਂ ਕੋਈ ਗੱਲ ਤੇ ਹੋਈ ਏ
ਇਕ ਸੂਰਜ ਉਧਰ ਡੁੱਬਿਆ ਏ
ਇਕ ਚੰਨ ਇਧਰ ਵੀ ਮੋਇਆ ਏ
ਦੋ ਸੁੱਚਿਆਂ ਦੀ ਹਾਰ ਤੇ
ਝੂਠ ਦੇ ਪਸਾਰ ਤੇ
ਕਿਧਰੇ ਕੋਈ ਅੱਖ ਤੇ ਰੋਈ ਏ



ਲਹੌਰ ਦੀ ਸਵਾਣੀ ਬੁਸ਼ਰਾ ਦੀ ਆਪਣੇ ਦੋ ਮਾਅਸੂਮ ਬਾਲਾਂ ਨਾਲ ਖ਼ੁਦਕਸ਼ੀ ਨੇ ਜਿਥੇ ਪੂਰੀ ਕੌਮ ਨੂੰ ਸਦਮਾ ਦਿੱਤਾ ਏ,ਓਥੇ ਇਹ ਸੋਚਣ ਤੇ ਵੀ ਮਜਬੂਰ ਕਰ ਦਿੱਤਾ ਏ, ਜੇ ਅਸੀਂ ਸਾਰੇ ਇਨਸਾਨ ਹੁੰਦਿਆਂ ਅੰਦਰੋਂ ਕਿਨੇ ਕੁ ਜਿਉਂਦੇ ਹਾਂ। ਸਾਡੀਆਂ ਕਦਰਾਂ ਦਫ਼ਨ ਹੋਇਆਂ ਵੀ ਜ਼ਮਾਨੇ ਲੰਘ ਚੁੱਕੇ ਨੇਂ। ਬਸ ਇਕ ਨਫ਼ਸਾ ਨਫ਼ਸੀ ਦਾ ਵੇਲਾ ਏ ਜਿਸ ਨੂੰ ਟਪਾਇਆ ਜਾ ਰਿਹਾ ਏ।

ਸਾਰੇ ਅਖ਼ਬਾਰਾਂ ਦੇ ਕਾਲਮ ਲਿਖਣ ਵਾਲਿਆਂ ਨੂੰ ਆਪਣੇ ਕਾਲਮ ਦਾ ਢਿੱਡ ਭਰਨ ਲਈ ਇਕ ਨਵਾਂ ਈਸ਼ੂ ਮਿਲ ਗਿਆ। ਕਾਲਮ ਨਵੀਸਾਂ ਨੂੰ ਕਾਗ਼ਜ਼ੀ ਸ਼ੇਰ ਵੀ ਆਖਿਆ ਜਾਂਦਾ ਏ, ਜਿਹੜੇ ਸਿਰਫ਼ ਬਹੁਤੇ ਸਫ਼ਹਾਤ ਵਿਚ ਘੋੜੇ ਦੌੜਾਂਦੇ ਨੇਂ। ਜਿਵੇਂ ਨੁਸਰਤ ਜਾਵੇਦ ਸਾਹਿਬ ਕਹਿੰਦੇ ਨੇਂ ਇਨਕਲਾਬ ਦਾ ਸੁਣਦਿਆਂ ਉਨ੍ਹਾਂ ਦੇ ਵਾਲ ਚਿੱਟੇ ਹੋ ਗਏ ਨੇਂ ਪਰ ਇਨਕਲਾਬ ਅਜੇ ਤੀਕ ਨਹੀਂ ਆਇਆ, ਇਸੇ ਤਰ੍ਹਾਂ ਇਨ੍ਹਾਂ ਅਖ਼ਬਾਰੀ ਕਾਗ਼ਜ਼ੀ ਸ਼ੇਰਾਂ ਦੇ ਕਲਮ ਨਾਲ ਸਮਾਜ ਵਿਚ ਕੋਈ ਹਿਲ-ਜੁਲ ਨਹੀਂ ਹੋਵਣ ਵਾਲੀ। ਨਾ ਕੋਈ ਇਨ੍ਹਾਂ ਦੀ ਗੱਲ ਸੁਣਦਾ ਏ ਤੇ ਨਾ ਈ ਅਮਲ ਕਰਦਾ ਏ। ਇਹ ਸਿਰਫ਼ ਏਅਰ ਕੰਡੀਸ਼ਨ ਕਮਰੇ / ਗੱਡੀ ਦੇ ਵਿਚੋਂ ਬਾਹਰ ਦੇ ਭੈੜੇ ਦ੍ਰਿਸ਼ ਵੇਖ ਕੇ ਆਖਰਾਂ ਦੀ ਖੇਡ ਖੇਡ ਦੇ ਨੇਂ। ਕਿਸੇ ਨੇ ਬਾਰੀ ਦਾ ਸ਼ੀਸ਼ਾ ਖੋਲ ਕੇ ਉਨ੍ਹਾਂ ਬੇਬਸਾਂ ਦਾ ਹਥ ਫੜਨ ਦੀ ਕੋਸ਼ਿਸ਼ ਨਹੀਂ ਕੀਤੀ।

ਲਿਖਣ ਵਾਲਿਆਂ ਬੁਸ਼ਰਾ ਦੀ ਗ਼ਰੀਬੀ, ਬੇਬਸੀ ਤੇ ਫ਼ਾਕਾਕਸ਼ੀ ਤੇ ਨੋਹੇ ਤੇ ਲਿੱਖ ਮਾਰੇ ਨੇਂ ਪਰ ਕਿਸੇ ਕਾਲਮਨਵੀਸ ਭਰਾ ਨੇ ਆਪਣੇ ਗਲੀ ਮੁਹੱਲੇ ਵਿਚ ਵਸਦੀ ਕਿਸੇ ਗ਼ਰੀਬ ਬੁਸ਼ਰਾ ਦੇ ਬੂਹੇ ਕੋਲ ਅਪਣੀ ਗੱਡੀ ਤੋਂ ਲੱਥ ਕੇ ਅੰਦਰ ਝਾਕਿਆ ਏ ਕਿ ਹਯਾਤੀ ਉਸ ਚਾਰ ਦੀਵਾਰੀ ਅੰਦਰ ਕਿਵੇਂ ਪਈ ਸਹਿਕਦੀ ਏ। ਉਹ ਆਪਣੇ ਬਾਲਾਂ ਦੇ ਢਿੱਡ ਦੇ ਦੋਜ਼ਖ਼ ਨੂੰ ਭਰਣ ਦੇ ਕੀ ਕੀ ਜਤਨ ਕਰ ਰਹੀ ਏ। ਉਸ ਦੇ ਬੱਚੇ ਕਿਉਂ ਸਕੂਲ ਨਹੀਂ ਜਾ ਰਹੇ? ਜਦੋਂ ਮੈਂ ਆਪਣੇ ਬੱਚਿਆਂ ਨੂੰ ਰੋਜ਼ ਲੰਮੀ ਜਿਹੀ ਗੱਡੀ ਵਿੱਚ ਬਿਠਾ ਕੇ ਮਹਿੰਗੇ ਅੰਗਰੇਜ਼ੀ ਸਕੂਲ ਵਿਚ ਡਰਾਪ ਕਰਨ ਲਈ ਜਾਂਦਾ ਹਾਂ, ਉਸ ਵੇਲੇ ਮੇਰੀ ਗਲੀ ਦੀ ਬੁਸ਼ਰਾ ਦੇ ਘਰ ਵਿਚੋਂ ਭੁੱਖ ਨਾਲ ਰੋਂਦੇ ਹੋਏ ਬਾਲਾਂ ਦੀਆਂ ਵਾਜਾਂ ਮੈਨੂੰ ਕੀ ਕਹਿ ਰਹੀਆਂ ਨੇਂ। ਤੁਸੀ ਇਕ ਬੁਸ਼ਰਾ ਦੀ ਮੌਤ ਤੇ ਕਾਲਮ ਲਿਖ ਕੇ ਅਪਣੀ ਤਨਖ਼ਾਹ ਦੇ ਪੈਸੇ ਤੇ ਖਰੇ ਕਰ ਲਏ ਨੇਂ ਪਰ ਅਪਣੀ ਗਲੀ ਦੀ ਬੁਸ਼ਰਾ ਤੁਹਾਨੂੰ ਅਜੇ ਤੀਕ ਨਜ਼ਰ ਕਿਉਂ ਨਹੀਂ ਆਈ। ਕੀ ਤੁਸੀਂ ਉਸ ਦੀ ਵੀ ਮੌਤ ਨੂੰ ਉਡੀਕ ਰਹੇ ਓ? ਜਦੋਂ ਉਹ ਵੀ ਭੁੱਖ ਨਾਲ ਮਰ ਗਈ ਤੇ ਫਿਰ ਤੁਹਾਨੂੰ ਇਕ ਨਵੀਂ ਖ਼ਬਰ ਮਿਲ ਜਾਵੇਗੀ ਆਪਣੇ ਕਾਲਮਾਂ ਦੇ ਢਿੱਡ ਭਰਨ ਲਈ। ਗੱਲ ਤੇ ਫਿਰ ਢਿੱਡ 'ਤੇ ਈ ਆਕੇ ਮੁੱਕਦੀ ਏ। ਇਸ ਜ਼ਾਲਮ ਨੇ ਕਦੇ ਵੀ ਨਹੀਂ ਭਰਨਾ, ਭਾਂਵੇਂ ਭੁੱਖਾ ਹੋਵੇ, ਲਾਲਚੀ ਹੋਵੇ, ਯਾ ਕਾਲਮੀ ਹੋਵੇ ਕਦੇ ਵੀ ਨਹੀਂ ਭਰਨਾ ਕਦੇ ਵੀ ਨਹੀਂ ਭਰਨਾ।

ਅਰਪਨ ਲਿਖਾਰੀ ਸਭਾ ਕੈਲਗਰੀ ਦੀ ਮਾਸਿਕ ਇਕੱਤ੍ਰਤਾ 'ਚ ਵਿਛੜਿਆਂ ਨੂੰ ਸ਼ਰਧਾਂਜਲੀਆਂ

ਕੈਲਗਰੀ (ਇਕਬਾਲ ਖ਼ਾਨ): ਫਰਵਰੀ ਮਹੀਨੇ ਦੀ ਮਾਸਿਕ ਇਕੱਤਰਤਾ ਸਤਨਾਮ ਸਿੰਘ ਢਾਅ ਅਤੇ ਕਮਲਜੀਤ ਕੌਰ ਸ਼ੇਰਗਿਲ ਦੀ ਪ੍ਰਧਾਨਗੀ ਹੇਠ ਕੋਸੋ ਦੇ ਹਾਲ ਵਿਚ ਹੋਈ। ਇਕਬਾਲ ਖ਼ਾਨ ਨੇ ਸਟੇਜ ਦੀ ਜ਼ਿੰਮੇਵਾਰੀ ਸੰਭਾਲਦਿਆਂ ਪੰਜਾਬੀ ਸਾਹਿਤ ਦੇ ਸਮਰਥ ਆਲੋਚਕ ਅਤੇ ਵਿਲਖਣ ਕਹਾਣੀਕਾਰ ਮਨਿੰਦਰ ਸਿੰਘ ਕਾਂਗ ਅਤੇ ਕਹਾਣੀਕਾਰ ਤੇ ਨਾਵਲਕਾਰ ਕਰਨੈਲ ਸਿੰਘ ਨਿੱਝਰ ਦੇ ਵਿਛੋੜੇ ਦੀਆਂ ਦੁੱਖ ਭਰੀਆਂ ਖ਼ਬਰਾਂ ਸਰੋਤਿਆਂ ਨਾਲ ਸਾਂਝੀਆ ਕੀਤੀਆਂ। ਇਸ ਦੇ ਨਾਲ ਹੀ ਇੱਕ ਮਿੰਟ ਦਾ ਮੋਨ ਧਾਰ ਕੇ ਇਨ੍ਹਾਂ ਵਿਛੜੀਆਂ ਸ਼ਖ਼ਸੀਅਤਾਂ ਨੂੰ ਸ਼ਰਧਾਜ਼ਲੀ ਭੇਟ ਕੀਤੀ ਗਈ।

ਹਰਭਜਨ ਸਿੰਘ ਢਿੱਲੋਂ ਨੇ ਮਨਿੰਦਰ ਕਾਂਗ ਬਾਰੇ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ। ਉਨ੍ਹਾਂ ਆਖਿਆ ਕਿ ਮਨਿੰਦਰ ਕਾਂਗ ਇੱਕ ਨੇਕ ਦਿਲ ਤੇ ਸੁਭਾਅ ਪੱਖੋਂ ਕੁਝ ਗੁਸੈਲਾ ਅਤੇ ਬੜਬੋਲਾ ਸੀ ਪਰ ਮਨ ਦਾ ਪਵਿੱਤਰ ਇਨਸਾਨ ਸੀ। ਉਨ੍ਹਾਂ ਭਾਵੁਕ ਹੁੰਦਿਆਂ ਆਖਿਆ ਕਿ ਕਈ ਵੇਰ ਤੁਹਡੇ ਗੁਣ ਤੁਹਾਡੇ ਲਈ ਔਗੁਣ ਬਣ ਜਾਂਦੇ ਹਨ। ਉਨ੍ਹਾਂ ਕਿਹਾ ਕਿ ਮਨਿੰਦਰ ਕਾਂਗ ਦੇ ਜਾਣ ਨਾਲ ਸਾਨੂੰ ਬਹੁਤ ਵੱਡਾ ਘਾਟਾ ਪਿਆ ਹੈ। ਕਰਨੈਲ ਸਿੰਘ ਨਿੱਝਰ ਬਾਰੇ ਕੇਸਰ ਸਿੰਘ ਨੀਰ ਨੇ ਆਪਣੀਆਂ ਯਾਦਾਂ ਤਾਜ਼ਾ ਕਰਦਿਆਂ ਦੱਸਿਆ ਕਿ ਉਹ ਬੇਰੁਜ਼ਗਾਰ ਟੀਚਰਾਂ ਦੇ ਘੋਲ ਵੇਲੇ ਮੇਰਾ ਜੇਲ੍ਹ ਸਾਥੀ ਰਿਹਾ ਹੈ। ਉਨ੍ਹਾਂ ਦੇ ਸਾਹਿਤਕ ਜੀਵਨ ਸਫ਼ਰ ਬਾਰੇ ਗੱਲਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਉਨ੍ਹਾਂ ਆਖਿਆ ਕਿ ਲੋਕ-ਹਿਤਾਂ ਦੀ ਆਵਾਜ਼ ਉਠਾਉਣ ਵਾਲਾ ਬਹਾਦਰ ਕਾਮਾ ਸਾਡੇ ਕੋਲੋਂ ਵਿਛੜ ਗਿਆ ਹੈ।

ਕਮਲਜੀਤ ਕੌਰ ਸ਼ੇਰਗਿੱਲ ਨੇ ਇਕਬਾਲ ਖ਼ਾਨ ਦੇ ਪਿਤਾ ਜੋ ਪਿੱਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਸਨ, ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ 'ਪੈੜਾਂ'ਨਾਂ ਦੀ ਕਵਿਤਾ ਸੁਣਾ ਕੇ ਸਾਰਿਆਂ ਨੂੰ ਭਾਵੁਕ ਕਰ ਦਿੱਤਾ। ਪ੍ਰਸ਼ੋਤਮ ਭਾਰਦਵਾਜ ਨੇ ਪੰਜਾਬੀ ਬੋਲੀ ਬਾਰੇ ਮਹਾਨ ਵਿਦਵਾਨਾਂ ਦੇ ਇਕੱਤਰ ਕੀਤੇ ਬਹੁਤ ਹੀ ਵਧੀਆ ਵਿਚਾਰ ਸਰੋਤਿਆਂ ਦੇ ਰੂ-ਬ-ਰੂ ਕੀਤੇ। ਅਜੈਬ ਸਿੰਘ ਸੇਖ਼ੋਂ ਨੇ ਕੈਨੇਡੀਅਨ ਸਮਾਜ ਦੀ ਤਸਵੀਰ ਪੇਸ਼ ਕਰਦੀ ਕਹਾਣੀ ਸੁਣਾਈ। ਕੁੰਦਨ ਸਿੰਘ ਸ਼ੇਰਗਿਲ ਨੇ ਕਵਿਤਾ 'ਔਰਤ' ਸੁਣਾਈ ਜਿਸ ਦੀਆਂ ਕੁਝ ਪੰਗਤੀਆਂ ਇਉਂ ਹਨ:

"ਔਰਤ ਹੈ ਇੱਕ ਖ਼ਸ਼ਬੂਦਾਰ ਫ਼ੁੱਲ
ਜੋ ਰਹਿੰਦੀ ਹੈ ਵਿਚ ਕੰਡਿਆਂ ਦੇ।"

ਪ੍ਰਮਿੰਦਰ ਗਰੇਵਾਲ ਨੇ ਸਿਹਤ ਚੰਗੀ ਰੱਖਣ ਲਈ ਕੁਝ ਵੱਡਮੁਲੇ ਨੁਕਤੇ ਸਾਂਝੇ ਕੀਤੇ। ਮਨਜੋਤ ਗਿੱਲ ਨੇ ਦੋ ਕਵਿਤਾਵਾਂ ਸੁਣਾਈਆਂ। ਕੁਝ ਸਤਰਾਂ ਪੇਸ਼ ਹਨ:

'ਬਰਫ਼ ਦੀ ਨਗਰੀ ਵਿਚ
ਵੇਖੋ ਕਿਵੇਂ ਬਰਫ਼ ਹੋ ਗਿਆ ਆਦਮੀ?
....
ਨਿੱਘ ਜੇ ਮਿਲ਼ੇ ਕਿਤੋਂ ਜਜ਼ਬਾਤਾਂ ਦਾ,
ਤਾਂ ਉਸ ਨੂੰ ਮਾਨਣ ਨੂੰ ਤਿਆਰ ਨਹੀਂ
ਖੁਰਨ ਦੇ ਡਰੋਂ ਦੂਰ ਹੀ ਭੱਜ ਜਾਵੇ ਆਦਮੀਂ।'

ਬਲਜਿੰਦਰ ਸਿੰਘ ਢਿੱਲੋਂ ਨੇ ਬੁਲੰਦ ਆਵਾਜ਼ ਵਿਚ ਆਪਣਾ ਲਿਖਿਆ ਤੇ ਰਿਕਰਾਡ ਹੋ ਚੁੱਕਿਆ ਗੀਤ, "ਚਲਦੀ ਦਾ ਨਾਂ ਹੀ ਗੱਡੀ ਹੈ" ਸੁਣਾ ਕੇ ਸਰੋਤਿਆਂ ਨੂੰ ਹਲੂਣ ਦਿੱਤਾ। ਮਾਸਟਰ ਭਜਨ ਸਿੰਘ ਗਿੱਲ ਨੇ ਗ਼ਦਰ ਪਾਰਟੀ ਦੀ ਸ਼ਤਾਬਦੀ ਮਨਾਉਣ ਬਾਰੇ ਤਾਲ-ਮੇਲ ਕਮੇਟੀ ਵਲੋਂ ਬਣਾਏ ਪ੍ਰੋਗਰਾਮਾਂ ਦੀ ਜਾਣਕਾਰੀ ਦਿੱਤੀ। ਸਤਪਾਲ ਕੌਸ਼ਲ ਨੇ ਪਿਛਲੇ ਦਿਨੀਂ ਪੰਜਾਬ ਵਿਚ ਹੋਏ ਪਰਵਾਸੀ ਸੰਮੇਲਨ ਬਾਰੇ ਜਾਣਕਾਰੀ ਸਾਂਝੀ ਕੀਤੀ।



ਇਨ੍ਹਾਂ ਤੋਂ ਇਲਾਵਾ ਗੁਰਨਾਮ ਸਿੰਘ ਬਰਾੜ, ਗੁਰਚਰਨ ਸਿੰਘ ਧਨੋਆ, ਜਸਵੰਤ ਚਾਹਲ, ਜੀਤ ਸਿੰਘ, ਤੇਜਾ ਸਿੰਘ ਥਿਆੜਾ, ਅਰਸ਼ਦੀਪ ਗਟੌੜਾ, ਸੁਖਦੇਵ ਕੌਰ ਢਾਅ, ਸੁਖਪਾਲਵੀਰ ਸਿੰਘ, ਬਖ਼ਤਾਵਰ ਸਿੰਘ ਬਰਾੜ, ਪੈਰੀ ਮਾਹਲ,

ਪ੍ਰਭਦੇਵ ਸਿੰਘ ਗਿੱਲ, ਦੀਪਕ ਘਟੌੜਾ ਨੇ ਵੀ ਹਾਜ਼ਰੀ ਲਗਵਾਈ। ਚਾਹ ਪਾਣੀ ਦੀ ਸੇਵਾ ਡਾ. ਗੁਰਜਿੰਦਰ ਕੌਰ ਅਤੇ ਡਾ. ਹਰਭਜਨ ਸਿੰਘ ਢਿੱਲੋਂ ਹੋਰਾਂ ਨੇ ਕੀਤੀ। ਫੋਟੋਗ੍ਰਾਫ਼ੀ ਦੀਆਂ ਸੇਵਾਵਾਂ ਸੁਖਪਾਲਵੀਰ ਸਿੰਘ ਨੇ ਨਿਭਈਆਂ।

ਅਖ਼ੀਰ ਤੇ ਸਤਨਾਮ ਸਿੰਘ ਢਾਅ ਨੇ ਵਿਛੜ ਗਏ ਸਾਹਿਤਕਾਰਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕਰਦਿਆਂ ਕਿਹਾ ਕਿ ਇਨ੍ਹਾਂ ਸ਼ਖ਼ਸੀਅਤ ਦੇ ਤੁਰ ਜਾਣ ਨਾਲ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ। ਅਸੀਂ ਦੁਖੀ ਪਰਿਵਾਰਾਂ ਦੇ ਦੁੱਖ ਵਿਚ ਸ਼ਾਮਲ ਹੁੰਦੇ ਹਾਂ। ਇਨ੍ਹਾਂ ਸ਼ਖ਼ਸੀਅਤਾਂ ਦੀ ਘਾਟ ਹਮੇਸ਼ਾਂ ਸਾਨੂੰ ਰੜਕਦੀ ਰਹੇਗੀ। ਸ੍ਰੀ ਢਾਅ ਨੇ ਆਏ ਹੋਏ ਸਾਹਿਤਕਾਰਾਂ, ਸਾਹਿਤ ਪ੍ਰੇਮੀਆਂ ਅਤੇ ਮੀਡੀਆ ਦਾ ਧੰਨਵਾਦ ਕੀਤਾ। ਅਗਲੀ ਸਾਹਿਤਕ ਇਕੱਤਰਤਾ 9 ਮਾਰਚ ਨੂੰ ਕੋਸੋ ਹਾਲ ਵਿਚ ਹੋਵੇਗੀ।

ਹੋਰ ਜਾਣਕਾਰੀ ਲਈ ਸਤਨਾਮ ਸਿੰਘ ਢਾਅ ਨੂੰ 403-285-6091 ਅਤੇ ਇਕਬਾਲ ਖ਼ਾਨ ਨੂੰ 403-921-8736 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਸਮਾਜਕ, ਸਭਿਆਚਾਰਕ ਅਤੇ ਗ਼ੈਰ ਮਾਨਵੀ ਵਰਤਾਰੇ 'ਤੇ ਚਿੰਤਾ

ਕੈਲਗਰੀ (ਜਸਵੀਰ ਸਿੰਘ ਸਿਹੋਤਾ) : ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਮਾਸਿਕ ਇਕੱਤਰਤਾ ਕੌਂਸਲ ਆਫ ਸਿੱਖ ਆਰਗੇਨਾਈਜੇਸ਼ਨ ਦੇ ਹਾਲ ਵਿਚ ਹੋਈ। ਸਟੇਜ ਦੀ ਜ਼ਿੰਮੇਵਾਰੀ ਕੁਲਬੀਰ ਸ਼ੇਰਗਿੱਲ ਨੇ ਸੰਭਾਲ਼ਦਿਆਂ, ਪ੍ਰਧਾਨਗੀ ਮੰਡਲ ਵਿਚ ਹਾਜ਼ਰ ਹੋਣ ਲਈ ਜਸਵੀਰ ਸਿੰਘ ਸਿਹੋਤਾ, ਜਗਦੀਸ਼ ਸਿੰਘ ਚੋਹਕਾ ਅਤੇ ਪਰਮਿੰਦਰ ਗਰੇਵਾਲ ਨੂੰ ਸੱਦਾ ਦਿੱਤਾ। ਜਸਵੀਰ ਸਿੰਘ ਨੇ ਇਕੱਤਰਤਾ ਵਿਚ ਹਾਜ਼ਰ ਸਾਹਿਤਕਾਰਾਂ ਅਤੇ ਸਰੋਤਿਆਂ ਨੂੰ ਜੀ ਆਇਆਂ ਕਿਹਾ। ਜਗਦੀਸ਼ ਸਿੰਘ ਚੋਹਕਾ ਹੋਰਾਂ ਕੇਂਦਰੀ ਲਿਖਾਰੀ ਸਭਾ ਲੁਧਿਆਣਾ ਦੇ ਰਹਿ ਚੁੱਕੇ ਮੀਤ ਪ੍ਰਧਾਨ ਸਾਹਿਤਕਾਰ ਕਰਨੈਲ ਸਿੰਘ ਨਿੱਝਰ ਦੇ ਸਾਹਿਤ ਦੀ ਸ਼ਲਾਘਾ ਕਰਦਿਆਂ ਇਕ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਦਿੱਤੀ। ਸੁਰਜੀਤ ਸਿੰਘ ਸੀਤਲ ਪਨੂੰ ਹੋਰਾਂ ਰੁਬਾਈਆਂ ਅਤੇ ਗ਼ਜ਼ਲ ਸੁਣਾ ਕੇ ਸਾਹਿਤਕ ਮਾਹੌਲ ਸਿਰਜਿਆ।

ਬੀਬੀ ਰਾਜਿੰਦਰ ਕੌਰ ਚੋਹਕਾ ਨੇ ਕਿਹਾ ਭਾਵੇਂ ਭਾਰਤੀ ਸੰਵਿਧਾਨ ਵਿਚ ਨਾਰੀ ਨੂੰ ਬਰਾਬਰਤਾ ਹਾਸਲ ਹੈ ਪਰ ਫਿਰ ਵੀ ਇਸਤਰੀ ਮਰਦ ਪ੍ਰਧਾਨ ਸਮਾਜ ਵਿਚ ਆਪਣੇ ਪਤੀ ਦੇ ਹੁਕਮਾਂ ਵਿਚ ਚਲਣ ਲਈ ਮਜਬੂਰ ਹੈ। ਪਰਮਜੀਤ ਮਾਹਲ ਹੋਰਾਂ ਪਰਵਾਸ ਵਿਚ ਇੰਮੀਗਰੰਟਾਂ ਦੀਆਂ ਮੁਸ਼ਕਲਾਂ ਪ੍ਰਤੀ ਵਿਸਥਾਰ ਨਾਲ ਗੱਲਬਾਤ ਕੀਤੀ। ਪ੍ਰਬਦੇਵ ਸਿੰਘ ਸ਼ੇਰ ਗਿੱਲ ਹੋਰਾਂ ਇਸਤਰੀ ਵਰਗ ਨੂੰ ਬਰਾਬਰ ਦੇ ਹੱਕਾਂ ਦੀ ਗੱਲ ਕਰਦਿਆਂ ਦਾਜ ਦਹੇਜ ਦੇ ਵਿਸ਼ੇ ਨੂੰ ਛੋਹਦਿਆਂ। ਕੁਲਬੀਰ ਸਿੰਘ ਸ਼ੇਰਗਿੱਲ ਹੋਰਾਂ ਚਲਦੇ ਮਸਲੇ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਕੁੜੀਆਂ-ਮੁੰਡੇ ਸਮਾਜ ਦੇ ਇੱਕੋ ਜਿਹੇ ਅੰਗ ਹਨ। ਇਨ੍ਹਾਂ ਨੂੰ ਇਕੋ ਜਿਹਾ ਸਤਿਕਾਰ ਮਿਲਣਾ ਚਾਹੀਦਾ ਹੈ। ਰਵੀ ਜਨਾਗਲ ਹੋਰਾਂ ਮੁਹੰਮਦ ਰਫੀ ਦੇ ਖ਼ੂਬਸੂਰਤ ਗੀਤ ਗਾਏ।

ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਦੇ ਸਕੱਤਰ ਮਾਸਟਰ ਭਜਨ ਗਿੱਲ ਹੋਰਾਂ ਕਿਹਾ ਕਿ ਜਿੱਥੇ ਸਾਨੂੰ ਆਚਰਣ ਉਚਿਆਉਣ ਦੀ ਲੋੜ ਹੈ, ਉੱਥੇ ਨਾਲ ਸਟੇਟ ਨੂੰ ਲੋਕ ਪੱਖੀ ਰਾਏ ਤੋਂ ਜਾਣੂ ਕਰਵਾਉਣ ਦੀ ਵੀ ਲੋੜ ਹੈ। ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਦੇ ਪ੍ਰਧਾਨ ਸੋਹਨ ਮਾਨ ਨੇ ਕਿਹਾ ਕਿ ਸਾਹਿਤ ਦੀ ਰਚਨਾ ਦਾ ਆਰੰਭ ਯੋਗੀਆਂ ਤੋਂ 1849 ਤਕ, ਕਾਵਿ ਕਿਸਿਆਂ ਵਿਚ ਹੁੰਦਾ ਹੈ ਜੋ ਕਿ ਜ਼ਿਆਦਾਤਰ ਬੈਂਤ ਛੰਦ ਵਿਚ ਲਿਖਿਆ ਗਿਆ ਮਿਲਦਾ ਹੈ। ਉਨ੍ਹਾਂ ਕਿਹਾ ਲਿਖੇ ਗਏ ਕਾਵਿ ਕੋਈ ਇਤਿਹਾਸ ਨਹੀਂ ਹੈ ਕਾਵਿ ਕਲਾ ਹੈ। ਅੰਗ੍ਰੇਜ਼ਾਂ ਦੇ ਰਾਜ ਭਾਗ ਨਾਲ ਵਿਦਿਆ ਪ੍ਰਣਾਲੀ ਵਿਚ ਪਰਿਵਰਤਨ ਆਇਆ ਜਿਸ ਦੁਆਰਾ ਆਰੀਆ ਸਮਾਜ ਅਤੇ ਖਾਲਸਾ ਦੀਵਾਨ ਨੇ ਅਗਾਂਹ ਵਧੂ ਪ੍ਰਤੀਨਿਧਤਾ ਕੀਤੀ ਅਤੇ ਨਵੀਨ ਸਾਹਿਤ ਹੋਂਦ ਵਿਚ ਆਇਆ। ਨਵੀਨ ਕਾਵਿ ਕਲਾ ਦਾ ਅਰੰਭ ਭਾਈ ਵੀਰ ਸਿੰਘ ਤੋਂ ਹੋਇਆ। ਭਾਰਤ ਤੋਂ ਵਾਪਸ ਆਏ ਜਰਨੈਲ ਸਿੰਘ ਤੱਗੜ ਨੇ ਭਾਰਤ ਦੇ ਪੇਂਡੂ ਅਤੇ ਸ਼ਹਿਰੀ ਜੀਵਨ ਬਾਰੇ ਖੱਟੀਆਂ ਮਿੱਠੀਆਂ ਯਾਦਾਂ ਸਾਂਝੀਆਂ ਕੀਤੀਆਂ। ਬੀਜਾ ਰਾਮ ਨੇ ਗ਼ਜ਼ਲ ਤਰਨਮ ਵਿਚ ਪੇਸ਼ ਕੀਤੀ।

ਰਾਜ ਹੁੰਦਲ ਹੋਰਾਂ ਰਹਿਮੇ ਅਤੇ ਚੌਧਰੀ ਦੀ ਗੁਫਤਗੂ 'ਅੱਜ ਕੀ ਪਕਾਈਏ' ਨਾਂ ਦੀ ਕਵਿਤਾ ਸੁਣਾਈ। ਅਮਰੀਕ ਸਿੰਘ ਸਰੋਆ ਹੋਰਾਂ ਕਵੀਆਂ 'ਤੇ ਵਿਅੰਗ ਕਰਦਿਆਂ ਚੁਟਕਲਾ ਸੁਣਾਇਆ। ਸੁਰਿੰਦਰ ਸਿੰਘ ਢਿਲੋਂ ਨੇ ਦਾਮਿਨੀ ਬਲਾਤਕਾਰ ਕਾਂਡ ਬਾਰੇ ਆਖਿਆ ਕਿ ਇਹੋ ਜਿਹੇ ਘਿਨਾਉਣੇ ਵਰਤਾਰੇ ਪ੍ਰਤੀ ਸਖ਼ਤ ਸਜ਼ਾਵਾਂ ਹੋਣੀਆਂ ਚਾਹੀਦੀਆਂ ਹਨ। ਅਮਰ ਸਿੰਘ ਕੀਂਗਰਾ, ਹਰਬਖਸ਼ ਸਿੰਘ ਸਰੋਆ, ਬੀਬੀ ਸੁਰਿੰਦਰ ਕੌਰ ਗਿੱਲ ਵੀ ਹਾਜ਼ਰ ਸਨ। ਅੰਤ ਵਿਚ ਜਸਵੀਰ ਸਿੰਘ ਸਿਹੋਤਾ ਨੇ ਸਰੋਤਿਆਂ ਤੇ ਬੁਲਾਰਿਆਂ ਦਾ ਧੰਨਵਾਦ ਕਰਦਿਆਂ ਅਗਲੇ ਮਹੀਨੇ 10 ਮਾਰਚ ਨੂੰ ਹੋਣ ਜਾ ਰਹੀ ਇਕੱਤਰਤਾ ਲਈ ਸਭ ਨੂੰ ਖੁੱਲ੍ਹਾ ਸੱਦਾ ਦਿੱਤਾ। ਹੋਰ ਜਾਣਕਾਰੀ ਲਈ ਜਸਵੀਰ ਸਿੰਘ ਨੂੰ 403 681 8281, ਕੁਲਬੀਰ ਸਿੰਘ ਸ਼ੇਰਗਿੱਲ ਨੂੰ 403 293 6289 ਅਤੇ ਜਤਿੰਦਰ ਸਿੰਘ ਸਵੈਚ ਨੂੰ 403 903 5601 ਤੇ ਸੁਰਜੀਤ ਸਿੰਘ ਸੀਤਲ 'ਪਨੂੰ' ਨੂੰ 403 313 0877 'ਤੇ ਫੋਨ ਕਰ ਸਕਦੇ ਹੋ।

ਸਾਹਿਤ ਸਭਾ ਦਸੂਹਾ ਵੱਲੋਂ ਅਵਤਾਰ ਸਿੰਘ ਆਦਮਪੁਰੀ ਦਾ ਸਨਮਾਨ

ਦਸੂਹਾ, (ਏ.ਐਸ.ਮਠਾਰੂ) ਸਾਹਿਤ ਸਭਾ ਦਸੂਹਾ ਗੜ੍ਹਦੀਵਾਲਾ ਵੱਲੋਂ ਲਿਟਲ ਫਲਾਵਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦਸੂਹਾ ਦੇ ਸਹਿਯੋਗ ਨਾਲ ਪਰਵਾਸੀ ਲੇਖਕ ਅਵਤਾਰ ਸਿੰਘ ਆਦਮਪੁਰੀ ਦਾ ਸਨਮਾਨ ਸਕੂਲ ਦੇ ਵਿਹੜੇ ਵਿਚ ਕੀਤਾ ਗਿਆ। ਪ੍ਰਧਾਨਗੀ ਮੰਡਲ ਵਿਚ ਭੁਪਿੰਦਰ ਸਿੰਘ ਘੁੰਮਣ, 'ਸੱਚੀ ਗੱਲ' ਦੇ ਸੰਪਾਦਕ ਸੰਜੀਵ ਮੋਹਨ ਡਾਬਰ , ਜਗਦੀਸ਼ ਸਿੰਘ ਸੋਈ , ਗੁਰਦੀਪ ਸਿੰਘ ਢੀਂਡਸਾ ਅਤੇ ਪ੍ਰਿੰਸੀਪਲ ਭਾਗ ਮੱਲ ਹਾਜ਼ਰ ਸਨ। ਆਪਣੇ ਪ੍ਰਧਾਨਗੀ ਭਾਸ਼ਣ ਵਿਚ ਸ੍ਰੀ ਆਦਮਪੁਰੀ ਨੇ ਕਿਹਾ ਕਿ ਆਪਣੀ ਮਾਂ ਬੋਲੀ ਦੀ ਸਾਂਭ ਸੰਭਾਲ ਆਪਾਂ ਨੂੰ ਹੀ ਕਰਨੀ ਪੈਣੀ ਹੈ। ਮਾਂ ਬੋਲੀ ਦਾ ਸਤਿਕਾਰ ਕਿਤੇ ਵੀ ਅਤੇ ਕਦੇ ਵੀ ਘਟਣ ਨਹੀਂ ਦੇਣਾ ਚਾਹੀਦਾ। ਇਸ ਮੌਕੇ ਉਨ੍ਹਾਂ ਪਰਵਾਸੀ ਪੰਜਾਬੀ ਲੇਖਕਾਂ ਦੀ ਸੰਪਾਦਤ ਕੀਤੀ ਕਿਤਾਬ "ਕਲਮੀ ਰਮਜ਼ਾਂ" ਵੀ ਭੇਟ ਕੀਤੀ। ਆਦਮਪੁਰੀ ਨੇ ਇਸ ਸਮੇਂ ਆਪਣੀਆਂ ਰਚਨਾਵਾਂ ਸਰੋਤਿਆਂ ਨੂੰ ਸੁਣਾਈਆਂ। ਸਭਾ ਅਤੇ ਸਕੂਲ ਦੇ ਪ੍ਰਬੰਧਕਾਂ ਵੱਲੋਂ ਆਦਮਪੁਰੀ ਨੂੰ ਦੁਸ਼ਾਲਾ ਅਤੇ ਮਮੈਂਟੋ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸਭਾ ਦੇ ਪ੍ਰਧਾਨ ਕਹਾਣੀਕਾਰ ਲਾਲ ਸਿੰਘ ਦਸੂਹਾ ਨੇ ਸਟੇਜ ਸੰਚਾਲਨ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬੀ ਨੂੰ ਪੰਜਾਬ ਵਿਚ ਲਾਗੂ ਕਰਵਾਉਣ ਲਈ ਹਰੇਕ ਪੰਜਾਬੀ ਨੂੰ ਪਹਿਲਾਂ ਆਪਣੀ ਜਮੀਰ ਨੂੰ ਜਗਾਉਣਾ ਪਵੇਗਾ। ਪੰਜਾਬੀ ਦੇ ਸਰਵਪੱਖੀ ਵਿਕਾਸ ਲਈ ਬੜਾ ਕੁਝ ਨਵਾਂ ਕਰਨ ਅਤੇ ਪਾਰਦਰਸ਼ੀ ਮਾਹੌਲ ਦੀ ਸਿਰਜਨਾ ਸਮੇਂ ਦੀ ਲੋੜ ਹੈ। ਇਸ ਲਈ ਪਹਿਲੇ ਉਪਰਾਲੇ ਤਹਿਤ ਸਿੱਖਿਆ ਅਤੇ ਰੁਜ਼ਗਾਰ ਨੂੰ ਮਾਤ ਭਾਸ਼ਾ ਪੰਜਾਬੀ ਨਾਲ ਜੋੜਨਾ ਚਾਹੀਦਾ ਹੈ। ਸਾਹਿਤਕ ਜਥੇਬੰਦੀਆਂ, ਸਾਹਿਤਕ ਸਭਾਵਾਂ ਅਤੇ ਜਾਗਰੂਕ ਲੇਖਕਾਂ ਨੂੰ ਨਾਲ ਲੈ ਕੇ ਵਿਸ਼ੇਸ਼ ਪੰਜਾਬੀ ਟ੍ਰਿਬਿਊਨਲ ਸਥਾਪਤ ਕੀਤਾ ਜਾਣਾ ਚਾਹੀਦਾ ਹੈ। ਲਾਲ ਸਿੰਘ ਦਸੂਹਾ ਨੇ ਕਿਹਾ ਕਿ ਪੰਜਾਬ ਭਾਸ਼ਾ ਨੂੰ ਲਾਗੂ ਕਰਨਾ ਇਕੱਲੇ ਸਰਕਾਰ ਅਤੇ ਲੇਖਕਾਂ ਦੀ ਲੜਾਈ ਨਹੀਂ ਸਗੋਂ ਸਮੁੱਚੇ ਪੰਜਾਬੀ ਭਾਈਚਾਰੇ ਦੀ ਲੜਾਈ ਹੈ। ਪੰਜਾਬੀ ਰਾਜ ਭਾਸ਼ਾ ਐਕਟ ਜਿਹੇ ਕਾਨੂੰਨ ਬਣਾ ਕੇ ਇਸ ਨੂੰ ਲਾਗੂ ਕਰਵਾਉਣ ਦੀ ਲੋੜ ਹੈ। ਅਖ਼ੀਰ ਵਿਚ ਹੋਏ ਕਵੀ ਦਰਬਾਰ ਵਿਚ ਨੰਦਨੀ ਸ਼ਰਮਾ ਨੇ 'ਜ਼ਿੰਦਗੀ', ਇੰਦਰਜੀਤ ਕਾਜਲ ਨੇ ਆਪਣੀ ਰਚਨਾ 'ਚੰਦਾ ਮਾਮਾ', ਗੁਰਇਕਬਾਲ ਸਿੰਘ ਬੋਦਲ ਨੇ' ਜੱਗ ਦੀ ਸੁੱਚਮ', ਕਰਨੈਲ ਸਿੰਘ ਨੇਕਨਾਮਾ ਨੇ 'ਇਸ ਧਰਤੀ ਦੇ ਵਾਰਸਾ' ਪੇਸ਼ ਕੀਤੀਆਂ। ਇਸ ਸਮਾਗਮ ਨੂੰ ਮਾਸਟਰ ਜਰਨੈਲ ਸਿੰਘ ਘੁੰਮਣ, ਸੁਖਜੀਵਨ ਸਿੰਘ ਸਫਰੀ ਨੇ ਵੀ ਸੰਬੋਧਨ ਕੀਤਾ। ਪ੍ਰਿੰਸੀਪਲ ਨਵਦੀਪ ਸਿੰਘ ਵਿਰਕ ਨੇ ਆਏ ਹੋਏ ਮੁੱਖ ਮਹਿਮਾਨ ਅਤੇ ਸੱਜਣਾਂ ਦਾ ਧੰਨਵਾਦ ਕੀਤਾ।

ਸ਼ਾਨਦਾਰ ਹੋ ਨਿਬੜਿਆ ਇਲਮ ਦਾ ਪਲੇਠਾ ਸਮਾਗਮ



ਮੁੱਖ ਭਾਸ਼ਣ ਕਰਦੇ ਹੋਏ ਜੇ.ਐਨ.ਯੂ. ਦੇ ਪ੍ਰੋਫ਼ੈਸਰ ਵੀਰਭਾਰਤ ਤਲਵਾਰ, ਮੰਚ 'ਤੇ ਬੈਠੇ ਹਨ ਇਲਮ ਦੇ ਜਨਰਲ ਸਕੱਤਰ ਸੁਸ਼ੀਲ ਦੁਸਾਂਝ, ਡਾ. ਦੀਪਕ ਮਨਮੋਹਨ ਸਿੰਘ, ਡਾ. ਰਮੇਸ਼ ਕੁੰਤਲ ਮੇਘ ਅਤੇ ਮੋਹਨ ਭੰਡਾਰੀ।





ਚੰਡੀਗੜ੍ਹ (ਨਦਬ) ਕੌਮਾਂਤਰੀ ਪੰਜਾਬੀ ਇਲਮ (ਰਜਿ) ਵੱਲੋਂ ਪੰਜਾਬ ਕਲਾ ਪ੍ਰੀਸ਼ਦ, ਚੰਡੀਗੜ੍ਹ ਦੇ ਸਹਿਯੋਗ ਨਾਲ ਪੰਜਾਬ ਕਲਾ ਭਵਨ, ਚੰਡੀਗੜ੍ਹ ਵਿਖੇ ਸ਼ਾਨਦਾਰ ਸਾਹਿਤਕ ਅਤੇ ਸਭਿਆਚਾਰਕ ਉਤਸਵ ਕਰਵਾਇਆ ਗਿਆ। ਇਸ ਵਿਚ ਇਲਮ ਦੀ ਕੇਂਦਰੀ ਕਮੇਟੀ ਦੇ ਸਮੂਹ ਅਹੁਦੇਦਾਰ, ਪੰਜਾਬ, ਹਰਿਆਣਾ ਦੇ ਸਮੂਹ ਜ਼ਿਲ੍ਹਿਆਂ ਅਤੇ ਸ਼ਹਿਰਾਂ ਨਾਲ ਸਬੰਧਤ ਕਨਵੀਨਰਾਂ ਤੋਂ ਬਿਨਾਂ ਵੱਡੀ ਗਿਣਤੀ ਵਿਚ ਲੋਕਾਂ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੇ ਆਰੰਭ ਵਿਚ ਇਲਮ ਦੇ ਜਨਰਲ ਸਕੱਤਰ ਸੁਸ਼ੀਲ ਦੁਸਾਂਝ ਨੇ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਸੰਭਾਲਦਿਆਂ ਹਾਜ਼ਰ ਸਮੂਹ ਨੂੰ ਜੀ ਆਇਆਂ ਕਿਹਾ। ਸਮੁੱਚਾ ਦਿਨ ਚੱਲਣ ਵਾਲੇ ਇਸ ਉਤਸਵ ਦੀ ਰੂਪ ਰੇਖਾ ਬਾਰੇ ਚਾਨਣਾ ਪਾਇਆ। ਪ੍ਰੋਗਰਾਮ ਦਾ ਆਗਾਜ਼ ਸ਼੍ਰੀ ਹਰੀਸ਼ ਗੰਗਾਨੀ ਅਤੇ ਨਜ਼ਮ ਭਾਰਦਵਾਜ ਦੁਆਰਾ ਪੇਸ਼ ਸ਼ਾਨਦਾਰ ਕੱਥਕ ਨ੍ਰਿਤ ਨਾਲ ਹੋਇਆ। ਉਤਸਵ ਦੇ ਪਹਿਲੇ ਸੈਸ਼ਨ ਵਿਚ 'ਨਾਰੀ ਪ੍ਰਤੀ ਅਸੰਵੇਦਨਸ਼ੀਲਤਾ ਅਤੇ ਲੇਖਕ ਦੀ ਭੂਮਿਕਾ' ਅਧਾਰਤ ਸੈਮੀਨਾਰ ਕਰਵਾਇਆ ਗਿਆ, ਜਿਸ ਦੀ ਪ੍ਰਧਾਨਗੀ ਰਮੇਸ਼ ਕੁੰਤਲ ਮੇਘ, ਮੋਹਨ ਭੰਡਾਰੀ, ਡਾ. ਦੀਪਕ ਮਨਮੋਹਨ, ਡਾ. ਸੁਖਦੇਵ ਸਿਰਸਾ, ਪ੍ਰੋ. ਅਨੂਪ ਵਿਰਕ ਤੇ ਸ਼ਾਇਰ ਦਰਸ਼ਨ ਬੁੱਟਰ ਨੇ ਕੀਤੀ।

ਇਸ ਸੈਮੀਨਾਰ ਦੇ ਮੁੱਖ ਵਕਤਾ ਵੀਰਭਾਰਤ ਤਲਵਾਰ ਨੇ ਆਪਣੇ ਤਰਕਸੰਗਤ ਅਤੇ ਵਿਸਥਾਰਤ ਭਾਸ਼ਨ ਵਿਚ ਗੰਭੀਰ ਮੁੱਦੇ ਉਠਾਉਂਦਿਆਂ ਕਿਹਾ ਕਿ ਨਾਰੀ ਨਾਲ ਵਾਪਰੀਆਂ ਚਲੰਤ ਘਟਨਾਵਾਂ ਨੇ ਸਾਡੇ ਸਾਹਮਣੇ ਕੁਝ ਸਵਾਲ ਖੜ੍ਹੇ ਕੀਤੇ ਹਨ। ਉਨ੍ਹਾਂ ਕਿਹਾ ਕਿ ਸਾਹਿਤ ਦਾ ਸੰਸਕ੍ਰਿਤੀ ਨਾਲ ਗੂੜ੍ਹਾ ਰਿਸ਼ਤਾ ਹੈ ਅਤੇ ਸੰਸਕ੍ਰਿਤੀ ਹਮੇਸ਼ਾਂ ਬਦਲਾਅ ਵਿਚ ਰਹਿੰਦੀ ਹੈ। ਇਸ ਵਿਚ ਅੱਛਾਈਆਂ ਅਤੇ ਬੁਰਾਈਆਂ ਦੋਵੇਂ ਪਾਈਆਂ ਜਾਂਦੀਆਂ ਹਨ। ਸੰਸਕ੍ਰਿਤੀ ਵਿਚ ਇਸਤਰੀ ਨਾਲ ਸਬੰਧਤ ਸਵਾਲ ਹਮੇਸ਼ਾਂ ਜਟਿਲਤਾ ਦੇ ਸ਼ਿਕਾਰ ਰਹੇ ਹਨ। ਇਸਤਰੀ ਮੁੱਢ-ਕਦੀਮ ਤੋਂ ਹੀ ਆਪਣੇ ਕਾਮੁਕ ਹੱਕਾਂ-ਅਧਿਕਾਰਾਂ ਤੋਂ ਵੰਚਿਤ ਰਹੀ ਹੈ। ਪੂਰਬ ਵਿਚ ਇਸਤਰੀ ਪੈਦਾ ਨਹੀਂ ਹੁੰਦੀ ਬਲਕਿ ਬਣਾਈ ਜਾਂਦੀ ਹੈ। ਪਿਤਰਕਾ ਸਤਾ ਇਸਤਰੀ ਦਾ ਦਮਨ ਕਰਦੀ ਹੈ ਤੇ ਲੇਖਕ ਦਾ ਇਖ਼ਲਾਕੀ ਫ਼ਰਜ਼ ਹੈ ਕਿ ਉਹ ਇਸਤਰੀ ਦੀ ਵੇਦਨਾ ਨੂੰ ਅਵਾਜ਼ ਦੇ ਕੇ ਉਸ ਦੀ ਧਿਰ ਬਣੇ। ਡਾ. ਵੀਰਭਾਰਤ ਤਲਵਾਰ ਦੇ ਮੁੱਖ ਭਾਸ਼ਣ ਮਗਰੋਂ ਗੰਭਿਰ ਵਿਚਾਰ ਚਰਚਾ ਹੋਈ, ਜਿਸ ਵਿਚ ਡਾ. ਨਿਰਮਲ ਦੱਤ, ਕਿਰਪਾਲ ਕਜ਼ਾਕ, ਡਾ. ਸਰਬਜੀਤ ਸਿੰਘ, ਡਾ. ਸੁਖਦੇਵ ਸਿਰਸਾ, ਡਾ. ਕਰਮਜੀਤ ਸਿੰਘ, ਡਾ. ਸਰਬਜੀਤ ਕੌਰ ਸੋਹਲ, ਮਾਧਵ ਕੌਸ਼ਿਕ, ਡਾ.ਦੀਪਕ ਮਨਮੋਹਨ, ਪ੍ਰੋ.ਅਨੂਪ ਵਿਰਕ ਅਤੇ ਦਰਸ਼ਨ ਬੁੱਟਰ ਨੇ ਹਿੱਸਾ ਲੈਂਦਿਆਂ ਮੁੱਖ ਭਾਸ਼ਣ ਵਕਤਾ ਦੀਆਂ ਧਾਰਨਾਵਾਂ ਨੂੰ ਪਕਿਆਇਆ। ਇਸ ਉਤਸਵ ਦੇ ਦੂਜੇ ਸੈਸ਼ਨ ਵਿਚ ਇਲਮ ਦੀ ਕੇਂਦਰੀ ਟੀਮ ਦੇ ਅਹੁਦੇਦਾਰਾਂ ਜਸਵਿੰਦਰ, ਬਲਵਿੰਦਰ ਸੰਧੂ, ਕਵਿੰਦਰ ਚਾਂਦ ਨੇ ਪੰਜਾਬ ਭਰ 'ਚੋਂ ਆਏ ਕਨਵੀਨਰ ਸਾਹਿਬਾਨਾਂ ਨਾਲ ਖੁੱਲ੍ਹੀਆਂ ਗੱਲਾਂ ਕੀਤੀਆਂ। ਸਮਰਾਲੇ ਤੋਂ ਪ੍ਰੋ. ਬਲਦੀਪ, ਪਟਿਆਲਾ ਤੋਂ ਅਰਵਿੰਦਰ ਕਾਕੜਾ, ਮੋਗਾ ਤੋਂ ਗੁਰਮੀਤ ਕੜਿਆਲਵੀ, ਹਰਿਆਣਾ ਤੋਂ ਡਾ. ਸੁਦਰਸ਼ਨ ਗਾਸੋ, ਫਿਲੌਰ ਤੋਂ ਜਗੀਰ ਪ੍ਰੀਤ, ਮਾਲੇਰਕੋਟਲਾ ਤੋਂ ਤਰਸੇਮ ਰਾਣਾ, ਗੁਰਦਾਸਪੁਰ ਤੋਂ ਸੁਲੱਖਣ ਸਰਹੱਦੀ, ਭਾਦਸੋਂ ਤੋਂ ਮਹਿੰਦਰਪਾਲ ਬੱਬੀ ਤੇ ਕਿਰਪਾਲ ਕਿਜ਼ਾਕ ਨੇ ਪ੍ਰੋਗਰਾਮ ਦੀ ਸ਼ਲਾਘਾ ਕਰਦਿਆਂ ਆਪਣੇ ਮੁੱਲਵਾਨ ਸੁਝਾਅ ਸਾਂਝੇ ਕੀਤੇ। ਚਾਹ ਬਰੇਕ ਤੋਂ ਬਾਅਦ ਅਦਾਕਾਰ ਮੰਚ ਮੁਹਾਲੀ ਵੱਲੋਂ ਨੁੱਕੜ ਨਾਟਕ ਦੀ ਖ਼ੂਬਸੂਰਤ ਪੇਸ਼ਕਾਰੀ ਕੀਤੀ ਗਈ। ਇਸ ਮਗਰੋਂ ਮਾਣਕ ਅਲੀ ਅਤੇ ਸਾਥੀਆਂ ਵੱਲੋਂ ਸੂਫੀ ਕਲਾਮ ਪੇਸ਼ ਕੀਤਾ ਗਿਆ। ਸ਼ਾਮ ਦੇ ਸੈਸ਼ਨ ਦੌਰਾਨ ਡਾ. ਸਾਹਿਬ ਸਿੰਘ ਦੀ ਨਿਰਦੇਸ਼ਨਾ ਹੇਠ ਕਥਾਕਾਰ ਗੁਲਜ਼ਾਰ ਸਿੰਘ ਸੰਧੂ ਦੀਆਂ ਕਹਾਣੀਆ 'ਤੇ ਅਧਾਰਤ ਭਾਵਪੂਰਤ ਨਾਟਕ ਖੇਡਿਆ ਗਿਆ। ਗੁਲਜ਼ਾਰ ਸੰਧੂ, ਡਾ. ਰਘਬੀਰ ਸਿਰਜਣਾ, ਡਾ. ਆਤਮਜੀਤ, ਤਾਰਨ ਗੁਜਰਾਲ, ਮਨਮੋਹਨ ਦਾਊਂ, ਸਾਬਕਾ ਮੇਅਰ, ਚੰਡੀਗੜ੍ਹ ਹਰਜਿੰਦਰ ਕੌਰ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਅੰਤ ਵਿਚ ਸੁਸ਼ੀਲ ਦੁਸਾਂਝ ਨੇ ਆਏ ਵਿਦਵਾਨਾਂ ਲੇਖਕਾਂ, ਕਲਾਕਾਰਾਂ ਅਤੇ ਦਰਸ਼ਕਾਂ ਦਾ ਧੰਨਵਾਦ ਕੀਤਾ। ਸਮੁੱਚੇ ਰੂਪ ਵਿਚ ਇਲਮ ਵੱਲੋਂ ਰਚਾਇਆ ਇਹ ਪਹਿਲਾ ਉਤਸਵ ਬਹੁਤ ਹੀ ਪ੍ਰਭਾਵਸ਼ਾਲੀ ਹੋ ਨਿਬੜਿਆ।

ਪਲੀ ਦਾ 10ਵਾਂ ਸਲਾਨਾ ਮਾਂ-ਬੋਲੀ ਦਿਨ ਗਦਰ ਲਹਿਰ ਨੂੰ ਸਮਰਪਿਤ



ਵੈਨਕੂਵਰ (ਹਰਪ੍ਰੀਤ ਸੇਖਾ) : ਪੰਜਾਬੀ ਲੈਂਗੁਏਜ ਐਜੂਕੇਸ਼ਨ ਐਸੋਸੀਏਸ਼ਨ(ਪਲੀ) ਵੱਲੋਂ ਦਸਵਾਂ ਮਾਂ-ਬੋਲੀ ਦਿਨ 23 ਫਰਵਰੀ ਨੂੰ ਨੌਰਥ ਡੈਲਟਾ ਰੈਕ ਸੈਂਟਰ ਨੌਰਥ ਡੈਲਟਾ ਵਿਖੇ ਮਨਾਇਆ ਗਿਆ। ਇਸ ਵਾਰ ਇਹ ਦਿਨ ਗਦਰ ਲਹਿਰ ਦੀ ਸ਼ਤਾਬਦੀ ਨੂੰ ਸਮਰਪਿਤ ਕੀਤਾ ਗਿਆ। ਇਸ ਸਮਾਰੋਹ ਵਿਚ ਗ੍ਰੇਟਰ ਵੈਨਕੂਵਰ ਦੇ ਇਲਾਕੇ ਵਿੱਚੋਂ ਦੋ ਸੌ ਤੋਂ ਵੱਧ ਲੋਕਾਂ ਨੇ ਹਿੱਸਾ ਲਿਆ। ਸਥਾਨਕ ਸਕੂਲਾਂ ਵਿਚ ਪੰਜਾਬੀ ਪੜ੍ਹਦੇ ਵਿਦਿਆਰਥੀਆਂ ਦੀ ਵੀ ਚੋਖੀ ਗਿਣਤੀ ਸੀ।

ਪਲੀ ਦੇ ਪ੍ਰਧਾਨ ਬਲਵੰਤ ਸੰਘੇੜਾ ਨੇ ਆਪਣੇ ਸਵਾਗਤੀ ਭਾਸ਼ਣ ਵਿਚ ਪੰਜਾਬੀ ਸਬੰਧੀ ਮਹੱਤਵਪੂਰਨ ਅੰਕੜਿਆਂ ਦਾ ਵਿਸਥਾਰ ਵਿਚ ਜ਼ਿਕਰ ਕੀਤਾ। ਹੋਰ ਮੁੱਦਿਆਂ ਦੇ ਨਾਲ ਨਾਲ ਉਨ੍ਹਾਂ ਦੱਸਿਆ ਕਿ ਹਰ ਸਾਲ ਵੱਡੀ ਗਿਣਤੀ ਵਿਚ ਪੰਜਾਬੀ ਹਵਾਈ ਜਹਾਜ਼ਾਂ ਵਿਚ ਸਫਰ ਕਰਦੇ ਹਨ ਪਰ ਕੋਈ ਵੀ ਹਵਾਈ ਕੰਪਨੀ ਪੰਜਾਬੀ ਸਵਾਰੀਆਂ ਦੀ ਸਹੂਲਤ ਲਈ ਕੋਈ ਵਿਸ਼ੇਸ਼ ਤਰੱਦਦ ਨਹੀਂ ਕਰਦੀ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਜਹਾਜ਼ਾਂ ਵਿੱਚ ਪੰਜਾਬੀ ਅਖ਼ਬਾਰ, ਰਸਾਲੇ ਅਤੇ ਪੰਜਾਬੀ ਜ਼ੁਬਾਨ ਵਿਚ ਸੂਚਨਾਵਾਂ ਆਦਿ ਦੇਣ ਬਾਰੇ ਏਅਰ ਲਾਈਨਾਂ ਨੂੰ ਪ੍ਰੇਰਨਾ ਚਾਹੀਦਾ ਹੈ।

ਪ੍ਰਸਿੱਧ ਇਤਿਹਾਸਕਾਰ ਸੋਹਣ ਸਿੰਘ ਪੂਨੀ ਨੇ ਆਪਣੇ ਭਾਸ਼ਣ ਵਿਚ ਕਨੇਡਾ ਵਿਚ ਪੰਜਾਬੀ ਬੋਲੀ ਨੂੰ ਗਦਰ ਲਹਿਰ ਦੀ ਦੇਣ ਬਾਰੇ ਗੱਲ ਕੀਤੀ। ਸਾਧੂ ਬਿਨਿੰਗ ਨੇ ਆਪਣੀ ਤਕਰੀਰ ਵਿਚ ਫਿਕਰ ਜ਼ਾਹਿਰ ਕੀਤਾ ਕਿ ਪੰਜਾਬੀ ਭਾਸ਼ਾ ਦੀ ਪੜ੍ਹਾਈ ਲਈ ਬੀ ਸੀ ਵਿਚ ਜਿਹੜੀਆਂ ਸੰਭਾਵਨਾਵਾਂ 1994 ਵਿਚ ਪੈਦਾ ਹੋਈਆਂ ਸਨ, ਅਸੀਂ ਉਨ੍ਹਾਂ ਤੋਂ ਪੂਰੀ ਤਰ੍ਹਾਂ ਫਾਇਦਾ ਨਹੀਂ ਲੈ ਰਹੇ। ਉਨ੍ਹਾਂ ਨੇ ਸਕੂਲਾਂ ਵਾਸਤੇ ਸਲੇਬਸ ਤਿਆਰ ਕਰਨ ਲਈ ਸੈਕੂਲਰ ਲੀਹਾਂ 'ਤੇ ਚੱਲਣ 'ਤੇ ਜ਼ੋਰ ਪਾਇਆ। ਜਸ ਲੇਹਲ ਨੇ ਸਲਾਈਡਾਂ ਨਾਲ ਪੇਸ਼ਕਾਰੀ ਵਿਚ ਬੀ ਸੀ ਦੇ ਸਕੂਲਾਂ ਵਿਚ ਪੰਜਾਬੀ ਦੀ ਪੜ੍ਹਾਈ ਦੀ ਸਥਿਤੀ 'ਤੇ ਚਾਨਣਾ ਪਾਇਆ। ਕਨੇਡੀਅਨ ਮਰਦਮਸ਼ੁਮਾਰੀ ਵਿਭਾਗ ਵਿਚ ਕੰਮ ਕਰਦੇ ਅਸ਼ੋਕ ਮਾਥੁਰ ਅਤੇ ਪੀਟਰ ਲੀਆਂਗ ਨੇ ਆਪਣੀ ਸਲਾਈਡ ਪੇਸ਼ਕਾਰੀ ਵਿਚ ਕਨੇਡਾ ਵਿਚ ਪੰਜਾਬੀ ਬੋਲੀ ਦੀ ਸਥਿਤੀ ਬਾਰੇ ਚਾਨਣਾ ਪਾਇਆ। ਉਨ੍ਹਾਂ ਨੇ ਅੰਕੜਿਆ ਰਾਹੀਂ ਦਿਖਾਇਆ ਕਿ ਪੰਜਾਬੀ ਕਨੇਡਾ ਵਿਚ ਤੀਜੀ ਵੱਡੀ ਬੋਲੀ ਹੈ; ਇਹ ਬੀ ਸੀ ਵਿਚ 193,000, ਓਂਟੇਰੀਓ ਵਿਚ 174,000 ਅਤੇ ਅਲਬਰਟਾ ਵਿਚ 50,000 ਲੋਕਾਂ ਵੱਲੋਂ ਬੋਲੀ ਜਾਂਦੀ ਹੈ। ਪੰਜਾਬੀ ਲੇਖਕ ਗਿਆਨ ਸਿੰਘ ਕੋਟਲੀ ਨੇ ਆਪਣੀ ਕਵਿਤਾ 'ਇਹ ਤਾਂ ਟੌਹਰ ਹੈ ਸਾਰੇ ਪੰਜਾਬੀਆਂ ਦੀ' ਦਾ ਪਾਠ ਕੀਤਾ।

ਇਸ ਸਮਾਗਮ ਵਿਚ ਲੋਅਰ ਮੇਨਲੈਂਡ ਦੇ ਵੱਖ ਵੱਖ ਸਕੂਲਾਂ ਵਿਚ ਪੰਜਾਬੀ ਪੜ੍ਹਦੇ 40 ਦੇ ਕਰੀਬ ਵਿਦਿਆਰਥੀਆਂ ਨੇ ਕਵਿਤਾਵਾਂ ਅਤੇ ਗੀਤ ਪੇਸ਼ ਕੀਤੇ। ਇਸ ਸਮਾਰੋਹ ਦੌਰਾਨ ਬੀ ਸੀ ਵਿਚ ਪੰਜਾਬੀ ਦੀ ਪੜ੍ਹਾਈ ਸਕੂਲਾਂ ਵਿਚ ਚਾਲੂ ਕਰਵਾਉਣ ਲਈ ਪਾਏ ਯੋਗਦਾਨ ਬਦਲੇ ਕੁਝ ਸ਼ਖ਼ਸੀਅਤਾਂ ਦਾ ਸਨਮਾਨ ਵੀ ਕੀਤਾ ਗਿਆ। ਇਹ ਸ਼ਖ਼ਸੀਅਤਾਂ ਹਨ: ਇੰਦਰ ਮੇਟ੍ਹ, ਅੰਮ੍ਰਿਤ ਮਾਨ, ਰਜਿੰਦਰ ਪੰਧੇਰ ਅਤੇ ਪਾਲ ਬਿਨਿੰਗ। ਇੰਦਰ ਮੇਹਟ ਨੇ ਪ੍ਰਸ਼ਨ ਉਠਾਇਆ ਕਿ ਕਨੇਡਾ ਵਿਚ ਅੰਗ੍ਰੇਜ਼ੀ ਅਤੇ ਫਰਾਂਸੀਸੀ ਭਾਸ਼ਾ ਮੁੱਖ ਭਾਸ਼ਾਵਾਂ ਕਿਉਂ ਬਣੀਆਂ ਅਤੇ ਪੰਜਾਬੀ ਤੇ ਮੈਂਡਰਿਨ ਵਰਗੀਆਂ ਭਾਸ਼ਾਵਾਂ ਦੂਜੀਆਂ ਭਾਸ਼ਾਵਾਂ ਕਿਉਂ ਬਣੀਆਂ? ਰਜਿੰਦਰ ਪੰਧੇਰ ਨੇ ਕਿਹਾ ਕਿ ਉਨ੍ਹਾਂ ਦੇ ਬੱਚੇ ਇਸ ਗੱਲ ਦੀ ਮਿਸਾਲ ਹਨ ਕਿ ਪੰਜਾਬੀ ਸਿੱਖ ਕੇ ਬੇਹਤਰ ਨੌਕਰੀ ਮਿਲ ਸਕਦੀ ਹੈ। ਅੰਮ੍ਰਿਤ ਮਾਨ ਨੇ ਆਪਣੀ ਨਵੀਂ ਛਪੀ ਕਿਤਾਬ 'ਕੁਸੰਭੜਾ ਅਜ ਖਿੜਿਆ' ਪਲੀ ਨੂੰ ਭੇਂਟ ਕੀਤੀ। ਪੰਜਾਬੀ ਲੇਖਕ ਅਜਮੇਰ ਰੋਡੇ ਨੇ ਕਿਤਾਬ ਬਾਰੇ ਕੁਝ ਸ਼ਬਦ ਕਹੇ।

ਅੰਤ ਵਿਚ ਬਲਵੰਤ ਸਿੰਘ ਸੰਘੇੜਾ ਨੇ ਆਏ ਮਹਿਮਾਨਾਂ ਦੇ ਨਾਲ ਨਾਲ ਪੰਜਾਬੀ ਮੀਡੀਏ ਦਾ ਵਿਸ਼ੇਸ਼ ਧੰਨਵਾਦ ਕੀਤਾ। ਉਨ੍ਹਾਂ ਨੇ ਮਾਇਕ ਸਹਾਇਤਾ ਲਈ ਸੁੱਖੀ ਬਾਧ ਮੋਟਰਜ਼, ਪਰਮਜੀਤ ਸਿੰਘ ਸੰਧੂ, ਹਾਕਮ ਸਿੰਘ ਭੁੱਲਰ, ਰਾਏ ਬੈਂਸ ਅਤੇ ਦੀਪਕ ਬਿਨਿੰਗ ਫਾਊਂਡੇਸ਼ਨ ਦਾ ਧੰਨਵਾਦ ਕੀਤਾ। ਇਸ ਸਮਾਗਮ ਨੂੰ ਸਿਰੇ ਚੜ੍ਹਾਉਣ ਲਈ ਪਲੀ ਦੇ ਮੈਂਬਰ: ਸਾਧੂ ਬਿਨਿੰਗ, ਪਾਲ ਬਿਨਿੰਗ, ਪਰਵਿੰਦਰ ਧਾਰੀਵਾਲ, ਰਜਿੰਦਰ ਪੰਧੇਰ, ਰਮਿੰਦਰਜੀਤ ਧਾਮੀ, ਰਣਬੀਰ ਜੌਹਲ, ਹਰਮੋਹਨਜੀਤ ਪੰਧੇਰ, ਸੁਖਵੰਤ ਹੁੰਦਲ, ਜਸ ਲੇਹਲ, ਦਯਾ ਜੌਹਲ ਅਤੇ ਹੋਰ ਬਹੁਤ ਸਾਰੇ ਵਲੰਟੀਅਰਾਂ ਦਾ ਵੀ ਧੰਨਵਾਦ ਕੀਤਾ।

ਕੁਲ ਸੰਸਾਰ ਇਕ ਪਰਿਵਾਰ...

ਨਵੀਂ ਦੁਨੀਆ

ਸੰਪਾਦਕੀ

8 ਮਾਰਚ : ਨਵੇਂ ਅਹਿਦ ਕਰਨ ਦਾ ਦਿਹਾੜਾ

'ਦਾਮਨੀਆਂ' ਦੇ ਮੁਲਕ ਭਾਰਤ ਵਿਚ ਇਸ ਵਾਰ ਵੀ ਕੌਮਾਂਤਰੀ ਇਸਤਰੀ ਦਿਹਾੜਾ ਆਮ ਵਾਂਗ ਹੀ ਲੰਘ ਗਿਆ ਹੈ। ਇਹ ਦਿਹਾੜਾ ਸੰਸਾਰ ਭਰ ਦੀਆਂ ਇਸਤਰੀਆਂ ਲਈ ਮੁਕਤੀ ਵੱਲ ਵੱਧਣ ਦਾ ਰਾਹ ਖੋਲ੍ਹਦਾ ਹੈ। ਪਰ ਕੀ ਅੱਜ ਦੀ ਤਾਰੀਕ ਵਿਚ ਇਹ ਮਹਾਨ ਦਿਨ ਆਪਣੇ ਪੂਰੇ-ਸੂਰੇ ਅਰਥਾਂ ਵਿਚ ਮਨਾਇਆ ਜਾ ਰਿਹਾ ਹੈ? ਕੀ ਇਸ ਦਿਹਾੜੇ ਨੂੰ ਵੀ ਹੁਣ ਇਕ ਰਵਾਇਤੀ ਦਿਨ ਵਾਂਗ ਹੀ ਨਹੀਂ ਲਿਆ ਜਾਣ ਲੱਗ ਪਿਆ? ਇਹ ਸਵਾਲ ਹਰ ਉਸ ਵਿਅਕਤੀ ਦੀ ਅੰਤਰ-ਆਤਮਾ ਨੂੰ ਝੰਜੋੜਦਾ ਹੈ ਜਿਹੜਾ ਸੱਚਮੁੱਚ ਹੀ ਇਸਤਰੀ ਜਗਤ ਦੀ ਦਸ਼ਾ ਅਤੇ ਦਿਸ਼ਾ ਨੂੰ ਸਹੀ ਲੀਹਾਂ 'ਤੇ ਨਿਰਧਾਰਤ ਕਰਨ ਦੇ ਸੰਘਰਸ਼ੀਲ ਆਹਰ ਵਿਚ ਜੁਟਿਆ ਹੋਇਆ ਹੈ।

ਇਸ ਵਕਤ ਕੁੱਲ ਦੁਨੀਆ ਦੀ ਲੱਗਭੱਗ ਅੱਧੀ ਆਬਾਦੀ ਇਸਤਰੀ ਬੁਰੀ ਤਰ੍ਹਾਂ ਨਪੀੜੀ ਜਾ ਰਹੀ ਹੈ। ਇਸਤਰੀ ਜਗਤ ਦੀਆਂ ਸਮਸਿਆਵਾਂ ਅਪਾਰ ਹਨ। ਇਸਤਰੀ ਲਈ ਕਿਤੇ ਵੀ ਸੁਰੱਖਿਆ ਦੀ ਕੋਈ ਵੀ ਗਾਰੰਟੀ ਨਹੀਂ ਹੈ। ਭਾਰਤ ਵਿਚ ਹਰ ਰੋਜ਼ 50 ਤੋਂ ਵਧੇਰੇ ਬਲਾਤਕਾਰ ਦੇ ਮਾਮਲੇ ਦਰਜ ਹੁੰਦੇ ਹਨ। 25 ਤੋਂ ਵਧੇਰੇ ਨਵ-ਵਿਆਹੁਤਾ ਦਹੇਜ-ਹਤਿਆ ਦਾ ਸ਼ਿਕਾਰ ਹੁੰਦੀਆਂ ਹਨ। ਤਸ਼ੱਦਦ, ਅਗਵਾ, ਛੇੜਖਾਨੀ ਅਤੇ ਯੌਨ-ਪੀੜਾ ਦੇ 250 ਤੋਂ ਵਧੇਰੇ ਮਾਮਲੇ ਪੁਲਸ-ਥਾਣਿਆਂ ਵਿਚ ਦਰਜ ਹੁੰਦੇ ਹਨ। ਇਸ ਤੋਂ ਇਲਾਵਾ ਹੋਰ ਸੈਂਕੜੇ ਮਾਮਲੇ ਅਜਿਹੇ ਹੁੰਦੇ ਹਨ ਜੋ ਕਿਤੇ ਦਰਜ ਹੀ ਨਹੀਂ ਹੁੰਦੇ; ਕਿਉਂਕਿ ਸ਼ਰਮ, ਹਯਾ ਅਤੇ ਬਦਨਾਮੀ ਦੇ ਡਰੋਂ ਇਸਤਰੀਆਂ ਉਨ੍ਹਾਂ ਨੂੰ ਛਾਤੀ 'ਤੇ ਪੱਥਰ ਰੱਖ ਕੇ ਅੰਦਰ ਹੀ ਅੰਦਰ ਜਜ਼ਬ ਕਰ ਜਾਂਦੀਆਂ ਹਨ। ਭਾਰਤ ਵਰਗੇ 'ਸਮਾਜਿਕ ਕਦਰਾਂ' ਨੂੰ ਪਰਨਾਏ ਦੇਸ਼ ਵਿਚ ਛੋਟੀ ਉਮਰ ਦੀਆਂ ਬੱਚੀਆਂ ਤਾਂ ਆਪਣੇ ਉਪਰ ਹੋ ਰਹੇ ਅਤਿਆਚਾਰਾਂ ਨੂੰ ਬਿਆਨ ਤੱਕ ਨਹੀਂ ਕਰ ਪਾਉਂਦੀਆਂ। ਇਹ ਇਸ ਲਈ, ਕਿਉਂਕਿ ਪਰਿਵਾਰ, ਇਥੋਂ ਤੱਕ ਕਿ ਮਾਤਾ-ਪਿਤਾ ਅਤੇ ਪੂਰਾ ਸਮਾਜ ਉਨ੍ਹਾਂ ਪ੍ਰਤੀ ਸਾਮੰਤੀ ਵਤੀਰਾ ਅਪਣਾਈ ਰੱਖਦੇ ਹਨ। ਪੱਛੜੇ ਪਿੰਡਾਂ ਤੋਂ ਲੈ ਕੇ ਮਹਾਂਨਗਰ ਤੱਕ ਇਸਤਰੀਆਂ ਦੀ ਇਹ ਹੀ ਹੋਣੀ ਹੈ। ਉਂਜ ਪਿੰਡਾਂ ਦੇ ਮੁਕਾਬਲੇ ਸ਼ਹਿਰਾਂ ਅਤੇ ਖਾਸ ਕਰਕੇ ਮਹਾਂਨਗਰਾਂ ਵਿਚ ਇਸ ਤਰ੍ਹਾਂ ਦੀਆਂ ਘਟਨਾਵਾਂ ਵਧੇਰੇ ਵਾਪਰਦੀਆਂ ਹਨ ਅਤੇ ਇਨ੍ਹਾਂ ਵਿਚ ਹੋਰ ਵੀ ਤੇਜ਼ੀ ਨਾਲ ਵਾਧਾ ਹੋਇਆ ਹੈ। ਸ਼ਹਿਰੀ ਖੇਤਰਾਂ ਵਿਚ ਉਦਾਰੀਕਰਨ ਨੇ ਬਾਜ਼ਾਰ ਵਿਚ ਔਰਤਾਂ ਦੀ ਭੂਮਿਕਾ ਨੂੰ ਨਵੇਂ ਹੀ ਅੰਦਾਜ਼ ਬਖ਼ਸ਼ ਦਿੱਤੇ ਹਨ। ਇਹਦੇ ਨਾਲ ਇਸਤਰੀਆਂ ਦੀਆਂ ਮੁਸ਼ਕਲਾਂ ਵਿਚ ਚੋਖਾ ਵਾਧਾ ਹੋਇਆ ਹੈ। ਨਵੀਆਂ ਥਾਵਾਂ ਅਤੇ ਨਵੇਂ ਕੰਮਾਂ ਉਪਰ ਇਸਤਰੀਆਂ ਨੂੰ ਗੰਭੀਰ ਕਿਸਮ ਦੇ ਯੌਨ-ਸ਼ੋਸ਼ਣ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸਤਰੀਆਂ ਅਕਸਰ ਹੀ ਇਸ ਸ਼ੋਸ਼ਣ ਦੇ ਖ਼ਿਲਾਫ਼ ਆਵਾਜ਼ ਨਹੀਂ ਉਠਾਉਂਦੀਆਂ। ਇਸ ਨਾਲ ਸ਼ੋਸ਼ਣ ਕਰਨ ਵਾਲੇ ਦਾ ਹੌਸਲਾ ਵੱਧਦਾ ਹੈ ਅਤੇ ਫੇਰ ਪੀੜਤ ਔਰਤ ਲਈ ਸ਼ੋਸ਼ਣ ਹੀ ਉਸ ਦਾ ਨਸੀਬ ਬਣ ਜਾਂਦਾ ਹੈ।

ਦਰਅਸਲ, ਸੰਸਾਰੀਕਰਨ ਦੇ ਕਾਰਨ ਇਸਤਰੀਆਂ ਵਿਚਾਲੇ ਅਸੁਰੱਖਿਆ ਦੀ ਭਾਵਨਾ ਵਧੀ ਹੈ। ਭਾਰਤ ਦੇ ਨਾਲ-ਨਾਲ ਪੂਰੇ ਏਸ਼ੀਆ ਵਿਚ ਹੀ ਸਥਿਤੀ ਬਹੁਤ ਹੀ ਮਾੜੀ ਹੈ। ਸਮਾਜਿਕ ਅਤੇ ਭਾਈਚਾਰਕ ਸਥਿਤੀਆਂ ਦੇ ਨਾਲ ਹੀ ਆਰਥਿਕ ਕਾਰਨਾਂ ਕਰਕੇ ਇਸਤਰੀਆਂ ਨੂੰ ਹਰ ਪਲ ਨਵੇਂ ਤੋਂ ਨਵੇਂ ਹਾਦਸਿਆਂ ਨਾਲ ਦੋ-ਚਾਰ ਹੋਣਾ ਪੈਂਦਾ ਹੈ। ਸੰਸਾਰੀਕਰਨ ਦੇ ਮਾਰੂ ਪ੍ਰਭਾਵਾਂ ਦਾ ਹੀ ਨਤੀਜਾ ਹੈ ਕਿ ਜੇਕਰ ਸਨਅਤਾਂ ਅਤੇ ਹੋਰਨਾਂ ਉਦਯੋਗਾਂ ਵਿਚ ਛਾਂਟੀ ਦੀ ਤਲਵਾਰ ਵੀ ਚੱਲਦੀ ਹੈ ਤਾਂ ਉਸ ਦਾ ਪਹਿਲਾ ਸ਼ਿਕਾਰ ਕਿਰਤੀ ਔਰਤਾਂ ਹੀ ਹੁੰਦੀਆਂ ਹਨ। ਜਿੱਥੇ ਇਸਤਰੀਆਂ ਕੰਮ ਕਰਦੀਆਂ ਹਨ ਉਥੇ ਮਿਹਨਤ ਵੀ ਮਰਦਾਂ ਨਾਲੋਂ ਲੱਗਭੱਗ ਅੱਧੀ ਹੀ ਮਿਲਦੀ ਹੈ। ਬਾਜ਼ਾਰੀਕਰਨ ਦੇ ਇਸ ਦੌਰ ਵਿਚ ਤਾਂ ਇਸਤਰੀ ਨੂੰ ਇਸਤਰੀ ਹੀ ਨਹੀਂ ਰਹਿਣ ਦਿੱਤਾ ਗਿਆ। ਉਸ ਦਾ ਪੂਰੇ ਦਾ ਪੂਰਾ ਸਰੂਪ ਬਦਲ ਦਿੱਤਾ ਗਿਆ ਹੈ। ਬਾਜ਼ਾਰੀ ਸ਼ਕਤੀਆਂ ਲਈ ਇਸਤਰੀ ਸਿਰਫ਼ ਤੇ ਸਿਰਫ਼ ਇਕ ਵਸਤੂ ਹੀ ਹੈ। ਬਿਜਲਈ ਅਤੇ ਪ੍ਰਿੰਟ ਮੀਡੀਏ ਦੀ ਮੁਕਾਬਲੇਬਾਜ਼ੀ ਵਿਚ ਔਰਤ ਦੀ ਅਸਮਤ ਹੀ ਦਾਅ ਉਤੇ ਲਾ ਦਿੱਤੀ ਗਈ ਹੈ। ਦਰਅਸਲ, ਬਾਜ਼ਾਰ ਨੂੰ ਸਭ ਕੁੱਝ ਇਵੇਂ ਹੀ ਚਾਹੀਦਾ ਹੈ। ਇਹ ਸਭ ਕੁੱਝ ਬਾਜ਼ਾਰ ਮੁਤਾਬਕ ਹੀ ਹੋ ਰਿਹਾ ਹੈ। ਜੇ ਇਸਤਰੀ ਖ਼ੁਦ ਮੁਖਤਿਆਰ ਹੋ ਗਈ ਤਾਂ ਇਵੇਂ ਨਹੀਂ ਚੱਲ ਸਕੇਗਾ। ਇਸ ਆਰਥਿਕ, ਸਮਾਜਿਕ ਅਤੇ ਰਾਜਨੀਤਕ ਸੰਦਰਭ ਵਿਚ ਹੀ ਇਸਤਰੀ ਦੀ ਹੋਣੀ ਨੂੰ ਦੇਖਿਆ ਜਾਣਾ ਚਾਹੀਦਾ ਹੈ।

ਆਖ਼ਰੀ ਅਤੇ ਅਸਲੀ ਗੱਲ ਇਹ ਹੈ ਕਿ ਅਸਲ ਵਿਚ ਵੱਡੇ ਪੈਮਾਨੇ 'ਤੇ ਇਸਤਰੀ ਦੀ ਹੋਣੀ ਬਦਲਣ ਲਈ ਪੂਰੇ ਰਾਜਨੀਤਕ ਏਜੰਡੇ ਨੂੰ ਹੀ ਬਦਲਣ ਦੀ ਲੋੜ ਹੈ ਪਰ ਇਹ ਐਨਾ ਸੌਖਾ ਕਾਰਜ ਨਹੀਂ ਹੈ। ਇਸ ਵੱਡੀ ਤਬਦੀਲੀ ਦੀ ਲੜਾਈ ਵਿਚ ਕੁੱਝ ਇਕ ਗ਼ੈਰ-ਸਰਕਾਰੀ ਅਤੇ ਔਰਤਾਂ ਦੀਆਂ ਜਥੇਬੰਦੀਆਂ ਨਹੀਂ ਬਲਕਿ ਸਮੁੱਚੇ ਕਿਰਤੀ ਲੋਕਾਂ ਦੇ ਸਾਂਝੇ, ਵਿਆਪਕ ਤੇ ਬੱਝਵੇਂ ਸੰਘਰਸ਼ ਦਾ ਉਭਰਨਾ ਇਕ ਲਾਜ਼ਮੀ ਤੇ ਬੁਨਿਆਦੀ ਸ਼ਰਤ ਹੈ। ਇਸ ਲਈ 8 ਮਾਰਚ ਨੂੰ ਸਿਰਫ਼ ਰਸਮ ਨਾ ਮੰਨਦੇ ਹੋਏ ਨਵੇਂ ਅਹਿਦ ਕਰਨ ਦਾ ਦਿਹਾੜਾ ਮੰਨਣਾ ਚਾਹੀਦਾ ਹੈ।

2nd Floor 3448 – 93 Street NW,
Edmonton T6E 6A4, Alberta (Canada)
Phone : 780 465 9118 Fax: 780 465 0661
e-mail: info@nawidunia.com
http://www.facebook.com/NawiDunia

ਸਰਮਾਏਦਾਰ ਪਾਰਟੀਆਂ ਦਾ ਚੋਣ ਅਜੰਡਾ



ਮੰਗਤ ਰਾਮ ਪਾਸਲਾ
+91-98141-82998

ਦੇਸ਼ ਦੀਆਂ ਵੱਖ-ਵੱਖ ਰਾਜਨੀਤਕ ਪਾਰਟੀਆਂ, ਖਾਸ ਤੌਰ 'ਤੇ ਸਰਮਾਏਦਾਰ-ਜਗੀਰਦਾਰ ਹਾਕਮ ਜਮਾਤਾਂ ਦੀ ਨੁਮਾਇੰਦਗੀ ਕਰਦੇ ਦੋ ਵੱਡੇ ਦਲਾਂ-ਕਾਂਗਰਸ ਅਤੇ ਭਾਜਪਾ, ਵਲੋਂ 2014 ਵਿਚ ਹੋਣ ਵਾਲੀਆਂ ਲੋਕ ਸਭਾ ਦੀਆਂ ਚੋਣਾਂ ਲਈ ਜ਼ੋਰਦਾਰ ਤਿਆਰੀਆਂ ਆਰੰਭ ਕਰ ਦਿੱਤੀਆਂ ਗਈਆਂ ਹਨ। ਚੋਣਾਂ ਲਈ ਰਣਨੀਤੀ ਘੜਨ ਅਤੇ ਲੋਕਾਂ ਨੂੰ ਪਰੋਸੇ ਜਾਣ ਵਾਲੇ ਨਾਅਰਿਆਂ ਤੇ ਵਾਅਦਿਆਂ ਦੀ ਬਣਤ ਬਣਾਉਣ ਵਾਸਤੇ ਚਿੰਤਨ ਮੀਟਿੰਗਾਂ ਤੇ ਵਿਚਾਰ ਵਟਾਂਦਰਿਆਂ ਦਾ ਦੌਰ ਸ਼ੁਰੂ ਹੋ ਚੁੱਕਾ ਹੈ।

ਕਾਂਗਰਸ ਪਾਰਟੀ, ਜੋ ਸਰਮਾਏਦਾਰ-ਜਗੀਰਦਾਰ ਜਮਾਤਾਂ ਦੀ ਸਭ ਤੋਂ ਵੱਡੀ ਰਾਜਨੀਤਕ ਪਾਰਟੀ ਹੈ, ਨੇ ਪਿਛੇ ਜਿਹੇ ਜੈਪੁਰ (ਰਾਜਸਥਾਨ) ਵਿਖੇ ਚਿੰਤਨ ਬੈਠਕ ਕਰਕੇ ਆਉਂਦੀਆਂ ਲੋਕ ਸਭਾ ਚੋਣਾਂ ਜਿੱਤਣ ਲਈ ਆਪਣੀਆਂ ਪਹਿਲਤਾਵਾਂ ਤੇ ਦਾਅਪੇਚਾਂ ਦੀ ਬਸਾਤ ਵਿਛਾ ਦਿੱਤੀ ਹੈ। ਪਾਰਟੀ ਦੀ ਪ੍ਰਧਾਨ ਸ਼੍ਰੀਮਤੀ ਸੋਨੀਆ ਗਾਂਧੀ ਨੇ ਇਕ ਤਾਂ ਕਾਂਗਰਸ ਪਾਰਟੀ ਤੋਂ ਮੋਹ ਭੰਗ ਹੋ ਕੇ ਦੂਰ ਜਾ ਰਹੀ ਦਰਮਿਆਨੀ ਜਮਾਤ ਨੂੰ ਫਿਰ ਤੋਂ ਪਾਰਟੀ ਨਾਲ ਜੋੜੀ ਰੱਖਣ ਦਾ ਨਿਸ਼ਚਾ ਦਰਿੜਾਇਆ ਹੈ, ਕਿਉਂਕਿ ਚੋਣਾਂ ਜਿੱਤਣ ਲਈ ਕਾਂਗਰਸ ਪ੍ਰਧਾਨ ਵਲੋਂ ਦੇ ਇਸ ਹਿੱਸੇ ਦੀ ਮਹਾਨਤਾ ਨੂੰ ਖੂਬ ਸਮਝਦੀ ਹੈ। ਕਾਂਗਰਸ ਦੀ ਇਸ ਚਿੰਤਨ ਬੈਠਕ ਵਿਚ ਦੂਸਰੇ ਵੱਡੇ 'ਫੈਸਲੇ' ਵਜੋਂ ਪਾਰਟੀ ਦੇ 'ਯੁਵਰਾਜ' ਰਾਹੁਲ ਗਾਂਧੀ ਨੂੰ ਕਾਂਗਰਸ ਦੀ ਵਾਗਡੋਰ ਪੂਰੀ ਤਰ੍ਹਾਂ ਸੰਭਾਲ ਦਿੱਤੀ ਗਈ ਹੈ ਤੇ ਆਉਂਦੀਆਂ ਲੋਕ ਸਭਾ ਚੋਣਾਂ ਵਿਚ ਉਸਨੂੰ ਪ੍ਰਧਾਨ ਮੰਤਰੀ ਦੇ ਉਮੀਦਵਾਰ ਵਜੋਂ ਉਭਾਰਨ ਦਾ ਐਲਾਨ ਕਰ ਦਿੱਤਾ ਹੈ। ਇਸ ਗੱਲ ਦੀ ਵੀ ਪੂਰੀ ਸੰਭਾਵਨਾ ਹੈ ਕਿ ਇਹਨਾਂ ਚੋਣਾਂ ਵਿਚ ਕੁੱਦਣ ਤੋਂ ਪਹਿਲਾਂ ਯੂ.ਪੀ.ਏ. ਸਰਕਾਰ ਗੁਰਬਤ ਦੇ ਮਾਰੇ ਹੋਏ ਲੋਕਾਂ ਵਾਸਤੇ ਕੁੱਝ ਆਰਥਕ ਰਿਆਇਤਾਂ ਐਲਾਨਣ ਦਾ ਡਰਾਮਾ ਵੀ ਕਰੇ। 'ਗਰੀਬੀ ਹਟਾਓ' ਅਤੇ 'ਕਾਂਗਰਸ ਕਾ ਹਾਥ, ਆਮ ਆਦਮੀ ਕੇ ਸਾਥ' ਦੇ ਨਾਅਰੇ ਲਗਾ ਕੇ ਸੱਤਾ ਉਪਰ ਕਬਜ਼ਾ ਜਮਾਈ ਰੱਖਣ ਵਾਲੀ ਕਾਂਗਰਸ ਪਾਰਟੀ ਦੇਸ਼ ਦੇ ਕਰੋੜਾਂ ਲੋਕਾਂ ਨੂੰ ਗਰੀਬੀ ਦੀ ਦਲਦਲ ਵਿਚ ਸੁੱਟ ਕੇ, ਅਤੇ ਮਹਿੰਗਾਈ, ਬੇਕਾਰੀ ਤੇ ਭੁਖਮਰੀ ਦੇ ਫੈਵੀਕੋਲ ਨਾਲ ਆਮ ਆਦਮੀ ਦੇ ਹੱਥ ਨੂੰ ਕਾਂਗਰਸ ਨਾਲ ਚੰਬੇੜਨ ਤੋਂ ਬਾਅਦ ਹੁਣ ਆਪਣੀਆਂ 'ਸਵੱਲੀਆਂ ਨਜ਼ਰਾਂ' ਦਰਮਿਆਨੀ ਜਮਾਤ ਵੱਲ ਨੂੰ ਕੇਂਦਰਤ ਕਰਨ ਦਾ ਪ੍ਰਯੋਜਨ ਬਣਾ ਰਹੀ ਹੈ। ਇਹ ਸਾਰਾ ਕੁੱਝ ਸਿਰੇ ਚਾੜ੍ਹਨ ਵਾਸਤੇ ਪੁਰਾਣੀ ਸ਼ਰਾਬ ਨੂੰ ਨਵੀਆਂ ਬੋਤਲਾਂ ਵਿਚ ਪਾਉਣ ਵਾਂਗ, ਨਹਿਰੂ ਪ੍ਰਵਾਰ ਦੇ ਚਸ਼ਮੋਚਿਰਾਗ, ਰਾਹੁਲ ਗਾਂਧੀ, ਦੇ ਸਿਰ ਉਪਰ ਤਾਜ ਸਜਾ ਕੇ 'ਮਨਮੋਹਨ ਮਾਰਕਾ' ਸਾਮਰਾਜ ਨਿਰਦੇਸ਼ਤ ਤਬਾਹਕੁੰਨ ਨੀਤੀਆਂ ਨੂੰ ਹੋਰ ਤੇਜ਼ੀ ਨਾਲ ਅੱਗੇ ਵਧਾਉਣ ਲਈ ਕਾਂਗਰਸ ਪਾਰਟੀ ਕਮਰਕੱਸੇ ਕਰੀ ਬੈਠੀ ਹੈ। ਇਸ ਚਿੰਤਨ ਸ਼ਿਵਿਰ ਵਿਚ ਲੱਕ ਤੋੜਵੀਂ ਮਹਿੰਗਾਈ, ਵੱਧ ਰਹੀ ਬੇਕਾਰੀ ਤੇ ਭੁਖਮਰੀ, ਲੋੜੀਂਦੀਆਂ ਸਿਹਤ ਤੇ ਵਿਦਿਅਕ ਸਹੂਲਤਾਂ ਦਾ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਜਾਣਾ, ਆਮ ਜਨਤਾ ਖਾਸ ਤੌਰ 'ਤੇ ਔਰਤਾਂ ਤੇ ਅਨੁਸੂਚਿਤ ਜਾਤੀਆਂ ਦੇ ਲੋਕਾਂ ਉਪਰ ਵੱਧ ਰਹੇ ਜ਼ੁਲਮਾਂ ਬਾਰੇ ਚਰਚਾ ਤਾਂ ਕੀ ਹੋਣੀ ਸੀ, ਜ਼ਿਕਰ ਤੱਕ ਨਹੀਂ ਹੋਇਆ ਇਸ ਚਿੰਤਨ ਸ਼ਿਵਿਰ ਵਿਚ। ਕਾਂਗਰਸ ਪਾਰਟੀ ਦੀ ਇਸ ਚਿੰਤਨ ਬੈਠਕ ਦਾ ਪੂਰਾ ਮਾਹੌਲ ਅੱਤ ਨੀਵੀਂ ਪੱਧਰ ਦੀ 'ਚਮਚਾਗਿਰੀ' ਵਿਚ ਰੰਗਿਆ ਹੋਇਆ ਸੀ, ਜਿਥੇ 'ਯੁਵਰਾਜ' ਦੇ ਗੁਣਗਾਨ ਸੁਣਨ ਤੋਂ ਬਿਨਾਂ ਹੋਰ ਕੁੱਝ ਵੀ ਨਹੀਂ ਸੀ ਸੁਣਦਾ। ਜਿਸ ਤੋਂ ਸਪੱਸ਼ਟ ਹੋ ਰਿਹਾ ਸੀ ਕਿ ਕਾਂਗਰਸ ਪਾਰਟੀ ਆਪਣੀਆਂ ਨਾਕਾਮੀਆਂ, ਬਦ-ਇੰਤਜ਼ਾਮੀ, ਘੁਟਾਲਿਆਂ, ਦੇਸ਼ ਨੂੰ ਨਵ ਗੁਲਾਮੀ ਵੱਲ ਧੱਕਣ ਅਤੇ ਸਮਾਜ ਵਿਚ ਪਸਰੇ ਬਹੁਮੁਖੀ ਸੰਕਟ ਦੀ ਜ਼ਿੰਮੇਵਾਰੀ ਤੋਂ ਬਚਣ ਲਈ ਆਉਂਦੀਆਂ ਚੋਣਾਂ ਵਿਚ ਤੇਜ਼ 'ਆਰਥਕ ਵਿਕਾਸ' ਤੇ ਰਾਹੁਲ ਗਾਂਧੀ ਦੇ ਰੂਪ ਵਿਚ ਨੌਜਵਾਨ ਪੀੜ੍ਹੀ ਨੂੰ ਸੱਤਾ ਸੰਭਾਲਣ ਵਰਗੇ ਝੂਠੇ, ਫਰੇਬੀ ਤੇ ਗੈਰ ਪਰਸੰਗਕ ਨਾਅਰਿਆਂ ਨੂੰ ਮੁਖ ਏਜੰਡੇ ਦੇ ਰੂਪ ਵਿਚ ਲੋਕਾਂ ਸਾਹਮਣੇ ਪੇਸ਼ ਕਰਕੇ ਸੱਤਾ ਉਪਰ ਕਾਬਜ਼ ਰਹਿਣ ਲਈ ਅੱਡੀ ਚੋਟੀ ਦਾ ਜ਼ੋਰ ਲਗਾਏਗੀ। ਸਾਮਰਾਜੀ ਆਕਿਆਂ, ਕਾਰਪੋਰੇਟ ਘਰਾਣਿਆਂ ਅਤੇ ਭਰਿਸ਼ਟਾਚਾਰ ਰਾਹੀਂ ਬੇਓੜਕ ਮਾਇਆ ਇਕੱਠੀ ਕਰਨ ਵਾਲੇ ਲੁਟੇਰਿਆਂ ਕੋਲੋਂ ਚੋਣਾਂ ਲਈ ਵਿੱਤੀ ਸਾਧਨ ਜੁਟਾਏ ਜਾਣ ਲਈ ਕਾਂਗਰਸ ਦੇ ਮਹਾਂਰਥੀ ਪਹਿਲਾਂ ਹੀ ਚੋਖੀ ਮੁਹਾਰਤ ਹਾਸਲ ਕਰ ਚੁੱਕੇ ਹਨ। ਇਸਤੋਂ ਬਿਨਾਂ ਇਹਨਾਂ ਲੋਕ ਸਭਾ ਚੋਣਾਂ ਅੰਦਰ ਕਾਂਗਰਸ ਪਾਰਟੀ ਵੱਖ-ਵੱਖ ਪ੍ਰਾਂਤਾਂ ਵਿਚ ਖੇਤਰੀ, ਛਾਵਨਵਾਦੀ, ਵੰਡਵਾਦੀ ਤੇ ਫੁਟਪਾਊ ਮੁੱਦਿਆਂ ਨੂੰ ਵੀ ਛੋਹ ਸਕਦੀ ਹੈ, ਕਿਉਂਕਿ ਉਸ ਲਈ ਕਿਸੇ ਵੀ ਹੋਰ ਸਿਧਾਂਤ ਨਾਲੋਂ 'ਸੱਤਾ ਪ੍ਰਾਪਤੀ' ਲਈ ਹਰ ਜਾਇਜ਼ ਨਾਜਾਇਜ਼ ਢੰਗ ਵਰਤਣ ਦਾ ਸਿਧਾਂਤ ਸਰਵਸ਼੍ਰੇਸ਼ਟ ਹੈ।

ਭਾਜਪਾ, ਜੋ ਦੇਸ਼ ਅੰਦਰ ਲੁਟੇਰੇ ਵਰਗਾਂ ਦੀ ਦੂਸਰੀ ਵੱਡੀ ਰਾਜਸੀ ਧਿਰ ਹੈ, ਨੇ ਵੀ ਆਉਂਦੀਆਂ ਲੋਕ ਸਭਾ ਚੋਣਾਂ ਜਿੱਤਣ ਲਈ ਹਰ ਫਿਰਕੂ ਤੇ ਫੁੱਟ ਪਾਊ ਮੁੱਦਾ ਉਭਾਰ ਕੇ ਜਨ ਸਮਰਥਨ ਜੁਟਾਉਣ ਦਾ ਯਤਨ ਕਰਨਾ ਹੈ। ਗੁਜਰਾਤ ਵਿਚ ਨਰਿੰਦਰ ਮੋਦੀ ਦੀ ਜਿੱਤ ਨੇ ਭਾਜਪਾ ਅੰਦਰ ਫਿਰਕੂ ਪੱਤਾ ਖੇਡਣ ਦੀ ਚਾਲ ਨੂੰ ਕਾਫੀ ਬਲ ਬਖਸ਼ਿਆ ਹੈ। ਜੇਕਰ ਫਿਰਕੂ ਜ਼ਹਿਰ ਉਗਲਣ ਵਾਲਾ ਅਤੇ ਹਜ਼ਾਰਾਂ ਬੇਦੋਸ਼ੇ ਘਟ ਗਿਣਤੀ ਲੋਕਾਂ ਦੇ ਖ਼ੂਨ ਨਾਲ ਹੱਥ ਰੰਗਣ ਵਾਲਾ, ਨਰਿੰਦਰ ਮੋਦੀ, ਤੀਸਰੀ ਵਾਰ ਗੁਜਰਾਤ ਅੰਦਰ ਮੁੱਖ ਮੰਤਰੀ ਦੀ ਕੁਰਸੀ ਉਪਰ ਬਿਰਾਜਮਾਨ ਹੋ ਸਕਦਾ ਹੈ ਤਾਂ ਪ੍ਰਧਾਨ ਮੰਤਰੀ ਦੀ ਕੁਰਸੀ ਵੀ ਅਜਿਹੇ ਕੁਕਰਮੀ ਨੂੰ ਪ੍ਰਾਪਤ ਕਿਉਂ ਨਹੀਂ ਹੋ ਸਕਦੀ? ਅਜਿਹੀ ਸੋਚ ਭਾਰੂ ਹੋ ਰਹੀ ਹੈ ਸੰਘ ਪਰਿਵਾਰ ਦੇ ਨੀਤੀ ਘਾੜਿਆਂ ਅੰਦਰ। 'ਵਿਲੱਖਣ ਚਾਲ ਚਰਿੱਤਰ' ਦਾ ਦਾਅਵਾ ਕਰਨ ਵਾਲੀ ਭਾਜਪਾ ਆਪਣੇ ਨੇਤਾਵਾਂ ਦੇ ਭਰਿਸ਼ਟਾਚਾਰੀ ਕਾਰਨਾਮਿਆਂ ਰਾਹੀਂ ਲੋਕ ਕਚਿਹਰੀ ਵਿਚ ਪਹਿਲਾਂ ਹੀ ਕਾਫੀ ਬੱਦੂ ਹੋ ਚੁੱਕੀ ਹੈ। ਸਾਬਕਾ ਭਾਜਪਾ ਪ੍ਰਧਾਨ ਗਡਕਰੀ ਸਮੇਤ ਕਰਨਾਟਕ, ਮੱਧ ਪ੍ਰਦੇਸ਼, ਛੱਤੀਸਗੜ੍ਹ ਦੀਆਂ ਭਾਜਪਾ ਸਰਕਾਰਾਂ ਭਰਿਸ਼ਟਾਚਾਰ ਦੇ ਸਾਗਰ ਵਿਚ ਡੂੰਘੇ ਗੋਤੇ ਲਗਾ ਚੁੱਕੀਆਂ ਹਨ। ਨਵ ਉਦਾਰਵਾਦੀ ਨੀਤੀਆਂ ਬਾਰੇ ਭਾਜਪਾ ਤੇ ਐਨ.ਡੀ.ਏ. ਕੁੱਝ ਵੀ ਵੱਖਰਾ ਕਹਿਣ ਦੀ ਹਿੰਮਤ ਹੀ ਨਹੀਂ ਕਰ ਸਕਦੇ; ਕਿਉਂਕਿ ਸਾਮਰਾਜੀ ਸੰਸਾਰੀਕਰਨ ਦੇ ਦੌਰ ਵਿਚ ਉਦਾਰੀਕਰਨ ਤੇ ਨਿੱਜੀਕਰਨ ਦੀ ਹੋੜ ਵਿਚ ਭਾਜਪਾ ਕਾਂਗਰਸ ਦੇ ਕਦਮ ਨਾਲ ਕਦਮ ਮਿਲਾ ਕੇ ਚੱਲਣ ਵਿਚ ਕੋਈ ਸ਼ਰਮ ਜਾਂ ਹਿਚਕਚਾਹਟ ਮਹਿਸੂਸ ਨਹੀਂ ਕਰਦੀ। ਸਾਮਰਾਜ ਪ੍ਰਸਤੀ ਵੀ ਭਾਜਪਾ ਨੂੰ ਗੁੜ੍ਹਤੀ ਵਿਚ ਮਿਲੀ ਹੋਈ ਹੈ ਕਿਉਂਕਿ ਆਰ.ਐਸ.ਐਸ. ਦਾ ਜਨਮ ਹੀ ਆਜ਼ਾਦੀ ਸੰਗਰਾਮ ਦੌਰਾਨ ਅੰਗਰੇਜ਼ ਸਾਮਰਾਜ ਦੀ ਸੇਵਾ ਹਿੱਤ ਹੋਇਆ ਸੀ। ਇਸ ਲਈ ਭਾਜਪਾ ਤੇ ਇਸਦੇ ਇਤਿਹਾਦੀਆਂ ਵਲੋਂ ਭਾਵੇਂ ਵੋਟਾਂ ਪ੍ਰਾਪਤ ਕਰਨ ਖਾਤਰ ਵੱਧ ਰਹੀ ਮਹਿੰਗਾਈ, ਬੇਕਾਰੀ ਤੇ ਭਰਿਸ਼ਟਾਚਾਰ ਦਾ ਮੁੱਦਾ ਚੋਣਾਂ ਅੰਦਰ ਪ੍ਰਚਾਰ ਕਰਨ ਹਿੱਤ ਜ਼ਰੂਰ ਉਠਾਇਆ ਜਾਵੇਗਾ ਪ੍ਰੰਤੂ ਇਨ੍ਹਾਂ ਬਿਮਾਰੀਆਂ ਦੇ ਕਾਰਨਾਂ ਅਤੇ ਉਪਾਵਾਂ ਬਾਰੇ ਭਾਜਪਾ ਤੇ ਇਸਦੇ ਇਤਿਹਾਦੀ ਕੋਈ ਵੀ ਸਕਾਰਾਤਮਕ ਤੇ ਠੋਸ ਸੁਝਾਅ ਦੇਣ ਦੀ ਅਵਸਥਾ ਵਿਚ ਨਹੀਂ ਹਨ।

ਹੁਣ ਸਵਾਲ ਉਠਦਾ ਹੈ ਕਿ ਆਉਂਦੀਆਂ ਲੋਕ ਸਭਾ ਚੋਣਾਂ ਅੰਦਰ ਦੇਸ਼ ਦੀਆਂ ਖੱਬੀਆਂ ਜਮਹੂਰੀ ਸ਼ਕਤੀਆਂ ਕਿਸ ਏਜੰਡੇ ਦੁਆਲੇ ਲੋਕ ਰਾਇ ਲਾਮਬੰਦ ਕਰਨ ਦਾ ਯਤਨ ਕਰਨ ਤਾਂ ਕਿ ਆਮ ਜਨਤਾ ਲੁਟੇਰੇ ਵਰਗਾਂ ਦੀਆਂ ਰਾਜਸੀ ਪਾਰਟੀਆਂ ਦੇ ਬਹਿਕਾਵੇ ਵਿਚ ਨਾ ਆਵੇ ਅਤੇ ਆਪਣੇ ਲੋਕ ਪੱਖੀ ਏਜੰਡੇ ਨੂੰ ਲੈ ਕੇ ਅੱਗੇ ਵਧੇ। ਅਜਿਹਾ ਕਰਨ ਲਈ ਪਹਿਲੀ ਜ਼ਰੂਰਤ ਤਾਂ ਇਹ ਹੈ ਕਿ ਖੱਬੇ ਪੱਖੀ ਰਾਜਸੀ ਧਿਰਾਂ ਚੰਦ ਸੀਟਾਂ ਜਾਂ ਵੋਟਾਂ ਹਾਸਲ ਕਰਨ ਲਈ ਸਰਮਾਏਦਾਰ-ਜਗੀਰਦਾਰ ਰਾਜਨੀਤਕ ਪਾਰਟੀਆਂ ਨਾਲ ਸਿੱਧੇ ਜਾਂ ਵਿੰਗੇ ਢੰਗ ਨਾਲ ਗਠਜੋੜ ਜਾਂ ਲੈ ਦੇਅ ਕਰਨ ਤੋਂ ਪੂਰੀ ਤਰ੍ਹਾਂ ਮੁਕਤ ਹੋਣ। ਲੋਕ ਸਭਾ ਚੋਣਾਂ ਅੰਦਰ ਖੱਬੇ ਪੱਖੀ ਰਾਜਨੀਤਕ ਪਾਰਟੀਆਂ ਨੂੰ ਹੁਣ ਤੋਂ ਹੀ ਆਮ ਲੋਕਾਂ ਨਾਲ ਸਬੰਧਤ ਬੁਨਿਆਦੀ ਸਵਾਲਾਂ ਜਿਵੇਂ ਮਹਿੰਗਾਈ, ਬੇਕਾਰੀ, ਗਰੀਬੀ ਤੇ ਜੀਵਨ ਦੀਆਂ ਬੁਨਿਆਦੀ ਸਹੂਲਤਾਂ ਦੀ ਅਣਹੋਂਦ ਅਤੇ ਇਸ ਸਭ ਲਈ ਮੂਲ ਰੂਪ ਵਿਚ ਜ਼ਿੰਮੇਵਾਰ ਯੂ.ਪੀ.ਏ. ਤੇ ਐਨ.ਡੀ.ਏ. ਵਲੋਂ ਅਪਣਾਈਆਂ ਜਾ ਰਹੀਆਂ ਨਵਉਦਾਰਵਾਦੀ ਨੀਤੀਆਂ ਨੂੰ ਕੇਂਦਰੀ ਮੁੱਦੇ ਦੇ ਤੌਰ 'ਤੇ ਉਭਾਰਨਾ ਚਾਹੀਦਾ ਹੈ। ਹਾਕਮਾਂ ਵਲੋਂ ਕੀਤਾ ਜਾ ਰਿਹਾ ਭਰਿਸ਼ਟਾਚਾਰ, ਦੇਸ਼ ਦੇ ਕੁਦਰਤੀ ਸਾਧਨਾਂ ਦੀ ਸਾਮਰਾਜੀ ਤੇ ਕਾਰਪੋਰੇਟ ਘਰਾਣਿਆਂ ਵਲੋਂ ਕੀਤੀ ਜਾ ਰਹੀ ਬੇਕਿਰਕ ਲੁੱਟ, ਜਮਹੂਰੀਅਤ ਉਤੇ ਕੀਤੇ ਜਾ ਰਹੇ ਤਾਬੜਤੋੜ ਹਮਲੇ, ਘਟਗਿਣਤੀਆਂ, ਔਰਤਾਂ, ਪਛੜੇ ਵਰਗਾਂ ਉਪਰ ਵੱਧ ਰਹੇ ਜ਼ੁਲਮ ਆਦਿ ਮੁੱਦੇ ਵੀ ਆਉਂਦੀਆਂ ਲੋਕ ਸਭਾ ਚੋਣਾਂ ਤੇ ਇਸਤੋਂ ਪਹਿਲਾਂ ਕੀਤੇ ਜਾਣ ਵਾਲੇ ਪ੍ਰਚਾਰ ਦੀ ਮੁੱਖ ਸੇਧ ਹੋਣੀ ਚਾਹੀਦੀ ਹੈ। ਇਸਤੋਂ ਬਿਨਾਂ ਇਹ ਵੀ ਜ਼ਰੂਰੀ ਹੈ ਕਿ ਖੱਬੀ ਧਿਰ ਸਿਰਫ ਸਰਕਾਰ ਦੀਆਂ ਨਾਕਾਮੀਆਂ ਉਤੇ ਹੀ ਉਂਗਲ ਨਾ ਧਰੇ ਬਲਕਿ ਮੌਜੂਦਾ ਆਰਥਕ ਨੀਤੀਆਂ ਦੇ ਮੁਕਾਬਲੇ ਵਿਚ ਲੋਕ ਪੱਖੀ ਮੁਤਬਾਦਲ ਨੀਤੀਆਂ ਨੂੰ ਵੀ ਪੇਸ਼ ਕਰਨ ਦੀ ਪਹਿਲ ਕਦਮੀ ਕਰੇ। ਹਾਕਮਾਂ ਵਲੋਂ ਇਹ ਕੂੜ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਮੌਜੂਦਾ ਆਰਥਕ ਨੀਤੀਆਂ ਤੋਂ ਬਿਨਾਂ ਦੇਸ਼ ਦਾ ਸਰਵਪੱਖੀ ਵਿਕਾਸ (ਅਸਲ ਵਿਚ ਵਿਨਾਸ਼) ਸੰਭਵ ਹੀ ਨਹੀਂ ਹੈ। ਖੱਬੀ ਧਿਰ ਮੌਜੂਦਾ ਸਾਮਰਾਜੀ ਹਿੱਤਾਂ, ਕਾਰਪੋਰੇਟ ਘਰਾਣਿਆਂ ਤੇ ਜਗੀਰੂ ਤੱਤਾਂ ਦਾ ਹਿਤ ਪੂਰਨ ਵਾਲੀਆਂ ਨੀਤੀਆਂ ਦੇ ਬਦਲ ਵਜੋਂ ਦੇਸ਼ ਦੇ ਆਤਮ ਨਿਰਭਰ ਆਰਥਕ ਵਿਕਾਸ ਰਾਹੀਂ ਮੌਜੂਦਾ ਵਿੱਤੀ ਸੰਕਟ ਉਪਰ ਕਾਬੂ ਪਾਉਣ ਵਾਲੇ ਪ੍ਰੋਗਰਾਮ ਅਤੇ ਨੀਤੀਆਂ ਦੀ ਅਲੰਬਰਦਾਰ ਹੈ। ਖੱਬੀ ਧਿਰ ਮੌਜੂਦਾ ਹਾਕਮਾਂ ਦੇ ਗੈਰ ਜਮਹੂਰੀ ਅਮਲਾਂ ਨੂੰ ਠੱਲ੍ਹ ਪਾ ਕੇ ਜਮਹੂਰੀ ਅਧਿਕਾਰਾਂ ਤੇ ਸਰਗਰਮੀਆਂ ਦਾ ਪਸਾਰਾ ਕਰ ਸਕਦੀ ਹੈ।

ਖੱਬੀਆਂ ਅਤੇ ਜਮਹੂਰੀ ਧਿਰਾਂ ਆਉਂਦੀਆਂ ਲੋਕ ਸਭਾ ਚੋਣਾਂ ਅੰਦਰ ਹਾਕਮ ਜਮਾਤਾਂ ਦੇ ਜਮਾਤੀ ਰਾਜ ਦੀ ਹਕੀਕਤ ਜਨਤਾ ਸਾਹਮਣੇ ਰੱਖ ਕੇ ਲੋਕਾਂ ਨਾਲ ਸਬੰਧਤ ਮੁੱਦਿਆਂ ਦੇ ਏਜੰਡੇ ਨੂੰ ਕੇਂਦਰੀ ਬਿੰਦੂ ਬਣਾਉਣ ਦਾ ਤਾਣ ਲਾਉਣ। ਇਸਦੇ ਨਾਲ ਹੀ ਇਹ ਵੀ ਅਤੀ ਜ਼ਰੂਰੀ ਹੈ ਕਿ ਇਸ ਏਜੰਡੇ ਉਪਰ ਲਗਾਤਾਰ ਤੇ ਬੱਝਵਾਂ ਸੰਘਰਸ਼ ਤੇਜ਼ ਕੀਤਾ ਜਾਵੇ। ਵੋਟਾਂ ਪਾਉਣ ਦੇ ਸਮੇਂ ਦੀ ਇੰਤਜ਼ਾਰ ਵਿਚ ਬੈਠ ਕੇ ਲੋਕ ਘੋਲਾਂ ਨੂੰ ਤਿਲਾਂਜਲੀ ਦੇਣਾ ਮੌਕਾਪ੍ਰਸਤ ਤੇ ਸੋਧਵਾਦੀ ਰਾਜਨੀਤੀ ਨੂੰ ਜਨਮ ਦਿੰਦਾ ਹੈ। ਇਨ੍ਹਾਂ ਆਉਂਦੀਆਂ ਚੋਣਾਂ ਦਾ ਨਤੀਜਾ ਕੋਈ ਵੀ ਹੋਵੇ, ਇਸ ਨੇ ਦੇਸ਼ ਦੇ ਜਮਾਤੀ ਲੁਟੇਰੇ ਰਾਜ ਪ੍ਰਬੰਧ ਵਿਚ ਕੋਈ ਬੁਨਿਆਦੀ ਤਬਦੀਲੀ ਨਹੀਂ ਕਰ ਸਕਣੀ। ਪ੍ਰੰਤੂ ਜੇਕਰ ਖੱਬੀਆਂ ਧਿਰਾਂ ਇਸ ਜਮਹੂਰੀ ਅਮਲ ਨੂੰ ਵੀ ਇਨਕਲਾਬੀ ਜਨਤਕ ਲਹਿਰ ਉਸਾਰਨ ਦੇ ਇਕ ਹਥਿਆਰ ਵਜੋਂ ਵਰਤਣ ਤੇ ਸਮਾਜਕ ਤਬਦੀਲੀ ਦੀ ਮਜ਼ਬੂਤੀ ਲਈ ਹੋਰ ਜਨਤਕ ਹਮਾਇਤ ਜੁਟਾਉਣ ਵਿਚ ਸਫਲ ਹੋ ਜਾਣ, ਤਾਂ ਨਿਰਸੰਦੇਹ ਕਿਰਤੀ ਲੋਕ ਆਪਣੇ ਅੰਤਿਮ ਨਿਸ਼ਾਨੇ ਦੀ ਕਾਮਯਾਬੀ ਵੱਲ ਅੱਗੇ ਵਧ ਰਹੇ ਹੋਣਗੇ।

ਬਲਾਤਕਾਰ ਦੀ ਸਭਿਆਚਾਰਕ ਮਨਜ਼ੂਰੀ ਨੂੰ ਕਿਵੇਂ ਰੋਕਿਆ ਜਾਵੇ?

ਮੀਨਾ ਕਾਂਡਾਸਾਮੀ

ਸਭ ਤੋਂ ਉਤਮ ਵਰਗ ਦੇ ਪ੍ਰਵਚਨ ਕਈ ਪਾਸੇ ਉਂਗਲ ਚੁੱਕਦੇ ਹਨ ਪਰ ਅਸਲੀ ਕਾਰਨ ਵੱਲ ਨਹੀਂ, ਜਿਹੜੇ ਬਲਾਤਕਾਰ ਦੀ ਸਭਿਆਚਾਰਕ ਮਨਜ਼ੂਰੀ ਹਨ। ਅਰੁਨਦੁੱਤੀ ਰਾਏ ਨੇ ਬੜੇ ਹੌਸਲੇ ਨਾਲ ਇਸ ਨੂੰ ਭਾਰਤ ਦੀ ਬਲਾਤਕਾਰ ਸਭਿਅਤਾ ਦੱਸਿਆ ਹੈ। ਬਲਾਤਕਾਰ ਸਿਰਫ਼ ਗਿਣਤੀ ਨਹੀਂ (2011 ਵਿਚ 24,206) ਪਰ ਇਸ ਦੀਆਂ ਸ਼੍ਰੇਣੀਆਂ ਹਨ। ਪਹਿਲਾਂ ਵਿਆਹ ਵਿਚ ਬਲਾਤਕਾਰ, ਜਿਸ ਨੂੰ ਬਲਾਤਕਾਰ ਨਹੀਂ ਮੰਨਿਆ ਜਾਂਦਾ। ਦੂਜਾ ਹੈ ਉਸ ਨੇ ਬਲਾਤਕਾਰ ਦਾ ਸੱਦਾ ਦਿੱਤਾ, ਜਿਹੜਾ ਕਿ ਸ਼ਹਿਰੀ ਔਰਤ ਬਾਰੇ ਹੈ। ਫਿਰ 'ਦੇਸ਼ ਭਗਤੀ' ਬਲਾਤਕਾਰ ਹੈ, ਭਾਰਤੀ ਫ਼ੌਜ ਕਾਰਨ ਵਾਪਰੀਆਂ ਡਰ ਦੀਆਂ ਰਾਤਾਂ, ਕਸ਼ਮੀਰ ਦੇ ਕੁਨਾਨ-ਪੁਸ਼ਪੋਰਾ ਅਤੇ ਸ਼ੋਪੀਆ ਵਿਚ। ਇਸ ਦਾ ਦੂਜਾ ਚਚੇਰਾ ਭਰਾ ਲੰਮੇ ਸਮੇਂ ਤੋਂ ਚਲਿਆ ਆ ਰਿਹਾ ਅਨੁਸ਼ਾਸਨ ਬਲਾਤਕਾਰ, ਜਿਹੜਾ ਖ਼ੁਦਮੁਖਤਿਆਰੀ ਮੰਗਦੇ ਲੋਕਾਂ ਨੂੰ ਅਨੁਸ਼ਾਸਨ ਸਿਖਾਉਣ ਵਾਸਤੇ ਹੁੰਦਾ ਹੈ। ਜਿਵੇਂ ਕਿ ਆਈ.ਪੀ.ਕੇ.ਐਫ਼., ਇਲਾਮ ਵਿਚ ਮਨੀਪੁਰ ਵਿਚ ਏ.ਐਫ਼.ਐਸ.ਪੀ.ਏ. ਨਾਲ ਸਮਰੱਥ ਕੀਤੀ ਗਈ ਫ਼ੌਜ। ਘੱਟ ਗਿਣਤੀ ਦਾ ਬਲਾਤਕਾਰ ਜਿਵੇਂ ਮੁਸਲਮਾਨ ਔਰਤਾਂ ਦਾ ਗੁਜਰਾਤ ਵਿਚ। ਘੱਟ ਗਿਣਤੀ ਬਲਾਤਕਾਰ ਜਿਵੇਂ ਚਿਦੰਬਰਮ ਪਦਮਨੀ ਨਾਲ ਹੋਇਆ। ਸਭ ਤੋਂ ਜ਼ਿਆਦਾ ਅਤੇ ਆਮ ਹੋਣ ਵਾਲਾ ਦਲਿਤ ਔਰਤਾਂ ਦਾ ਉਚ ਜਾਤੀ ਦੇ ਹਿੰਦੂਆਂ ਵਲੋਂ ਬਲਾਤਕਾਰ, ਜਿਵੇਂ ਕਿ ਸੁਰੇਖਾ ਭੋਟਮਾਂਗੇ ਅਤੇ ਉਸ ਦੀ ਕੁੜੀ ਖੈਰਲੰਜੀ ਦਾ ਅਤੇ ਹੋਰ ਹਜ਼ਾਰਾਂ ਘਟਨਾਵਾਂ। ਹਰ ਬਲਾਤਕਾਰ ਦੇ ਹਰ ਉਲੇਖ ਤੋਂ ਪਹਿਲਾਂ 'ਕਥਿਤ' ਸ਼ਬਦ ਜ਼ਰੂਰ ਲਾਉਣਾ, ਜਿਸ ਨਾਲ ਇਹ ਸਿਆਸੀ ਤੌਰ 'ਤੇ ਸਹੀ ਹੋ ਜਾਵੇਗਾ।

ਅਪਰਾਧ ਦੀ ਗੱਲ ਕਰਨ ਤੋਂ ਬਾਅਦ ਸਜ਼ਾ ਦੀ ਗੱਲ ਹੁੰਦੀ ਹੈ। ਦਿੱਲੀ ਵਿਚ 23 ਸਾਲ ਦੀ ਪੈਰਾਮੈਡੀਕਲ ਵਿਦਿਆਰਥਣ ਨਾਲ ਬਲਾਤਕਾਰ ਦੀ ਘਟਨਾ ਨੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ। ਇਹ ਮੌਕਾ ਵੇਖ ਕੇ, ਹਿੰਸਾ ਨੇ ਨਿਆਂ ਦਾ ਰੂਪ ਧਾਰਨ ਕਰ ਲਿਆ ਅਤੇ ਅਰਾਮਦਈ ਕੰਗਰੂ ਅਦਾਲਤ ਨੇ ਰਸਾਇਣਿਕ ਖਸੀਕਰਨ ਅਤੇ ਮੌਤ ਦੀ ਸਜ਼ਾ ਦਾ ਹੋਕਾ ਦਿੱਤਾ। ਇਸ ਖ਼ੂਨ ਦੀ ਪਿਆਸੀ ਮੰਗ ਦੇ ਪਿਛੇ ਸੰਚਾਰ ਪ੍ਰਚਾਰ ਦੀ ਮਸ਼ੀਨ ਹੈ। ਕੋਈ ਸੌ ਸਵਾਲ ਮਨ ਵਿਚ ਆਉਂਦੇ ਹਨ, ਇਹ ਸੁਭਾਵਕ ਹੈ। ਮੈਨੂੰ ਸਜ਼ਾ ਦਰਜਾਬੰਦੀ ਵਿਚ ਵਿਸ਼ਵਾਸ ਨਹੀਂ, ਪਰ ਇਹ ਅਭਿਆਨ ਉਸ ਸਮੇਂ ਕਿਉਂ ਨਹੀਂ ਹੋਇਆ ਜਦੋਂ ਬਲਾਤਕਾਰੀ ਆਸਾਨੀ ਨਾਲ ਅਪਰਾਧੀ ਬਣਨ ਵਾਲੇ ਕਾਮਿਆਂ ਦੇ ਵਰਗ 'ਚੋਂ ਨਹੀਂ ਸਨ। ਹਿੰਦੂ ਉਚ ਜਾਤ, ਫ਼ੌਜ, ਅਰਧ ਸੈਨਿਕ, ਪੁਲੀਸ ਜਾਂ ਅਮੀਰ ਤੇ ਤਾਕਤਵਰ? ਕੀ ਜਾਤ ਦਾ ਦਰਜਾ, ਫ਼ੌਜ ਦੀ ਵਰਦੀ, ਸਿਆਸੀ ਜਕੜ ਅਤੇ ਪੈਸਾ ਸੰਚਾਰ ਪ੍ਰਚਾਰ ਦੇ ਅਭਿਆਨ ਤੋਂ ਬਚਾਉਂਦਾ ਹੈ?

ਇਹ ਪ੍ਰਤੱਖ ਵਿਰੋਧ ਪ੍ਰਦਰਸ਼ਨ ਸਾਡੀ ਉਦਾਸੀਨ ਮਾਨਤਾ ਤੋਂ ਪਰਦਾ ਚੁਕਦੇ ਹਨ। ਜਦੋਂ ਅਸੀਂ ਨਿੱਜੀ ਜ਼ਿੰਦਗੀ ਵਿਚ ਬਲਾਤਕਾਰ ਨੂੰ ਕਿਸਮਤ ਦੇ ਸਹਾਰੇ ਮਾਨਤਾ ਦਿੰਦੇ ਹਾਂ। ਜਦੋਂ ਤੁਸੀਂ ਜਬਰਨ ਸੰਭੋਗ ਕਾਰਨ ਵਗਦੇ ਖ਼ੂਨ ਨਾਲ ਹਸਪਤਾਲ ਜਾਂਦੇ ਹੋ, ਆਪਣੇ ਆਪ ਨੂੰ ਨਿਰਾਸ਼ਾ ਲਈ ਤਿਆਰ ਰਖੋ, ਜਦੋਂ ਡਾਕਟਰ ਵਧਾਈ ਵਾਲੀ ਮੁਸਕਰਾਹਟ ਨਾਲ ਤੁਹਾਡੇ ਪਤੀ ਵੱਲ ਵੇਖਦਾ ਹੈ, ਕਿ ਉਸ ਨੇ ਇਕ ਵਾਰ ਫਿਰ ਮਰਦਾਨਗੀ ਦਾ ਸਬੂਤ ਦਿੱਤਾ ਹੈ। ਇਸ ਤੋਂ ਬਾਅਦ ਤੁਸੀਂ ਕਿਸੇ ਅਦਾਲਤ ਵਿਚ ਨਹੀਂ ਜਾ ਸਕਦੇ, ਕਿਉਂਕਿ ਭਾਰਤੀ ਕਾਨੂੰਨ ਵਿਚ ਵਿਆਹਕ ਬਲਾਤਕਾਰ ਬਾਰੇ ਕੁਝ ਨਹੀਂ ਹੈ। ਇਸ ਦਸੰਬਰ ਵਿਚ ਦਿੱਤੇ ਗਏ ਫ਼ੈਸਲੇ ਵਿਚ ਦਿੱਲੀ ਦੇ ਜ਼ਿਲ੍ਹਾ ਸੈਸ਼ਨ ਜੱਜ ਨੇ ਕਿਹਾ, ''ਆਈ.ਪੀ.ਸੀ. ਕਿਸੇ ਵਿਆਹਕ ਬਲਾਤਕਾਰ ਦੇ ਵਿਚਾਰ ਨੂੰ ਮਾਨਤਾ ਨਹੀਂ ਦਿੰਦੀ। ਜੇਕਰ ਸ਼ਿਕਾਇਤ ਕਰਤਾ ਮੁਲਜ਼ਮ ਦੀ ਕਾਨੂੰਨੀ ਪਤਨੀ ਹੈ ਤਾਂ ਮੁਲਜ਼ਮ ਵਲੋਂ ਕੀਤਾ ਸੰਭੋਗ ਬਲਾਤਕਾਰ ਨਹੀਂ ਮੰਨਿਆ ਜਾਵੇਗਾ। ਭਾਵੇਂ ਉਹ ਜ਼ਬਰਦਸਤੀ ਹੋਵੇ ਜਾਂ ਉਸ ਦੀ ਇੱਛਾ ਦੇ ਵਿਰੁੱਧ। ਕਾਨੂੰਨੀ ਤੌਰ 'ਤੇ ਇਸ ਦਾ ਮਤਲਬ ਹੈ ਕਿ ਤੁਹਾਡਾ ਸਰੀਰ ਤੁਹਾਡੇ ਪਤੀ ਦੀ ਜਾਇਦਾਦ ਹੈ। ਮਗਰਲੀ ਸੂਝ : ਸ਼ਾਦੀ ਜਬਰਨ ਖੁੱਲ੍ਹੇ ਸੰਭੋਗ ਦਾ ਆਗਿਆ ਪੱਤਰ ਹੈ ਅਤੇ ਮਰਦ ਵਾਰ ਵਾਰ ਬਲਾਤਕਾਰ ਕਰ ਕੇ ਬਚ ਸਕਦਾ ਹੈ। ਸਾਨੂੰ ਆਪਣੇ ਘਰਾਂ ਵਿਚ ਹੋ ਰਹੀ ਘਰੇਲੂ ਹਿੰਸਾ ਦਾ ਪਰਦਾਫਾਸ਼ ਕਰਨਾ ਚਾਹੀਦਾ ਹੈ, ਬਲਾਤਕਾਰੀਆਂ, ਬੱਚਿਆਂ ਦਾ ਸ਼ੋਸ਼ਣ ਕਰਨ ਵਾਲਿਆਂ, ਪਤਨੀ ਦਾ ਕੁਟਾਪਾ ਕਰਨ ਵਾਲਿਆਂ ਦਾ ਸਾਹਮਣਾ ਕਰਨਾ ਚਾਹੀਦਾ ਹੈ, ਜਿਨ੍ਹਾਂ ਨੂੰ ਅਸੀਂ ਚੁੱਪ ਰਹਿ ਕੇ ਸ਼ਰਨ ਦਿੰਦੇ ਹਾਂ।

ਕੀ ਸਾਨੂੰ ਤੇਜ਼ ਨਿਆਂ ਅਤੇ ਫਾਸਟ ਟਰੈਕ ਅਦਾਲਤਾਂ ਦੇ ਅਲੰਕਾਰ ਵਿਚ ਫਸਣਾ ਚਾਹੀਦਾ ਹੈ, ਜਦੋਂ ਸਾਨੂੰ ਇਨ੍ਹਾਂ ਦੇ ਅਸਰ ਦਾ ਪਤਾ ਨਹੀਂ ਅਤੇ ਸਾਨੂੰ ਨਿਆਂ ਪਾਲਕਾ ਦੇ ਸੁਧਾਰਾਂ ਦਾ ਲੋੜੀਂਦਾ ਪਤਾ ਨਹੀਂ ਹੈ। ਬਲਾਤਕਾਰ ਦੇ ਮੁਕੱਦਮਿਆਂ ਨਾਲ ਨਜਿੱਠਦਿਆਂ ਕਈ ਜੱਜਾਂ ਨੇ ਆਪਣੇ ਆਪ ਨੂੰ ਖਾਪ ਪੰਚਾਇਤਾਂ ਦੇ ਮੁਖੀਆਂ ਦਾ ਅਵਤਾਰ ਮੰਨਿਆ ਹੈ। ਦੋ ਸਾਲ ਪਹਿਲਾਂ ਇਕ ਨਾਬਾਲਗ ਦੇ ਸਮੂਹਕ ਬਲਾਤਕਾਰ ਦੇ ਕੇਸ ਵਿਚ ਸੁਪਰੀਮ ਕੋਰਟ ਦੇ ਜਸਟਿਸ ਐਚ.ਐਸ. ਬੇਦੀ ਅਤੇ ਜੇ.ਐਸ. ਪੰਚਲ ਨੇ ਕਿਹਾ, ''ਅਜਿਹੀ ਕੋਈ ਪਰਿਕਲਪਨਾ ਨਹੀਂ ਹੈ ਕਿ ਸਰਕਾਰੀ ਵਕੀਲ ਹਮੇਸ਼ਾ ਪੂਰੀ ਕਹਾਣੀ ਸੱਚ ਹੀ ਦਸੇਗਾ।'' ਯਾਦ ਰਹੇ ਬਲਾਤਕਾਰ ਦੇ ਮੁਕੱਦਮੇ, ਸੱਚੀ ਕਹਾਣੀ ਦੱਸਣ ਦੀ ਪ੍ਰੀਖਿਆ ਹਨ। ਸਾਨੂੰ ਇਸ ਕਲਾ ਨੂੰ ਵਿਕਸਤ ਕਰਨ ਲਈ ਸਮਾਂ ਲਾਉਣਾ ਚਾਹੀਦਾ ਹੈ ਤਾਂ ਕਿ ਜਦੋਂ ਸਾਡਾ ਬਲਾਤਕਾਰ ਹੋਵੇ ਤਾਂ ਸਾਡੇ ਨਿਆਂ ਲੈਣ ਦੇ ਅਸਾਰ ਵੱਧ ਜਾਣ। ਇਸ ਬੈਂਚ ਨੇ ਬੇਸ਼ਰਮੀ ਨਾਲ ਇਹ ਵੀ ਕਿਹਾ, ''ਬਲਾਤਕਾਰ ਦੇ ਮੁਕੱਦਮਿਆਂ ਵਿਚ ਪੀੜਤਾ ਦੀ ਗਵਾਹੀ ਧਰਮ ਸਿਧਾਂਤਕ ਸੱਚ ਨਹੀਂ ਮੰਨੀ ਜਾ ਸਕਦੀ।'' ਨਿਆਂ ਪਾਲਿਕਾ ਦਾ ਇਹ ਅੰਡਰ ਵਿਆਪੀ ਸ਼ੱਕ ਵੀ ਚੁੱਪ ਕਰਵਾਉਣ ਦਾ ਢੰਗ ਹੈ। ਵਿਵਸਥਾ ਇਹ ਕਹਿੰਦੀ ਹੈ ਕਿ ਤੁਹਾਡੇ 'ਤੇ ਵਿਸ਼ਵਾਸ ਨਹੀਂ ਕੀਤਾ ਜਾਵੇਗਾ। ਇਸ ਲਈ ਬੋਲਣਾ ਆਪਣੀ ਨਿਰਾਦਰੀ ਕਰਵਾਉਣਾ ਹੈ। ਮੇਰੇ ਵਲੋਂ ਕੀਤਾ ਗਿਆ ਅਪਮਾਨ, ਸੁਪਰੀਮ ਕੋਰਟ ਦੀ ਇਸਤਰੀ ਵਦੈਖ ਅਤੇ ਅਵਿਸ਼ਵਾਸ ਦੇ ਅਨੁਰੂਪ ਹੈ।

ਕੁਆਰੇਪਣ ਅਤੇ ਸੁਤੰਤਰਤਾ ਦੇ ਝੂਠੇ ਘੁਮੰਡ ਦੇ ਬੋਝ ਤੋਂ ਪਰ੍ਹਾਂ, ਭਾਰਤੀ ਔਰਤ ਦੁੱਖ ਹੰਢਾਉਂਦੀਆਂ ਹਨ ਕਿਉਂਕਿ ਉਨ੍ਹਾਂ ਨੂੰ ਸੰਭੋਗ ਦੀ ਵਸਤੂ ਸਮਝਿਆ ਜਾਂਦਾ ਹੈ, ਨਾ ਕਿ ਸੰਭੋਗੀ ਜੀਵ। ਜਿਵੇਂ ਭਾਰਤੀ ਮਰਦ ਦੇ ਖਿਆਲਾਂ ਵਿਚ ਇਹ ਨਹੀਂ ਆ ਸਕਦਾ ਕਿ ਔਰਤਾਂ ਵਿਚ ਵੀ ਸੰਭੋਗ ਦੀ ਇੱਛਾ ਹੋ ਸਕਦੀ ਹੈ, ਉਸੇ ਤਰ੍ਹਾਂ ਉਹ ਇਹ ਸੋਚ ਨਹੀਂ ਸਕਦਾ ਹੈ ਕਿ ਔਰਤ ਸੰਭੋਗ ਤੋਂ ਮਨ੍ਹਾਂ ਵੀ ਕਰ ਸਕਦੀ ਹੈ। ਉਨ੍ਹਾਂ ਦੀ ਮਨਜ਼ੂਰੀ ਤਾਂ ਮੰਨ ਹੀ ਲਈ ਜਾਂਦੀ ਹੈ। ਇਸ ਨਾਲ ਬਲਾਤਕਾਰੀ ਸਭਿਆਚਾਰ ਦਾ ਰਸਤਾ ਖੁੱਲ੍ਹਦਾ ਹੈ। ਔਰਤ ਦੀ ਸੰਭੋਗ ਇੱਛਾ ਤੋਂ ਮੁਨਕਰ ਹੋਣ ਦਾ ਸਭ ਤੋਂ ਵੱਡਾ ਖ਼ੂਨੀ ਕਾਰਨ ਬੇਵਜ੍ਹਾ ਹਿੰਸਾ ਹੁੰਦੀ ਹੈ ਅਤੇ ਅਣਮਿਥੇ ਸਮੇਂ ਲਈ ਅੰਤਰ ਜਾਤੀ ਵਿਆਹਾਂ 'ਤੇ ਰੋਕ ਲਗਦੀ ਹੈ। ਪਿਛਲੇ ਮਹੀਨੇ ਰਾਮਦੌਸ ਦੀ ਨੇਤਾਗਿਰੀ ਵਾਲੀ ਪੀ.ਐਮ.ਕੇ., ਨੇ ਧਰਮਪੁਰੀ ਤਾਮਿਲਨਾਡੂ ਵਿਚ ਦਲਿਤ ਕਾਲੋਨੀਆਂ ਦੇ 300 ਘਰ ਸਾੜ ਦਿੱਤੇ। ਉਚ ਜਾਤੀ ਦੀਆਂ ਔਰਤਾਂ ਨੂੰ ਧਮਕਾਇਆ ਤਾਂ ਜੋ ਉਹ ਦਲਿਤ ਮਰਦਾਂ ਨਾਲ ਵਿਆਹ ਨਾ ਕਰਵਾਉਣ। ਇਸ ਬੇਚੈਨ ਮਰਦ ਨੂੰ ਔਰਤ ਦੀ ਖ਼ੁਦਮੁਖਤਿਆਰੀ ਤੋਂ ਪੈਦਾ ਹੁੰਦੇ ਜਾਤਵਾਦ ਵਿਰੁੱਧ ਵਿਦਰੋਹ ਝੁਲਸਾਉਂਦਾ ਹੈ।

ਅਸੀਂ ਆਪਣੇ ਲਈ ਲੜਦੀਆਂ ਹਾਂ, ਆਪ ਮੁਹਾਰਤਾਂ ਨਾਲ ਤਾਕਤ ਮਿਲਦੀ ਹੈ। ਸੁਸ਼ਮਾ ਸਵਰਾਜ ਤੁਹਾਨੂੰ ਨਿਰਾਸ਼ ਕਰਨ ਲਈ ਦੁਖੀ ਹੈ। ਅਸੀਂ ਸਿਥਲ ਹੋਣ ਤੋਂ ਮੁਨਕਰ ਹਾਂ। ਅਸੀਂ ਤੁਹਾਡੀ 'ਜ਼ਿੰਦਾ ਲਾਸ਼' ਵਿਚ ਬਲਾਤਕਾਰ ਦੀਆਂ ਸ਼ਿਕਾਰ ਜ਼ਿੰਦਾਂ ਔਰਤਾਂ ਨੂੰ ਨਹੀਂ ਰੱਖ ਸਕਦੀਆਂ। ਅਸੀਂ ਤੁਰਦੀਆਂ ਫਿਰਦੀਆਂ ਲਾਸ਼ਾਂ ਨਹੀਂ ਹਾਂ। ਹਰ ਦਿਨ ਸਾਡੇ ਕਰ ਕੇ ਜ਼ਿੰਦਾ ਹੁੰਦਾ ਹੈ। ਰਾਤਾਂ ਵੀ ਸਾਡੀ ਮਲਕੀਅਤ ਹਨ। ਤੁਹਾਡੀ ਫੈਮਲੀਇਜ਼ਮ ਦੀ ਸਿਖਿਆ ਉਦੋਂ ਸ਼ੁਰੂ ਹੋਵੇਗੀ ਜਦੋਂ ਤੁਸੀਂ ਸਾਡੀ ਇੱਜ਼ਤ ਕਰਨਾ ਸਿਖੋਗੇ। ਆਪਣੇ ਖਾਲੀ ਸਮੇਂ ਵਿਚ ਹਿੰਦੂਤਵ ਅਤੇ ਕਾਮੁਕਤਾ 'ਤੇ ਸਵਾਲ ਖੜੇ ਕਰੋ, ਜਿਸ ਕਰ ਕੇ ਗੁਜਰਾਤ ਵਿਚ ਮੁਸਲਮਾਨ ਔਰਤਾਂ ਦਾ ਬਲਾਤਕਾਰ ਹੋਇਆ।

ਇਹ ਆਫ਼ਤ ਉਸ ਸ਼ਹਿਰ ਵਿਚ ਆਉਣੀ ਹੀ ਸੀ, ਜਿਹੜਾ ਤਾਕਤ ਦੇ ਮਾਇਆ ਜਾਲ ਨਾਲ ਬੇਹੋਸ਼ ਹੈ। ਦਿੱਲੀ ਐਨ.ਸੀ.ਆਰ. ਦੀ ਪੁਲੀਸ ਨੇ ਪਹਿਲਾਂ ਵੀ ਇਸ ਇਲਾਕੇ ਵਿਚ, ਬਲਾਤਕਾਰ ਜਾਇਜ਼ ਕਰਾਰ ਦਿੱਤੇ ਹਨ। ਇਸ ਨੇ ਆਪਣਾ ਮਨ ਛੁਪੇ ਹੋਏ ਕੈਮਰਿਆਂ ਅੱਗੇ ਖੋਲ੍ਹਦਿਆਂ ਕਿਹਾ, ''ਉਸ ਨੇ ਇਸ ਦਾ ਸੱਦਾ ਦਿੱਤਾ ਸੀ।'' ਅਤੇ ''ਇਹ ਜ਼ਿਆਦਾਤਰ ਉਸ ਦੀ ਮਰਜ਼ੀ ਨਾਲ ਹੁੰਦਾ ਹੈ।'' ਉਹ ਜਵਾਨ ਔਰਤ ਨੂੰ ਸੀਮਾ ਵਿਚ ਰਹਿਣ ਦਾ ਦੋਸ਼ੀ ਮੰਨਦੀ ਹੈ। ਛੋਟੀ ਸਕਰਟ ਪਾਉਣਾ, ਸਟੋਲ ਨਾ ਪਾਉਣਾ, ਵੋਦਕਾ ਪੀਣਾ, ਮਰਦਾਂ ਨੂੰ ਫੁਸਲਾਉਣਾ ਆਦਿ। ਇਸ ਪੁਲਸੀਏ ਨੇ ਕਿਹਾ ਕਿ ਕੋਈ ਬਲਾਤਕਾਰ ਕੁੜੀ ਦੀ ਭੜਕਾਹਟ ਤੋਂ ਬਿਨਾਂ ਨਹੀਂ ਹੁੰਦਾ। ਇਨ੍ਹਾਂ ਪੁਲਸੀਆਂ ਵਿਰੁੱਧ ਕੋਈ ਗੰਭੀਰ ਕਾਰਵਾਈ ਨਹੀਂ ਕੀਤੀ ਗਈ। ਇਸ ਦੇ ਉਲਟ ਉਸ ਦੇਸ਼ ਵਿਚ ਆਸ ਵੀ ਕੀ ਰੱਖੀ ਜਾ ਸਕਦੀ ਹੈ, ਜਿਸ ਵਿਚ ਐਸ.ਪੀ. ਅੰਕਿਤ ਸ਼ਰਮਾ ਨੂੰ ਵੀਰਤਾ ਮੈਡਲ ਦਿੱਤਾ ਜਾਵੇ, ਜਿਸ ਨੇ ਦਾਤੇਵਾਸ ਦੀ ਆਦਿ ਵਾਸੀ ਅਧਿਆਪਕਾ ਸੋਨੀ ਸੂਰੀ ਨੂੰ ਤਸੀਹੇ ਦੇਣ ਦਾ ਹੁਕਮ ਦਿੱਤਾ। ਉਸ ਨੂੰ ਨੰਗਾ ਕੀਤਾ ਗਿਆ, ਬਿਜਲੀ ਦਾ ਕਰੰਟ ਲਾਇਆ ਗਿਆ ਅਤੇ ਉਸ ਦੀ ਯੋਨੀ ਅਤੇ ਗੁੱਦੇ ਵਿਚ ਪੱਥਰ ਧੱਕੇ ਗਏ। ਮੈਂ ਬਲਾਤਕਾਰ ਦੀਆਂ ਬਾਕੀ ਕਹਾਣੀਆਂ ਫੇਰ ਦੱਸਾਂਗੀ।

ਸਰਕਾਰ ਦਿੱਲੀ ਵਿਚ ਇਸ ਤਰ੍ਹਾਂ ਸ਼ਾਂਤੀ ਦਾ ਵਿਖਾਵਾ ਕਰਦੀ, ਪੁੱਗੀ ਮਿਆਦ ਵਾਲੀ ਅੱਥਰੂ ਗੈਸ ਦੀ ਵਰਤੋਂ, ਪ੍ਰਦਰਸ਼ਨਾਂ ਵਿਰੁੱਧ ਲਾਠੀਚਾਰਜ, ਦਸੰਬਰ ਦੀ ਠੰਢ ਵਿਚ ਪਾਣੀ ਦੀਆਂ ਤੋਪਾਂ ਦੀ ਵਰਤੋਂ। ਪੁਲੀਸ ਦੇ ਅਤਿਵਾਦ ਦੀ ਵਰਤੋਂ, ਇਕ ਹੈਰਾਨ ਕਰਨ ਵਾਲੀ ਹਰਕਤ ਹੈ, ਜਿਸ ਦਾ ਫ਼ਾਇਦਾ ਲੰਮੇ ਸਮੇਂ ਤੋਂ ਲਿਆ ਜਾ ਰਿਹਾ ਹੈ। ਇਸ ਹਿੰਸਾ ਨਾਲ ਅੱਗੋਂ ਸ਼ਾਂਤਮਈ ਪ੍ਰਦਰਸ਼ਨ ਦੇ ਦਰਵਾਜ਼ੇ ਬੰਦ ਹੋ ਜਾਂਦੇ ਹਨ। ਇਸ ਤਸ਼ੱਦਦ ਨੂੰ ਸਹੀ ਦਸਦਿਆਂ ਦਿੱਲੀ ਦੇ ਪੁਲੀਸ ਕਮਿਸ਼ਨ ਨੇ ਸਹਿਭਾਗੀ ਨੁਕਸਾਨ ਦੀ ਗੱਲ ਕੀਤੀ ਅਤੇ ਕੇਂਦਰੀ ਗ੍ਰਹਿ ਮੰਤਰੀ ਨੇ ਪ੍ਰਦਰਸ਼ਨਾਂ ਦੀ ਤੁਲਨਾ ਮਾਓਵਾਦੀਆਂ ਨਾਲ ਕੀਤੀ। ਜਦੋਂ ਸਰਕਾਰ ਅਜਿਹੀ ਭਾਸ਼ਾ ਦੀ ਵਰਤੋਂ ਆਮ ਕਰੇ, ''ਲਾਲ ਕੋਰੀਡੋਰ'', ਦੇ ਵਿਦਰੋਹ ਲਈ ਨਹੀਂ, ਪਰ ਰਾਜਧਾਨੀ ਵਿਚ ਸੁੰਦਰ ਪਲੇ-ਕਾਰਡਾਂ ਲਈ ਤਾਂ ਇਹ ਲੋਕਾਂ ਦੇ ਖ਼ਿਲਾਫ਼ ਵੱਡੇ ਹਮਲੇ ਦਾ ਪ੍ਰਤੀਕ ਹੈ। ਜਦੋਂ ਸਰਕਾਰ, ਸਾਰੇ ਪ੍ਰਦਰਸ਼ਨਾਂ ਨੂੰ ਮਾਓਵਾਦੀ ਕਹਿੰਦੀ ਹੈ ਤੇ ਬਚਣ ਦਾ ਤਰੀਕਾ ਲੱਭਦੀ ਹੈ, ਤਾਂ ਇਸ ਨਾਲ ਨੌਜਵਾਨਾਂ ਵਿਚ ਨਿਤਾਣੇਪਣ ਅਤੇ ਵੱਖਰਤਾ ਦੀ ਭਾਵਨਾ ਆਉਂਦੀ ਹੈ ਕਿਉਂਕਿ ਸ਼ਾਸਕ ਪ੍ਰਦਰਸ਼ਨਾਂ ਨੂੰ ਸੜਕਾਂ 'ਤੇ ਜਾਂ 'ਰਾਇਸੀਨਾ ਹਿਲ' 'ਤੇ ਨਹੀਂ ਮਿਲ ਸਕਦੇ ਤਾਂ ਕੀ ਚਾਹੁੰਦੇ ਹਨ ਕਿ ਅਸੀਂ ਸਾਰੇ ਉਨ੍ਹਾਂ ਨੂੰ ਬਿਸਤਰ ਵਿਚ ਮਿਲੀਏ? ਜੇਕਰ ਇਹ ਮੰਨਿਆ ਜਾਵੇ ਕਿ ਰਾਜਨੀਤੀ ਹਿੰਸਾ ਦੀ ਤੋੜ ਹੈ, ਇੰਡੀਆ ਗੇਟ ਦੇ ਪ੍ਰਦਰਸ਼ਨਾਂ ਦੀ ਮੰਗ ਤਾਂ ਖੁੰਡੀ ਸੀ।, ''ਸਾਡੇ ਨਾਲ ਗੱਲ ਕਰੋ।'' ਉਨ੍ਹਾਂ ਨੂੰ ਰਾਜਨੀਤਕ ਉਚ ਵਰਗ ਦੀ ਚੁੱਪੀ ਅਤੇ ਸਰਕਾਰੀ ਮਸ਼ੀਨ ਦੇ ਜਾਨਲੇਵਾ ਡਰੋਣ ਦੀ ਆਵਾਜ਼ ਸੁਣੀ, ਜੋ ਉਨ੍ਹਾਂ ਦੇ ਪ੍ਰਦਰਸ਼ਨਾਂ ਨੂੰ ਖ਼ਤਮ ਕਰਨਾ ਚਾਹੁੰਦੀ ਸੀ।

ਆਸ ਹੈ ਕਿ ਮੱਧ ਵਰਗੀ ਜਮਾਤਾਂ ਜਿਨ੍ਹਾਂ ਨੇ ਪੁਲੀਸ ਦੀ ਹਿੰਸਾ ਦਾ ਸਾਹਮਣਾ ਕੀਤਾ, ਕਸ਼ਮੀਰ, ਉੱਤਰ ਪੂਰਬ ਅਤੇ ਮੱਧ ਭਾਰਤ ਦੇ ਆਦਿ ਵਾਸੀ ਪਿੰਡਾਂ ਵਿਚ ਹੋ ਰਹੇ ਪੁਲੀਸ, ਅਰਧ ਸੈਨਿਕ ਅਤੇ ਫ਼ੌਜੀ ਤਸ਼ੱਦਦ ਬਾਰੇ ਜਾਗਰੂਕ ਹੋਣਗੇ। ਉਹ ਆਪਣੀ ਨੀਂਦ ਤੋਂ ਬਾਹਰ ਆ ਕੇ ਸ਼ਾਇਦ ਲੋਕਤੰਤਰ ਪਖੰਡ ਅਤੇ ਸਾਡੇ ਚੁਣੇ ਨੁਮਾਇੰਦਿਆਂ ਦੀ ਜ਼ੀਰੋ ਜਵਾਬ ਦੇਹੀ ਬਾਰੇ ਕੁਝ ਸੋਚਣ। ਪ੍ਰਧਾਨ ਮੰਤਰੀ ਦੇ ਰਬੋਟ ਵਾਂਗ ਖਾਲੀ ਸ਼ਬਦ ਪੜ੍ਹਨ ਅਤੇ ਸਰਕਾਰ ਦੀ ਜਾਇਜ਼ ਦਖ਼ਲਅੰਦਾਜ਼ੀ ਨਾ ਹੋਣ ਨਾਲ ਪ੍ਰਦਰਸ਼ਨ ਖ਼ਤਮ ਨਹੀਂ ਹੋਣਗੇ। ਇਸ ਦੇ ਉਲਟ, ਇਸ ਨਾਲ ਨਾ-ਚਾਹੇ ਨਤੀਜੇ ਨਿਕਲਣ ਕਾਰਨ ਅਜਿਹੇ ਸੰਘਰਸ਼ ਹਰ ਥਾਂ ਸ਼ੁਰੂ ਹੋ ਜਾਣਗੇ। ਸਰਕਾਰ ਨੂੰ ਉਦੋਂ ਗੱਲ ਕਰਨੀ ਪਵੇਗੀ, ਜੇਕਰ ਸਰਕਾਰ ਇਹ ਨਹੀਂ ਕਰਦੀ ਅਤੇ ਗੁੱਸੇ ਤੇ ਵਿਰੋਧ ਨੂੰ ਛੁਪਾਉਣ ਵਿਚ ਕਾਮਯਾਬ ਹੁੰਦੀ ਹੈ ਤਾਂ ਉਸ 'ਤੇ ਵੱਡੇ ਪੱਧਰ 'ਤੇ ਗੁਰੀਲੇ ਬਣਾਉਣ ਦਾ ਇਲਜ਼ਾਮ ਲੱਗੇਗਾ। ਠੀਕ ਹੈ।

ਧੁਖ਼ਦਾ ਕਾਲਮ

'ਖ਼ੁਦਕੁਸ਼ੀ ਨੂੰ ਛੱਡ ਗੱਲ ਕਰ ਜ਼ਿੰਦਗੀ ਦੇ ਜਾਮ ਦੀ'

ਸੁਸ਼ੀਲ ਦੁਸਾਂਝ +91-97813-60066

ਭਾਰਤ ਵਿਚ ਅੱਜਕਲ ਪ੍ਰੀਖਿਆਵਾਂ ਦੇ ਦਿਨ ਚੱਲ ਰਹੇ ਹਨ। ਇਨ੍ਹਾਂ ਦਿਨਾਂ ਵਿਚ ਵਿਦਿਆਰਥੀਆਂ ਨੂੰ 'ਐਗਜ਼ਾਮ ਫੋਬੀਆ' ਇਸ ਕਦਰ ਦਬੋਚ ਲੈਂਦਾ ਹੈ ਕਿ ਉਨ੍ਹਾਂ ਨੂੰ ਆਪਣੀ ਕੋਈ ਸੁਧ-ਬੁੱਧ ਹੀ ਨਹੀਂ ਰਹਿੰਦੀ । ਪੜਾਈ ਦਾ ਫ਼ਿਕਰ ਹੋਣਾ ਚੰਗੀ ਗੱਲ ਹੈ ਪਰ ਇਸ ਫ਼ਿਕਰ ਦਾ ਹੌਲੀ-ਹੌਲੀ ਤਣਾਅ ਵਿਚ ਬਦਲ ਜਾਣਾ ਬੇਹੱਦ ਖ਼ਤਰਨਾਕ ਹੈ। ਤਣਾਅ ਤੋਂ ਵੀ ਅੱਗੇ ਵਿਦਿਆਰਥੀਆਂ ਲਈ ਪ੍ਰੀਖਿਆਵਾਂ ਅੱਜ ਦਹਿਸ਼ਤ ਦਾ ਵਾਇਸ ਬਣਦੀਆਂ ਜਾ ਰਹੀਆਂ ਹਨ। ਇਸ ਦਹਿਸ਼ਤ ਨੇ ਕਈ ਵਿਦਿਆਰਥੀਆਂ ਨੂੰ ਖ਼ੁਦਕੁਸ਼ੀ ਕਰਨ ਲਈ ਮਜ਼ਬੂਰ ਕੀਤਾ ਹੈ। ਮੁਲਕ ਭਰ ਦੇ ਵੱਖੋ-ਵੱਖਰੇ ਸ਼ਹਿਰਾਂ ਵਿਚੋਂ ਵੀ ਅਕਸਰ ਹੀ ਕਿਸੇ ਨਾ ਕਿਸੇ ਵਿਦਿਆਰਥੀ ਵਲੋਂ ਖ਼ੁਦਕੁਸ਼ੀ ਕਰਨ ਦੀ ਮਾੜੀ ਖ਼ਬਰ ਆ ਜਾਂਦੀ ਹੈ। ਇਹ ਪ੍ਰੀਖਿਆ ਅਤੇ ਪੜਾਈ ਦਾ ਦਬਾਅ ਹੀ ਹੈ ਕਿ ਹਰ ਵਰ੍ਹੇ ਵਿਦਿਆਰਥੀਆਂ ਵਲੋਂ ਕੀਤੀਆਂ ਜਾਂਦੀਆਂ ਆਤਮ-ਹਤਿਆਵਾਂ ਵਿਚ ਵਾਧਾ ਦਰਜ ਕੀਤਾ ਜਾ ਰਿਹਾ ਹੈ। ਪ੍ਰੀਖਿਆ ਵਿਚ ਅਸਫਲਤਾ ਵਿਦਿਆਰਥੀਆਂ ਦੇ ਸਿਰ 'ਤੇ ਮੌਤ ਦੀ ਤਲਵਾਰ ਲਟਕਾਉਂਦੀ ਹੈ। ਇਸ ਤੋਂ ਵੱਡਾ ਦੁਖਾਂਤ ਕੀ ਹੋ ਸਕਦਾ ਹੈ ਕਿ ਮੁਲਕ ਦੇ ਅੰਨਦਾਤੇ ਕਿਸਾਨ ਤੋਂ ਬਾਅਦ ਹੁਣ ਸਾਡਾ ਭਵਿੱਖ ਵਿਦਿਆਰਥੀ ਵੀ ਖ਼ੁਦਕੁਸ਼ੀ ਦੇ ਭਿਅੰਕਰ ਰਸਤੇ 'ਤੇ ਤੁਰ ਪਿਆ ਹੈ।


ਦਰਅਸਲ, ਪ੍ਰੀਖਿਆ 'ਤੇ ਅਧਾਰਤ ਸਾਡੀ ਸਿਖਿਆ ਪ੍ਰਣਾਲੀ ਸਿਰਫ਼ ਤੇ ਸਿਰਫ਼ ਹੁਸ਼ਿਆਰ ਅਤੇ ਚੈੱਕ+ਜੈਕ ਵਾਲੇ ਵਿਦਿਆਰਥੀਆਂ ਨੂੰ ਹੀ ਜੀਉਣ ਅਤੇ ਅੱਗੇ ਵੱਧਣ ਦੀ ਗਾਰੰਟੀ ਦਿੰਦੀ ਹੈ। ਔਸਤ ਕਾਰਗੁਜ਼ਾਰੀ ਅਤੇ ਗਰੀਬ ਤੇ ਦਰਮਿਆਨੇ ਤਬਕੇ ਦੇ ਵਿਦਿਆਰਥੀ ਮੌਜੂਦਾ ਭਾਰਤੀ ਵਿਦਿਅਕ ਢਾਂਚੇ ਵਿਚ ਕਿਸੇ ਵੀ ਤਰ੍ਹਾਂ ਫਿੱਟ ਆ ਹੀ ਨਹੀਂ ਸਕਦੇ। ਇਹੀ ਕਾਰਨ ਹੈ ਕਿ ਵਿਦਿਆਰਥੀਆਂ ਵਿਚ ਨਿਰਾਸਤਾ ਇਸ ਹੱਦ ਤੱਕ ਘਰ ਕਰ ਰਹੀ ਹੈ ਕਿ ਉਹ ਖ਼ੁਦਕੁਸ਼ੀ ਵਰਗੀ ਸਿਰੇ ਦੀ ਕਾਰਵਾਈ ਨੂੰ ਅੰਜ਼ਾਮ ਦੇ ਦਿੰਦੇ ਹਨ। ਮੌਜੂਦਾ ਗੈਰ ਵਿਗਿਆਨਕ ਵਿਦਿਅਕ ਢਾਂਚੇ ਵਿਚ ਪ੍ਰੀਖਿਆ ਨੂੰ ਵਿਦਿਆਰਥੀ ਆਪਣੇ ਸਭ ਤੋਂ ਵੱਡੇ ਦੁਸ਼ਮਣ ਵਜੋਂ ਦੇਖਣ ਲਈ ਮਜ਼ਬੂਰ ਹਨ। ਇਹ ਹੈ ਵੀ ਠੀਕ ਕਿ ਸਾਡੀ ਸਿਖਿਆ ਪ੍ਰਣਾਲੀ ਵਿਚ ਪ੍ਰੀਖਿਆ ਇਕ ਅਜਿਹਾ ਹਥਿਆਰ ਹੈ; ਜਿਸ ਰਾਹੀਂ ਆਮ ਵਿਦਿਆਰਥੀਆਂ ਨੂੰ ਅਸਫਲਤਾ ਦੀਆਂ ਡੂੰਘੀਆਂ ਅਤੇ ਹਨੇਰੀਆਂ ਖਾਈਆਂ ਵਿਚ ਧੱਕ ਦਿੱਤਾ ਜਾਂਦਾ ਹੈ। ਗਰੀਬ ਅਤੇ ਅਰਧ ਮੱਧ ਵਰਗ ਦੇ ਬੱਚਿਆਂ ਲਈ ਤਾਂ ਉੱਚ ਸਿਖਿਆ ਦੀ ਡਿਗਰੀ ਹੁਣ ਇਕ ਹਸੀਨ ਸੁਪਨਾ ਹੀ ਬਣ ਗਈ ਹੈ। ਇਹੀ ਕਾਰਣ ਹੈ ਕਿ ਫਰਜ਼ੀ ਡਿਗਰੀਆਂ ਦੀਆਂ ਦੁਕਾਨਾਂ ਥਾਂ-ਥਾਂ ਚਾਂਦੀ ਕੁੱਟ ਰਹੀਆਂ ਹਨ। ਨਕਲੀ ਅਧਿਆਪਕ ਤੱਕ ਭਰਤੀ ਹੋ ਰਹੇ ਹਨ। ਸਮੁੱਚਾ ਸਿਖਿਆ ਦਾ ਖੇਤਰ ਮੰਡੀ ਵਿਚ ਬਦਲ ਚੁੱਕਾ ਹੈ। ਇਸ ਵੇਲੇ ਸਾਡਾ ਸਿਖਿਆ-ਤੰਤਰ ਸਿਆਸਤਦਾਨਾਂ, ਅਫਸਰਸ਼ਾਹਾਂ ਅਤੇ ਮਾਫ਼ੀਆ ਗਠਜੋੜ ਦੇ ਰਹਿਮੋ-ਕਰਮ 'ਤੇ ਹੈ। ਸੰਸਾਰੀਕਰਨ ਅਤੇ ਉਦਾਰੀਕਰਨ ਦੇ ਦੌਰ ਵਿਚ ਸਾਡੀ ਸਿਖਿਆ ਨੀਤੀ ਪੂਰੀ ਤਰ੍ਹਾਂ ਨਿੱਜੀਕਰਨ ਅੱਗੇ ਨਤਮਸਤਕ ਹੈ। ਜ਼ਰਾ ਆਪਣੇ ਆਲੇ-ਦੁਆਲੇ ਹੀ ਨਿਗ੍ਹਾ ਮਾਰ ਕੇ ਦੇਖੋ। ਕੀ ਤੁਸੀਂ ਦੇਖ ਰਹੇ ਹੋ? ਸਰਕਾਰੀ ਸਕੂਲਾਂ ਦੀਆਂ ਢਹਿੰਦੀਆਂ ਹੋਈਆਂ ਇਮਾਰਤਾਂ ਅਤੇ ਦੂਸਰੇ ਪਾਸੇ ਨਿੱਜੀ ਮਾਲਕੀ ਵਾਲੀਆਂ ਵੱਡੀਆਂ-ਵੱਡੀਆਂ 'ਸਿਖਿਆ ਦੀਆਂ ਫੈਕਟਰੀਆਂ'।

ਵੱਡੀਆਂ-ਵੱਡੀਆਂ ਡਿਗਰੀਆਂ ਵੀ ਹੁਣ ਰੁਜ਼ਗਾਰ ਦੀ ਗਾਰੰਟੀ ਨਹੀਂ ਦਿੰਦੀਆਂ। ਅਸਲ ਵਿਚ ਸਾਡੀਆਂ ਡਿਗਰੀਆਂ ਦਾ ਰੁਜ਼ਗਾਰ ਨਾਲ ਕੋਈ ਸਬੰਧ ਹੀ ਨਹੀਂ ਹੈ। ਬਹੁਕੌਮੀ ਕੰਪਨੀਆਂ ਕਾਲਜ ਤੋਂ ਨਿਕਲਦੇ ਉਸ ਵਿਦਿਆਰਥੀ 'ਤੇ ਹੀ ਨਜ਼ਰ ਰੱਖਦੀਆਂ ਹਨ; ਜੋ ਉਨ੍ਹਾਂ ਦੀ ਲੁੱਟ ਵਿਚ ਸਹਾਈ ਹੋਵੇ। ਪ੍ਰਸਥਿਤੀਆਂ ਏਨੀਆਂ ਮਾੜੀਆਂ ਹਨ ਕਿ ਇਕ ਪਾਸੇ ਤਾਂ ਮੁਲਕ ਦੇ 5 ਤੋਂ 15 ਸਾਲ ਦੇ 10 ਕਰੋੜ ਬੱਚੇ ਸਕੂਲ ਹੀ ਨਹੀਂ ਜਾ ਰਹੇ; ਦੂਸਰੇ ਪਾਸੇ ਜਿਹਨਾਂ ਨੂੰ ਪੜਾਈ ਨਸੀਬ ਵੀ ਹੋ ਰਹੀ ਹੈ; ਉਹ ਮੁਲਕ ਦੀ ਤੱਰਕੀ ਦੇ ਪਹੀਆਂ ਵਿਚ ਫਿੱਟ ਹੀ ਨਹੀਂ ਬੈਠਦੇ। ਇਸ ਤੋਂ ਵੀ ਅੱਗੇ ਸਰਕਾਰ ਦਾਅਵੇ ਤਾਂ ਹਰ ਪਰਿਵਾਰ ਵਿਚੋਂ ਇਕ ਵਿਅਕਤੀ ਨੂੰ ਰੁਜ਼ਗਾਰ ਦੇਣ ਦੇ ਕਰਦੀ ਹੈ ਪਰ ਕੌੜਾ ਸੱਚ ਇਹ ਹੈ ਕਿ ਨੌਕਰੀਆਂ ਕਿਤੇ ਹੈ ਹੀ ਨਹੀਂ ਸਗੋਂ ਹਰ ਵਰ੍ਹੇ 20 ਹਜ਼ਾਰ ਦੇ ਕਰੀਬ ਛਾਂਟੀ ਹੋ ਜਾਂਦੀ ਹੈ। ਸੋ, ਮੁਕਾਬਲੇਬਾਜ਼ੀ ਦੇ ਇਸ ਦੌਰ ਦੇ ਚਲਦਿਆਂ ਸਭ ਤੋਂ ਅੱਗੇ ਨਿਕਲ ਜਾਣ ਦੀ ਦੌੜ ਦੌਰਾਨ ਪੱਛੜ ਜਾਣ ਦਾ ਡਰ ਅਤੇ ਔਖੇ ਸੌਖੇ ਪੜ੍ਹ-ਲਿਖ ਜਾਣ ਤੋਂ ਬਾਅਦ ਨੌਕਰੀ ਨਾ ਮਿਲਣ ਦਾ ਸੱਲ ਨੌਜਵਾਨਾਂ ਨੂੰ ਨਿਰਾਸ਼ਤਾ ਦੇ ਡੂੰਘੇ ਆਲਮ ਵਿਚ ਲੈ ਜਾਂਦਾ ਹੈ। ਇਥੋਂ ਹੀ ਤਣਾਅ ਸ਼ੁਰੂ ਹੁੰਦਾ ਹੈ; ਜੋ ਹੌਲੀ-ਹੌਲੀ ਗੰਭੀਰ ਦਰ ਗੰਭੀਰ ਹੁੰਦਾ ਹੋਇਆ ਪੀੜਤ ਨੂੰ ਖ਼ੁਦਕੁਸ਼ੀ ਦੇ ਰਾਹ ਵੱਲ ਧੱਕ ਦਿੰਦਾ ਹੈ। ਇਹ ਸਾਰਾ ਕੁੱਝ ਸਾਡੀ ਗ਼ੈਰ ਵਿਗਿਆਨਕ ਸਿਖਿਆ ਪ੍ਰਣਾਲੀ ਦਾ ਹੀ ਨਤੀਜਾ ਹੈ। ਕੁੱਝ ਇਕ ਪਰਿਵਾਰਕ ਕਾਰਨ ਵੀ ਹਨ; ਜਿਨ੍ਹਾਂ ਕਰਕੇ ਵਿਦਿਆਰਥੀਆਂ ਵਿਚ ਤਣਾਅ ਵੱਧਦਾ ਹੈ। ਜਿਵੇਂ ਕਈ ਮਾਂ-ਬਾਪ ਬੱਚੇ ਦੀ ਸਮੱਰਥਾ ਤੋਂ ਕਿਤੇ ਵੱਧ ਉਸਤੋਂ ਆਸ ਰੱਖਦੇ ਹਨ। ਬੱਚੇ ਦੀ ਰੁਚੀ ਤੋਂ ਉਲਟ ਜਾ ਕੇ ਉਸਦਾ ਕੈਰੀਅਰ ਬਣਾਉਣ ਦੇ ਨਾਂਅ 'ਤੇ ਉਸਨੂੰ ਅਜਿਹੇ ਖੇਤਰ ਵੱਲ ਧੱਕ ਦਿੱਤਾ ਜਾਂਦਾ ਹੈ; ਜਿੱਥੇ ਬੱਚੇ ਦੇ ਪੱਲੇ ਅਸਫਲਤਾ ਹੀ ਪੈਣੀ ਹੁੰਦੀ ਹੈ। ਮਾਪਿਆਂ ਵਲੋਂ ਬੱਚਿਆਂ 'ਤੇ ਬਣਾਇਆ ਗਿਆ ਇਹ ਵਾਧੂ ਦਬਾਅ ਬੱਚਿਆਂ ਦੀ ਕੋਮਲ ਮਾਨਸਿਕਤਾ ਉਪਰ ਡੂੰਘੇ ਅਤੇ ਤਬਾਹਕੁੰਨ ਅਸਰ ਛੱਡਦਾ ਹੈ। ਇਥੋਂ ਹੀ ਬੱਚੇ ਦੇ ਮਾਨਸਿਕ ਤਣਾਅ ਦੀ ਮੁਢਲੀ ਸਥਿਤੀ ਪੈਦਾ ਹੁੰਦੀ ਹੈ; ਜੋ ਵੱਧਦੀ-ਵੱਧਦੀ ਭਿਅੰਕਰ ਰੂਪ ਅਖ਼ਤਿਆਰ ਕਰ ਜਾਂਦੀ ਹੈ।

ਅਖ਼ੀਰ ਵਿਚ ਗੱਲ ਸਮੇਟਦੇ ਹੋਏ ਅਸੀਂ ਕਹਿਣਾ ਇਹ ਚਾਹੁੰਦੇ ਹਾਂ ਕਿ ਮੌਜੂਦਾ ਸਿਖਿਆ ਢਾਂਚੇ ਨੂੰ ਬਦਲਵਾਉਣ ਦੀ ਡਾਢੀ ਲੋੜ ਹੈ ਪਰ ਇਸ ਲੋੜ ਨੂੰ ਮਹਿਸੂਸ ਕਰਕੇ ਕੁੱਝ ਕਰ ਗੁਜ਼ਰਨ ਵਾਲੀਆਂ ਸਿਆਸੀ ਧਿਰਾਂ ਦੀ ਮੁਲਕ ਵਿਚ ਅਣਹੋਂਦ ਹੈ। ਆਖ਼ਰੀ ਸਤਰਾਂ ਲਿਖਦਿਆਂ ਅਹੁਜ਼ਿਆ ਇਕ ਸ਼ਿਅਰ ਵਿਦਿਆਰਥੀ ਦੋਸਤਾਂ ਲਈ-

'ਖ਼ੁਦਕੁਸ਼ੀ ਨੂੰ ਛੱਡ ਗਲ ਕਰ ਜ਼ਿੰਦਗੀ ਦੇ ਜਾਮ ਦੀ,
ਜਿਉਣ ਦਾ ਮਕਸਦ ਬਣਾ ਤਾਂ ਗਲ ਤੁਰੇ ਸੰਗਰਾਮ ਦੀ।'

ਭਗਤ ਸਿੰਘ : ਇਕ ਪਰਪੱਕ ਸਿਆਸੀ ਚਿੰਤਕ




ਡਾ. ਚਮਨ ਲਾਲ
+91-9868774820

23 ਮਾਰਚ 1931 ਈ. ਨੂੰ ਜਦ 23 ਵਰ੍ਹੇ ਅਤੇ ਕਰੀਬ ਛੇ ਮਹੀਨਿਆਂ ਦੀ ਉਮਰ ਦੇ ਨੌਜਵਾਨ ਭਗਤ ਸਿੰਘ, ਉਨ੍ਹਾਂ ਦੇ ਹੀ ਹਮਉਮਰ ਸੁਖਦੇਵ ਅਤੇ ਕਰੀਬ ਇਕ ਸਾਲ ਛੋਟੇ ਰਾਜਗੁਰੂ ਨੂੰ ਲਾਹੌਰ ਜੇਲ੍ਹ ਵਿਚ ਫਾਂਸੀ ਦਿੱਤੀ ਗਈ ਸੀ ਤਾਂ ਉਸ ਤੋਂ ਕੁਝ ਘੰਟੇ ਪਹਿਲਾਂ ਲਾਹੌਰ ਵਿਚ ਹਜ਼ਾਰਾਂ ਲੋਕਾਂ ਦਾ ਜਲਸਾ ਇਨ੍ਹਾਂ ਨੌਜਵਾਨਾਂ ਦੀ ਫਾਂਸੀ ਰੋਕਣ ਦੀ ਮੰਗ ਲਈ ਹੀ ਹੋ ਰਿਹਾ ਸੀ। ਖ਼ਦਸ਼ਾ ਇਹ ਸੀ ਕਿ ਇਨ੍ਹਾਂ ਦੇਸ਼ਭਗਤ ਨੌਜਵਾਨਾਂ ਨੂੰ 24 ਮਾਰਚ ਨੂੰ ਸਵੇਰੇ ਫਾਂਸੀ ਦਿੱਤੀ ਜਾਵੇਗੀ, ਜਿਵੇਂ ਕਿ ਦੁਨੀਆ ਭਰ ਵਿਚ ਫਾਂਸੀ ਦੇਣ ਦਾ ਰਿਵਾਜ ਹੈ। ਪਰ ਜਲਸਾ ਖ਼ਤਮ ਹੋਣ ਦੇ ਨੇੜੇ ਹੀ ਇਹ ਖ਼ਬਰ ਪਹੁੰਚ ਗਈ ਸੀ ਕਿ ਇਨ੍ਹਾਂ ਨੌਜਵਾਨਾਂ ਨੂੰ ਉਸੇ ਸ਼ਾਮ ਸੱਤ ਵਜੇ ਹੀ ਫਾਂਸੀ 'ਤੇ ਲਟਕਾ ਦਿੱਤਾ ਗਿਆ ਸੀ। ਸੈਂਕੜੇ ਲੋਕ ਇਕੱਠੇ ਜੇਲ੍ਹ ਵਿਚ ਦੌੜ ਪਏ, ਪਰ ਬਰਤਾਨਵੀ ਬਸਤੀਵਾਦ ਨੇ ਹਰ ਤਾਕਤ ਦਾ ਮੁਕਾਬਲਾ ਕਰਨ ਦੀ ਤਿਆਰੀ ਕਰ ਰੱਖੀ ਸੀ। ਫਾਂਸੀ ਦੇਣ ਤੋਂ ਬਾਅਦ ਇਨ੍ਹਾਂ ਨੌਜਵਾਨਾਂ ਦੀਆਂ ਹਾਲੀ ਨਿੱਘੀਆਂ ਲਾਸ਼ਾਂ ਟੁਕੜੇ-ਟੁਕੜੇ ਕਰ ਕੇ ਬੋਰਿਆਂ ਵਿਚ ਭਰੀਆਂ ਗਈਆਂ ਤੇ ਜੇਲ੍ਹ ਦੇ ਪਿਛਲੇ ਦਰਵਾਜ਼ਿਓਂ ਕੱਢ ਕੇ ਇਕ ਟਰੱਕ 'ਤੇ ਲੱਦ ਕੇ ਫਿਰੋਜ਼ਪੁਰ ਵੱਲ ਲਿਜਾਇਆ ਗਿਆ। ਲੋਕਾਂ ਨੂੰ ਇਸ ਗੱਲ ਦੀ ਖ਼ਬਰ ਵੀ ਮਿਲ ਗਈ ਅਤੇ ਉਸ ਜ਼ਮਾਨੇ ਵਿਚ ਜਦ ਨਾ ਏਨੀਆਂ ਕਾਰਾਂ ਜਾਂ ਹੋਰ ਵਾਹਨ ਸਨ, ਨਾ ਦੇਰ ਰਾਤ ਤਕ ਬੱਸਾਂ-ਰੇਲ ਗੱਡੀਆਂ ਚਲਦੀਆਂ ਸਨ, ਲੋਕੀਂ ਪੈਦਲ ਅਤੇ ਬੈਲਗੱਡੀਆਂ ਲੈ ਕੇ ਲਾਸ਼ਾਂ ਲਿਜਾ ਰਹੇ ਟਰੱਕ ਪਿੱਛੇ ਦੌੜ ਪਏ। ਦੇਰ ਰਾਤ ਫਿਰੋਜ਼ਪੁਰ ਸ਼ਹਿਰ ਤੋਂ ਇਕ ਪੰਡਿਤ ਤੇ ਗ੍ਰੰਥੀ ਨੂੰ ਜ਼ਬਰਦਸਤੀ ਟਰੱਕ ਵਿਚ ਬਿਠਾਇਆ ਗਿਆ, ਕੁਝ ਮਿੱਟੀ ਦੇ ਤੇਲ ਦੇ ਕਨਸਤਰ ਤੇ ਕੁਝ ਲੱਕੜਾਂ ਆਦਿ ਵੀ ਟਰੱਕ ਵਿਚ ਸੁੱਟੀਆਂ ਗਈਆਂ। ਉਸ ਵੇਲੇ ਦੇ ਲਗਭਗ ਉਜਾੜ ਜਗਲੀ ਇਲਾਕੇ ਵਿਚ ਲਾਸ਼ਾਂ ਤੇ ਨਾਕਾਫੀ ਲੱਕੜਾਂ 'ਤੇ ਮਿੱਟੀ ਦਾ ਤੇਲ ਸੁੱਟ ਕੇ ਜਲਦੀ-ਜਲਦੀ ਅੱਗ ਲਾਈ ਗਈ। ਪਿੱਛਾ ਕਰਦਾ ਲੋਕਾਂ ਦਾ ਹਜੂਮ ਜਿਨ੍ਹਾਂ ਵਿਚ ਭਗਤ ਸਿੰਘ ਦੀ ਛੋਟੀ ਭੈਣ ਬੀਬੀ ਅਮਰ ਕੌਰ ਵੀ ਸ਼ਾਮਲ ਸੀ, ਜਦ ਗੰਡਾ ਸਿੰਘ ਵਾਲਾ ਪਿੰਡ ਨੇੜੇ ਉਜਾੜ ਇਲਾਕੇ ਵਿਚ ਪਹੁੰਚੇ ਤਾਂ ਉਨ੍ਹਾਂ ਨੂੰ ਗਰਮ ਮਿੱਟੀ ਤੇ ਤੇਲ ਦੀ ਬੂਅ ਆਈ। ਹੱਥਾਂ ਨਾਲ ਮਿੱਟੀ ਖੁਰਚਣ 'ਤੇ ਉਨ੍ਹਾਂ ਵਿਚੋਂ ਅਧ-ਜਲੀਆਂ ਅਸਥੀਆਂ ਤੇ ਮਾਸ ਦੇ ਟੁਕੜੇ ਮਿਲੇ। ਇਸ ਹਜੂਮ ਵਿਚ ਲਾਹੌਰ ਤੋਂ ਇਲਾਵਾ ਫਿਰੋਜ਼ਪੁਰ ਸ਼ਹਿਰ ਦੇ ਲੋਕ ਵੀ ਸ਼ਾਮਲ ਹੋ ਗਏ ਸਨ। ਮਿੱਟੀ ਨਾਲ ਸਣੀਆਂ ਅੱਧ-ਜਲੀਆਂ ਮਾਸ ਲਿਪਟੀਆਂ ਅਸਥੀਆਂ ਲੈ ਕੇ ਇਹ ਲੋਕ ਸਮੂਹ 24 ਮਾਰਚ ਦੀ ਸਵੇਰ ਹੁੰਦਿਆਂ ਲਾਹੌਰ ਪਹੁੰਚ ਗਿਆ। ਲਾਹੌਰ ਉਨ੍ਹੀਂ ਦਿਨੀਂ ਹਿੰਦੁਸਤਾਨ ਦੀ ਸਿਆਸਤ ਤੇ ਆਜ਼ਾਦੀ ਦੀ ਲੜਾਈ ਦਾ ਬੜਾ ਵੱਡਾ ਕੇਂਦਰ ਸੀ। ਉਸ ਦਿਨ ਕਾਂਗਰਸ ਪਾਰਟੀ ਦੇ ਹੈਡਕੁਆਰਟਰ ਬਰੈਡਲੇ ਹਾਲ ਵਿਚ ਇਕੱਤਰ ਲੋਕ ਸਮੂਹ ਵਿਚ ਭਾਰੀ ਗੁੱਸਾ ਸੀ। ਉਥੋਂ ਇਨ੍ਹਾਂ ਅਸਥੀਆਂ ਨੂੰ ਬਾਇੱਜ਼ਤ ਤਰੀਕੇ ਨਾਲ ਅਰਥੀਆਂ ਵਿਚ ਬਦਲ ਕੇ ਲਾਹੌਰ ਦੇ ਰਾਵੀ ਕੰਢੇ ਲਿਜਾ ਕੇ ਉਥੇ ਹੀ ਅੰਤਿਮ ਸਸਕਾਰ ਕੀਤਾ ਗਿਆ ਸੀ। ਹਜ਼ਾਰਾਂ ਲੋਕਾਂ ਨੇ ਖ਼ੂਨ ਦੇ ਹੰਝੂਆਂ ਸਮੇਤ ਇਨ੍ਹਾਂ ਨੌਜਵਾਨ ਦੇਸ਼ ਭਗਤਾਂ ਨੂੰ ਅੰਤਿਮ ਵਿਦਾਈ ਦਿੱਤੀ। 24 ਮਾਰਚ ਨੂੰ ਲਾਹੌਰ ਵਿਚ ਅਤੇ 25 ਮਾਰਚ ਨੂੰ ਹੋਰ ਅਨੇਕਾਂ ਸ਼ਹਿਰਾਂ ਵਿਚ, ਜਿਥੇ ਇਹ ਦੁਖਦਾਈ ਖ਼ਬਰ ਇਕ ਦਿਨ ਬਾਅਦ ਛਪੀ, ਅਨੇਕ ਘਰਾਂ ਵਿਚ ਚੁੱਲ੍ਹਾ ਨਾ ਬਲਿਆ, ਨਾ ਦੁਕਾਨਾਂ, ਸੰਸਥਾਵਾਂ ਦੇ ਤਾਲੇ ਖੁੱਲ੍ਹੇ, ਰੋਹ ਭਰੇ ਮੁਜ਼ਾਹਰੇ ਜ਼ਰੂਰ ਵੱਡੀ ਗਿਣਤੀ ਵਿਚ ਹੋਏ। ਇਸ ਸਮੇਂ ਤਕ ਜਨਤਾ ਦੇ ਦਿਲ ਵਿਚ ਭਗਤ ਸਿੰਘ ਦੀ ਜੋ ਥਾਂ ਬਣ ਗਈ ਸੀ, ਉਸ ਨੂੰ ਹਿੰਦੁਸਤਾਨ ਵਿਚ ਸਭ ਤੋਂ ਚੰਗੀ ਤਰ੍ਹਾਂ, ਕਾਂਗਰਸ ਪਾਰਟੀ ਦਾ ਇਤਿਹਾਸ ਲਿਖਣ ਵਾਲੇ ਆਗੂ ਪੱਟਾਭਿ ਸੀਤਰਮਾਈਆ ਨੇ ਬਿਆਨ ਕੀਤਾ ਹੈ। ਉਨ੍ਹਾਂ ਅਨੁਸਾਰ ਇਸ ਵੇਲੇ ਜਨਤਾ ਦੇ ਦਿਲ ਵਿਚ ਮਕਬੂਲੀਅਤ ਦੇ ਮਾਮਲੇ ਵਿਚ ਭਗਤ ਸਿੰਘ ਦੀ ਥਾਂ ਮਹਾਤਮਾ ਗਾਂਧੀ ਤੋਂ ਕਿਸੇ ਵੀ ਤਰ੍ਹਾਂ ਘੱਟ ਨਹੀਂ ਸੀ। ਸ਼ਾਇਦ ਕੁਝ ਅਰਸੇ ਲਈ ਤਾਂ ਮਕਬੂਲੀਅਤ ਦੀ ਪੌੜੀ 'ਤੇ ਭਗਤ ਸਿੰਘ ਅੱਜ ਦੇ ਮੁਹਾਵਰੇ ਵਿਚ ਪਹਿਲੀ ਪੌੜੀ 'ਤੇ ਵੀ ਰਹੇ। ਹੈਰਾਨਕੁਨ ਗੱਲ ਇਹ ਹੈ ਕਿ ਭਗਤ ਸਿੰਘ ਦੀ ਫਾਂਸੀ ਤੋਂ 77 ਵਰ੍ਹੇ ਬਾਅਦ ਹਿੰਦੁਸਤਾਨੀ ਲੋਕਾਂ ਦੀ ਨਿਗਾਹ ਵਿਚ ਸਭ ਤੋਂ ਵੱਧ ਮਕਬੂਲ (ਮਹਾਤਮਾ ਗਾਂਧੀ ਤੇ ਨਹਿਰੂ ਤੋਂ ਵੀ ਵੱਧ) ਕੌਮੀ ਹੀਰੋ ਭਗਤ ਸਿੰਘ ਹੀ ਹੈ।(ਇੰਡੀਆ ਟੂਡੇ 2008)

ਦਿਲਚਸਪ ਗੱਲ ਇਹ ਹੈ ਕਿ ਭਗਤ ਸਿੰਘ ਦੀ ਉਸ ਸਮੇਂ ਦੀ ਮਕਬੂਲੀਅਤ ਨਿਸਚੇ ਹੀ ਉਸ ਦੇ ਬੇਖ਼ੌਫ਼, ਦਲੇਰਾਨਾ ਅਤੇ ਦੇਸ਼ ਭਗਤੀ ਦੇ ਜਜ਼ਬੇ ਭਰਪੂਰ ਕਾਰਨਾਮਿਆਂ ਕਰ ਕੇ ਹੀ ਬਣੀ ਸੀ। ਇਸ ਵਿਚ ਸਭ ਤੋਂ ਵੱਡਾ ਯੋਗਦਾਨ 8 ਅਪ੍ਰੈਲ 1929 ਨੂੰ ਅਸੈਂਬਲੀ ਬੰਬ ਕਾਂਡ ਵਿਚ ਗ੍ਰਿਫ਼ਤਾਰੀ ਤੋਂ ਬਾਅਦ 23 ਮਾਰਚ 1931 ਅਤੇ ਉਸ ਤੋਂ ਮਗਰੋਂ ਵੀ ਇਨ੍ਹਾਂ ਦੇਸ਼ ਭਗਤਾਂ ਦਾ ਨਾਂ ਨਾ ਸਿਰਫ਼ ਦੇਸ਼ ਸਗੋਂ ਬਦੇਸ਼ੀ ਮੀਡੀਆ ਜੋ ਉਨ੍ਹੀਂ ਦਿਨੀਂ ਵਧੇਰੇ ਕਰ ਕੇ ਅਖ਼ਬਾਰਾਂ ਤੇ ਕੁਝ ਹੱਦ ਤਕ ਰੇਡੀਓ ਤਕ ਸੀਮਤ ਸੀ, ਵਿਚ ਛਾਇਆ ਰਿਹਾ ਸੀ। ਇਥੋਂ ਤਕ ਕਿ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਦੀ ਫਾਂਸੀ ਦੀ ਖ਼ਬਰ 23 ਮਾਰਚ 1931 ਨੂੰ ਲਾਹੌਰ ਦੇ 'ਟ੍ਰਿਬਿਊਨ' (ਦੇਸ਼ ਦੇ ਹੋਰ ਅਖ਼ਬਾਰਾਂ ਸਹਿਤ) ਅਤੇ ਲੰਡਨ ਅਤੇ ਨਿਊਯਾਰਕ ਤੋਂ ਪ੍ਰਕਾਸ਼ਤ ਕਮਿਊਨਿਸਟ ਅਖ਼ਬਾਰ 'ਡੇਲੀ ਵਰਕਰ' ਵਿਚ ਇਕੋ ਵੇਲੇ ਛਪੀਆਂ। ਦੋ ਦਿਨ ਮਗਰੋਂ 27 ਮਾਰਚ 1931 ਨੂੰ 'ਡੇਲੀ ਵਰਕਰ' ਨੇ ਕਾਨਪੁਰ ਦੇ ਦੁਖਦਾਈ ਫਿਰਕੂ ਫਸਾਦਾਂ ਦੀ ਖ਼ਬਰ ਵੀ ਛਾਪੀ।

ਭਗਤ ਸਿੰਘ ਦੀਆਂ ਬਹਾਦਰਾਨਾ ਸਰਗਰਮੀਆਂ ਕਾਰਨ ਜਨਤਾ ਦੇ ਦਿਲ ਵਿਚ ਉਸ ਦੀ ਅਸਾਧਾਰਨ ਹੀਰੋ ਬਣਨ ਦੀ ਗੱਲ ਤਾਂ ਸਮਝ ਵਿਚ ਆਉਂਦੀ ਹੈ, ਪਰ ਇਹ ਗੱਲ ਸਮਝ ਤੋਂ ਬਾਹਰ ਹੈ ਕਿ ਸਿਆਸੀ ਰੂਪ ਵਿਚ ਪਰਪੱਕ ਇਨਕਲਾਬੀ ਵਿਚਾਰਵਾਨ ਹੋਣ ਦਾ ਉਸ ਦਾ ਅਕਸ ਬਣਨ ਵਿਚ ਪੰਜ ਦਹਾਕੇ ਕਿਉਂ ਲੱਗੇ? ਕਿਉਂਕਿ ਹੁਣ ਕਲਾਸਿਕ ਮੰਨੇ ਜਾਣ ਵਾਲੇ ਉਸ ਦੇ ਸਿਆਸੀ ਦਸਤਾਵੇਜ਼ ਉਦੋਂ ਵੀ ਹਨੇਰੇ ਵਿਚ ਨਹੀਂ ਸਨ। ਸੈਸ਼ਨ ਕੋਰਟ ਵਿਚ ਹਾਈਕੋਰਟ ਦਾ ਉਨ੍ਹਾਂ ਦਾ ਬਿਆਨ, ਜੋ ਅੱਜ ਸਿਆਸੀ ਵਿਸ਼ਲੇਸ਼ਕਾਂ ਲਈ ਬੇਹੱਦ ਅਹਿਮ ਦਸਤਾਵੇਜ਼ ਹਨ, ਉਦੋਂ ਵੀ ਸਭ ਤੋਂ ਸਾਹਮਣੇ ਸਨ। 'ਟ੍ਰਿਬਿਊਨ' ਵਿਚ 'ਮਾਰਡਨ ਰਿਵੀਊ' ਦੇ ਸੰਪਾਦਕ ਨੂੰ ਸੰਬੋਧਤ ਉਨ੍ਹਾਂ ਦਾ ਖ਼ਤ 'ਵਿਦਿਆਰਥੀਆਂ ਦੇ ਨਾਂ ਉਨ੍ਹਾਂ ਦੇ ਸੰਦੇਸ਼ ਆਦਿ ਵੀ ਉਨ੍ਹਾਂ ਦੇ ਮੁਕੱਦਮੇ ਦੌਰਾਨ ਛਪਦੇ ਰਹਿੰਦੇ ਸਨ। ਫਾਂਸੀ ਤੋਂ ਤੁਰੰਤ ਬਾਅਦ ਲਾਹੌਰ ਦੇ 'ਪੀਪਲ' ਅਖ਼ਬਾਰ ਵਿਚ 'ਨੌਜਵਾਨ ਸਿਆਸੀ ਕਾਰਕੁਨਾਂ ਦੇ ਨਾਂ ਖ਼ਤ' ਸੰਖੇਪ ਰੂਪ



ਵਿਚ ਮਾਰਚ 1931 ਵਿਚ ਹੀ ਛਪ ਗਿਆ ਸੀ । ਸ਼ਹੀਦ ਹਰੀਕਿਰਨ ਦੇ ਮੁਕੱਦਮੇ ਸਬੰਧੀ ਭਗਤ ਸਿੰਘ ਦਾ ਖ਼ਤ ਜੂਨ 1929 ਦੇ 'ਪੀਪਲ' ਵਿਚ ਅਤੇ ਭਗਤ ਸਿੰਘ ਦਾ ਸਭ ਤੋਂ ਵੱਧ ਚਰਚਿਤ ਲੇਖ 'ਮੈਂ ਨਾਸਤਿਕ ਕਿਉਂ ਹਾਂ' ਵੀ ਆਪਣੇ ਮੂਲ ਰੂਪ ਵਿਚ 'ਪੀਪਲ' ਵਿਚ ਹੀ 27 ਸਤੰਬਰ 1931 ਦੇ ਅੰਕ ਵਿਚ ਛਪ ਚੁੱਕਿਆ ਸੀ। 1934 ਵਿਚ ਹੀ ਇਸ ਦਾ ਤਮਿਲ ਅਨੁਵਾਦ ਵੀ ਕਿਤਾਬਚੇ ਦੇ ਰੂਪ ਵਿਚ ਛਪ ਗਿਆ ਸੀ।

ਭਗਤ ਸਿੰਘ ਨੇ ਜੋ ਕੁਝ ਹਿੰਦੀ ਅਤੇ ਅੰਗਰੇਜ਼ੀ ਵਿਚ ਲਿਖਿਆ, ਉਹ ਕਾਫ਼ੀ ਹੱਦ ਤਕ 1947 ਤਕ ਵੀ ਲੋਕਾਂ ਸਾਹਮਣੇ ਸੀ, ਸਿਰ ਉਨ੍ਹਾਂ ਦੀ 'ਜੇਲ੍ਹ ਨੋਟਬੁੱਕ' ਹੀ 1994 ਵਿਚ ਪਹਿਲੀ ਵਾਰ ਕਿਤਾਬ ਦੇ ਰੂਪ ਵਿਚ ਸਾਹਮਣੇ ਆਈ, ਜੋ ਲੜੀਵਾਰ 1992 ਤੋਂ ਹੀ ਜੈਪੁਰ ਦੇ ਮੈਗਜ਼ੀਨ 'ਇੰਡੀਅਨ ਬੁੱਕ ਕਰਾਨੀਕਲ' ਵਿਚ ਛਪਣੀ ਸ਼ੁਰੂ ਹੋ ਗਈ ਸੀ। ਇਸ ਦੇ ਹਵਾਲੇ 1971 ਤੋਂ ਰੂਸੀ ਵਿਦਵਾਨਾਂ ਰਾਇਕੋਵ ਤੇ ਮਿਤਰੋਖ਼ਿਨ ਆਦਿ ਨੇ ਦੇਣੇ ਸ਼ੁਰੂ ਕਰ ਦਿੱਤੇ ਸਨ। 'ਜੇਲ੍ਹ ਨੋਟਬੁੱਕ' ਦੀ ਇਕ ਕਾਪੀ ਮਾਸਕੋ ਵੀ ਪਹੁੰਚ ਚੁੱਕੀ ਸੀ। ਆਜ਼ਾਦੀ ਤੋਂ ਪਹਿਲਾਂ ਤੇ ਮਗਰੋਂ ਅਜੇ ਘੋਸ਼, ਸ਼ਿਵ ਵਰਮਾ, ਸੋਹਨ ਸਿੰਘ ਜੋਸ਼, ਭਗਵਾਨ ਦਾਸ ਮਾਹੌਰ ਆਦਿ ਭਗਤ ਸਿੰਘ ਦੇ ਨੇੜਲੇ ਸਾਥੀਆਂ ਨੇ ਭਗਤ ਸਿੰਘ ਦੀ ਸ਼ਖ਼ਸੀਅਤ ਅਤੇ ਉਸ ਦੇ ਸਮਾਜਵਾਦੀ ਚਿੰਤਨ ਬਾਰੇ ਵਿਸਥਾਰ ਸਹਿਤ ਲਿਖਿਆ, ਪਰ ਜਦ ਤਕ ਅੰਤਰਰਾਸ਼ਟਰੀ ਸਿੱਧੀ ਦੇ ਮੰਨੇ-ਪ੍ਰਮੰਨੇ ਇਤਿਹਾਸਕਾਰ ਪ੍ਰੋ. ਬਿਪਨ ਚੰਦਰ ਦੀ ਭੂਮਿਕਾ ਸਹਿਤ 'ਮੈਂ ਨਾਸਤਿਕ ਕਿਉਂ ਹਾਂ' ਤੇ 'ਡਰੀਮਲੈਂਡ' ਦੀ ਭੂਮਿਕਾ ਲੇਖਾਂ ਦਾ ਅੱਠਵੇਂ ਦਹਾਕੇ ਵਿਚ ਦੁਬਾਰਾ ਪ੍ਰਕਾਸ਼ਨ ਨਹੀਂ ਹੋਇਆ, ਅਕਾਦਮਿਕ, ਸਮਾਜਕ ਅਤੇ ਸਿਆਸੀ ਖੇਤਰਾਂ ਵਿਚ ਭਗਤ ਸਿੰਘ ਨੂੰ ਗੰਭੀਰ ਸਿਆਸੀ ਵਿਚਾਰਵਾਨ ਦਾ ਦਰਜਾ ਹਾਸਲ ਨਹੀਂ ਹੋਇਆ। ਭਗਤ ਸਿੰਘ ਦੇ ਬਹਾਦਰਾਨਾ ਕਾਰਨਾਮੇ ਹੀ, ਉਸ ਦੇ ਉਨੇ ਅਹਿਮ ਇਨਕਲਾਬੀ ਚਿੰਤਨ ਤੋਂ ਕਿਤੇ ਵੱਧ ਲੋਕਾਈ ਦੇ ਦਿਲੋ-ਦਿਮਾਗ 'ਤੇ ਛਾਏ ਰਹੇ। ਅੱਠਵੇਂ ਦਹਾਕੇ ਤੋਂ ਇਸ ਹਾਲਤ ਵਿਚ ਤਬਦੀਲੀ ਹੋਣੀ ਸ਼ੁਰੂ ਹੋਈ ਅਤੇ ਭਗਤ ਸਿੰਘ ਦੇ ਦਸਤਾਵੇਜ਼ ਵੀ ਯੋਜਨਾਬੱਧ ਤਰੀਕੇ ਨਾਲ ਛਪਣੇ ਸ਼ੁਰੂ ਹੋਏ। ਇਸ ਸਬੰਧ ਵਿਚ ਯੁਵਕ ਕੇਂਦਰ, ਜਲੰਧਰ, ਸ਼ਹੀਦ ਭਗਤ ਸਿੰਘ ਦੀ ਭਤੀਜੀ ਵੀਰਿੰਦਰ ਸੰਧੂ, ਮੁਕਤੀ ਕਾਨ ਦਿੱਲੀ ਅਮਰਜੀਤ ਚੰਦਨ ਅਤੇ ਭਗਤ ਸਿੰਘ ਦੇ ਭਾਣਜੇ ਜਗਮੋਹਨ ਸਿੰਘ ਨੇ ਮੁੱਢਲੇ ਯਤਨ ਕੀਤੇ। ਯੁਵਕ ਕੇਂਦਰ ਜਲੰਧਰ ਵਲੋਂ ਪ੍ਰਕਾਸ਼ਤ 'ਕੌਮੀ ਲਹਿਰ ਮਾਹਵਾਰੀ' ਰਸਾਲੇ ਵਿਚ 1971-73 ਦੌਰਾਨ ਭਗਤ ਸਿੰਘ ਦੇ ਕਰੀਬ 18 ਮਹੱਤਵਪੂਰਨ ਦਸਤਾਵੇਜ਼ ਛਪੇ। ਇਸ ਰਸਾਲੇ ਦਾ ਸੰਪਾਦਨ ਮਾਲਵਿੰਦਰਜੀਤ ਸਿੰਘ ਵੜੈਚ ਹੁਰੀ ਕਰਦੇ ਸਨ। 1972 ਵਿਚ ਤ੍ਰਿਨੇਤਰ ਜੋਸ਼ੀ, ਮੰਗਲੇ ਡਬਰਾਲ, ਸੁਰੇ ਸਲਿਲ ਵਲੋਂ ਸੰਪਾਦਤ 'ਮੁਕਤੀ' ਰਸਾਲੇ ਵਿਚ ਭਗਤ ਸਿੰਘ ਦੇ ਅਨੇਕ ਦਸਤਾਵੇਜ਼ ਛਪ ਕੇ ਸਾਹਮਣੇ ਆਏ। 1974 ਵਿਚ ਅਮਰਜੀਤ ਚੰਦਨ ਵਲੋਂ ਸੰਪਾਦਤ ਭਗਤ ਸਿੰਘ ਤੇ ਸਾਥੀਆਂ ਦੀਆਂ ਲਿਖਤਾਂ ਛਪੀਆਂ। 1977 ਵਿਚ ਵੀਰਿੰਦਰ ਸੰਧੂ ਵਲੋਂ ਸੰਪਾਦਤ 'ਮੇਰੇ ਕ੍ਰਾਂਤੀਕਾਰੀ ਸਾਥੀ' ਅਤੇ 'ਪੱਤਰ ਔਰ ਦਸਤਾਵੇਜ਼' ਸਿਰਲੇਖ ਹੇਠ ਭਗਤ ਸਿੰਘ ਦੀਆਂ ਕਾਫ਼ੀ ਲਿਖਤਾਂ ਸਾਹਮਣੇ ਆਈਆਂ। ਜਗਮੋਹਨ ਸਿੰਘ ਵਲੋਂ ਸੰਪਾਦਤ ਲਿਖਤਾਂ ਵਿਚ ਪਹਿਲੀ ਵਾਰ ਪੰਜਾਬੀ ਵਿਚ ਛਪੀਆਂ ਕਿਰਤੀ ਦੀਆਂ ਭਗਤ ਸਿੰਘ ਦੀਆਂ ਲਿਖਤਾਂ ਸਾਹਮਣੇ ਆਈਆਂ। 1986 ਵਿਚ ਜਗਮੋਹਨ ਸਿੰਘ ਤੇ ਚਮਨ ਲਾਲ ਵਲੋਂ ਸੰਪਾਦਤ 'ਭਗਤ ਸਿੰਘ ਔਰ ਉਨਕੇ ਸਾਥੀਓਂ ਕੇ ਦਸਤਾਵੇਜ਼' ਵਿਚ ਪਹਿਲੀ ਵਾਰ 70 ਤੋਂ ਵੱਧ ਦਸਤਾਵੇਜ਼ ਛਪੇ, ਜਿਨ੍ਹਾਂ ਵਿਚ ਪੰਜਾਬੀ, ਉਰਦੂ (ਹਿੰਦੀ) ਅੰਗਰੇਜ਼ੀ ਵਿਚ ਲਿਖੇ ਦਸਤਾਵੇਜ਼ ਸ਼ਾਮਲ ਹਨ। ਇਨ੍ਹਾਂ ਦਸਤਾਵੇਜ਼ਾਂ ਵਿਚ 'ਮਜ਼ਹਬ ਅਤੇ ਸਾਡੀ ਆਜ਼ਾਦੀ ਦੀ ਜੰਗ', 'ਫਿਰਕੂ ਫ਼ਸਾਦ ਤੇ ਉਨ੍ਹਾਂ ਦਾ ਇਲਾਜ' ਅਤੇ 'ਅਛੂਤ ਸਮੱਸਿਆ' ਵਰਗੇ ਹੁਣ ਬਹੁ-ਚਰਚਿਤ, ਬਹੁ-ਪ੍ਰਕਾਸ਼ਤ ਤੇ ਕਲਾਸਿਕ ਬਣ ਚੁੱਕੇ ਦਸਤਾਵੇਜ਼ ਪਹਿਲੀ ਵਾਰ ਸ਼ਾਮਲ ਹੋਏ। ਇਨ੍ਹਾਂ ਲੇਖਾਂ ਦੇ ਛਪਣ ਬਾਅਦ ਹਿੰਦੁਸਤਾਨੀ ਜਨਤਾ ਦੇ ਬੜੇ ਵੱਡੇ ਲੋਕ-ਸਮੂਹ ਦਲਿਤ ਭਾਈਚਾਰੇ ਨੇ ਵੀ ਡਾ. ਅੰਬੇਡਕਰ ਤੋਂ ਮਗਰੋਂ ਜੇ ਕਿਸੇ ਨੂੰ ਆਪਣਾ ਹੀਰੋ ਮੰਨਿਆ ਹੈ ਤਾਂ ਉਹ ਭਗਤ ਸਿੰਘ ਹੀ ਹੈ। ਇਥੇ ਇਹ ਜਾਣਨਾ ਵੀ ਦਿਲਚਸਪ ਹੈ ਕਿ ਭਗਤ ਸਿੰਘ ਦਾ ਲੇਖ 'ਮੈਂ ਨਾਸਤਿਕ ਕਿਉਂ ਹਾਂ' ਦਾ ਸਭ ਤੋਂ ਪਹਿਲਾਂ ਪੀ. ਜੀਵਾਨੰਦਮ ਨੇ ਤਮਿਲ ਵਿਚ ਅਨੁਵਾਦ ਕੀਤਾ, ਜਿਸ ਨੂੰ ਪੇਰੀਆਰ ਈ.ਵੀ. ਰਾਮਾਸਵਾਮੀ ਨਾਇਕਰ ਨੇ ਆਪਣੀ ਮੈਗਜ਼ੀਨ 'ਕੁਡਈ ਆਰਸੂ' ਵਿਚ 1934 ਵਿਚ ਛਾਪਿਆ, ਜਿਸ ਦੇ ਤਮਿਲ ਵਿਚ ਕਿਤਾਬਚੇ ਦੇ ਰੂਪ ਵਿਚ ਹੁਣ ਤਕ 25 ਤੋਂ ਵੱਧ ਐਡੀਸ਼ਨ ਛੱਪ ਚੁੱਕੇ ਹਨ। ਅੱਜ ਵੀ ਇਹ ਕਿਤਾਬਚਾ ਦ੍ਰਵਿੜ ਕੜਗਮ ਵਲੋਂ ਸਥਾਪਤ ਸੰਸਥਾ ਤੋਂ ਲਗਾਤਾਰ ਛੱਪ ਰਿਹਾ ਹੈ। ਪੇਰੀਆਰ ਨੇ ਭਗਤ ਸਿੰਘ ਦੀ ਸ਼ਹਾਦਤ 'ਤੇ ਮਾਰਚ 1931 ਵਿਚ ਹੀ ਆਪਣੀ ਪੱਤਰਕਾ 'ਕੁਡਈ ਆਰਸੂ' ਵਿਚ ਸੰਪਾਦਕੀ ਵੀ ਲਿਖੀ। ਪੇਰੀਆਰ ਨੇ ਭਗਤ ਸਿੰਘ ਬਾਰੇ ਕਿਹਾ ਕਿ 'ਸਾਡੀ ਜਾਣਕਾਰੀ ਅਨੁਸਾਰ ਭਗਤ ਸਿੰਘ ਦੇ ਅਸੂਲ ਸਮਾਜਵਾਦ ਅਤੇ ਸਾਮਵਾਦ ਦੀ ਨੁਮਾਇੰਦਗੀ ਕਰਦੇ ਸਨ। ਉਹ ਸੱਚਾ ਆਦਮੀ ਸੀ। ਸਾਡਾ ਇਹ ਦ੍ਰਿੜ ਮਤ ਹੈ ਕਿ ਹਿੰਦੁਸਤਾਨ ਲਈ ਸਿਰ ਭਗਤ ਸਿੰਘ ਦੇ ਸਿਧਾਂਤ ਹੀ ਲੋੜੀਂਦੇ ਹਨ। (ਦੀ ਮਾਡਰਨ ਰੈਸ਼ਨਲਿਸਟ ਚੇਨੱਈ, ਨਵੰਬਰ 2006, ਸਫ਼ਾ 30)

'ਡੇਲੀ ਵਰਕਰ' ਨੇ ਭਗਤ ਸਿੰਘ ਸਬੰਧੀ ਖ਼ਬਰ ਦੀ ਸੁਰਖੀ ਬਣਾਈ 'ਲੇਬਰ ਸਰਕਾਰ' ਨੇ 3 ਹਿੰਦੁਸਤਾਨੀ ਬਾਗੀਆਂ ਨੂੰ ਫਾਂਸੀ ਦਿੱਤੀ। ਬਰਤਾਨਵੀ ਸਾਮਰਾਜਵਾਦ ਨੇ ਇਨਕਲਾਬੀਆਂ ਨੂੰ ਝੂਠੇ ਮੁਕੱਦਮੇ ਵਿਚ ਫਸਾਇਆ, ਅਖ਼ਬਾਰ ਨੇ ਖ਼ਬਰ ਵਿਚ ਲਿਖਿਆ ਕਿ 'ਲੇਬਰ ਸਰਕਾਰ ਦੇ ਹੁਕਮ 'ਤੇ ਜਾਣ-ਬੁੱਝ ਕੇ ਘੜੇ ਗਏ ਸਿਆਸੀ ਮੁਕੱਦਮੇ ਵਿਚ ਤਿੰਨ ਹਿੰਦੁਸਤਾਨੀਆਂ ਨੂੰ ਫਾਂਸੀ ਦੇਣ ਤੋਂ ਜ਼ਾਹਰ ਹੈ ਕਿ ਹਿੰਦੁਸਤਾਨ ਵਿਚ ਬਰਤਾਨਵੀ ਸਾਮਰਾਜਵਾਦ ਨੂੰ ਬਚਾਉਣ ਲਈ ਮੈਕਡੋਨਾਲਡ ਹਕੂਮਤ ਕਿਸ ਹੱਦ ਤਕ ਜਾ ਸਕਦੀ ਹੈ। ਮੈਕਡੋਨਾਲਡ ਸਰਕਾਰ, ਜਿਹੜੀ ਸੋਵੀਅਤ ਯੂਨੀਅਨ ਵਿਚ ਉਲਟ ਇਨਕਲਾਬੀ ਮੈਨਵਿਕਾਂ ਦੇ ਮੁਕੱਦਮੇ ਤੇ ਮਗਰਮੱਛੀ ਹੰਝੂ ਵਹਾਉਂਦੀ ਹੈ। ਹਾਲਾਂਕਿ ਉਨ੍ਹਾਂ ਨੇ ਸੋਵੀਅਤ ਯੂਨੀਅਨ ਵਿਚ ਮਜ਼ਦੂਰਾਂ ਅਤੇ ਕਿਰਸਾਨਾਂ ਖ਼ਿਲਾਫ਼ ਯੁੱਧ ਦੀ ਸਾਜਿਸ਼ ਰਚੀ ਅਤੇ ਉਨ੍ਹਾਂ ਨਾਲ ਸ਼ਾਨਦਾਰ ਵਤੀਰਾ ਰੱਖਿਆ ਗਿਆ, ਜਾਣ-ਬੁੱਝ ਕੇ ਹਿੰਦੁਸਤਾਨੀ ਇਨਕਲਾਬੀਆਂ 'ਤੇ ਸਭ ਤੋਂ ਵੱਧ ਜ਼ਾਲਮ ਤਸ਼ੱਦਦ ਦਾ ਇਸਤੇਮਾਲ ਕਰਦੀ ਹੈ।'

ਫਾਂਸੀ ਤੋਂ ਤਿੰਨ ਦਿਨ ਪਹਿਲਾਂ 20 ਮਾਰਚ ਨੂੰ ਦਿੱਲੀ ਵਿਚ ਹੋਏ ਇਕ ਬੜੇ ਵੱਡੇ ਜਲਸੇ ਵਿਚ ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ ਕਿਹਾ ਸੀ, 'ਭਗਤ ਸਿੰਘ ਅੱਜ ਇਕ ਵਿਅਕਤੀ ਨਹੀਂ, ਸਗੋਂ ਇਕ ਪ੍ਰਤੀਕ ਹੈ। ਇਹ ਪ੍ਰਤੀਕ ਬਗਾਵਤ ਦੀ ਰੂਹ ਦਰਸਾਉਂਦਾ ਹੈ, ਜਿਸ ਨੇ ਪੂਰੇ ਮੁਲਕ ਨੂੰ ਆਪਣੇ ਵੱਸ ਵਿਚ ਕਰ ਲਿਆ ਹੈ।'

ਨੇਤਾ ਜੀ ਸੁਭਾਸ਼ ਚੰਦਰ ਬੋਸ ਵੱਲੋਂ ਸੱਦੇ ਗਏ ਇਸ ਜਲਸੇ ਨੂੰ ਰੁਕਵਾਉਣ ਲਈ, ਗ੍ਰਹਿ ਸਕੱਤਰ ਭਾਰਤ ਸਰਕਾਰ ਨੇ ਉਸੇ ਸਵੇਰੇ ਮਹਾਤਮਾ ਗਾਂਧੀ ਨੂੰ ਖ਼ਤ ਲਿਖ ਕੇ ਸਹਿਯੋਗ ਕਰਨ ਦੀ ਗੁਜ਼ਾਰਿਸ਼ ਕੀਤੀ ਸੀ। ਪਰ ਸੁਭਾਸ਼ ਚੰਦਰ ਬੋਸ ਨੇ ਇਹ ਜਲਸਾ ਕਾਮਯਾਬੀ ਨਾਲ ਕੀਤਾ ਅਤੇ ਲੋਕ-ਰੋਹ ਪ੍ਰਗਟ ਕੀਤਾ।

ਮਹਾਤਮਾ ਗਾਂਧੀ ਨੇ 24 ਮਾਰਚ ਨੂੰ 'ਹਿੰਦੁਸਤਾਨ ਟਾਈਮਜ਼' ਲਈ ਇਕ ਬਿਆਨ ਜਾਰੀ ਕਰ ਕੇ ਕਿਹਾ, 'ਭਗਤ ਸਿੰਘ ਅਤੇ ਉਸ ਦੇ ਸਾਥੀ ਅਮਰ ਸ਼ਹੀਦ ਬਣ ਗਏ ਹਨ। ਉਨ੍ਹਾਂ ਦੀ ਮੌਤ ਨਾਲ ਅੱਜ ਲੱਖਾਂ ਲੋਕ ਦੁਖੀ ਹਨ। ਮੈਂ ਇਨ੍ਹਾਂ ਨੌਜਵਾਨ ਦੇਸ਼ ਭਗਤ ਨੌਜਵਾਨਾਂ ਦੀ ਲਗਨ ਦੀ ਭਰਪੂਰ ਸ਼ਲਾਘਾ ਕਰਦਾ ਹਾਂ, ਪਰ ਮੈਂ ਮੁਲਕ ਦੇ ਨੌਜਵਾਨਾਂ ਨੂੰ ਚੇਤਾਵਨੀ ਦਿੰਦਾ ਹਾਂ ਕਿ ਉਹ ਉਨ੍ਹਾਂ ਦੇ ਰਾਹ 'ਤੇ ਨਾ ਚਲਣ।'

ਭਗਤ ਸਿੰਘ ਵੀ ਬਰਤਾਨਵੀ ਬਸਤੀਵਾਦ ਦੀ ਇਸ ਕੁਟਿਲ ਨੀਤੀ ਤੋਂ ਵਾਕਫ਼ ਸਨ ਅਤੇ ਉਹ ਜ਼ਿੰਦਗੀ ਦੇ ਬਾਕੀ ਬਚੇ ਵਕਤ ਦਾ ਇਸਤੇਮਾਲ ਇਸ ਕੁਟਿਲ ਨੀਤੀ ਨੂੰ ਸਿੱਕੇ-ਬਦ ਰੂਪ ਵਿਚ ਉਘਾੜਨ ਵਿਚ ਇਸਤੇਮਾਲ ਕਰਨਾ ਚਾਹੁੰਦੇ ਸਨ। ਨਾਲ ਹੀ 1926 ਦੇ ਨੇੜੇ-ਤੇੜੇ ਉਨ੍ਹਾਂ ਦੇ ਦਿਲ ਵਿਚ ਸੋਵੀਅਤ ਯੂਨੀਅਨ ਦੇ ਇਨਕਲਾਬ ਪ੍ਰਤੀ ਅਜਿਹੀ ਤਿੱਖੀ ਖਿੱਚ ਪੈਦਾ ਹੋਈ ਕਿ ਉਹ ਇਸ ਇਨਕਲਾਬ ਦੀ ਵਿਚਾਰਧਾਰਾ ਅਤੇ ਪ੍ਰਕ੍ਰਿਆ ਨੂੰ ਡੂੰਘਾਈ ਨਾਲ ਸਮਝਣਾ ਚਾਹੁੰਦੇ ਸਨ ਅਤੇ ਉਸ ਨੂੰ ਹਿੰਦੁਸਤਾਨ ਵਿਚ ਵੀ ਲਾਗੂ ਕਰਨਾ ਚਾਹੁੰਦੇ ਸਨ। 1926 ਵਿਚ ਉਨ੍ਹਾਂ ਵਲੋਂ ਸਥਾਪਤ 'ਨੌਜਵਾਨ ਭਾਰਤ ਸਭਾ ਲਾਹੌਰ ਸਟੂਡੈਂਟਸ ਯੂਨੀਅਨ', ਇਥੋਂ ਤਕ ਕਿ 'ਬਾਲ ਭਾਰਤ ਸਭਾ' ਅਤੇ 'ਬਾਲ ਸਟੂਡੈਂਟਸ ਯੂਨੀਅਨ' ਆਦਿ ਜਥੇਬੰਦੀਆਂ ਦਾ ਨਿਰਮਾਣ ਵੀ ਇਸ ਪ੍ਰਕ੍ਰਿਆ ਨੂੰ ਸਮਝਣ ਦੀ ਕੜੀ ਵਜੋਂ ਹੀ ਸੀ। ਲਾਲਾ ਲਾਜਪਤ ਰਾਇ ਵਲੋਂ ਲਾਹੌਰ ਵਿਚ ਕਾਇਮ ਕੀਤੀ ਦਵਾਰਕਾਦਾਸ ਲਾਇਬ੍ਰੇਰੀ ਇਸ ਮਕਸਦ ਦੀ ਪ੍ਰਾਪਤੀ ਲਈ ਉਨ੍ਹਾਂ ਦੀ ਮਦਦਗਾਰ ਸੀ। ਇਥੇ ਸੋਵੀਅਤ ਯੂਨੀਅਨ ਅਤੇ ਇੰਗਲੈਂਡ ਆਦਿ ਮੁਲਕਾਂ ਤੋਂ ਮਾਰਕਸਵਾਦ, ਲੈਨਿਨਵਾਦ ਤੇ ਕਾਫ਼ੀ ਕਿਤਾਬਾਂ ਪਹੁੰਚ ਰਹੀਆਂ ਸਨ ਅਤੇ ਭਗਤ ਸਿੰਘ ਬੜੀ ਸ਼ਿੱਦਤ ਨਾਲ ਉਨ੍ਹਾਂ ਦਾ ਮੁਤਾਲਆ ਕਰ ਰਹੇ ਸਨ। 1928 ਤਕ ਆਉਂਦੇ-ਆਉਂਦੇ ਗ਼ਦਰ ਪਾਰਟੀ ਦੇ ਕਮਿਊਨਿਸਟ ਗਰੁੱਪ ਵੱਲੋਂ ਸ਼ੁਰੂ ਕੀਤੇ 'ਕਿਰਤੀ ਮੈਗਜ਼ੀਨ ਨਾਲ ਉਹ ਪੂਰੀ ਤਰ੍ਹਾਂ ਜੁੜ ਚੁੱਕੇ ਸਨ ਅਤੇ ਇਸ ਮੈਗਜ਼ੀਨ ਵਿਚ ਉਨ੍ਹਾਂ ਲਗਾਤਾਰ ਲਿਖਿਆ ਵੀ। ਭਗਤ ਸਿੰਘ ਦੀ ਸਿਆਸੀ ਖ਼ਾਸੀਅਤ ਸਮਝਣ ਲਈ ਗ਼ਦਰ ਪਾਰਟੀ ਅਤੇ 'ਕਿਰਤੀ ਮੈਗਜ਼ੀਨ' ਨਾਲ ਉਨ੍ਹਾਂ ਦਾ ਨਜ਼ਦੀਕੀ ਰਿਸ਼ਤਾ ਸਮਝਣਾ ਇਕ ਪੱਧਰ 'ਤੇ ਜ਼ਰੂਰੀ ਹੈ ਅਤੇ ਦੂਜੇ ਪੱਧਰ 'ਤੇ 1924-25 ਦੌਰਾਨ ਕੁਝ ਮਹੀਨੇ ਕਾਨਪੁਰ ਰਹਿਣ ਦੌਰਾਨ ਮੁਜ਼ੱਫਰ ਅਹਿਮਦ, ਸਤਿਆਭਗਤ, ਰਾਧਾਮੋਹਨ ਗੋਕੁਲ ਜੀ, ਸ਼ੌਕਤ ਉਸਮਾਨੀ ਆਦਿ ਕਮਿਊਨਿਸਟ ਕਾਰਕੁਨਾਂ ਨਾਲ ਉਨ੍ਹਾਂ ਦਾ ਸੰਪਰਕ ਸਮਝਣਾ ਜ਼ਰੂਰੀ ਹੈ। ਇਹ ਸੰਪਰਕ ਜੋ ਗਣੇਸ਼ ਕਰ ਵਿਦਿਆਰਥੀ ਜ਼ਰੀਏ ਕਾਇਮ ਹੋਇਆ, ਵਿਚਾਰ-ਧਾਰਾਈ ਆਦਾਨ-ਪ੍ਰਦਾਨ ਕਰ ਕੇ ਆਪਣੀ ਖ਼ਾਸੀਅਤ ਦਾ ਵਿਕਾਸ ਕਰਨਾ ਭਗਤ ਸਿੰਘ ਦੀ ਰੋਜ਼ਾਨਾ ਕਾਰਗੁਜ਼ਾਰੀ ਦਾ ਹਿੱਸਾ ਸੀ।

ਭਗਤ ਸਿੰਘ ਦਾ ਲੇਖਨ ਤਾਂ 16-17 ਵਰ੍ਹਿਆਂ ਦੀ ਉਮਰ ਤੋਂ ਹੀ ਸ਼ੁਰੂ ਹੋ ਚੁੱਕਿਆ ਸੀ। ਘਰ ਵਿਚ ਉਨ੍ਹਾਂ ਪੰਜਾਬੀ ਸਿੱਖੀ ਤੇ ਸਕੂਲ ਵਿਚ ਦਾਦਾ ਜੀ ਦੀ ਇੱਛਾ ਮੁਤਾਬਕ ਸੰਸਕ੍ਰਿਤ, ਹਿੰਦੀ ਤੇ ਉਰਦੂ ਦਾ ਗਿਆਨ ਹਾਸਲ ਕੀਤਾ। ਅੰਗਰੇਜ਼ੀ ਦਾ ਗਿਆਨ ਨੈਸ਼ਨਲ ਕਾਲਜ ਅਤੇ ਬਾਅਦ ਵਿਚ ਸਵੈ-ਅਧਿਐਨ ਰਾਹੀਂ ਹਾਸਲ ਹੋਇਆ। ਬੰਗਾਲੀ ਵੀ ਉਨ੍ਹਾਂ ਸਾਥੀਆਂ ਤੋਂ ਸਿੱਖ ਲਈ ਸੀ। ਪੰਜ-ਛੇ ਜ਼ੁਬਾਨਾਂ ਦਾ ਮਾਹਰ ਭਗਤ ਸਿੰਘ ਦਾ ਸਭ ਤੋਂ ਵੱਧ ਲੇਖਨ ਹਿੰਦੀ ਵਿਚ, ਉਸ ਤੋਂ ਬਾਅਦ ਪੰਜਾਬੀ, ਅੰਗਰੇਜ਼ੀ ਤੇ

ਉਰਦੂ ਵਿਚ ਹੋਇਆ। ਪਰਿਵਾਰ ਨੂੰ ਵਧੇਰੇ ਖ਼ਤ ਉਰਦੂ ਵਿਚ ਹੀ ਲਿਖੇ।


1924 ਵਿਚ ਭਗਤ ਸਿੰਘ ਨੇ ਵੀ 17 ਵਰ੍ਹਿਆਂ ਦੀ ਉਮਰ ਵਿਚ 'ਪੰਜਾਬ ਦੀ ਭਾਸ਼ਾ ਅਤੇ ਲਿਪੀ ਦੀ ਸਮੱਸਿਆ ਵਿਸ਼ੇ 'ਤੇ ਹਿੰਦੀ ਵਿਚ ਲੇਖ ਲਿਖ ਕੇ ਪੰਜਾਬ ਹਿੰਦੀ ਸਾਹਿਤ ਸੰਮੇਲਨ ਦਾ ਪੰਜਾਹ ਰੁਪਿਆਂ ਦਾ ਪਹਿਲਾ ਇਨਾਮ ਹਾਸਲ ਕੀਤਾ। ਇਸੇ ਦੌਰਾਨ ਉਨ੍ਹਾਂ ਹਿੰਦੀ ਵਿਚ 'ਯੁਵਕ' ਵਰਗੇ ਲੇਖ ਵੀ ਲਿਖੇ, ਜੋ ਕਲਕੱਤਾ ਦੇ ਹਿੰਦੀ ਰਸਾਲੇ 'ਮਤਵਾਲਾ' ਵਿਚ ਛਪੇ। ਉਨ੍ਹਾਂ ਦੇ ਉਰਦੂ ਅਤੇ ਪੰਜਾਬੀ ਵਿਚ ਲਿਖੇ ਪਰਿਵਾਰਕ ਮੈਂਬਰਾਂ ਦੇ ਨਾਂ ਖ਼ਤ 11, 14 ਅਤੇ 16 ਸਾਲ ਦੀ ਉਮਰ ਤੋਂ ਹੀ ਮਿਲਦੇ ਹਨ।

ਭਗਤ ਸਿੰਘ ਨੇ 1926 ਵਿਚ ਸ਼ੁਰੂ ਹੋਏ ਪੰਜਾਬੀ ਦੇ 'ਕਿਰਤੀ ਮੈਗਜ਼ੀਨ' ਵਿਚ ਨਿਯਮਤ ਰੂਪ ਵਿਚ ਲਿਖਣਾ ਸ਼ੁਰੂ ਕੀਤਾ, ਜਿਸ ਦੇ ਪਹਿਲੇ ਸੰਪਾਦਕ ਗ਼ਦਰ ਪਾਰਟੀ ਦੇ ਦੂਜੇ ਸਕੱਤਰ ਭਾਈ ਸੰਤੋਖ ਸਿੰਘ ਧਰਦੇਓ ਸਨ। ਉਨ੍ਹਾਂ ਦੇ ਕੁਵੇਲੇ ਚਲਾਣੇ ਤੋਂ ਮਗਰੋਂ ਸੋਹਨ ਸਿੰਘ ਜੋ 'ਕਿਰਤੀ' ਦੇ ਸੰਪਾਦਕ ਬਣੇ ਜੋ ਭਗਤ ਸਿੰਘ ਦੇ ਵੀ ਨਜ਼ਦੀਕੀ ਸਨ ਅਤੇ ਉਹ ਭਗਤ ਸਿੰਘ ਹੁਰਾਂ ਵਲੋਂ ਸਥਾਪਤ 'ਨੌਜਵਾਨ ਭਾਰਤ ਸਭਾ' ਵਿਚ ਵੀ ਸਰਗਰਮ ਸਨ। ਇਹ ਸਭਾ 1926 ਵਿਚ ਲਾਹੌਰ ਵਿਚ ਕਾਇਮ ਕੀਤੀ ਗਈ ਸੀ। ਅਲਾਹਾਬਾਦ ਦੇ 'ਚਾਂਦ' ਮੈਗਜ਼ੀਨ ਨੇ ਨਵੰਬਰ 1928 ਵਿਚ ਆਪਣਾ ਖ਼ਾਸ 'ਫਾਂਸੀ' ਅੰਕ ਛਾਪਿਆ, ਜਿਸ ਵਿਚ ਪੰਜਾਹ ਦੇ ਕਰੀਬ ਹਿੰਦੁਸਤਾਨੀ ਇਨਕਲਾਬੀਆਂ ਦੇ ਰੇਖਾ-ਚਿੱਤਰ ਛਾਪੇ ਗਏ। ਇਨ੍ਹਾਂ ਵਿਚੋਂ ਬਹੁਤੇ ਗ਼ਦਰ ਪਾਰਟੀ ਨਾਲ ਸਬੰਧਤ ਸਨ, ਜਿਨ੍ਹਾਂ ਬਾਰੇ ਭਗਤ ਸਿੰਘ ਪਹਿਲਾਂ 'ਕਿਰਤੀ' ਵਿਚ ਵੀ ਲਿਖ ਚੁੱਕੇ ਸਨ। 'ਚਾਂਦ' ਦੇ ਇਹ ਰੇਖਾ-ਚਿੱਤਰ ਭਗਤ ਸਿੰਘ ਅਤੇ ਸ਼ਿਵ ਵਰਮਾ ਨੇ ਲਿਖੇ ਸਨ। ਗ਼ਦਰ ਪਾਰਟੀ ਲਹਿਰ ਭਾਰਤ ਦੀ ਪਹਿਲੀ ਧਰਮ ਨਿਰਪੱਖ ਤੇ ਸਮਾਜਕ ਰੂਪ ਵਿਚ ਵੀ ਕਾਫ਼ੀ ਅਗਾਂਹਵਧੂ ਇਨਕਲਾਬੀ ਲਹਿਰ ਸੀ। ਭਗਤ ਸਿੰਘ ਦੇ ਸਿਆਸੀ ਚਿੰਤਨ ਦੇ ਵਿਕਾਸ ਵਿਚ ਪਹਿਲਾ ਅਸਰ ਉਸ ਦੇ ਚਾਚਾ ਅਜੀਤ ਸਿੰਘ ਦਾ ਹੈ, ਜਿਨ੍ਹਾਂ ਲਾਲਾ ਲਾਜਪਤ ਰਾਇ ਨਾਲ ਮਿਲ ਕੇ 1907 ਵਿਚ "ਭਾਰਤ ਮਾਤਾ ਸੋਸਾਇਟੀ" ਅਤੇ 'ਅੰਜੁਮਨ-ਮੁਹੱਬਤਾਨੇ-ਵਤਨ' ਆਦਿ ਤਨਜ਼ੀਮਾਂ ਬਣਾ ਕੇ 'ਪਗੜੀ ਸੰਭਾਲ ਜੱਟਾ' ਵਰਗੀਆਂ ਕਿਸਾਨ ਲਹਿਰਾਂ ਉਸਾਰੀਆਂ ਸਨ। ਅਜੀਤ ਸਿੰਘ ਨੂੰ 1909 ਤੋਂ 1947 ਤਕ 38 ਵਰ੍ਹੇ, ਜਲਾਵਤਨੀ ਦਾ ਦੰਡ ਭੁਗਤਣਾ ਪਿਆ ਸੀ। ਸੰਗ੍ਰਹਿ ਦੇ ਪਹਿਲੇ ਲੇਖ 'ਆਜ਼ਾਦੀ ਲਹਿਰ' ਵਿਚ ਪੰਜਾਬ ਦਾ ਪਹਿਲਾ ਉਭਾਰ ਲੇਖ ਵਿਚ ਭਗਤ ਸਿੰਘ ਨੇ ਵੀਹਵੀਂ ਸਦੀ ਦੇ ਸ਼ੁਰੂ ਵਿਚ ਪੰਜਾਬ ਵਿਚ ਲਾਲਾ ਲਾਜਪਤ ਰਾਇ ਅਤੇ ਅਜੀਤ ਸਿੰਘ ਦੀ ਅਗਵਾਈ ਵਿਚ ਸ਼ੁਰੂ ਹੋਈ ਇਸੇ ਕਿਸਾਨ ਲਹਿਰ ਦੀ ਵਾਕਫ਼ੀਅਤ ਕਰਵਾਈ ਗਈ ਹੈ, ਇਸ ਤੋਂ ਕੁਝ ਵਰ੍ਹੇ ਪਹਿਲਾਂ 1872 ਵਿਚ 'ਕੂਕਾ ਬਗਾਵਤ' ਹੋਈ ਸੀ। ਭਗਤ ਸਿੰਘ ਦੀ ਇਨਕਲਾਬੀ ਲਹਿਰ ਅਤੇ ਪੰਜਾਬ ਵਿਚ ਸਿਆਸੀ ਜਾਗ੍ਰਿਤੀ ਸਮਝਣ ਲਈ ਭਗਤ ਸਿੰਘ ਦਾ ਇਹ ਛੋਟਾ ਤੇ ਕੁਝ ਅਧੂਰਾ ਜਾਪਦਾ ਲੇਖ ਸਮਝਣਾ ਜ਼ਰੂਰੀ ਹੈ, ਜੋ ਉਰਦੂ 'ਬੰਦੇ ਮਾਤਰਮ' (ਲਾਹੌਰ) ਵਿਚ 1931 ਵਿਚ ਛਾਇਆ ਹੋਇਆ ਸੀ।

ਭਗਤ ਸਿੰਘ ਨੇ 8 ਅਪ੍ਰੈਲ 1929 ਨੂੰ ਅਸੈਂਬਲੀ ਵਿਚ ਬੰਬ ਸੁੱਟਦੇ ਸਮੇਂ ਜੋ ਦੋ ਨਾਅਰੇ ਦਿੱਤੇ, ਉਨ੍ਹਾਂ ਨੇ ਭਾਰਤ ਦੀ ਸਿਆਸਤ ਨੂੰ ਵੀ ਨਵੀਂ ਦਿਸ਼ਾ ਦਿੱਤੀ। ਇਸ ਤੋਂ ਪਹਿਲਾਂ ਕਾਂਗਰਸ ਪਾਰਟੀ ਜਾਂ ਇਨਕਲਾਬੀ ਦੋਵਾਂ ਹੀ ਲਹਿਰਾਂ ਵਿਚ 'ਬੰਦੇ ਮਾਤਰਮ' ਦਾ ਨਾਅਰਾ ਸਭ ਤੋਂ ਵੱਧ ਮਕਬੂਲ ਸੀ। ਭਗਤ ਸਿੰਘ ਵਲੋਂ 'ਇਨਕਲਾਬ ਜ਼ਿੰਦਾਬਾਦ' ਅਤੇ 'ਸਾਮਰਾਜਵਾਦ ਮੁਰਦਾਬਾਦ' ਨਾਅਰੇ ਗੁਜਾਉਣ ਮਗਰੋਂ, ਪੂਰੇ ਮੁਲਕ ਵਿਚ ਹੀ ਨਹੀਂ, ਸਗੋਂ ਨੇੜਲੇ ਮੁਲਕਾਂ ਵਿਚ ਵੀ ਇਨ੍ਹਾਂ ਨਾਅਰਿਆਂ ਦੀ ਉਹ ਮਕਬੂਲੀਅਤ ਹੋਈ ਕਿ ਕੁਝ ਹੀ ਵਰ੍ਹਿਆਂ ਵਿਚ ਇਨ੍ਹਾਂ ਨਾਅਰਿਆਂ ਨੇ ਖ਼ਾਸਕਰ 'ਇਨਕਲਾਬ ਜ਼ਿੰਦਾਬਾਦ ਨੇ 'ਬੰਦੇ ਮਾਤਰਮ' ਦੇ ਨਾਅਰੇ ਬਦਲ ਦਿੱਤੇ। ਅੱਜ ਮੁਲਕ ਦੇ ਕੋਨੇ-ਕੋਨੇ ਵਿਚ ਹਰ ਵਰਗ ਦੇ ਅੰਦੋਲਨ ਵਿਚ 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਹੀ ਸਭ ਤੋਂ ਵੱਧ ਮਕਬੂਲ ਨਾਅਰਾ ਹੈ, ਜਿਸ ਦਾ ਸਿਹਰਾ ਨਿਸਚੇ ਹੀ ਭਗਤ ਸਿੰਘ ਦੀ ਸਿਆਸੀ ਸੋਚ ਨੂੰ ਜਾਂਦਾ ਹੈ। ਅੱਜ ਭਾਰਤ ਅਤੇ ਦੁਨੀਆਂ ਦੀ ਹਾਲਤ ਦੇ ਪ੍ਰਸੰਗ ਵਿਚ, ਜਦ ਨਵ-ਸਾਮਰਾਜਵਾਦ ਆਪਣੇ ਪੈਰ ਪਸਾਰ ਰਿਹਾ ਹੈ ਅਤੇ ਦੁਨੀਆਂ ਦੇ ਖ਼ਾਸਕਰ ਤੀਸਰੀ ਦੁਨੀਆਂ ਦੇ ਮੁਲਕਾਂ ਦੀ ਆਜ਼ਾਦੀ, ਖ਼ਾਸ ਕਰ ਆਰਥਕ ਆਜ਼ਾਦੀ ਖ਼ਤਰੇ ਵਿਚ ਹੈ, ਤਾਂ ਭਗਤ ਸਿੰਘ ਵਲੋਂ ਦਿੱਤੇ ਦੂਜੇ ਨਾਅਰੇ 'ਸਾਮਰਾਜਵਾਦ ਮੁਰਦਾਬਾਦ' ਦਾ ਮਹੱਤਵ ਮੁੜ ਸਥਾਪਤ ਹੋ ਜਾਂਦਾ ਹੈ।

ਅੱਜ ਵੀ ਜੇ ਮੁਲਕ ਨੂੰ ਸਹੀ ਮਾਅਨਿਆਂ ਵਿਚ ਤਰੱਕੀ ਅਤੇ ਤਬਦੀਲੀ ਦੇ ਰਾਹ 'ਤੇ ਅੱਗੇ ਵਧਾਉਣਾ ਹੈ ਤਾਂ ਸਭ ਤੋਂ ਪਹਿਲਾਂ ਆਪਣੇ ਇਤਿਹਾਸ ਦੇ ਸਰਬ-ਸ੍ਰੇਸ਼ਠ ਪੱਖ ਨੂੰ ਸਾਹਮਣੇ ਲਿਆਉਣਾ ਪਵੇਗਾ। ਇਤਿਹਾਸ ਵਿਚ ਵਿਗਾੜ ਬਹੁਤ ਸਾਰੇ ਘ੍ਰਿਣਤ ਸਮਾਜਕ ਤਣਾਅ ਪੈਦਾ ਕਰ ਦਿੰਦਾ ਹੈ। 1857 ਦੀ ਡੇਢ ਸੌਵੀਂ ਜਯੰਤੀ ਅਤੇ ਭਗਤ ਸਿੰਘ ਦੀ ਜਨਮ ਸ਼ਤਾਬਦੀ ਵਰ੍ਹੇ ਮੌਕੇ ਇਹ ਬੇਹੱਦ ਜ਼ਰੂਰੀ ਹੈ ਕਿ ਦੇਸ਼ ਦੀ ਆਜ਼ਾਦੀ ਲਈ ਲੜੇ ਗਏ ਇਨਕਲਾਬੀ ਸੰਘਰਸ਼ਾਂ ਦੀ ਵਿਰਾਸਤ, ਜਿਨ੍ਹਾਂ ਵਿਚ ਸਾਰੇ ਧਰਮਾਂ ਦੇ ਤਬਕਿਆਂ ਨੇ ਬਰਾਬਰ ਹਿੱਸਾ ਲਿਆ, ਸਾਹਮਣੇ ਲਿਆਂਦਾ ਜਾਵੇ ਅਤੇ ਮੁਲਕ ਦੀ ਨੌਜਵਾਨ ਪੀੜ੍ਹੀ ਨੂੰ ਏਸ ਸਹੀ ਅਤੇ ਸੱਚੇ ਇਤਿਹਾਸ ਤੋਂ ਸਿੱਖਿਆ ਪ੍ਰਣਾਲੀ ਵਿਚ ਸੁਧਾਰ ਕਰ ਕੇ ਵਾਕ ਕਰਵਾਇਆ ਜਾਵੇ ਤਾਂ ਕਿ ਨੌਜਵਾਨ ਪੀੜ੍ਹੀ ਭਗਤ ਸਿੰਘ ਵਰਗੇ ਨੌਜਵਾਨ ਹਿਰਦਿਆਂ ਦੇ ਨਾਇਕ ਵਿਚਾਰਕ ਪੱਧਰ 'ਤੇ ਆਤਮਸਾਤ ਕਰ ਕੇ ਜ਼ਹਿਰੀਲੇ ਫ਼ਿਰਕੂ ਅਤੇ ਉਤਪੀੜਨ ਕੇਂਦ੍ਰਿਤ ਕਬਜ਼ਾਵਾਦੀ ਵਿਚਾਰਾਂ ਤੋਂ ਆਪਣੇ ਦਿਮਾਗ ਨੂੰ ਮੁਕਤ ਕਰ ਕੇ ਆਪਣਾ ਸਿਹਤਮੰਦ ਵਿਚਾਰਧਾਰਾਈ ਵਿਕਾਸ ਕਰ ਕੇ ਦੇਸ਼-ਪ੍ਰੇਮ ਦੇ ਜਜ਼ਬੇ ਨਾਲ ਦੇਸ਼ ਦਾ ਭਵਿੱਖ ਤੈਅ ਕਰਨ ਵਿਚ ਆਪਣੀ ਹਾਂ-ਪੱਖੀ ਭੂਮਿਕਾ ਨਿਭਾਵੇ।

ਸ਼ਹੀਦ ਭਗਤ ਸਿੰਘ ਬਾਰੇ ਕਵਿਤਾਵਾਂ



ਲਹਿੰਦੇ ਪੰਜਾਬ 'ਚ ਭਗਤ ਸਿੰਘ ਦਾ ਕਲਾਸ ਰੂਮ।

ਘੋੜੀ ਸ਼ਹੀਦ ਭਗਤ ਸਿੰਘ

-ਤਾਇਰ

(ਇਹ ਘੋੜੀ 23 ਮਾਰਚ 1932 ਨੂੰ ਭਗਤ ਸਿੰਘ ਹੋਰਾਂ ਦੇ ਪਹਿਲੇ ਸ਼ਹੀਦੀ ਦਿਵਸ ਉੱਤੇ "ਤਾਇਰ" ਲੋਕ ਕਵੀ ਨੇ ਤਾਂਗੇ ਉੱਤੇ ਖੜੇ ਹੋ ਕੇ ਪੜ੍ਹੀ ਸੀ। ਇਹ ਦਿਵਸ ਮਨਾਉਣ ਉੱਤੇ ਅੰਗਰੇਜ਼ ਸਰਕਾਰ ਨੇ ਪੂਰੀ ਪਾਬੰਦੀ ਲਾਈ ਹੋਈ ਸੀ। ਪਰ ਉਸ ਪਾਬੰਦੀ ਦੇ ਬਾਵਜੂਦ ਕੋਈ ਇਕ ਲੱਖ ਲੋਕਾਂ ਨੇ ਪਹਿਲੇ ਸ਼ਹੀਦੀ ਦਿਵਸ ਵਿਚ ਹਿੱਸਾ ਲਿਆ)

ਆਵੋ ਨੀ ਭੈਣੋ ਰਲ ਗਾਵੀਏ ਘੋੜੀ
ਜੰਜ ਤੇ ਹੋਈ ਏ ਤਿਆਰ ਵੇ ਹਾਂ
ਮੌਤ ਕੁੜੀ ਨੂੰ ਪਰਨਾਵਣ ਚਲਿਆ
ਦੇਸ਼ ਭਗਤ ਸਰਦਾਰ ਵੇ ਹਾਂ
ਫਾਂਸੀ ਦੇ ਤਖ਼ਤੇ ਵਾਲਾ ਖਾਰਾ ਬਣਾ ਕੇ
ਬੈਠਾ ਤੂੰ ਚੋਕੜੀ ਮਾਰ ਵੇ ਹਾਂ
ਹੰਜੂਵਾਂ ਦੇ ਪਾਣੀ ਭਰ ਨਹਾਵੋ ਗੜੋਲੀ
ਲਹੂ ਦੀ ਰਤੀ ਮੋਹਲੀ ਧਾਰ ਵੇ ਹਾਂ
ਫਾਂਸੀ ਦੀ ਟੋਪੀ ਵਾਲਾ ਮੁਕਟ ਬਣਾ ਕੇ
ਸਿਹਰਾ ਤੂੰ ਬੱਧਾ ਝਾਲਰਦਾਰ ਵੇ ਹਾਂ
ਜੰਡੀ ਤੇ ਵੱਢੀ ਲਾੜੇ ਜ਼ੋਰ ਜ਼ੁਲਮ ਦੀ
ਸਬਰ ਦੀ ਮਾਰ ਤਲਵਾਰ ਵੇ ਹਾਂ
ਰਾਜ ਗੁਰੂ ਤੇ ਸੁੱਖਦੇਵ ਸਰਬਾਲ੍ਹੇ
ਚੜ੍ਹਿਆਂ ਤੇ ਤੂੰ ਹੀ ਵਿਚਕਾਰ ਵੇ ਹਾਂ
ਵਾਗ ਫੜਾਈ ਤੈਥੋਂ ਭੈਣਾਂ ਨੇ ਲੈਣੀ
ਭੈਣਾਂ ਦਾ ਰੱਖਿਆ ਉਧਾਰ ਵੇ ਹਾਂ
ਹਰੀ ਕਿਸ਼ਨ* ਤੇਰਾ ਬਣਿਆ ਵੇ ਸਾਂਢੂ
ਢੁੱਕੇ ਤੇ ਤੁਸੀਂ ਇੱਕੋ ਵਾਰ ਵੇ ਹਾਂ
ਪੈਂਤੀ ਕਰੋੜ ਤੇਰੇ ਜਾਂਜੀ ਵੇ ਲਾੜ੍ਹਿਆ
ਕਈ ਪੈਦਲ ਤੇ ਕਈ ਸਵਾਰ ਵੇ ਹਾਂ
ਕਾਲੀਆਂ ਪੁਸ਼ਾਕਾਂ ਪਾ ਕੇ ਜੰਜ ਜੋ ਤੁਰ ਪਈ
"ਤਾਇਰ" ਵੀ ਹੋਇਆ ਏ ਤਿਆਰ ਵੇ ਹਾਂ

*ਭਗਤ ਸਿੰਘ ਤੋਂ ਪਹਿਲਾਂ ਸ਼ਹੀਦ ਹੋਇਆ ਭਗਤ ਜਵਾਨ,
ਜਿਸ ਨੇ ਯੂਨੀਵਰਸਿਟੀ ਕਨੋਓਕੀਸ਼ਨ ਵੇ.ਲੇ ਫ਼ਿਰੰਗੀ ਗਵਰਨਰ ਉੱਤੇ ਲਾਹੌਰ ਵਿਚ ਗੋਲੀ ਚਲਾਈ ਸੀ

ਅਹਿਮਦ ਸਲੀਮ

ਮਾਂ

(ਸ਼ਹੀਦ ਭਗਤ ਸਿੰਘ ਦੀ ਮਾਂ ਦੇ ਨਾਵੇਂ)

ਨੈਣਾਂ ਸਾਗਰ ਟੋਰੇ
ਹੋਠਾਂ ਵੈਣ ਖਿੜਾਏ
ਝਾਂਝਰ ਛਿਣ-ਛਿਣ ਰੋਈ
ਵੰਗਾਂ ਤਰਲੇ ਪਾਏ
ਕਿਹੜਾ ਪਿਆਰ ਦੀ ਬੇੜੀ
ਆਕੇ ਪਾਰ ਉਤਾਰੇ
ਮੇਰੀ ਸੋਹਣੀ ਅੱਜ ਵੀ
ਡੁੱਬਦੀ ਅੱਧ ਵਿਚਕਾਰੇ
ਦੇਵਾਂ ਲੋਰੀਆਂ

ਕੁੜੀਆਂ ਢੋਲ ਜੇ ਪਿਆਰੇ

ਵੇਖ ਕੇ ਉੱਚੀਆਂ ਕੰਧਾਂ
ਖਿੱਚ ਦੂਣੀ ਹੁੰਦੀ ਏ
ਬਾਂਹ ਨੂੰ ਬਾਂਹ ਦੀ ਖਿੱਚ ਵੇ
ਸਾਹ ਨੂੰ ਸਾਹ ਦੀ ਖਿੱਚ ਵੇ
ਤੇ ਹਰ ਪਾਸੇ ਕੰਧਾਂ
ਉੱਤੇ ਕੱਚ ਪੀੜਾਂ ਦੇ
ਫੁੱਲਾਂ ਵਾਂਗੂੰ ਖਿੜਦੇ

ਬਾਂਹਵਾਂ ਖੁੱਲ੍ਹੀਆਂ ਬਾਂਹਵਾਂ
ਆਪਣੇ ਲਹੂ ਵਿਚ ਡੁੱਬੀਆਂ
ਲਹੂ ਦਾ ਡੂੰਘਾ ਸਾਗਰ
ਅੱਜ ਵੀ ਠਾਠਾਂ ਮਾਰੇ
ਦੇਵਾਂ ਲੋਰੀਆਂ
ਧਰਤੀ ਲੋਕ ਜੇ ਪਿਆਰੇ
ਦੇਵਾਂ ਲੋਰੀਆਂ

ਭਗਤ ਸਿੰਘ ਦੀ ਵਾਰ


(ਇਹ ਵਾਰ ਭਗਤ ਸਿੰਘ ਦੀ ਸ਼ਹੀਦੀ ਵੇ.ਲੇ ਲਿਖੀ ਗਈ)

ਗਏ ਦਾਣੇ ਮੁੱਕ ਭੜੋਲਿਉਂ
ਘੜਿਆਲੀ ਚੋਂ ਪਾਣੀ
ਦੁਧ ਬਾਝੋਂ ਡੁਸਕਣ ਲੱਗ ਪਈ
ਕੰਧ ਨਾਲ ਮਧਾਣੀ
ਉਦੋਂ ਉਠਿਆ ਸ਼ੇਰ ਪੰਜਾਬ ਦਾ
ਸੰਗ ਲੈ ਕੇ ਹਾਣੀ
ਉਹਨੇ ਜ਼ੁਲਮ ਜਬਰ ਦੇ ਸਾਹਮਣੇ
ਆ ਛਾਤੀ ਤਾਣੀ
ਉੱਸ ਕਹਿਆ ਕੰਗਾਲੀ ਦੇਸ਼ ਚੋਂ
ਅਸਾਂ ਜੜ੍ਹੋਂ ਮੁਕਾਣੀ
ਸੁਣ ਉਹਦੀਆਂ ਭਬਕਾਂ ਕੰਬ ਗਈ
ਲਹੂ ਪੈਣੀ ਢਾਣੀ
ਉਨ੍ਹਾਂ ਇਹਦਾ ਦਾਰੂ ਸੋਚ ਕੇ
ਇਕ ਮੌਤ ਪਛਾਣੀ
ਉਹਦੀ ਵੇਖ ਜਵਾਨੀ ਦੱਗਦੀ
ਫਾਂਸੀ ਕੁਮਲਾਣੀ
ਉਦੋਂ ਰੋ-ਰੋ ਖਾਰੇ ਹੋ ਗਏ
ਸਤਲੁਜ ਦੇ ਪਾਣੀ
ਉਹ ਸੀਨੇ ਦੇ ਵਿਚ ਘੁੱਟ ਲਏ
ਚਾ ਭਰ ਹੁਲਾਰੇ
ਨਾ ਗਾਨਾ ਕਿਸੇ ਨੇ ਬੰਨਿਆ
ਨਾ ਚੜ੍ਹਿਆ ਖਾਰੇ
ਨਾ ਸ਼ਗਨਾਂ ਵਾਲੀਆਂ ਮਹਿੰਦੀਆਂ
ਕੋਈ ਹੱਥ ਸ਼ੰਘਾਰੇ
ਨਾ ਡੋਲੀ ਉੱਤੇ ਮਾਂ ਨੇ
ਉਠ ਪਾਣੀ ਵਾਰੇ
ਜਦੋਂ ਡੁੱਬਿਆ ਚੰਨ ਪੰਜਾਬ ਦਾ
ਡੁੱਬ ਗਏ ਸਿਤਾਰੇ
ਜਦ ਫਾਂਸੀ ਚੁੰਮੀ ਸ਼ੇਰ ਨੇ
ਉਹਦੇ ਬੁੱਲ੍ਹ ਮੁਸਕਾਏ
ਉਹਦੇ ਨੈਣਾਂ ਅੰਦਰ ਦੇਸ਼ ਦੇ
ਸੁਪਨੇ ਲਹਿਰਾਏ
ਉਹ ਸੀਨੇ ਵਿਚੋਂ ਉਠ ਪਏ
ਅਰਮਾਨ ਦਬਾਏ

ਸ਼ਹੀਦ ਭਗਤ ਸਿੰਘ

ਮੀਆਂ ਸਲੀਮ ਜਹਾਂਗੀਰ

ਧਰਤੀ ਮਾਂ ਦਾ ਅੱਥਰਾ ਬਾਲਕ
ਪਹਿਲ ਜਵਾਨੀ ਚੜ੍ਹਦਾ ਪਾਣੀ
ਨਾਲ ਸ਼ਰੀਕਾਂ ਆਢਾ ਲਾਇਆ ਉਸ ਡਾਢਾ
ਆਪੋਂ ਲਿਖੀ ਆਪੋਂ ਭੋਗੀ
ਉਮਰ ਅਪਣੀ ਬਾਲ ਕੇ ਸੇਕੀ
ਖੰਬ ਖਿਲਾਰ ਕੇ ਜਦ ਵੀ ਉਠਿਆ
ਪਟੜੀਓਂ ਰੇਲਾਂ ਲਾਹ ਲਾਹ ਸੁੱਟੀਆਂ
ਮੇਮਾਂ ਆਪਣੀਆਂ ਮੀਢੀਆਂ ਪੁੱਟੀਆਂ
ਬੰਗਲੇ ਵਾਸੀ ਨੀਂਦਾਂ ਲੁੱਟੀਆਂ
ਮਾਂ ਦੀਆਂ ਰਾਤਾਂ ਦੇ ਨਰੋਏ ਜਗਰਾਤੇ ਦੀ
ਜੜਤੀ ਜੁੜਿਆ
ਲੋਰੀਆਂ ਦੇ ਦੇ ਦੁਖੀ ਸਾਹਾਂ ਦੀ ਖ਼ੁਸ਼ਬੂ ਨਾਲ ਭਿੰਨਾ
ਵਾਹਕ ਪਿਓ ਦੇ ਵਗਦੇ ਹੱਲ ਦੀ
ਮੁੜ੍ਹਕੇ ਲਿਬੜੀ ਲੀਹੇ ਟੁਰਿਆ
ਬੇਲੀ ਪਾਲਣਾ ਮਾਂ ਦਾ ਆਲ੍ਹਣਾ
ਤਾਂਬੇ ਰੰਗਾ ਜੱਟ ਦਾ ਜੁੱਸਾ
ਕੜੀਆਂ ਦੇ ਬੁੱਕ ਜੇਲ੍ਹ ਦੇ ਫਾਟਕ
ਫਾਹੀ ਦਾ ਰੱਸਾ
ਰੋਕ ਨਾ ਸਕਿਆ ਟੋਕ ਨਾ ਸਕਿਆ
ਅਜੇ ਤੀਕਰ ਉਹ
ਤੁਰਦਿਆਂ ਸਰਕਾਰੀ ਡਾਕਾਂ ਵਿਚ ਡਾਕੇ ਦਾ ਤੋਰਾ ਏ
ਅਜੇ ਤੀਕਰ ਉਹ
ਖੜਕਦੀਆਂ ਤਾਰਾਂ ਅੰਦਰ ਦੇ ਵੈਰੀ ਤਾਈਂ ਬੁਲੇਂਦੀ ਲਲਕਾਰ
ਅਜੇ ਤੀਕਰ ਉਹ
ਜ਼ਰਸੀ ਭੈਣ ਦੇ ਸਿਰ ਦੀ ਚੁੰਨੀ ਦਾ ਕੱਜ



ਲਹਿੰਦੇ ਪੰਜਾਬ 'ਚ ਭਗਤ ਸਿੰਘ ਦੇ ਘਰ ਦਾ ਅੰਦਰਲਾ ਦ੍ਰਿਸ਼।

ਕਾਸ਼ ਵੇ ਭਗਤਾ

ਮੁਹੰਮਦ ਆਸਿਫ਼ ਰਜ਼ਾ



ਤੈਨੂੰ ਚਨ੍ਹਾਂ ਦੇ ਪਾਣੀ ਨੇ
ਸਾਂਭ ਸਾਂਭ ਕੇ ਰੱਖਿਆ ਹੋਵੇ
ਤੂੰ ਉਸ ਕੰਡੇ ਸੁੱਤਾ ਹੋਵੇਂ
ਤੈਨੂੰ ਜਾ ਜਗਾਵਾਂ ਮੈਂ
ਧਰਤੀ ਦਾ ਹਾਲ ਸੁਣਾਵਾਂ ਮੈਂ
ਕਿ ਜਿਸ ਧਰਤੀ ਨੂੰ ਸਿਰਜਨ ਲਈ ਤੈਂ
ਵੈਰੀ ਨਾਲ ਆਢਾ ਲਾਇਆ ਹਾਈ
ਅੱਜ ਮਜ਼ਹਬਾਂ ਹੱਥੋਂ ਟੋਟੇ ਹੋਕੇ
ਲੇਖਾਂ ਤੇ ਉਹ ਆਪਣੇ ਰੋ ਕੇ
ਤੈਨੂੰ ਪਈ ਉਡੀਕਦੀ ਊ
ਤੈਨੂੰ ਪਈ ਉਡੀਕਦੀ ਊ
ਆ ਜਾ ਰਲਕੇ ਵਿਉਂਤ ਬਣਾਈਏ
ਇਸ ਦੇ ਰਾਹ ਦੀਆਂ ਕੰਧਾਂ ਢਾਈਏ
'ਆਸਿਫ਼' ਸੀਨਾ ਤਾਣ ਖਲੋਤਾ
ਵੈਰੀ ਰਲ ਕੇ ਸੱਭ ਮੁਕਾਈਏ
ਨਵੇਂ ਦੇਂਹ ਦਾ ਚੰਨ ਚੜ੍ਹਾਈਏ---

ਮੇਰਾ ਲੁੱਟਿਆ ਗਿਆ ਪੰਜਾਬ.....



ਜਗਤਾਰ ਸਾਲਮ
+91-97804-70386
jagtar.saalam@rediffmail.com

ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬ ਦੇ ਤੀਜੀ ਵਾਰ ਮੁੱਖ ਮੰਤਰੀ ਬਣਨ ਤੋਂ ਪਹਿਲਾਂ ਐਲਾਨ ਕੀਤਾ ਸੀ ਕਿ ਜੇ ਉਹ ਮੁੜ ਮੁੱਖ ਮੰਤਰੀ ਬਣੇ ਤਾਂ ਛੇਤੀ ਹੀ ਪੰਜਾਬ ਨੂੰ ਕੈਲੇਫੋਰਨੀਆ ਬਣਾ ਦੇਣਗੇ ਪਰ ਹੁਣ ਉਹ ਪੰਜਵੀਂ ਵਾਰ ਮੁੱਖ ਮੰਤਰੀ ਦੇ ਅਹੁਦੇ ਉੱਤੇ ਹਨ ਤੇ ਪੰਜਾਬ ਅੱਜ ਵੀ ਉਹਨਾਂ ਸਮੱਸਿਆਵਾਂ ਨਾਲ ਜੂਝ ਰਿਹਾ ਹੈ, ਜਿਨ੍ਹਾਂ ਨੇ 20ਵੀਂ ਸਦੀ ਦੇ ਅੰਤਲੇ ਦਹਾਕੇ ਵਿੱਚ ਸਿਰ ਚੁੱਕਿਆ ਹੋਇਆ ਸੀ। ਸੁਧਾਰ ਹੋਣ ਦੀ ਥਾਂ ਇਸ ਅਰਸੇ ਦਰਮਿਆਨ ਪੰਜਾਬ ਦੇ ਸਮਾਜਕ, ਆਰਥਕ ਅਤੇ ਰਾਜਨੀਤਕ ਹਾਲਾਤ ਹੋਰ ਵਿਗੜੇ ਹਨ। ਪੰਜਾਬ ਦੇ ਸਿਆਸਤਦਾਨ ਦਾਅਵਾ ਕਰਦੇ ਹਨ ਕਿ ਪੰਜਾਬ ਹਿੰਦੁਸਤਾਨ ਦਾ ਅਗਾਂਹਵਧੂ ਸੂਬਾ ਹੈ, ਪਰ ਸੱਚ ਇਹ ਹੈ ਕਿ ਪੰਜ ਦਰਿਆਵਾਂ ਦੀ ਇਸ ਧਰਤੀ ਦਾ ਪਵਿੱਤਰ ਪਾਣੀ ਹੁਣ ਪੀਣ ਯੋਗ ਨਹੀਂ ਰਿਹਾ। ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਪਿਛਲੇ ਛੇ ਸਾਲਾਂ ਤੋਂ ਹਰ ਸਾਲ ਦਾਅਵਾ ਕਰਦੇ ਆ ਰਹੇ ਹਨ ਪੰਜਾਬ ਕੋਲ ਆਉਂਦੇ ਸਾਲ ਸਰਪਲੱਸ ਬਿਜਲੀ ਹੋ ਜਾਵੇਗੀ ਪਰ ਸੱਚਾਈ ਇਹ ਹੈ ਕਿ ਪੰਜਾਬ ਦੇ ਲੱਖਾਂ ਘਰਾਂ ਤੀਕਰ ਅਜੇ ਬਿਜਲੀ ਨਹੀਂ ਪਹੁੰਚੀ। ਪੰਜਾਬ ਵਿੱਚ ਗਰੀਬੀ ਇਸ ਕਦਰ ਹੈ ਕਿ ਇੱਥੋਂ ਦਾ ਕਿਸਾਨ ਜਿਸਨੂੰ ਹਿੰਦੁਸਤਾਨ ਦੇ ਦੂਜੇ ਸੂਬਿਆਂ ਦੇ ਲੋਕ ਖੁਸ਼ਹਾਲ ਸਮਝਦੇ ਹਨ, ਖੁਦਕੁਸ਼ੀਆਂ ਦੇ ਰਾਹ ਪਿਆ ਹੋਇਆ ਹੈ। ਸਿਹਤ ਸੇਵਾਵਾਂ ਦਾ ਇਹ ਹਾਲ ਹੈ ਕਿ ਪੰਜਾਬ ਵਿੱਚ ਏਡਜ਼ ਅਤੇ ਕੈਂਸਰ ਵਰਗੀ ਬਿਮਾਰੀ ਆਮ ਹੋ ਗਈ ਹੈ। ਬੇਰੁਜ਼ਗਾਰੀ ਨੇ ਨੌਜਵਾਨਾਂ ਨੂੰ ਨਸ਼ਿਆਂ ਵੱਲ ਧੱਕ ਦਿੱਤਾ ਹੈ ਤੇ ਨਸ਼ਿਆਂ ਨੇ ਉਹਨਾਂ ਨੂੰ ਲੁੱਟਾਂ-ਖੋਹਾਂ ਕਰਨ ਲਾ ਦਿੱਤਾ ਹੈ। ਜੇ ਇਸ ਦੁਖਾਂਤ ਨੂੰ ਇੱਕ ਵਾਕ ਵਿੱਚ ਕਹਿਣਾ ਹੋਵੇ ਤਾਂ ਹਾਲ ਇਹ ਹੈ ਕਿ ਪੰਜਾਬ ਨਸਲਘਾਤ ਦੇ ਰਾਹ ਪਿਆ ਹੋਇਆ ਹੈ ਤੇ ਕੋਈ ਅਜਿਹੀ ਧਿਰ ਨਜ਼ਰ ਨਹੀਂ ਆਉਂਦੀ ਜਿਹੜੀ ਪੰਜਾਬ ਨੂੰ ਇਸ ਸੰਕਟ ਵਿੱਚੋਂ ਕੱਢ ਸਕੇ। ਪੰਜਾਬ ਦੀ ਵੱਖ-ਵੱਖ ਖੇਤਰਾਂ ਵਿੱਚ ਅਸਲ ਹਾਲਤ ਕੀ ਹੈ; ਇਸਨੂੰ ਹੀ ਜਗਤਾਰ ਸਾਲਮ ਨੇ ਆਪਣੀ ਇਸ ਵਿਸ਼ੇਸ਼ ਰਿਪੋਰਟ ਵਿੱਚ ਵਿਚਾਰਿਆ ਹੈ।

ਪੰਜਾਬ ਦੇ ਲੱਖਾਂ ਘਰਾਂ ਵਿੱਚ ਨਹੀਂ ਪਹੁੰਚੀ ਬਿਜਲੀ



ਪਿਛਲੇ ਦਿਨੀਂ ਸਰਕਾਰੀ ਤੌਰ 'ਤੇ ਪੰਜਾਬ ਦੇ 5409699 ਘਰਾਂ ਨੂੰ ਲੈ ਕੇ ਸਰਵੇਖਣ ਕੀਤਾ ਗਿਆ ਜਿਸ 'ਚ ਇਹ ਸਾਹਮਣੇ ਆਇਆ ਕਿ ਪੰਜਾਬ ਵਿੱਚ ਅਜੇ ਵੀ 183906 ਘਰਾਂ ਨੂੰ ਬਿਜਲੀ ਨਸੀਬ ਨਹੀਂ ਹੋਈ, ਜਦੋਂਕਿ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਇਹ ਦਾਅਵੇ ਕਰ ਰਹੇ ਹਨ ਕਿ ਛੇਤੀ ਹੀ ਪੰਜਾਬ ਵਾਧੂ ਬਿਜਲੀ ਵਾਲਾ ਸੂਬਾ ਹੋ ਜਾਵੇਗਾ। ਅੰਕੜਿਆਂ ਨਾਲ ਸਬੰਧਿਤ ਸਰਕਾਰੀ ਵਿਭਾਗ ਦੇ ਅਫ਼ਸਰਾਂ ਦਾ ਕਹਿਣਾ ਹੈ ਕਿ ਭਾਵੇਂ ਪੰਜਾਬ ਨੂੰ ਹਿੰਦੁਸਤਾਨ ਦਾ ਵਿਕਸਿਤ ਸੂਬਾ ਕਿਹਾ ਜਾਂਦਾ ਹੈ ਪਰ ਸੱਚ ਇਹ ਹੈ ਕਿ ਪੰਜਾਬ ਵਿੱਚ 37196 ਪਰਿਵਾਰ ਅਜਿਹੇ ਹਨ ਜਿਹੜੇ ਕਿ ਮਿੱਟੀ ਦਾ ਤੇਲ ਵੀ ਨਹੀਂ ਖਰੀਦ ਸਕਦੇ। ਪਿਛਲੀ ਅਕਾਲੀ-ਭਾਜਪਾ ਸਰਕਾਰ ਨੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀਐਸਪੀਸੀਐਲ) ਨੂੰ ਹਰ ਘਰ ਵਿੱਚ ਬਿਜਲੀ ਉਪਲਬਧ ਕਰਵਾਉਣ ਲਈ ਵੱਡੀ ਪੱਧਰ 'ਤੇ ਫੰਡ ਜਾਰੀ ਕੀਤੇ ਸਨ ਪਰ ਤਾਜ਼ੇ ਅੰਕੜਿਆਂ ਵਿੱਚ ਲਗਭਗ ਦੋ ਲੱਖ ਘਰ ਬਿਜਲੀ ਰਹਿਤ ਹਨ ਜੋ ਇਸ ਗੱਲ ਦੇ ਸੂਚਕ ਹਨ ਕਿ ਸਰਕਾਰ ਨੇ ਫੰਡ ਭਾਵੇਂ ਜਾਰੀ ਕਰ ਦਿੱਤੇ ਹਨ ਪਰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਨੇ ਇਹਨਾਂ ਫੰਡਾਂ ਦੀ ਵਰਤੋਂ ਕਿਸ ਢੰਗ ਨਾਲ ਕੀਤੀ ਹੈ; ਇਸ ਗੱਲ ਵੱਲ ਸਰਕਾਰ ਦਾ ਰਤਾ ਵੀ ਧਿਆਨ ਨਹੀਂ ਗਿਆ। ਇਹ ਸਥਿਤੀ ਇਸ ਗੱਲ ਵੱਲ ਵੀ ਸੰਕੇਤ ਕਰਦੀ ਹੈ ਕਿ ਬਿਜਲੀ ਬੋਰਡ ਨੂੰ ਤੋੜ ਕੇ ਪੀਐਸਪੀਸੀਐਲ ਦਾ ਗਠਨ ਕਰਨ ਦੇ ਬਾਵਜੂਦ ਇਸ ਖੇਤਰ ਵਿੱਚ ਰੱਤੀ ਭਰ ਸੁਧਾਰ ਨਹੀਂ ਹੋਇਆ ਜਦੋਂਕਿ ਸਰਕਾਰ ਦਾ ਦਾਅਵਾ ਸੀ ਕਿ ਬਿਜਲੀ ਬੋਰਡ ਨੂੰ ਤੋੜ ਕੇ ਪੀਐਸਪੀਐਲ ਦੇ ਗਠਨ ਨਾਲ ਇਸ ਖੇਤਰ ਵਿੱਚ ਮਹੱਤਵਪੂਰਨ ਸੁਧਾਰ ਹੋਣਗੇ। ਇੰਨੇ ਸਾਧਨ ਹੋਣ ਦੇ ਬਾਵਜੂਦ ਜੇਕਰ ਪੰਜਾਬ ਦੇ ਦੋ ਲੱਖ ਘਰਾਂ ਨੂੰ ਬਿਜਲੀ ਨਹੀਂ ਪਹੁੰਚੀ ਤਾਂ ਇਸ ਤੋਂ ਬਿਲਕੁੱਲ ਸਾਫ਼ ਹੈ ਕਿ ਨਾ ਤਾਂ ਫੰਡ ਜਾਰੀ ਕਰਨ ਵਾਲੀ ਸਰਕਾਰ ਦੀ ਨੀਅਤ ਸਾਫ਼ ਹੈ ਤੇ ਨਾ ਹੀ ਪੀਐਸਪੀਸੀਐਲ ਦੇ ਕੰਮ ਕਰਨ ਦਾ ਤਰੀਕਾ ਸਹੀ ਹੈ।

ਇਸ ਮਾਮਲੇ ਵਿੱਚ ਹਾਸੇ ਵਾਲੀ ਗੱਲ ਇਹ ਹੈ ਕਿ ਪਿੱਛੇ ਜਿਹੇ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਪਾਕਿਸਤਾਨ ਦੇ ਦੌਰੇ 'ਤੇ ਗਏ। ਇਸ ਦੌਰਾਨ ਉਹਨਾਂ ਨੇ ਉੱਥੋਂ ਦੇ ਪੰਜਾਬ ਦੇ ਮੁੱਖ ਮੰਤਰੀ ਨਾਲ ਇਹ ਵਾਅਦਾ ਵੀ ਕੀਤਾ ਕਿ ਸਾਡੇ ਕੋਲ ਛੇਤੀ ਹੀ ਬਹੁਤ ਸਾਰੀ ਬਿਜਲੀ ਸਰਪਲੱਸ ਹੋ ਜਾਵੇਗੀ ਤੇ ਅਸੀਂ ਉਹ ਬਿਜਲੀ ਤੁਹਾਨੂੰ ਦੇ ਦਿਆਂਗੇ। ਇਸ ਗੱਲ ਤੋਂ ਇਹ ਜਾਪਦਾ ਹੈ ਕਿ ਸਾਡੇ ਉਪ ਮੁੱਖ ਮੰਤਰੀ ਨੂੰ ਪੰਜਾਬ ਦੇ ਸਹੀ ਹਾਲਾਤਾਂ ਦੀ ਜਾਣਕਾਰੀ ਹੀ ਨਹੀਂ ਹੈ।

21.71 ਪ੍ਰਤੀਸ਼ਤ ਘਰਾਂ ਵਿੱਚ ਨਹੀਂ ਪਖਾਨੇ

ਅੰਕੜਿਆਂ ਨਾਲ ਸਬੰਧਿਤ ਵਿਭਾਗ ਵੱਲੋਂ ਜਾਰੀ ਕੀਤੇ ਗਏ ਨਵੇਂ ਅੰਕੜਿਆਂ ਅਨੁਸਾਰ ਪੰਜਾਬ ਵਿੱਚ 21.71 ਫੀਸਦੀ ਘਰਾਂ ਵਿੱਚ ਪਖਾਨੇ ਨਹੀਂ ਹਨ। ਮਾਨਸਾ, ਤਰਨ ਤਾਰਨ, ਗੁਰਦਾਸਪੁਰ, ਹੁਸ਼ਿਆਰਪਰ ਅਤੇ ਰੋਪੜ ਜਿਲ੍ਹਿਆਂ ਵਿੱਚ ਸਥਿਤੀ ਹੋਰ ਵੀ ਖਰਾਬ ਹੈ। ਇਹਨਾਂ ਜਿਲ੍ਹਿਆਂ ਵਿੱਚ ਲਗਭਗ ਇੱਕ ਤਿਹਾਈ ਘਰਾਂ ਵਿੱਚ ਪਖਾਨੇ ਨਹੀਂ ਹਨ। ਕੁੱਝ ਸਮਾਂ ਪਹਿਲਾਂ ਕੇਂਦਰ ਸਰਕਾਰ ਨੇ ਪੇਂਡੂ ਇਲਾਕਿਆਂ ਵਿੱਚ ਪਖਾਨਿਆਂ ਦੀ ਉਸਾਰੀ ਲਈ ਰਕਮ ਜਾਰੀ ਕੀਤੀ ਸੀ, ਜਿਸ ਵਿੱਚ ਇੱਕ ਤਿਹਾਈ ਯੋਗਦਾਨ ਪੰਜਾਬ ਸਰਕਾਰ ਨੂੰ ਪਾਉਣ ਲਈ ਕਿਹਾ ਗਿਆ ਸੀ, ਪਰ ਸਬੰਧਿਤ ਏਜੰਸੀਆਂ ਨੇ ਕੇਂਦਰ ਸਰਕਾਰ ਵੱਲੋਂ ਦਿੱਤੀ ਰਕਮ ਇਹ ਕਹਿ ਕੇ ਵਰਤਣ ਤੋਂ ਇਨਕਾਰ ਕਰ ਦਿੱਤਾ ਕਿ ਪਖਾਨਿਆਂ ਦੀ ਉਸਾਰੀ ਲਈ ਇਹ ਰਕਮ ਬਹੁਤ ਘੱਟ ਹੈ ਜਦੋਂਕਿ ਸੱਚ ਇਹ ਹੈ ਕਿ ਅਜਿਹਾ ਕਰਕੇ ਪੰਜਾਬ ਸਰਕਾਰ ਆਪਣੇ ਵੱਲੋਂ ਪਾਏ ਜਾਣ ਵਾਲੇ ਇੱਕ ਤਿਹਾਈ ਯੋਗਦਾਨ ਤੋਂ ਬਚ ਗਈ ਹੈ। ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਨੇ ਇੱਕ ਪਖਾਨੇ ਦੀ ਉਸਾਰੀ ਲਈ ਖਰਚਾ ਦਸ ਹਜ਼ਾਰ ਮਿੱਥਿਆ ਸੀ। ਪੰਜਾਬ ਸਰਕਾਰ



ਨੇ ਆਪਣੇ ਖਜ਼ਾਨੇ ਦੀ ਬੱਚਤ ਕਰਨ ਲਈ ਕੇਂਦਰ ਸਰਕਾਰ ਵੱਲੋਂ ਆਈ ਰਕਮ ਨੂੰ ਵੀ ਹੱਥੋਂ ਗਵਾ ਲਿਆ ਹੈ ਜਦੋਂਕਿ ਹਰ ਘਰ ਵਿੱਚ ਪਖਾਨਾ ਉਪਲਬਧ ਕਰਵਾਉਣਾ ਪੰਜਾਬ ਸਰਕਾਰ ਦੀ ਜ਼ਿੰਮੇਵਾਰੀ ਹੈ।

ਅੰਕੜਿਆਂ ਅਨੁਸਾਰ ਲੁਧਿਆਣਾ ਜਿਲ੍ਹੇ ਵਿੱਚ ਅਜਿਹੇ ਘਰਾਂ ਦੀ ਗਿਣਤੀ ਸਭ ਤੋਂ ਵੱਧ ਹੈ ਜਿੱਥੇ ਪਖਾਨੇ ਹਨ। ਇਸ ਜਿਲ੍ਹੇ ਵਿੱਚ ਲਗਭਗ 90 ਫੀਸਦੀ ਘਰਾਂ ਵਿੱਚ ਪਖਾਨੇ ਹਨ। ਇਹ ਇਸ ਗੱਲ ਦਾ ਪ੍ਰਤੀਕ ਹੈ ਕਿ ਦੂਜੇ ਜਿਲ੍ਹਿਆਂ ਦੇ ਮੁਕਾਬਲੇ ਆਰਥਕ ਤੌਰ 'ਤੇ ਇਹ ਜਿਲ੍ਹਾ ਅੱਗੇ ਹੈ ਤੇ ਇਸ ਗੱਲ ਲਈ ਇਸ ਜਿਲ੍ਹੇ ਦਾ ਪ੍ਰਸਾਸ਼ਨ ਵਧਾਈ ਦਾ ਹੱਕਦਾਰ ਹੈ।

ਅੱਜ ਜਿਸ ਤਰ੍ਹਾਂ ਪੰਜਾਬ ਦੀ ਅਬਾਦੀ ਲਗਾਤਾਰ ਵਧ ਰਹੀ ਹੈ ਤੇ ਜਿਸ ਤਰ੍ਹਾਂ ਦਾ ਸਾਡਾ ਜਿਉਣ ਦਾ ਢੰਗ ਹੈ, ਉਸ ਅਨੁਸਾਰ ਹਰ ਘਰ ਵਿੱਚ ਪਖਾਨਾ ਹੋਣਾ ਜਰੂਰੀ ਹੈ। ਜੇਕਰ ਪੰਜਾਬ ਦੇ ਹਰ ਘਰ ਵਿੱਚ ਪਖਾਨਾ ਨਹੀਂ ਤਾਂ ਕਿਸੇ ਵੀ ਹਾਲ ਵਿੱਚ ਪੰਜਾਬ ਨੂੰ ਅਗਾਂਹਵਧੂ ਜਾਂ ਵਿਕਸਤ ਸੂਬਾ ਨਹੀਂ ਕਿਹਾ ਜਾ ਸਕਦਾ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਆਪਣੇ ਨਾਗਰਿਕਾਂ ਦੀਆਂ ਘੱਟੋ-ਘੱਟ ਮੂਲ ਜਰੂਰਤਾਂ ਦਾ ਜਰੂਰ ਧਿਆਨ ਰੱਖੇ। 21.17 ਫੀਸਦੀ ਘਰਾਂ ਵਿੱਚ ਪਖਾਨਿਆਂ ਦਾ ਨਾ ਹੋਣਾ ਪੰਜਾਬ ਲਈ ਸ਼ਰਮ ਵਾਲੀ ਗੱਲ ਹੈ ਤੇ ਪੰਜਾਬ ਦੀ ਅਗਵਾਈ ਕਰਨ ਵਾਲਿਆਂ ਨੂੰ ਇਹਨਾਂ ਅੰਕੜਿਆਂ 'ਤੇ ਸ਼ਰਮ ਆਉਣੀ ਚਾਹੀਦੀ ਹੈ।

ਪੰਜਾਬ ਵਿੱਚ ਸਭ ਤੋਂ ਵੱਧ ਏਡਜ਼ ਦੇ ਮਰੀਜ਼

ਹਾਲ ਹੀ ਵਿੱਚ ਨੈਸ਼ਨਲ ਏਡਜ਼ ਕੰਟਰੋਲ ਆਰਗੇਨਾਈਜੇਸ਼ਨ ਦੁਆਰਾ ਜਾਰੀ ਕੀਤੇ ਅੰਕੜਿਆਂ ਅਨੁਸਾਰ ਭਾਰਤ ਵਿੱਚ ਪੰਜਾਬ 'ਚ ਏਡਜ਼ ਦੇ ਮਰੀਜ਼ ਦੂਜੇ ਸੂਬਿਆਂ ਦੇ ਮੁਕਾਬਲੇ ਲਗਾਤਾਰ ਵਧ ਰਹੇ ਹਨ। ਪੰਜਾਬ ਵਿੱਚ ਏਡਜ਼ ਦੇ ਮਰੀਜ਼ਾਂ ਦੇ ਵਾਧੇ ਦਾ ਮੁੱਖ ਕਾਰਣ ਨੌਜਵਾਨਾਂ ਵਲੋਂ ਡਰੱਗ ਇੰਜੈਕਸ਼ਨ ਲੈਣਾ ਹੈ। ਜ਼ਿਕਰਯੋਗ ਹੈ ਕਿ ਇਸ ਰੁਝਾਨ ਦੀ ਲਪੇਟ ਵਿੱਚ 15 ਤੋਂ 24 ਸਾਲਾਂ ਦੇ ਨੌਜਵਾਨ ਵੱਧ ਆ ਰਹੇ ਹਨ। ਪੰਜਾਬ ਵਿੱਚ ਐਚ ਆਈ ਵੀ ਪ੍ਰਭਾਵਿਤ ਮਰੀਜ਼ਾਂ ਦੀ ਵਧ ਰਹੀ ਗਿਣਤੀ ਸਾਨੂੰ ਇਸ ਲਈ ਵੀ ਹੈਰਾਨ ਕਰਦੀ ਹੈ ਕਿਉਂਕਿ ਦੂਜੇ ਸੂਬਿਆਂ ਵਿੱਚ ਐਚ ਆਈ ਵੀ ਪ੍ਰਭਾਵਿਤ ਮਰੀਜ਼ਾਂ ਦੀ ਗਿਣਤੀ ਵਿੱਚ ਕਮੀ ਆਈ ਹੈ। ਇਸ ਤੋਂ ਇਲਾਵਾ ਸੈਕਸ ਵਰਕਰਾਂ ਵਿੱਚ ਐਚ ਆਈ ਵੀ ਪ੍ਰਭਾਵਤ ਮਰੀਜ਼ਾਂ ਵਿੱਚ ਕਮੀ ਦੇਖਣ ਨੂੰ ਮਿਲੀ ਹੈ। ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਭਾਰਤ ਦਾ ਪਛੜਿਆ ਸੂਬਾ ਬਿਹਾਰ ਉਹਨਾਂ ਰਾਜਾਂ ਵਿੱਚੋਂ ਇੱਕ ਹੈ ਜਿੱਥੇ ਸਭ ਤੋਂ ਘੱਟ ਐਚ ਆਈ ਵੀ ਪ੍ਰਭਾਵਿਤ ਮਰੀਜ਼ ਹਨ। ਇਸ ਤੋਂ ਬਾਅਦ ਘੱਟ ਗਿਣਤੀ ਵਾਲਿਆਂ ਵਿੱਚ ਪੱਛਮੀ ਬੰਗਾਲ ਦਾ ਨੰਬਰ ਹੈ। ਤਾਜ਼ਾ ਕੀਤੇ ਸਰਵੇਖਣ ਅਨੁਸਾਰ ਪੰਜਾਬ ਵਿੱਚ 1.16 ਲੱਖ ਨਵੇਂ ਐਚ ਆਈ ਵੀ ਪ੍ਰਭਾਵਤ ਨੌਜਵਾਨਾਂ ਦੀ ਪਛਾਣ ਕੀਤੀ ਗਈ ਹੈ। ਇਸ ਤੋਂ ਭਲੀਭਾਂਤ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਪੰਜਾਬ ਦਾ ਸਿਹਤ ਵਿਭਾਗ ਕਿੰਨਾ ਕੁ ਸਰਗਰਮ ਹੈ। ਪੰਜਾਬ ਦਾ ਇਹ ਅਜਿਹਾ ਵਿਭਾਗ ਹੈ ਜਿਹੜਾ ਸਿਆਸੀ ਦਖ਼ਲਅੰਦਾਜ਼ੀ ਕਾਰਣ ਪਿਛਲੀ ਅਕਾਲੀ-ਭਾਜਪਾ ਸਰਕਾਰ ਵੇਲੇ ਵੀ ਚਰਚਿਤ ਰਿਹਾ ਤੇ ਹੁਣ ਵੀ ਇਸ ਵਿਭਾਗ ਨਾਲ ਸਬੰਧਿਤ ਸਿਆਸੀ ਆਗੂਆਂ ਦੀਆਂ ਟਿੱਪਣੀਆਂ ਆਏ ਦਿਨ ਅਖ਼ਬਾਰਾਂ ਵਿੱਚ ਛਪਦੀਆਂ ਹਨ। ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਆਏ ਦਿਨ ਮੀਡੀਆ ਵਿੱਚ ਦਾਅਵੇ ਕਰਦੇ ਹਨ ਕਿ ਪੰਜਾਬ ਦੀਆਂ ਸਿਹਤ ਸੇਵਾਵਾਂ ਦੁਨੀਆਂ ਭਰ ਵਿੱਚ ਮਸ਼ਹੂਰ ਹੋ ਰਹੀਆਂ ਹਨ ਤੇ ਇਸ ਨੂੰ ਦੇਖਦਿਆਂ ਹੀ ਪੰਜਾਬ ਵਿੱਚ ਮੈਡੀਕਲ ਟੂਰਿਜ਼ਮ 'ਚ ਲਗਾਤਾਰ ਵਾਧਾ ਹੋ ਰਿਹਾ ਹੈ। ਪਰ ਜੇਕਰ ਇੱਥੇ ਇਲਾਜ਼ ਕਰਵਾਉਣ ਵਾਲਿਆਂ ਨੂੰ ਉਪਰੋਕਤ ਅੰਕੜਿਆਂ ਦਾ ਗਿਆਨ ਹੋ ਗਿਆ ਤਾਂ ਕੀ ਉਹ ਇੱਥੇ ਇਲਾਜ਼ ਕਰਵਾਉਣ ਲਈ ਆਉਣਗੇ। ਅਸਲ ਵਿੱਚ ਜਦੋਂ ਤੱਕ ਪੰਜਾਬ ਦੇ ਲੋਕ ਤੰਦਰੁਸਤ ਨਹੀਂ ਹੁੰਦੇ ਉਦੋਂ ਤੱਕ ਪੰਜਾਬ ਵਿੱਚ ਮੈਡੀਕਲ ਟੂਰਿਜ਼ਮ ਵਿਕਸਿਤ ਨਹੀਂ ਹੋ ਸਕਦਾ ਤੇ ਨਾ ਹੀ ਅਜਿਹਾ ਕੋਈ ਸੁਪਨਾ ਦੇਖਿਆ ਜਾ ਸਕਦਾ ਹੈ।



ਪੰਜਾਬ ਸਰਕਾਰ ਹਰ ਵੇਲੇ ਇਹੀ ਗੌਣ ਗਾਉਂਦੀ ਰਹਿੰਦੀ ਹੈ ਕਿ ਪੰਜਾਬ ਹਰ ਖੇਤਰ ਵਿੱਚ ਭਾਰਤ ਦਾ ਨੰਬਰ ਇੱਕ ਸੂਬਾ ਹੈ, ਅਸੀਂ ਸਾਡੇ ਸਿਆਸੀ ਆਗੂਆਂ ਤੋਂ ਇਹ ਪੁੱਛਣਾ ਚਾਹੁੰਦੇ ਹਾਂ ਕਿ ਜਿਸ ਸੂਬੇ ਦੇ ਨੌਜਵਾਨ ਇੰਨੀ ਤੇਜ਼ੀ ਨਾਲ ਏਡਜ਼ ਵਰਗੀ ਮਹਾਂਮਾਰੀ ਦੀ ਲਪੇਟ ਵਿੱਚ ਆ ਰਹੇ ਹਨ ਤੇ ਤੇਜ਼ ਗਤੀ ਨਾਲ ਨਸਲਘਾਤ ਵੱਲ ਵਧ ਰਹੇ ਹਨ ਕੀ ਅਜਿਹੇ ਹਾਲ ਵਿੱਚ ਅਸੀਂ ਆਪਣੇ ਆਪ ਨੂੰ ਵਿਕਸਤ ਸੂਬੇ ਦੇ ਵਸਨੀਕ ਕਹਿ ਸਕਦੇ ਹਾਂ। ਅਸਲੀ ਗੱਲ ਇਹ ਹੈ ਕਿ ਅਸੀਂ ਆਪਣੀ ਹੋਂਦ ਹੀ ਗਵਾ ਲਈ ਹੈ ਤੇ ਹੋਂਦ ਬਚਾਉਣ ਲਈ ਕੋਈ ਲੜਾਈ ਅਸੀਂ ਲੜ ਨਹੀਂ ਰਹੇ।

ਪੀਣ ਵਾਲਾ ਪਾਣੀ ਨਹੀਂ ਪੰਜਾਬ ਕੋਲ

ਪੰਜ ਦਰਿਆਵਾਂ ਦੀ ਧਰਤੀ ਨੂੰ ਸਰਕਾਰ ਦੀਆਂ ਨੀਤੀਆਂ ਨੇ ਬੰਜਰ ਬਣਾ ਕੇ ਰੱਖ ਦਿੱਤਾ ਹੈ। ਇਸ ਧਰਤੀ ਨੂੰ ਖ਼ਬਰੇ ਕੇਹਾ ਸ਼ਰਾਪ ਲੱਗਿਆ ਹੈ ਕਿ ਕਦੇ ਪਵਿੱਤਰ ਮੰਨਿਆ ਜਾਣ ਵਾਲਾ ਇਸਦਾ ਪਾਣੀ ਹੁਣ ਪੀਣ ਯੋਗ ਨਹੀਂ ਰਿਹਾ। ਪਿਛਲੇ ਦਿਨੀਂ ਪਟਿਆਲਾ ਦੇ ਜਿਲ੍ਹਾ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਨੇ ਪਟਿਆਲਾ ਜਿਲ੍ਹੇ ਵਿੱਚੋਂ 499 ਪੀਣ ਵਾਲੇ ਪਾਣੀ ਦੇ ਨਮੂਨੇ ਲਏ। ਇਹਨਾਂ ਵਿੱਚੋਂ 212 ਨਮੂਨੇ ਫੇਲ੍ਹ ਪਾਏ ਗਏ, ਜਦੋਂਕਿ 35 ਨਮੂਨਿਆਂ ਦੇ ਨਤੀਜੇ ਅਜੇ ਸਾਹਮਣੇ ਨਹੀਂ ਆ ਸਕੇ। ਇਹਨਾਂ ਨਮੂਨਿਆਂ ਨੂੰ ਵੱਖ-ਵੱਖ ਸਕੂਲਾਂ, ਮੈਰਿਜ਼ ਪੈਲੇਸਾਂ, ਹੋਟਲਾਂ ਅਤੇ ਪੇਂਡੂ ਇਲਾਕਿਆਂ ਵਿੱਚੋਂ ਲਿਆ ਗਿਆ ਸੀ। ਨਾਭਾ 'ਚੋਂ ਭਰੇ ਗਏ 47 ਨਮੂਨਿਆਂ ਵਿੱਚੋਂ 17 ਫੇਲ੍ਹ ਪਾਏ ਗਏ। ਪ੍ਰਾਈਵੇਟ ਸਕੂਲਾਂ ਵਿੱਚੋਂ ਭਰੇ ਗਏ 27 ਨਮੂਨਿਆਂ ਵਿੱਚੋਂ 11 ਨਮੂਨੇ ਫੇਲ੍ਹ ਪਾਏ ਗਏ। ਇਸ ਤਰ੍ਹਾਂ ਹੀ ਸਰਕਾਰੀ ਸਕੂਲਾਂ ਵਿੱਚੋਂ ਲਏ ਗਏ 94 ਨਮੂਨਿਆਂ ਵਿੱਚੋਂ 37 ਨਮੂਨੇ ਫੇਲ੍ਹ ਪਾਏ ਗਏ। ਇਹ ਹਾਲ ਸਿਰਫ਼ ਪਟਿਆਲਾ ਦਾ ਹੀ ਨਹੀਂ ਹੈ ਸਗੋਂ ਪੰਜਾਬ ਦੇ ਬਾਕੀ ਜਿਲ੍ਹਿਆਂ ਦਾ ਹਾਲ ਇਸ ਤੋਂ ਵੀ ਵੱਧ ਮਾੜਾ ਹੈ। ਪੰਜਾਬ ਵਿੱਚ ਪੀਣ ਵਾਲਾ ਸ਼ੁੱਧ ਪਾਣੀ ਨਾ ਹੋਣ ਕਾਰਣ ਪੰਜਾਬ ਦੇ ਲੋਕਾਂ 'ਤੇ ਭਿਆਨਕ ਬੀਮਾਰੀਆਂ ਨੇ ਹੱਲਾ ਬੋਲਿਆ ਹੋਇਆ ਹੈ। ਇੱਥੇ ਕੈਂਸਰ ਵਰਗੀ ਬੀਮਾਰੀ ਹੁਣ ਆਮ ਹੋ ਗਈ ਹੈ। ਪੰਜਾਬ ਦੇ ਹਰ ਪਿੰਡ ਵਿੱਚ ਕੈਂਸਰ ਦੇ ਮਰੀਜ਼ ਹਨ। ਲੁਧਿਆਣਾ, ਅੰਮ੍ਰਿਤਸਰ, ਮੁਕਤਸਰ, ਸ਼ਹੀਦ ਭਗਤ ਸਿੰਘ ਨਗਰ ਅਤੇ ਮੁਹਾਲੀ ਵਿੱਚ ਪਹਿਲਾਂ ਹੀ ਇਸ ਤਰ੍ਹਾਂ ਦੇ ਸਰਵੇਖਣ ਹੋ ਚੁੱਕੇ ਹਨ, ਜਿਨ੍ਹਾਂ ਵਿੱਚ ਸਾਹਮਣੇ ਆਇਆ ਹੈ ਕਿ ਇਹਨਾਂ ਇਲਾਕਿਆਂ ਦਾ ਪਾਣੀ ਪੀਣਯੋਗ ਨਹੀਂ ਰਿਹਾ ਤੇ ਇਹਨਾਂ ਇਲਾਕਿਆਂ ਵਿੱਚ ਬੀਮਾਰੀਆਂ ਫੈਲਣ ਦਾ ਕਾਰਣ ਵੀ ਪੀਣ ਵਾਲੇ ਸ਼ੁੱਧ ਪਾਣੀ ਦਾ ਨਾ ਹੋਣਾ ਹੈ। ਪੀਣ ਵਾਲੇ ਪਾਣੀ ਦੀ



ਸ਼ੁੱਧਤਾ ਵਿਗਾੜਨ ਵਾਲੇ ਮੁੱਖ ਕਾਰਣਾਂ ਵਿੱਚ ਪੰਜਾਬ ਦੀ ਧਰਤੀ 'ਤੇ ਕੀਟਨਾਸ਼ਕ ਦਵਾਈਆਂ ਦੀ ਅੰਨ੍ਹੇਵਾਹ ਵਰਤੋਂ ਅਤੇ ਉਦਯੋਗਕ ਪ੍ਰਦੂਸ਼ਣ ਦਾ ਬਹੁਤ ਜ਼ਿਆਦਾ ਹੋਣਾ ਹੈ। ਚਿੰਤਾ ਵਾਲੀ ਗੱਲ ਇਹ ਹੈ ਕਿ ਪੰਜਾਬ ਸਰਕਾਰ ਇਸ ਸੰਕਟ ਨੂੰ ਲੈ ਕੇ ਬਿਲਕੁਲ ਵੀ ਗੰਭੀਰ ਨਹੀਂ। ਹੁਣ ਤੱਕ ਸਰਕਾਰ ਇਸ ਸਮੱਸਿਆ ਦੇ ਹੱਲ ਲਈ ਸਿਰਫ਼ ਕਾਗਜ਼ੀ ਕਾਰਵਾਈ ਤੱਕ ਸੀਮਿਤ ਹੈ। ਜਾਪਦਾ ਇਹ ਹੈ ਕਿ ਸਿਆਸੀ ਆਗੂਆਂ ਨੂੰ ਇਸ ਗੱਲ ਦਾ ਗਿਆਨ ਹੀ ਨਹੀਂ ਕਿ ਪੰਜਾਬ ਲਈ ਇਹ ਕਿੰਨੀ ਵੱਡੀ ਸਮੱਸਿਆ ਹੈ।

ਅੱਜ ਫੌਰੀ ਤੌਰ 'ਤੇ ਇਸਦਾ ਹੱਲ ਇਹ ਹੈ ਕਿ ਸਰਕਾਰ ਵੱਲੋਂ ਪੰਜਾਬ ਦੇ ਹਰ ਪਿੰਡ ਵਿੱਚ ਆਰ ਓ ਪਲਾਂਟ ਸਥਾਪਤ ਕੀਤਾ ਜਾਵੇ ਤਾਂ ਜੋ ਲੋਕਾਂ ਨੂੰ ਪੀਣ ਲਈ ਸ਼ੁੱਧ ਪਾਣੀ ਪ੍ਰਾਪਤ ਹੋ ਸਕੇ। ਪਰ ਸਰਕਾਰ ਇਸ ਸਮੱਸਿਆ ਨੂੰ ਪੰਜਾਬ ਦੀਆਂ ਮੁਢਲੀਆਂ ਸਮੱਸਿਆਵਾਂ ਵਿੱਚ ਗਿਣ ਹੀ ਨਹੀਂ ਰਹੀ। ਸਾਨੂੰ ਨਹੀਂ ਜਾਪਦਾ ਕਿ ਆਉਂਦੇ ਸਾਲਾਂ ਵਿੱਚ ਇਸ ਸਮੱਸਿਆ ਦਾ ਕੋਈ ਹੱਲ ਹੋਵੇਗਾ ਕਿ ਨਹੀਂ । ਉਦਯੋਗਿਕ ਪ੍ਰਦੂਸ਼ਣ ਵੱਲ ਵੀ ਸਰਕਾਰ ਦਾ ਕੋਈ ਧਿਆਨ ਨਹੀਂ ਤੇ ਕਿਸਾਨ ਵੀ ਬਿਨਾ ਕਿਸੇ ਤਰਕ ਤੋਂ ਫਸਲ 'ਤੇ ਅੰਨ੍ਹੇਵਾਹ ਦਵਾਈਆਂ ਦਾ ਛਿੜਕਾਅ ਕਰੀ ਜਾ ਰਹੇ ਹਨ।

ਪੰਜਾਬ ਅੰਦਰ ਨਸ਼ਿਆਂ ਦਾ ਕਾਰੋਬਾਰ ਜ਼ੋਰਾਂ ’ਤੇ



ਪਿਛਲੇ ਸਾਲ ਜੁਲਾਈ 2012 ਵਿੱਚ ਪੰਜਾਬ ਸਰਕਾਰ ਵੱਲੋਂ ਸਰਕਾਰੀ ਮੈਗਜ਼ੀਨ ਵਿੱਚ ਛੇ ਮਹੀਨਿਆਂ ਵਿੱਚ ਪੁਲਿਸ ਵੱਲੋਂ ਫੜੇ ਨਸ਼ਿਆਂ ਦੇ ਵੇਰਵੇ ਦਿੱਤੇ ਗਏ, ਜਿਸ ਮੁਤਾਬਿਕ 559 ਕਿਲੋ ਅਫ਼ੀਮ, 113 ਕਿਲੋ ਹੈਰੋਇਨ, 21 ਕਿਲੋ ਸਮੈਕ, 22 ਕਿਲੋ ਸੁਲਫ਼ਾ ਅਤੇ 13 ਹਜ਼ਾਰ ਤੋਂ ਵੱਧ ਨਸ਼ੀਲੇ ਟੀਕੇ ਫੜੇ ਗਏ। ਇਸਦੇ ਮੁਕਾਬਲੇ ਸਾਲ 2011 ਵਿੱਚ 71.897 ਕਿਲੋ ਹੈਰੋਇਨ, 28 ਕਿਲੋ ਸਮੈਕ, 827 ਕਿਲੋ ਅਫ਼ੀਮ, 46 ਕਿਲੋ ਸੁਲਫ਼ਾ ਅਤੇ 29229 ਹਜ਼ਾਰ ਟੀਕੇ ਫੜੇ ਗਏ। ਇਹਨਾਂ ਅੰਕੜਿਆਂ ਵਿੱਚ ਰੂੜੀ ਮਾਰਕਾ ਸ਼ਰਾਬ ਜਾਂ ਠੇਕਿਆਂ ਦੀ ਨਜਾਇਜ਼ ਸ਼ਰਾਬ ਦੇ ਵੇਰਵੇ ਦਰਜ ਨਹੀਂ ਹਨ। 2011 ‘ਚ ਤਸਕਰੀ ਕਰਨ ਦੇ ਦੋਸ਼ ਹੇਠ 3438 ਮੁਕੱਦਮੇ ਦਰਜ ਕਰਕੇ 3849 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਹ ਅੰਕੜੇ ਸਰਕਾਰੀ ਹਨ ਤੇ ਤਸਕਰੀ ਨਾਲ ਸਬੰਧਿਤ ਅੰਕੜੇ ਸਰਕਾਰ ਕਿਵੇਂ ਜਾਰੀ ਕਰਦੀ ਹੈ ਇਹ ਅਸੀਂ ਸਾਰੇ ਜਾਣਦੇ ਹਾਂ। ਤਸਕਰੀ ਨਾਲ ਸਬੰਧਿਤ ਕਿੰਨੇ ਹੀ ਮਾਮਲੇ ਥਾਣਿਆਂ ਵਿੱਚ ਹੀ ਰਫ਼ਾ-ਦਫ਼ਾ ਕਰ ਦਿੱਤੇ ਜਾਂਦੇ ਹਨ ਤੇ ਵੱਡੀਆਂ ਖੇਪਾਂ ਆਮ ਤੌਰ ‘ਤੇ ਪੁਲਿਸ ਦੇ ਹੱਥ ਹੀ ਨਹੀਂ ਲੱਗਦੀਆਂ। ਇਸ ਤੋਂ ਇਲਾਵਾ ਮੈਡੀਕਲ ਨਸ਼ੇ ਵੀ ਪੰਜਾਬ ਅੰਦਰ ਵੱਡੀ ਪੱਧਰ ‘ਤੇ ਵਿਕਦੇ ਹਨ, ਜਿਸ ਵਿੱਚ ਗੋਲੀਆਂ, ਪੀਣ ਵਾਲੀਆਂ ਸ਼ੀਸ਼ੀਆਂ ਅਤੇ ਨਸ਼ੇ ਦੇ ਟੀਕੇ ਸ਼ਾਮਲ ਹਨ। ਸਾਲ 2011 ਵਿੱਚ 559 ਦਵਾਈ ਵੇਚਣ ਵਾਲਿਆਂ ’ਤੇ ਛਾਪੇ ਮਾਰ ਕੇ 2 ਕਰੋੜ 30 ਲੱਖ ਰੁਪਏ ਦੀਆਂ ਨਸ਼ੀਲੀਆਂ ਦਵਾਈਆਂ ਬਰਾਮਦ ਕੀਤੀਆਂ ਸਨ। 2012 ਵਿੱਚ 264 ਦਵਾਈ ਵੇਚਣ ਵਾਲਿਆਂ ਪਾਸੋਂ 95 ਲੱਖ 33 ਹਜ਼ਾਰ ਰੁਪਏ ਦੀਆਂ ਨਸ਼ੀਲੀਆਂ ਦਵਾਈਆਂ ਫੜੀਆਂ ਗਈਆਂ। ਪਰ ਜੇਕਰ ਇਹਨਾਂ ਦੁਕਾਨਦਾਰਾਂ ‘ਤੇ ਕਾਨੂੰਨੀ ਕਾਰਵਾਈ ਦੀ ਗੱਲ ਕਰੀਏ ਤਾਂ ਸਿਰਫ਼ ਦਿਖਾਵਾ ਮਾਤਰ ਹੀ ਕੁੱਝ ਦੁਕਾਨਦਾਰਾਂ ਦੇ ਲਾਇਸੰਸ ਰੱਦ ਕੀਤੇ ਹਨ। ਜੇਕਰ ਨਸ਼ੇ ਵੇਚਣ ਵਾਲਿਆਂ ਵਿਰੁੱਧ ਕਾਰਵਾਈ ਹੀ ਨਹੀਂ ਹੋਵੇਗੀ ਤਾਂ ਨਸ਼ੇ ਬੰਦ ਕਿਵੇਂ ਕੀਤੇ ਜਾ ਸਕਦੇ ਹਨ। ਇਹ ਗੱਲ ਵੀ ਜੱਗ ਜ਼ਾਹਿਰ ਹੈ ਕਿ ਨਸ਼ੇ ਦੀ ਤਸਕਰੀ ਕਰਨ ਵਾਲਿਆਂ ਦੇ ਸਿਰ ‘ਤੇ ਸਿਆਸੀ ਹੱਥ ਹੁੰਦੇ ਹਨ। ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ 200 ਮੈਡੀਕਲ ਦੁਕਾਨਾਂ ਤੋਂ ਇੱਕ ਕਰੋੜ ਰੁਪਏ ਦੀਆਂ ਨਸ਼ੀਲੀਆਂ ਦਵਾਈਆਂ ਮਿਲਦੀਆਂ ਹਨ ਤਾਂ ਅੰਦਾਜ਼ਾ ਲਾਓ ਕਿ ਪੰਜਾਬ ਵਿੱਚ ਕਿੰਨੀਆਂ ਦੁਕਾਨਾਂ ਹਨ ਤੇ ਉਹਨਾਂ ਵਿੱਚ ਕਿੰਨੇ ਕਰੋੜਾਂ ਦੀਆਂ ਨਸ਼ੀਲੀਆਂ ਦਵਾਈਆਂ ਹਨ।

ਹਾਸੇ ਵਾਲੀ ਗੱਲ ਇਹ ਹੈ ਕਿ ਕੁੱਝ ਚਿਰ ਪਹਿਲਾਂ ਪੰਜਾਬ ਦੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਸੁਰਜੀਤ ਸਿੰਘ ਰੱਖੜਾ ਨੇ ਐਲਾਨ ਕੀਤਾ ਸੀ ਕਿ ਜਿਹੜੇ ਪਿੰਡ ਨਸ਼ਾ ਮੁਕਤ ਹੋਣਗੇ ਉਹਨਾਂ ਪਿੰਡਾਂ ਦੀਆਂ ਪੰਚਾਇਤਾਂ ਨੂੰ ਵਿਭਾਗ ਮੁੱਖ ਦਫ਼ਤਰ ਵਿਖੇ ਸਨਮਾਨਿਤ ਕੀਤਾ ਜਾਵੇਗਾ। ਪਰ ਮੰਤਰੀ ਸਾਹਿਬ ਜੇਕਰ ਪੰਜਾਬ ਨੂੰ ਨਸ਼ਾ ਮੁਕਤ ਹੀ ਕਰਨਾ ਚਾਹੁੰਦੇ ਹਨ ਤਾਂ ਪੰਜਾਬ ਦੀਆਂ ਛੇ ਦਰਜਨ ਪੰਚਾਇਤਾਂ ਨੇ ਐਕਸਾਇਜ ਕਮਿਸ਼ਨਰ ਨੂੰ ਪਿੰਡ ਵਿੱਚ ਠੇਕਾ ਨਾ ਖੋਲ੍ਹਣ ਲਈ ਲਿਖਿਆ ਸੀ, ਸੁਰਜੀਤ ਸਿੰਘ ਰੱਖੜਾ ਨੂੰ ਉਹਨਾਂ ਦੀ ਸਿਫਾਰਸ਼ ਕਰਨੀ ਚਾਹੀਦੀ ਹੈ, ਤਾਂ ਜੋ ਕੁੱਝ ਪਿੰਡਾਂ ਨੂੰ ਤਾਂ ਨਸ਼ਾ ਮੁਕਤ ਕੀਤਾ ਜਾ ਸਕੇ। ਅਜਿਹਾ ਰੱਖੜਾ ਸਾਹਿਬ ਨਹੀਂ ਕਰਨਗੇ। ਅਸਲ ਗੱਲ ਇਹ ਹੈ ਕਿ ਅਜਿਹੇ ਐਲਾਨ ਮੰਤਰੀਆਂ ਵੱਲੋਂ ਨੰਬਰ ਬਣਾਉਣ ਲਈ ਹੀ ਕੀਤੇ ਜਾਂਦੇ ਹਨ। ਵਿਧਾਨ ਸਭਾ ਦੀਆਂ ਚੋਣਾਂ ਵੇਲੇ ਰੱਖੜਾ ਸਾਹਿਬ ਨੇ ਸਮਾਣਾ ਹਲਕੇ ਨੂੰ ਨਸ਼ੇ ਵਿੱਚ ਡੁਬੋ ਦਿੱਤਾ ਸੀ, ਹੁਣ ਉਸ ਹਲਕੇ ਦੇ ਪਿੰਡ ਨਸ਼ਾ ਮੁਕਤ ਕਿਵੇਂ ਹੋ ਸਕਦੇ ਹਨ। ਮੁੱਖ ਗੱਲ ਇਹ ਹੈ ਕਿ ਜਦ ਸਰਕਾਰ ਖੁਦ ਹੀ ਨਸ਼ੇ ਵੇਚਣ ਲੱਗੀ ਹੋਈ ਹੈ ਤਾਂ ਨਸ਼ੇ ਦੀ ਤਸ਼ਕਰੀ ਕਰਨ ਵਾਲਿਆਂ ਨੂੰ ਕਿਵੇਂ ਨੱਥ ਪਾ ਸਕਦੀ ਹੈ।

ਕਿਸਾਨ ਤੇ ਖੇਤ ਮਜ਼ਦੂਰ ਪਏ ਖ਼ੁਦਕੁਸ਼ੀਆਂ ਦੇ ਰਾਹ

ਪਿਛਲੇ ਦਿਨੀਂ ਆਰ ਟੀ ਆਈ ਤਹਿਤ ਪੰਜਾਬ ਸਰਕਾਰ ਦੇ ਮਾਲ, ਪੁਨਰਵਾਸ ਤੇ ਕੁਦਰਤੀ ਆਫ਼ਤਾਂ ਮੈਨੇਜਮੈਂਟ ਵਿਭਾਗ ਤੋਂ ਪ੍ਰਾਪਤ ਵੇਰਵਿਆਂ ਅਨੁਸਾਰ ਸਾਲ 2000 ਤੋਂ 2010 ਦੌਰਾਨ ਅੰਮ੍ਰਿਤਸਰ, ਫਤਿਹਗੜ੍ਹ ਸਾਹਿਬ, ਗੁਰਦਾਸਪੁਰ, ਜਲੰਧਰ ਅਤੇ ਐਸ ਬੀ ਐਸ ਨਗਰ ‘ਚ ਇੱਕ-ਇੱਕ, ਬਰਨਾਲਾ, ਫਰੀਦਕੋਟ ਵਿੱਚ ਦੋ-ਦੋ, ਫਿਰੋਜਪੁਰ ਵਿੱਚ ਤਿੰਨ, ਰੋਪੜ ਵਿੱਚ ਚਾਰ, ਲੁਧਿਆਣਾ ‘ਚ ਅੱਠ, ਸੰਗਰੂਰ ਵਿੱਚ ਤੇਈ, ਮੋਗਾ ਵਿੱਚ ਛੱਤੀ, ਬਠਿੰਡੇ ਵਿੱਚ ਚਾਲ੍ਹੀ ਅਤੇ ਮਾਨਸਾ ਵਿੱਚ ਇਕਤਾਲੀ ਕਿਸਾਨ ਤੇ ਖੇਤ ਮਜ਼ਦੂਰ ਕਰਜ਼ੇ ਕਾਰਣ ਖ਼ੁਦਕੁਸ਼ੀਆਂ ਕਰ ਗਏ, ਜਦੋਂਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਜਾਰੀ ਕੀਤੀ ਰਿਪੋਰਟ ਅਨੁਸਾਰ ਸਾਲ 2000 ਤੋਂ 2008 ਦੌਰਾਨ 1757 ਕਿਸਾਨ ਅਤੇ 1133 ਖੇਤ ਮਜ਼ਦੂਰਾਂ ਨੇ ਖੁਦਕੁਸ਼ੀ ਕੀਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮ੍ਰਿਤਕਾਂ ਨੂੰ ਮੁਆਵਜ਼ੇ ਦਾ ਰੂਪ ਵਿੱਚ ਬਠਿੰਡਾ ਦੇ ਛੇ ਅਤੇ ਸੰਗਰੂਰ ਦੇ ਚਾਰ ਕਿਸਾਨਾਂ ਨੂੰ ਦੋ-ਦੋ ਲੱਖ ਰੁਪਏ ਦਿੱਤੇ ਗਏ ਹਨ। ਕਿਸਾਨ ਅਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਦੇ ਮਾਮਲੇ ਵਿੱਚ ਇੱਕ ਹੋਰ ਉਲਝਾਵ ਵਾਲੀ ਗੱਲ ਇਹ ਹੈ ਕਿ ਇਸ ਨਾਲ ਜੁੜੇ ਵੱਖ-ਵੱਖ ਵਿਭਾਗਾਂ ਦੇ ਅੰਕੜੇ ਇੱਕ-ਦੂਜੇ ਨਾਲ ਮੇਲ ਨਹੀਂ ਖਾਂਦੇ। ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਵੱਲੋਂ ਇਸ ਮਾਮਲੇ ਵਿੱਚ ਜਿਹੜੀ ਜਾਣਕਾਰੀ ਦਿੱਤੀ ਜਾਂਦੀ ਹੈ ਅਸਲੀਅਤ ਤੋਂ ਕਾਫ਼ੀ ਵੱਖ ਹੁੰਦੀ ਹੈ। ਮ੍ਰਿਤਕ ਕਿਸਾਨਾਂ ਅਤੇ ਮਜ਼ਦੂਰਾਂ ਦੇ ਮੁਆਵਜ਼ੇ ਲਈ ਭਾਵੇਂ ਸਰਕਾਰ ਆਪਣੇ ਆਪ ਨੂੰ ਗੰਭੀਰ ਦਰਸਾਉਂਦੀ ਹੈ ਪਰ ਸੱਚ ਇਹ ਹੈ ਕਿ ਸਰਕਾਰ ਇਸ ਮਾਮਲੇ ਵਿੱਚ ਕਾਗਜ਼ੀ ਕਾਰਵਾਈ ਤੱਕ ਵੀ ਪੂਰੀ ਨਹੀਂ ਉਤਰਦੀ। ਸਿਆਸੀ ਪਾਰਟੀਆਂ ਭਾਵੇਂ ਚੋਣ ਮਨੋਰਥ ਪੱਤਰਾਂ ਵਿੱਚ ਮ੍ਰਿਤਕ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੂੰ ਮੁਆਵਜ਼ੇ ਦੇਣ ਦਾ ਵਾਅਦਾ ਕਰਦੀਆਂ ਹਨ ਪਰ ਸੱਤਾ ਵਿੱਚ ਆਉਂਦਿਆਂ ਹੀ ਸਭ ਕੁੱਝ ਭੁੱਲ-ਭੁਲਾ ਦਿੱਤਾ ਜਾਂਦਾ ਹੈ। ਜੇਕਰ ਅਸੀਂ ਕਿਸਾਨਾਂ ਨੂੰ ਛੱਡ ਦੇਈਏ ਤਾਂ ਖੇਤ ਮਜ਼ਦੂਰਾਂ ਦੀ ਇਸ ਮਾਮਲੇ ਵਿੱਚ ਹਾਲਤ ਹੋਰ ਵੀ ਤਰਸਯੋਗ ਹੈ।



ਮੁੱਖ ਗੱਲ ਇਹ ਹੈ ਕਿ ਸਰਕਾਰ ਅਜਿਹੇ ਹਾਲਾਤ ਹੀ ਕਿਉਂ ਪੈਦਾ ਹੋਣ ਦਿੰਦੀ ਹੈ ਕਿ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੂੰ ਖ਼ੁਦਕੁਸ਼ੀਆਂ ਕਰਨੀਆਂ ਪੈਣ, ਸਰਕਾਰ ਦੀ ਜ਼ਿੰਮੇਵਾਰੀ ਸੂਬੇ ਦੀ ਜਨਤਾ ਨੂੰ ਮਰਨ ਤੋਂ ਬਚਾਉਣਾ ਹੈ ਨਾ ਕਿ ਮ੍ਰਿਤਕਾਂ ਨੂੰ ਮੁਆਵਜ਼ਾ ਦੇਣਾ।

ਸਰਕਾਰ ਪੰਜਾਬ ਦੀ ਤਰੱਕੀ ਦਾ ਸਿਹਰਾ ਪੰਜਾਬ ਦੇ ਕਿਸਾਨਾਂ ਦੇ ਸਿਰ ਦਿੰਦੀ ਹੈ ਪਰ ਜੇਕਰ ਪੰਜਾਬ ਦੇ ਕਿਸਾਨ ਹੀ ਖ਼ੁਦਕੁਸ਼ੀ ਕਰ ਰਹੇ ਹਨ ਤਾਂ ਕੀ ਅਸੀਂ ਅਜਿਹੇ ਹਾਲ ਵਿੱਚ ਪੰਜਾਬ ਦੀ ਤਰੱਕੀ ਨੂੰ ਸਵੀਕਾਰ ਕਰ ਸਕਦੇ ਹਾਂ। ਅਸਲ ਵਿੱਚ ਤਰੱਕੀ ਜਾਂ ਵਿਕਾਸ ਦਾ ਵਿਸ਼ਵਾਸ ਦੇ ਕੇ ਹੀ ਉਜਾੜਿਆ ਜਾ ਰਿਹਾ ਹੈ ਤੇ ਅਸੀਂ ਉਜੜ ਰਹੇ ਹਾਂ।

ਪੰਜਾਬ ਵਿੱਚ ਗੈਰ ਕਾਨੂੰਨੀ ਢੰਗ ਨਾਲ ਵਿਕ ਰਹੇ ਹਨ ਹਥਿਆਰ



ਲੰਮੇ ਸਮੇਂ ਪੰਜਾਬ ਵਿੱਚ ਗੈਰਕਾਨੂੰਨੀ ਢੰਗ ਨਾਲ ਹਥਿਆਰਾਂ ਦਾ ਕਾਰੋਬਾਰ ਚੱਲ ਰਿਹਾ ਹੈ। ਇਸ ਸਬੰਧੀ ਅਕਸਰ ਅਖ਼ਬਾਰਾਂ ਵਿੱਚ ਖ਼ਬਰਾਂ ਛਪਦੀਆਂ ਰਹਿੰਦੀਆਂ ਹਨ। ਪਿਛਲੇ ਦਿਨੀਂ ਇਸ ਮਸਲੇ ਨੂੰ ਲੈ ਕੇ ਪੰਜਾਬ ਵਿਧਾਨ ਸਭਾ ਵਿੱਚ ਰਾਣਾ ਗੁਰਜੀਤ ਸਿੰਘ ਅਤੇ ਬਿਕਰਮ ਸਿੰਘ ਮਜੀਠੀਆ ਗਾਲ੍ਹੋ-ਗਾਲ੍ਹੀ ਵੀ ਹੋਏ। ਇਸ ਨਾਲ ਹਥਿਆਰਾਂ ਦੇ ਲੈਣ-ਦੇਣ ਅਤੇ ਲਾਇਸੰਸ ਜਾਰੀ ਕਰਨ ਦੇ ਤਰੀਕਿਆਂ ਵਿੱਚ ਹੋ ਰਹੀਆਂ ਹੇਰੀਆਂ ਫੇਰੀਆਂ ਇੱਕ ਵਾਰੀ ਫਿਰ ਚਰਚਾ ਦਾ ਵਿਸ਼ਾ ਬਣੀਆਂ ਹਨ। ਖੈਰ ਜੇ ਇਸ ਗੱਲ ਨੂੰ ਛੱਡ ਵੀ ਦਈਏ ਤਾਂ ਪਿਛਲੇ ਸਾਲ ਰਾਜਪੁਰਾ ਵਿੱਚ ਹਥਿਆਰਾਂ ਦੇ ਇੱਕ ਡੀਲਰ ਤੋਂ 1830 ਸਟਾਰ ਪਿਸਟਲਾਂ ਅਤੇ 18 ਹੋਰ ਹਥਿਆਰ ਬਰਾਮਦ ਕੀਤੇ ਗਏ ਜੋ ਕਿ ਪੰਜਾਬ ਵਿੱਚ ਗੈਰਕਾਨੂੰਨੀ ਤਰੀਕੇ ਨਾਲ ਪਹੁੰਚਾਏ ਗਏ ਸਨ। ਇਹਨਾਂ ਹਥਿਆਰਾਂ ਨੂੰ ਖਰੀਦਣ ਲਈ ਪੂਰੇ ਭਾਰਤ ’ਚੋਂ ਡੀਲਰ ਪੰਜਾਬ ਆਉਂਦੇ ਹਨ। ਸ੍ਰੀਨਗਰ ਹਥਿਆਰਾਂ ਦੇ ਤਸਕਰ ਮੁਜੱਫ਼ਰ ਰਹਿਮਾਨ ਨੇ ਪੁਲਿਸ ਕੋਲ ਕਬੂਲਿਆ ਹੈ ਕਿ ਪੰਜਾਬ ਦੇ ਹਥਿਆਰ ਵੇਚਣ ਵਾਲੇ ਡੀਲਰ ਉਸਨੂੰ ਗੈਰ ਕਾਨੂੰਨੀ ਢੰਗ ਨਾਲ ਹਥਿਆਰ ਪਹੁੰਚਾਉਣ ਲਈ ਵੱਡੀ ਰਕਮ ਅਦਾ ਕਰਦੇ ਹਨ। ਅਸਲ ਵਿੱਚ ਹਥਿਆਰਾਂ ਦੇ ਇਸੇ ਨਜਾਇਜ਼ ਕਾਰੋਬਾਰ ਨੇ ਹੀ ਪੰਜਾਬ ਦੀ ਕਾਨੂੰਨ ਵਿਵਸਥਾ ਨੂੰ ਤਹਿਸ ਨਹਿਸ ਕੀਤਾ ਹੋਇਆ ਹੈ। ਆਏ ਦਿਨ ਕਿਤੋਂ ਨਾ ਕਿਤੋਂ ਗੋਲੀ ਚੱਲਣ ਦੀ ਖ਼ਬਰ ਅਖ਼ਬਾਰ ਵਿੱਚ ਛਪਦੀ ਹੈ ਤੇ ਜਿਸ ਹਥਿਆਰ ਤੋਂ ਗੋਲੀ ਚੱਲੀ ਹੁੰਦੀ ਹੈ ਉਹ ਅਕਸਰ ਗੈਰ ਕਾਨੂੰਨੀ ਢੰਗ ਨਾਲ ਪ੍ਰਾਪਤ ਕੀਤਾ ਹੁੰਦਾ ਹੈ। ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ, ਭਾਜਪਾ ਅਤੇ ਕਾਂਗਰਸ ਪਾਰਟੀਆਂ ਦੇ ਨੌਜਵਾਨ ਆਗੂਆਂ ਕੋਲ ਹੀ ਕਾਫ਼ੀ ਵੱਡੀ ਮਾਤਰਾ ਵਿੱਚ ਅਜਿਹੇ ਹਥਿਆਰ ਹਨ। ਇਹਨਾਂ ਆਗੂਆਂ ਵਿੱਚ ਹਥਿਆਰਾਂ ਨੂੰ ਰੱਖਣਾ ਇੱਕ ਫੈਸ਼ਨ ਬਣਿਆ ਹੋਇਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਯੂਥ ਆਗੂ ਤਾਂ ਪਿਛਲੇ ਕੁੱਝ ਸਮੇਂ ਤੋਂ ਸਿਆਸੀ ਆਕਾਵਾਂ ਅਤੇ ਇਹਨਾਂ ਹਥਿਆਰਾਂ ਦੇ ਸਿਰਾਂ ‘ਤੇ ਭੂਸਰੇ ਫਿਰਦੇ ਹਨ। ਇਹੀ ਨਹੀਂ ਆਏ ਦਿਨ ਉਹਨਾਂ ਦੇ ਕਾਰਨਾਮੇ ਅਖ਼ਬਾਰਾਂ ਵਿੱਚ ਛਪਦੇ ਰਹਿੰਦੇ ਹਨ।

ਲੋਕ ਗੀਤਾਂ ਦੇ ਨਾਲ ਨਾਲ

ਲੜੀ ਨੰ: 37



ਡਾ. ਕਰਮਜੀਤ ਸਿੰਘ
+91-99927-32006
kjskurukshetra@yahoo.com

ਵੇ ਦੇਰਾ ਲਾਹੇ ਮਾਰਾਂ ਅੱਗੇ ਤੇਰੇ

ਸਮਾਜਿਕ ਦਿਉਰ-ਭਰਜਾਈ ਦੇ ਰਿਸ਼ਤੇ ਵਾਂਗ ਲੋਕ-ਗੀਤਾਂ ਵਿਚ ਵੀ ਇਹ ਰਿਸ਼ਤਾ ਅਨੇਕ ਰੰਗੀ ਹੈ। ਭਾਵੇਂ ਪਤੀ ਦੇ ਵਿਛੋੜਾ ਦੇਣ ਤੋਂ ਬਾਅਦ ਛੋਟੇ ਭਰਾ ਦੀ ਕਲਪਨਾ ਦੂਜੇ ਵਰ ਦੇ ਰੂਪ ਵਿਚ ਕੀਤੀ ਗਈ ਹੈ, ਪਰ ਇਹ ਰਿਸ਼ਤਾ ਏਨਾ ਸਿੱਧ-ਪੱਧਰਾ ਨਹੀਂ। ਵਿਆਹਿਆ ਵਰਿਆ ਦਿਉਰ ਸ਼ਰੀਕ ਵੀ ਹੈ। ਛੋਟੀ ਉਮਰ ਦਾ ਦਿਉਰ ਭਰਾਵਾਂ/ਪੁੱਤਰਾਂ ਵਰਗਾ ਹੀ ਹੈ। ਇਕੋ ਛੱਤ ਹੇਠ ਰਹਿੰਦਾ ਕੁਆਰਾ ਦਿਉਰ ਪ੍ਰੇਮੀ ਵੀ ਬਣ ਸਕਦਾ ਹੈ ਜਿਸ ਦਾ ਵਿਆਹ ਹੋਣ 'ਤੇ ਕਈ ਸਮਾਜਿਕ ਤਣਾਉ ਪੈਦਾ ਹੁੰਦੇ ਹਨ। ਕਈ ਵਾਰ ਦਿਉਰ ਵੱਲੋਂ ਭਰਜਾਈ ਵੱਲ ਅਗਾਂਹ ਵੱਧਣ 'ਤੇ ਘਰੇਲੂ ਸਬੰਧ ਵਿਗੜਦੇ ਹਨ। ਲੋਕ-ਗੀਤਾਂ ਵਿਚ ਕਦੇ ਦਿਉਰ 'ਟੁੱਟ ਪੈਣਾ' ਬਣ ਜਾਂਦਾ ਹੈ ਜਦੋਂ ਉਹ ਹੱਸਦੀ ਭਰਜਾਈ ਦੇ ਦੰਦ ਗਿਣਦਾ ਹੈ। ਕਦੇ ਗਰਭਵਤੀ ਭਰਜਾਈ ਉਸ ਪਾਸੋਂ ਮਿੱਟੀ ਮੰਗਵਾਉਂਦੀ ਹੈ। ਕਦੇ ਦੋਨੋਂ ਮਠਿਆਈ ਲਿਆ ਕੇ ਇਕੱਠੇ ਖਾਂਦੇ ਹਨ। ਇਕ ਗੀਤ ਵਿਚ ਦਿਉਰ ਦੀਆਂ 'ਗਹਿਰੀਆਂ ਅੱਖੀਆਂ' ਦੇਖ ਕੇ ਕੁੜੀ ਮਾਂ ਨੂੰ ਉਸ ਨਾਲ ਨਾ ਤੋਰਨ ਦੀ ਸਲਾਹ ਦਿੰਦੀ ਹੈ ਜੋ ਮੰਨੀ ਨਹੀਂ ਜਾਂਦੀ। ਰਸਤੇ ਵਿਚ ਮੀਂਹ ਪੈਣ 'ਤੇ ਦਿਉਰ ਤੰਬੂ ਵਿਚ ਸੱਦਦਾ ਹੈ। ਤਣਾਉ ਕਿਸੇ ਦੁਰਘਟਨਾ ਵਿਚ ਤਾਂ ਨਹੀਂ ਖ਼ਤਮ ਹੁੰਦਾ ਪਰ ਔਰਤ ਆਪਣੇ ਪਤੀ ਨੂੰ ਮੱਝੀਆਂ ਚਾਰਦਿਆਂ ਦੇਖ ਕੇ ਕੋਲ਼ੇ ਹੋ ਜਾਂਦੀ ਹੈ ਤੇ ਸਲਵਾਤਾਂ ਸੁਣਾਉਂਦੀ ਹੈ ਪਰ ਪਤੀ ਆਰਾਮ ਨਾਲ ਭਰਾ ਨਾਲ ਹੇਜ਼ ਜਤਾ ਕੇ ਗੱਲ ਸਮਾਪਤ ਕਰ ਦਿੰਦਾ ਹੈ।

ਇਕ ਹੋਰ ਗੀਤ ਵਿਚ ਨੌਕਰ ਪਤੀ ਦੀ ਗ਼ੈਰ-ਹਾਜ਼ਰੀ ਵਿਚ ਦਿਉਰ, ਭਰਜਾਈ ਦੀ ਬਾਂਹ ਫੜ ਲੈਂਦਾ ਹੈ ਜਿਸ ਕਾਰਨ ਉਹ ਮਾਯੂਸ ਹੁੰਦੀ ਹੈ। ਨੌਕਰ ਅਸਲੀਅਤ ਨੂੰ ਜਾਣ ਕੇ ਭਰਾ ਨੂੰ ਮਾਰਨ ਲਈ ਤਲਵਾਰ ਧੂਹ ਲੈਂਦਾ ਹੈ ਪਰ ਪਤਨੀ ਦੀ ਇਸ ਦਲੀਲ ਅੱਗੇ ਨਿਹੱਥਾ ਹੋ ਜਾਂਦਾ ਹੈ ਕਿ ਭਰਾ ਮਰੇ ਤੇ ਬਾਂਹ ਵੱਢੀ ਜਾਂਦੀ ਹੈ, ਇਸ ਲਈ ਮਾਰਨਾ ਹੀ ਹੈ ਤਾਂ ਬਿਗਾਨੀ ਨੂੰ ਮਾਰਨਾ ਚਾਹੀਦਾ ਹੈ। ਜਿਸ ਦੇ ਮਰੇ ਬਾਅਦ ਹੋਰ ਵਿਆਹ ਹੋ ਸਕਦਾ ਹੈ। ਇਉਂ ਉਹ ਆਪ ਵੀ ਬਚ ਜਾਂਦੀ ਹੈ ਤੇ ਦਿਉਰ ਨੂੰ ਵੀ ਬਚਾ ਲੈਂਦੀ ਹੈ। ਉਸ ਦੀ ਇਸ ਕਰਨੀ 'ਤੇ ਸ਼ਾਬਾਸ਼ ਦਿੰਦਾ ਗੀਤ ਸਮਾਪਤ ਹੋ ਜਾਂਦਾ ਹੈ। ਇਸ ਤਰ੍ਹਾਂ ਦੇ ਗੁੰਝਲਦਾਰ ਰਿਸ਼ਤਿਆਂ ਨੂੰ ਸਮਝਣ ਲਈ ਸਭਿਆਚਾਰਕ ਕਦਰਾਂ-ਕੀਮਤਾਂ ਨੂੰ ਹੀ ਸਮਝਣ ਦੀ ਲੋੜ ਨਹੀਂ ਪੈਂਦੀ ਸਗੋਂ ਸਮੂਹਿਕ ਮਾਨਸਿਕਤਾ ਨੂੰ ਵੀ ਡੂੰਘਾਈ ਤੱਕ ਸਮਝਣਾ ਪੈਂਦਾ ਹੈ ਤਾਂ ਹੀ ਇਨ੍ਹਾਂ ਰਿਸ਼ਤਿਆਂ ਦੀਆਂ ਵਿਰੋਧਤਾਈਆਂ ਤੇ ਨਜ਼ਦੀਕੀਆਂ ਨੂੰ ਸਮੁੱਚਤਾ ਵਿਚ ਫੜੇ ਜਾਣ ਦੀ ਸੰਭਾਵਨਾ ਪੈਦਾ ਹੁੰਦੀ ਹੈ।

ਜਿਹੜਾ ਗੀਤ ਇਨ੍ਹਾਂ ਰਿਸ਼ਤਿਆਂ ਦੀ ਦਵੰਦਾਤਮਕਤਾ ਨਾਲ ਜੁੜਿਆ ਮੈਂ ਪਾਠਕਾਂ ਨਾਲ ਸਾਂਝਾ ਕਰ ਰਿਹਾ ਹਾਂ, ਇਹ ਲੈਅ ਪੱਖੋਂ ਪੁਰਾਤਨ ਹੈ। ਇਹ ਮੈਂ ਮਾਮੀ ਕਿਸ਼ਨੋ ਤੇ ਨਾਨੀ ਲਾਭੀ ਤੋਂ ਸੁਣਿਆ ਸੀ। ਇਸ ਦਾ ਇਹ ਪਾਠ ਮੈਂ ਹੋਰ ਕਿਸੇ ਸੰਗ੍ਰਹਿ ਵਿਚ ਵੀ ਨਹੀਂ ਵੇਖਿਆ। ਗੀਤ ਦਿਉਰ ਤੋਂ ਕੀਤੀ ਮੰਗ ਨਾਲ ਸ਼ੁਰੂ ਹੁੰਦਾ ਹੈ। ਮੰਗ ਨਿਵੇਕਲੀ ਹੈ, ਜੋ ਹੋਰ ਥਾਉਂ ਕੀਤੀ ਨਹੀਂ ਮਿਲਦੀ।

ਨਾਗਰ ਵੇਲ ਫੁੱਲੀ ਵਿਚ ਵਿਹੜੇ।।2।।
ਵੇ ਦੇਰਾ ਉਹਦਾ ਫੁੱਲ ਲਿਆ ਦੇ।।2।।
ਕ ਸੁੱਖਾਂ ਸ਼ਾਮਲਿਆ।

ਗੀਤ ਦੇ ਚਾਰ ਮੋੜ ਹਨ ਤੇ ਅੰਤਲੇ ਪੰਜਵੇਂ 'ਤੇ ਲੰਮੀ ਹੇਕ। ਇਸ ਲੈਅ ਨੂੰ ਨਿਭਾਅ ਸਕਣਾ ਕਿਸ਼ਨੋ ਤੇ ਨਾਨੀ ਲਾਭੀ ਦਾ ਕੰਮ ਹੀ ਹੋ ਸਕਦਾ ਸੀ। ਜੋ ਉਨ੍ਹਾਂ ਬਿਨਾਂ ਕਿਸੇ ਰੁਕਾਵਟ ਤੋਂ ਗੀਤ ਦੇ ਅੰਤ ਤੱਕ ਕੀਤਾ।

ਨਾਗਰ ਵੇਲ ਫੁੱਲੀ ਵਿਚ ਵਿਹੜੇ।।2।।
ਨੀ ਭਾਬੋ ਤੋੜ ਗਈਉ ਸੂਹਿਆਂ ਵਾਲੀ।
ਕ ਸਾਡੇ ਹਾਣ ਦੀਏ।



ਵਿਹੜੇ ਵਿਚ ਸੁੰਦਰ ਵੇਲ ਦੇ ਫੁੱਲ ਖਿੜੇ ਹਨ, ਉਸ ਦੀ ਮੰਗ ਪੂਰੀ ਕਰਨੀ ਕੋਈ ਔਖੀ ਨਹੀਂ ਹੈ, ਪਰ ਉਹ ਫੁੱਲ 'ਦਿਉਰਾਣੀ' ਲਾਲ ਸੂਹੇ ਕੱਪੜਿਆਂ ਵਾਲੀ ਨੇ ਪਹਿਲਾਂ ਹੀ ਤੋੜ ਲਏ ਹਨ। ਇਸ ਲਈ ਦਿਉਰ ਅਸਿੱਧੇ ਢੰਗ ਨਾਲ ਮੰਗ ਮੰਨਣ ਤੋਂ ਅਸਮਰੱਥ ਦਿਖਾਈ ਦਿੰਦਾ ਹੈ। 'ਸਾਡੇ ਹਾਣ ਦੀਏ' ਦਿਉਰ ਦਾ ਸੰਬੋਧਨ ਭਾਵੁਕ ਸਾਂਝ ਵੀ ਦਰਸਾਉਂਦਾ ਹੈ। ਭਰਜਾਈ ਦੇ ਸ਼ਬਦ 'ਸੁੱਖਾਂ ਸ਼ਾਮਲਿਆ' ਵੀ ਇਸੇ ਰਿਸ਼ਤੇ ਦੀ ਸੂਚਨਾ ਦਿੰਦੇ ਹਨ। ਪਰ ਦਿਉਰ 'ਸੂਹਿਆਂ ਵਾਲੀ' ਤੇ 'ਹਾਣ ਦੀ' ਦੇ ਵਿਚਕਾਰ ਫਸਿਆ ਵਿਖਾਈ ਦੇ ਰਿਹਾ ਹੈ। ਉਸ ਦੀ ਇਹ ਸਥਿਤੀ ਅਗਲੀਆਂ ਪੰਗਤੀਆਂ ਵਿਚ ਵੀ ਬਰਕਰਾਰ ਰਹਿੰਦੀ ਹੈ।

ਲੱਪ ਸੂਰਮਾ ਡੁਲ੍ਹਾ ਵਿਚ ਵਿਹੜੇ।।2।।
ਵੇ ਦਿਉਰਾ ਉਹੋ ਹੂੰਝ ਲਿਆ ਦੇ।।2।।
ਕ ਸਾਡੇ ਹਾਣ ਦਿਆ।
ਲੱਪ ਸੂਰਮਾ ਡੁਲ੍ਹਾ ਵਿਚ ਵਿਹੜੇ।।2।।
ਨੀ ਭਾਬੋ ਹੂੰਝ ਗਈਉ ਸੂਹਿਆਂ ਵਾਲੀ।।2।।
ਕ ਸਾਡੇ ਹਾਣ ਦੀਏ।

ਫੁੱਲ ਤੇ ਸੁਰਮਾ ਸ਼ਿੰਗਾਰ ਦੀਆਂ ਚੀਜ਼ਾਂ ਹਨ, ਪਰ ਪੰਜਾਬੀ ਸਭਿਆਚਾਰ ਵਿਚ ਕੇਵਲ ਸ਼ਿੰਗਾਰ ਦੀਆਂ ਵਸਤਾਂ ਨਾ ਰਹਿ ਕੇ ਇਹ ਸਭਿਆਚਾਰਕ ਸੁਹਜ ਦਾ ਅੰਗ ਵੀ ਬਣ ਗਈਆਂ ਹਨ। ਇਹੀ ਫੁੱਲ ਮੁੰਡੇ ਦੇ ਵਿਆਹ 'ਤੇ ਮਾਲਣ ਲੈ ਕੇ ਆਉਂਦੀ ਹੈ ਤੇ ਆਪਣਾ ਲਾਗ ਲੈਂਦੀ ਹੈ। ਸੁਰਮਾ ਮੁੰਡੇ ਦੇ ਵਿਆਹ 'ਤੇ ਭਰਜਾਈ ਦਿਉਰ ਨੂੰ ਪਾਉਂਦੀ ਹੈ। ਇਹ ਰਸਮ ਨਿਭਾਏ ਬਗ਼ੈਰ ਕੁਝ ਘਾਟ ਮਹਿਸੂਸ ਕੀਤੀ ਜਾਂਦੀ ਹੈ।

ਸਕੀ ਭਰਜਾਈ ਨਾ ਹੋਵੇ ਤਾਂ ਇਹ ਰਸਮ ਤਾਏ/ਚਾਚਿਉਂ ਲੱਗਦੀਆਂ ਭਰਜਾਈਆਂ ਪੂਰੀਆਂ ਕਰਦੀਆਂ ਹਨ। ਜਵਾਨ ਔਰਤ ਦੀ ਪਤੀ ਤੋਂ ਪਹਿਲਾਂ ਸੁਹਾਗਣ ਦੇ ਰੂਪ ਵਿਚ ਮੌਤ ਹੋ ਜਾਏ ਤਾਂ ਹੋਰ ਹਾਰ-ਸ਼ਿੰਗਾਰ ਦੇ ਨਾਲ ਉਸ ਨੂੰ ਅੰਤਿਮ ਸਮੇਂ ਸੁਰਮਾ ਵੀ ਜ਼ਰੂਰ ਪੁਆਇਆ ਜਾਂਦਾ ਹੈ। ਇਸੇ ਲਈ ਮੈਂ ਕਿਹਾ ਹੈ ਕਿ ਸੁਰਮਾ ਕੇਵਲ 'ਚੀਜ਼' ਨਹੀਂ ਹੈ।

ਚਿੱਟੜੇ ਚਾਵਲ ਦੁੱਧ ਮਲਾਈਆਂ।।2।।
ਵੇ ਦੇਰਾਂ ਆ ਜਾ ਰਸੋਈ ਘਰ ਮੇਰੇ।।2।।
ਕ ਸਾਡੇ ਹਾਣ ਦਿਆ।

ਇੱਥੇ ਦਿਖਾਈ ਦਿੰਦੀ ਹੈ ਪੰਜਾਬੀ ਜੀਵਨ ਦੀ ਪ੍ਰਾਹੁਣਾਚਾਰੀ। ਘਰ ਕੁਝ ਹੋਵੇ ਜਾਂ ਨਾ ਪਰ ਪ੍ਰਾਹੁਣਿਆਂ ਲਈ ਚਿੱਟੇ ਚਾਉਲ, ਦੁੱਧ ਮਲਾਈਆਂ। ਇਹ ਪ੍ਰਾਹੁਣਾਚਾਰੀ ਇਸ ਲਈ ਵੀ ਹੈ ਕਿ ਦਿਉਰ ਨਾਲ ਭਾਵੁਕ ਸਾਂਝ ਵੀ ਹੈ। ਪਰ ਅਗਲੀਆਂ ਪੰਗਤੀਆਂ ਤੋਂ ਲੱਗਦਾ ਹੈ ਕਿ ਦਿਉਰ ਜਾਂ ਤਾਂ ਨੌਕਰ ਹੈ ਰਾਜੇ ਦਾ, ਜਾਂ ਫਿਰ ਉਹ ਕੋਈ ਬਹਾਨਾ ਕਰਦਾ ਹੈ।

ਅੱਜ ਰਸੋਈ ਮੈਨੂੰ ਰਾਜੇ ਦੇ ਵਿਹੜੇ।।2।।
ਨੀ ਭਾਬੋ ਭਲਕੇ ਖਾਵਾਂ ਘਰ ਤੇਰੇ।।2।।
ਕ ਸਾਡੇ ਹਾਣ ਦੀਏ।
ਰੱਤੜਾ ਪਲੰਘ ਚਿੱਟੜਾ ਵਛੌਣਾ।।2।।
ਵੇ ਦੇਰਾ ਅੱਜ ਸੌਂਵੀਂ ਘਰ ਮੇਰੇ,
ਕੁ ਸਾਡੇ ਹਾਣ ਦਿਆ।
ਅੱਜ ਤਾਂ ਸੌਣਾ ਮੈਂ ਰਾਜੇ ਦੇ ਡੇਰੇ।।2।।
ਨੀ ਭਾਬੋ ਭਲਕੇ ਸੌਵਾਂ ਘਰ ਤੇਰੇ।।2।।
ਕ ਸਾਡੇ ਹਾਣ ਦੀਏ।

ਦੇਖਣ ਵਾਲੀ ਗੱਲ ਇਹ ਹੈ ਕਿ ਭਰਜਾਈ ਨੇ ਦੋ ਕੰਮ ਕਰਨ ਲਈ ਕਹੇ-ਫੁੱਲ ਲਿਆਉਣ ਅਤੇ ਸੂਰਮਾ ਮੰਗਵਾਉਣ ਦੇ। ਦੋਨਾਂ ਤੋਂ ਬਹਾਨੇ ਨਾਲ ਦਿਉਰ ਸੂਹਿਆਂ ਵਾਲੀ ਦਾ ਬਹਾਨਾ ਪਾ ਕੇ ਨਿਕਲ ਗਿਆ। ਇੱਥੇ ਫਿਰ ਦੋ ਕੰਮ/ਮੰਗਾਂ ਕਹੇ-ਘਰ ਖਾਣਾ ਖਾਣ ਲਈ ਤੇ ਆ ਕੇ ਸਉਣ ਲਈ। ਦੋਨੋਂ ਮੰਗਾਂ ਟਾਲ ਦਿੱਤੀਆਂ ਰਾਜੇ ਦਾ ਬਹਾਨਾ ਕਰਕੇ। ਇਸੇ ਲਈ ਅਗਲੀ ਪ੍ਰਤਿਕਿਰਿਆ ਬੜੀ ਤਿੱਖੀ ਹੈ, ਪਰ ਅਸੁਭਾਵਕ ਨਹੀਂ।

ਟੁੱਟੜੀ ਮੰਜੜੀ ਬਾਣ ਪੁਰਾਣਾ।।2।।
ਵੇ ਦੇਰਾ ਸਿੱਟ ਛੱਡਾਂ ਪਛਵਾੜੇ।।2।।
ਕ ਸਾਡੇ ਹਾਣ ਦਿਆ।

'ਰੱਤੜਾ ਪਲੰਘ, ਚਿੱਟੜਾ ਵਛੌਨਾ' ਦੀ ਥਾਂ ਗੁੱਸੇ ਵਿਚ 'ਟੁੱਟੜੀ ਮੰਜੜੀ ਪੁਰਾਣੇ ਬਾਣ' ਵਾਲੀ ਮਿਲੇਗੀ। ਬਦਲੇ ਦੀ ਭਾਵਨਾ ਨੇ ਸਭ ਕੁਝ ਉਲਟ-ਪੁਲਟ ਦਿੱਤਾ ਹੈ।

ਪਰ ਅਜੇ ਤਾਂ ਨਾਟਕ ਦਾ ਬਹੁਤ ਮਹੱਤਵਪੂਰਨ ਦ੍ਰਿਸ਼ ਸਾਹਮਣੇ ਆਉਣਾ ਹੈ। ਲੋਕ ਗੀਤ ਖ਼ਾਸ ਤੌਰ ਤੇ ਬਿਰਤਾਂਤਕ ਲੋਕ ਗੀਤਾਂ ਵਿਚ ਦ੍ਰਿਸ਼ ਬਦਲਦੇ ਹਨ, ਵਾਰਤਾਲਾਪ ਬਦਲਦੀ ਹੈ। ਭਾਵਨਾਵਾਂ ਅਨੁਸਾਰ ਸ਼ਬਦ ਮਿਠਾਸ ਗ੍ਰਹਿਣ ਕਰਦੇ ਹਨ, ਅੱਗ ਵਰ੍ਹਾਉਂਦੇ ਹਨ, ਘ੍ਰਿਣਾ ਦੀ ਮੂਰਤੀ ਬਣਦੇ ਹਨ, ਵਿਅੰਗ ਬਾਣ ਕੱਸਦੇ ਹਨ ਤੇ ਇਉਂ ਇਕ ਨਾਟਕ ਰਚਦੇ ਹਨ। ਇੱਥੇ ਵੀ ਇਉਂ ਹੀ ਹੋ ਰਿਹਾ ਹੈ।

ਅੱਧੀ ਰਾਤੀਂ ਕੋਈ ਪਿਛਲੇ ਪਹਿਰੇ।।2।।
ਵੇ ਦੇਰਾਂ ਕੁੰਡੜਾ ਕਿੰਨ ਖੜਕਾਇਆ।।2।।
ਕ ਸਾਡੇ ਹਾਣ ਦਿਆ।
ਅੱਧੀ ਅੱਧੀ ਰਾਤੀਂ ਕੋਈ ਪਿਛਲੇ ਪਹਿਰੇ।।2।।
ਭਾਬੋ ਕੁੰਡੜਾ ਮੈਂ ਖੜਕਾਇਆ।।2।।
ਕ ਸਾਡੇ ਹਾਣ ਦੀਏ।

ਉਪਰਲੀਆਂ ਏਨੀਆਂ ਅਵੱਗਿਆਵਾਂ ਤੋਂ ਬਾਅਦ ਵੀ ਜਦੋਂ ਦਿਉਰ ਭਰਜਾਈ ਦਾ ਕੁੰਡਾ ਖੜਕਾਏਗਾ ਤਾਂ ਕੀ ਵਾਪਰ ਸਕਦਾ ਹੈ ਉਸ ਬਾਰੇ ਸ੍ਰੋਤਾ ਮੁਸਕੜੀਏਂ ਹੱਸਦਾ ਹੈ। ਨਾਟਕ ਦਾ ਰਸੀਲਾ ਸੀਨ ਦੇਖਣ ਲਈ।

ਪੈਰ ਮੇਰੇ ਬਨਾਰਸੀ ਸੀ ਜੋੜਾ।।2।।
ਵੇ ਦੇਰਾ ਲਾਹੇ ਮਾਰਾਂ ਸਿਰ ਤੇਰੇ।।2।।
ਕਿ ਸਾਡੇ ਹਾਣ ਦਿਆ।
ਹੱਥ ਮੇਰੇ ਰੰਗੀਲ ਸੀ ਸੋਟੀ।।2।।
ਭਾਬੋ ਲਾਹੇ ਸੁੱਟਾ ਪਾਸੇ ਤੇਰੇ।।2।।
ਕ ਸਾਡੇ ਹਾਣ ਦੀਏ।


ਸਰੋਤੇ ਨੇ ਸ਼ਾਇਦ ਇਹ ਨਹੀਂ ਸੀ ਸੋਚਿਆ ਕਿ ਗੱਲ ਜੁੱਤੀਆਂ (ਬਨਾਰਸੀ) ਤੇ ਡੰਡਿਆਂ (ਰੰਗੀਲ) ਤੱਕ ਪਹੁੰਚ ਜਾਵੇਗੀ, ਪਰ ਸਥਿਤੀ ਗੁਦਗੁਦਾਉਣ ਵਾਲੀ ਤਾਂ ਸੀ ਹੀ। ਇਸੇ ਲਈ ਇੱਥੇ ਆ ਕੇ ਨਾਨੀ ਲਾਭੀ ਤੇ ਮਾਮੀ ਕਿਸ਼ਨੀ ਗਾਉਣ ਦੇ ਨਾਲ-ਨਾਲ ਹੱਸ ਵੀ ਰਹੀਆਂ ਸਨ। ਜੁੱਤੀਆਂ ਡੰਡੇ ਚੱਲੇ ਨਹੀਂ। ਸਥਿਤੀ ਨਵੇਂ ਮੋੜ 'ਤੇ ਪਹੁੰਚ ਗਈ।

ਹੱਥ ਮੇਰੇ ਕੋਈ ਸੋਨੇ ਦੀਆਂ ਛਾਪਾਂ।।2।।
ਵੇ ਦੇਰਾ ਲਾਹੇ ਮਾਰਾਂ ਅੱਗੇ ਤੇਰੇ।।2।।
ਕ ਸਾਡੇ ਹਾਣ ਦਿਆ।

ਇਉਂ ਤੋੜ ਵਿਛੋੜੇ ਨਾਲ ਗੀਤ ਖ਼ਤਮ ਹੋ ਜਾਂਦਾ ਹੈ। ਸਰੋਤਾ ਇਕ ਪਾਸੇ ਗੀਤ ਦੀ ਲੈਅ ਵਿਚ ਗੜੁੰਦ ਹੁੰਦਾ ਹੈ ਤੇ ਦੂਜੇ ਪਾਸੇ ਉਹ ਰਿਸ਼ਤਿਆਂ ਦੀ ਗਰਮੀ ਮਹਿਸੂਸ ਕਰਦਾ ਹੈ ਤੇ ਤੀਜੇ ਉਹ ਆਪਣੇ ਸਾਹਮਣੇ ਹੁਣੇ ਨਾਟਕ ਹੁੰਦਿਆਂ ਦੇਖ ਕੇ ਹੱਟਿਆ ਹੈ। ਇਸੇ ਲਈ ਉਹ ਗੀਤ ਕਦੇ ਨਹੀਂ ਭੁੱਲ ਸਕਦਾ। ਲਿਖਤੀ ਰੂਪ ਵਿਚ ਮੈਂ ਦੇਖਿਆ ਹੈ ਕਿ ਇਸ ਗੀਤ ਨੇ ਕਿਸੇ ਦਾ ਧਿਆਨ ਨਹੀਂ ਖਿੱਚਿਆ। ਪਰ ਮੈਂ ਇਸ ਨੂੰ ਕਦੇ ਵੀ ਭੁੱਲ ਨਹੀਂ ਸਕਦਾ ਕਿਉਂਕਿ ਮੇਰੇ ਬੁਲ੍ਹਾਂ 'ਤੇ ਬਦੋ-ਬਦੀ ਇਸ ਦੀ ਲੈਅ ਖੇਡਣ ਲੱਗ ਪੈਂਦੀ ਹੈ।

ਨਾਗਰ ਵੇਲ ਫੁੱਲੀ ਵਿਚ ਵਿਹੜੇ।...

ਲਹਿੰਦਾ ਪੰਜਾਬ : ਪੰਜਾਬੀ ਮਾਂ ਬੋਲੀ ਦਾ ਬੀਬਾ ਪੁਤਰ- ਉਸਤਾਦ ਦਾਮਨ



ਸੁਲੱਖਣ ਸਰਹੱਦੀ
+91-94174-84337
sarhadisulkhan@yahoo.com



ਪੰਜਾਬੀ ਬੋਲਣ ਵਾਲਿਆਂ ਦੀ ਸੰਸਾਰ ਵਿਚ 19 ਕਰੋੜ ਗਿਣਤੀ ਹੈ। ਇਹ ਸੌ ਤੋਂ ਵਧੇਰੇ ਦੇਸ਼ਾਂ ਵਿਚ ਬੋਲੀ ਜਾਂਦੀ ਹੈ। ਕਨੇਡਾ ਵਿਚ ਇਸ ਨੂੰ ਵਿਸ਼ੇਸ਼ ਮਾਣ ਹਾਸਲ ਹੈ ਤੇ ਇਹ ਹੁਣ ਇਥੇ ਤੀਸਰੀ ਵੱਡੀ ਜ਼ੁਬਾਨ ਹੈ, ਜਿਸ ਨੂੰ ਕਨੇਡਾ ਸਰਕਾਰ ਨੇ ਵੀ ਮੰਨ ਲਿਆ ਹੈ। 19 ਕਰੋੜ ਲੋਕਾਂ ਦੀ ਬੋਲੀ ਬਾਰੇ ਵੀ ਯੂਨੈਸਕੋ ਨੇ ਫ਼ਤਵਾ ਜਾਰੀ ਕਰ ਦਿੱਤਾ ਹੈ ਕਿ ਇਹ ਵੀ 2000 ਉਨ੍ਹਾਂ ਬੋਲੀਆਂ ਵਾਂਗ ਅੱਖਾਂ ਮੀਟ ਜਾਵੇਗੀ ਜਿਹੜੀਆਂ ਕਿ ਪਿਛਲੇ ਸਮੇਂ ਵੱਡੀਆਂ ਭਾਸ਼ਾਵਾਂ ਵਿਚ ਲੀਨ ਹੋ ਗਈਆਂ ਨੇ। ਸੰਸਾਰ ਵਿਚ ਏਨੀ ਵੱਡੀ ਗਿਣਤੀ ਵਿਚ ਪੰਜਾਬੀ ਬੋਲਣ ਵਾਲਿਆਂ ਦੇ ਹੁੰਦਿਆਂ ਇਹ ਗੱਲ ਮੰਨਣ ਵਿਚ ਤਾਂ ਨਹੀਂ ਆਉਂਦੀ ਕਿ ਪੰਜਾਬੀ ਜ਼ੁਬਾਨ ਅਗਲੇ 50 ਵਰ੍ਹਿਆਂ ਵਿਚ ਖ਼ਤਮ ਹੋ ਜਾਵੇਗੀ ਪਰ ਜਿਸ ਤੇਜ਼ੀ ਨਾਲ ਸੰਸਾਰ ਇਕ ਪਿੰਡ ਅਤੇ ਇਕ ਬਾਜ਼ਾਰ ਵਿਚ ਤਬਦੀਲ ਹੋ ਰਿਹਾ ਹੈ; ਉਸ ਤੋਂ ਇਹ ਖਦਸ਼ਾ ਜਾਹਿਰ ਜ਼ਰੂਰ ਹੁੰਦਾ ਹੈ। ਏਸੇ ਲਈ ਅੱਜ ਸੰਸਾਰ ਭਰ ਵਿਚ ਜਿਥੇ ਵੀ ਪੰਜਾਬੀ ਹਨ ਉਥੇ ਹੀ ਉਹ ਚੌਕਸ ਹੋ ਗਏ ਹਨ। ਪਰ ਪੰਜਾਬੀ ਦੀ ਕਿਸਮਤ ਸਦਾ ਮਾੜੀ ਰਹੀ ਹੈ ਕਿਉਂਕਿ ਇਹ ਮਾਂ ਬਹਾਦਰਾਂ ਦੀ ਹੈ ਅਤੇ ਬਹਾਦਰਾਂ ਨੂੰ ਖ਼ਤਮ ਕਰਨ ਵਾਸਤੇ ਉਨ੍ਹਾਂ ਦੀਆਂ ਜਨਣੀਆਂ ਨੂੰ ਖ਼ਤਮ ਕੀਤਾ ਜਾਂਦਾ ਹੈ। ਜਿਵੇਂ ਕਦੇ ਮੀਰ ਮਨੂੰ ਨੇ ਵੀ ਚਿਤਵਿਆ ਸੀ ਪਰ ਅੱਜ ਪੰਜਾਬੀ ਭਾਸ਼ਾ ਉਤੇ ਸੰਸਾਰ ਵਿਆਪੀ ਉਲਟ ਹਮਲਾ ਹੈ। ਇਸ ਲਈ ਜੇਕਰ ਸਰਵ ਪੰਜਾਬੀਆਂ ਨੇ ਆਪਣੀ ਮਾਂ ਬੋਲੀ ਪ੍ਰਤੀ ਜਜ਼ਬਾਤੀ ਅਤੇ ਵਿਗਿਆਨਕ ਦੋਹਾਂ ਤਰ੍ਹਾਂ ਦਾ ਵਤੀਰਾ ਹੋਰ ਗੂੜਾ ਨਾ ਕੀਤਾ ਤਾਂ ਨਿਸਚੇ ਹੀ ਇਹ ਵੀ ਅਜੋਕੇ ਚਿਤਰਪਟ ਤੋਂ ਖ਼ਤਮ ਹੋ ਜਾਵੇਗੀ। ਸਿੱਖਾਂ ਦਾ ਇਕ ਹੀ ਬਾਦਸ਼ਾਹ ਮਹਾਰਾਜਾ ਰਣਜੀਤ ਸਿੰਘ ਬਣਿਆ ਸੀ ਪਰ ਉਸ ਨੇ ਵੀ ਪੰਜਾਬੀ ਭਾਸ਼ਾ ਨੂੰ ਦੁਜੈਲੀ ਥਾਂ ਉਤੇ ਹੀ ਰੱਖਿਆ ਅਤੇ ਫਾਰਸੀ ਨੂੰ ਸਰਕਾਰੀ ਭਾਸ਼ਾ ਬਣਾਈ ਰੱਖਿਆ। ਮਹਾਰਾਜਾ ਨੇ ਕਿਤੇ ਵੀ ਐਸਾ ਸਕੂਲ ਨਾ ਸਥਾਪਤ ਕੀਤਾ ਜਿਥੇ ਓ ਅ ੲ ਪੈਂਦਾ। ਸਾਰੇ ਵਿਦਵਾਨ ਤੇ ਸਾਰੇ ਰਿਕਾਰਡ ਫਾਰਸੀ ਤੇ ਉਰਦੂ ਦੇ ਅਧੀਨ ਹੀ ਸਨ। ਅੰਗਰੇਜ਼ ਆਏ ਤਾਂ ਉਨ੍ਹਾਂ ਨੇ ਅੰਗਰੇਜ਼ੀ ਬੰਬੂ ਪੈਦਾ ਕੀਤੇ। ਪੰਜਾਬੀ ਫੇਰ ਪਿਛੇ ਪੈ ਗਈ।

ਪੰਜਾਬ ਦੀ ਵੰਡ ਹੋਈ ਤਾਂ ਪੰਜਾਬੀ ਨਾਲ ਹੋਰ ਵੀ ਬੁਰੀ ਹੋਈ। ਸੰਸਾਰ ਵਿਚ ਕੇਵਲ ਪੰਜਾਬੀ ਹੀ ਐਸੀ ਬਦਕਿਸਮਤ ਭਾਸ਼ਾ ਹੈ ਕਿ ਜਿਸ ਦੀਆਂ ਲਿਪੀਆਂ ਵੱਖ-ਵੱਖ ਹਨ। ਬੰਗਲਾ ਦੋਹਾਂ ਬੰਗਾਲਾਂ ਵਿਚ ਇਕ ਹੀ ਲਿੱਪੀ ਵਿਚ ਹੈ। ਦੇਵਨਾਗਨੀ, ਅੰਗਰੇਜ਼ੀ, ਸੈਪਨਿਸ਼, ਡੱਚ ਆਦਿ ਸਾਰੀਆਂ ਭਾਸ਼ਾਵਾਂ ਦੀ ਲਿੱਪੀ ਇਕਹਿਰੀ ਹੈ ਪਰ ਜਦ ਪੰਜਾਬ ਦੋ ਹੋ ਗਏ ਤਾਂ ਪਾਕਿਸਤਾਨੀ ਪੰਜਾਬ ਵਿਚ ਅਵੱਲ ਤਾਂ ਪੰਜਾਬੀ ਨੂੰ ਕਾਫਰਾਂ ਦੀ ਭਾਸ਼ਾ ਗਰਦਾਨਿਆ ਜਾਣ ਲੱਗਾ ਅਤੇ ਦੂਜੀ ਗੱਲ ਇਹ ਕਿ ਜੇ ਕਿਤੇ ਟਾਂਵੇਂ ਟਾਂਵੇਂ ਲੋਕ ਪੰਜਾਬੀ ਲਿਖਦੇ ਵੀ ਤਾਂ ਉਹ ਵੀ ਸ਼ਾਹਮੁਖੀ ਵਿਚ ਲਿਖਦੇ। ਪਾਕਿਸਤਾਨ ਦੇ ਮੁਲਾਂ ਮੁਲਾਣਿਆਂ ਨੇ ਪੰਜਾਬੀ ਦਾ ਬੀ ਨਾਸ ਕਰਨ ਦਾ ਬੀੜਾ ਚੁੱਕ ਰੱਖਿਆ ਹੈ। ਪਾਕਿਸਤਾਨੀ ਪੰਜਾਬ ਵਿਚ ਪੰਜਾਬੀ ਗੰਵਾਰਾਂ ਤੇ ਅਨਪੜ੍ਹਾਂ ਦੀ ਮਾਂ ਬੋਲੀ ਹੈ। ਪੜ੍ਹੇ ਲਿਖੇ ਉਰਦੂ ਬੋਲਦੇ ਹਨ। ਇਧਰ ਭਾਰਤੀ ਪੰਜਾਬ ਵਿਚ ਵੀ ਪੰਜਾਬੀ ਸੰਸਕ੍ਰਿਤ ਦਾ ਕੋਹੜ ਲੱਗਾ ਹੋਇਆ ਹੈ। ਜੇਕਰ ਲਹਿੰਦੇ ਪੰਜਾਬ ਵਿਚ ਪੰਜਾਬੀ ਨੂੰ ਫਾਰਸੀ ਖ਼ਤਮ ਕਰਦੀ ਹੈ ਤਾਂ ਸਾਡੇ ਭਾਰਤੀ ਪੰਜਾਬ ਵਿਚ ਹਿੰਦੀ ਮੂੰਹ ਅੱਡੀ ਖਲੋਤੀ ਹੈ। ਅੱਜ ਭਾਰਤੀ ਪੰਜਾਬ ਵਿਚ ਪੰਜਾਬੀ ਨੂੰ ਐਵੇਂ ਗੱਲੀਂ ਬਾਤੀਂ ਹੀ ਸਰਕਾਰੀ ਭਾਸ਼ਾ ਮੰਨਿਆ ਗਿਆ ਹੈ। ਦਫ਼ਤਰਾਂ, ਕੋਰਟ ਕਚਹਿਰੀਆਂ ਤੇ ਸੈਂਕੜੇ ਹੋਰ ਮਹਿਕਮਿਆਂ ਦੇ ਦਫ਼ਤਰਾਂ ਵਿਚ ਇਸ ਨੂੰ ਅਛੂਤ ਮੰਨਿਆ ਜਾਂਦਾ ਹੈ। ਪੰਜਾਬ ਦੀ ਧਰਤੀ 'ਤੇ ਅਨੇਕਾਂ ਸਕੂਲ ਐਸੇ ਹਨ ਜਿਨ੍ਹਾਂ ਵਿਚ ਪੰਜਾਬੀ ਨੂੰ ਚਿਮਟੀ ਨਾਲ ਵੀ ਨਹੀਂ ਛੂਹਿਆ ਜਾਂਦਾ। ਜੇਕਰ ਕੋਈ ਵਿਦਿਆਰਥੀ ਉਨ੍ਹਾਂ ਸਕੂਲਾਂ ਵਿਚ ਪੰਜਾਬੀ ਬੋਲੇ ਤਾਂ ਉਸ ਨੂੰ ਸਕੂਲੋਂ ਕੱਢ ਦਿੱਤਾ ਜਾਂਦਾ ਹੈ। ਕੇਂਦਰੀ ਪੰਜਾਬੀ ਲੇਖਕ ਸਭਾ ਦਾ ਮੈਂ ਸੀਨੀਅਰ ਮੀਤ ਪ੍ਰਧਾਨ ਹਾਂ ਤੇ ਮੈਂ ਜਾਣਦਾ ਹਾਂ ਕਿ ਸਰਕਾਰਾਂ ਨੇ ਇਸ ਬੋਲੀ ਨੂੰ ਕਿਵੇਂ ਕੁਦੇਸਣ ਬਣਾ ਕੇ ਰੱਖਿਆ ਹੋਇਆ ਹੈ। ਪੰਜਾਬ ਦੇ ਮੁਖ ਮੰਤਰੀ ਸਰਦਾਰ ਲਛਮਣ ਸਿੰਘ ਗਿੱਲ ਨੇ ਪੰਜਾਬੀ ਭਾਸ਼ਾ ਐਕਟ ਤਾਂ ਬਣਾ ਦਿੱਤਾ ਪਰ ਪੰਜਾਬ ਦੀਆਂ ਆਉਂਦੀਆਂ ਰੰਗ ਰੰਗਲੀਆਂ ਸਰਕਾਰਾਂ ਨੇ ਇਸ ਐਕਟ ਨੂੰ ਕਦੇ ਵੀ ਸਹੀ ਤਰੀਕੇ ਨਾਲ ਲਾਗੂ ਨਹੀਂ ਕੀਤਾ। ਦੁਨੀਆ ਵਿਚ ਪੰਜਾਬੀ ਭਾਸ਼ਾ ਐਕਟ ਹੀ ਇਕ ਐਸਾ ਹੈ ਕਿ ਜਿਸ ਦੀ ਉਲੰਘਣਾ ਕਰਨ ਵਾਲੇ ਨੂੰ ਕਿਸੇ ਸਜ਼ਾ ਦਾ ਡਰ ਨਹੀਂ ਕਿਉਂਕਿ ਐਕਟ ਨਾਲ ਸਜ਼ਾ ਦੀ ਧਾਰਾ ਸ਼ਾਮਲ ਹੀ ਨਹੀਂ..... ਖੈਰ ਜੇਕਰ ਪੰਜਾਬੀ ਜਿਉਂਦੀ ਹੈ ਤਾਂ ਉਹ ਪੰਜਾਬੀ ਦੇ ਆਪਣੇ ਸਪੂਤਾਂ ਕਰ ਕੇ ਹੀ ਜਿਉਂਦੀ ਹੈ ਨਾ ਕਿ ਹਕੂਮਤਾਂ ਦੇ ਰਹਿਮੋ ਕਰਮ 'ਤੇ। ਸਾਡੇ ਪਾਸੇ ਵੀ ਤੇ ਪਾਕਿਸਤਾਨ ਵਿਚ ਵੀ ਐਸੇ ਸਪੂਤ ਹਨ ਜਿਹੜੇ ਪੰਜਾਬੀ ਨੂੰ ਜਿਉਂਦਾ ਰੱਖਣ ਲਈ ਸਿਰਾਂ 'ਤੇ ਕਫ਼ਨ ਬੰਨ੍ਹ ਕੇ ਰਖਦੇ ਹਨ। ਲਹਿੰਦੇ ਪੰਜਾਬ ਵਿਚ ਵੀ ਐਸੇ ਸਪੂਤ ਜਿੰਦਾ ਹਨ। ਅੱਜ ਅਸੀਂ ਇਕ ਐਸੇ ਹੀ ਪੰਜਾਬੀ ਸਪੂਤ ਦੀ ਪੰਜਾਬੀ ਸ਼ਾਇਰੀ ਦੀ ਕੁਝ ਝਲਕ ਤੁਹਾਡੇ ਸਾਹਮਣੇ ਪੇਸ਼ ਕਰਨ ਜਾ ਰਹੇ ਹਾਂ। ਤੁਸੀਂ ਵੇਖੋਗੇ ਕਿ ਉਸਤਾਦ ਦਾਮਨ ਦੀ ਪੰਜਾਬੀ ਕਵਿਤਾ ਵਿਚ ਕਿੰਨੀ ਠੇਠਤਾ ਹੈ ਕਿੰਨੀ ਅਪਣਤ ਤੇ ਕਿੰਨਾ ਮੋਹ ਹੈ। ਆਓ ਉਸਤਾਦ ਦਾਮਨ ਦੀ ਸ਼ਾਇਰੀ ਦਾ ਮਜ਼ਾ ਚੱਖੀਏ। ਉਸਤਾਦ ਦਾਮਨ ਜੀ 4 ਸਤੰਬਰ 1911 ਨੂੰ ਲਾਹੌਰ ਵਿਖੇ ਜਨਮੇ ਸਨ ਤੇ ਉਨ੍ਹਾਂ ਦਾ ਨਾਮ ਚਿਰਾਗ ਦੀਨ ਸੀ। ਮਗਰੋਂ ਉਨ੍ਹਾਂ ਦਾ ਪੱਕਾ ਨਾਮ ਉਸਤਾਦ ਦਾਮਨ ਹੀ ਪੈ ਗਿਆ। ਉਨ੍ਹਾਂ ਦਾ ਪਹਿਰਾਵਾ ਕੁੜਤਾ ਚਾਦਰ ਤੇ ਮੋਢੇ 'ਤੇ ਇਕ ਹੋਰ ਚਾਦਰ ਸੀ। ਉਹ ਫਤੂਹੀ ਤੇ ਨੋਕਾਂ ਵਾਲੀ ਜੁੱਤੀ ਪਹਿਨਦੇ ਸਨ। ਉਹ ਲੋਕਾਂ ਦੇ ਕੋਟ ਪੈਂਟ ਸੀਂਦੇ ਸਨ ਪਰ ਆਪ ਪੰਜਾਬੀ ਪਹਿਰਾਵਾ ਹੀ ਪਾਉਂਦੇ। ਉਸਤਾਦ ਦਾਮਨ ਹੋਰਾਂ ਦੀ ਸ਼ਾਇਰੀ ਵਿਚ ਸਾਰੇ ਪੰਜਾਬੀਆਂ ਦੀ ਸੁੱਖ ਮੰਗੀ ਗਈ ਹੈ। ਉਨ੍ਹਾਂ ਮਜ਼ਹਬਾਂ ਤੋਂ ਪਰਾਂ ਹਟ ਕੇ ਸ਼ਾਇਰੀ ਕੀਤੀ ਤੇ ਮਜ਼ਹਬ ਨੂੰ ਟਿਚ ਸਮਝਿਆ।

ਦੇਸ਼ ਦੀ ਵੰਡ ਤੋਂ ਬਾਅਦ ਦਿੱਲੀ ਵਿਚ ਦੋਹਾਂ ਪੰਜਾਬਾਂ ਦਾ ਸਾਂਝਾ ਮੁਸ਼ਾਹਿਰਾ ਹੋਇਆ, ਜਿਸ ਵਿਚ ਤਤਕਾਲੀ ਪ੍ਰਧਾਨ ਮੰਤਰੀ ਸ੍ਰੀ ਜਵਾਹਰ ਲਾਲ ਨਹਿਰੂ ਵੀ ਹਾਜ਼ਰ ਸਨ। ਉਸਤਾਦ ਦਾਮਨ ਨੇ ਉਥੇ ਇਹ ਬੰਦ ਪੜ੍ਹਿਆ :

ਭਾਵੇਂ ਮੂੰਹੋਂ ਨਾ ਕਹੀਏ ਪਰ ਵਿਚੋਂ ਵਿੱਚੀ
ਖੋਏ ਤੁਸੀਂ ਵੀ ਓ, ਖੋਏ ਅਸੀਂ ਵੀ ਆਂ
ਇਨ੍ਹਾਂ ਆਜ਼ਾਦੀਆਂ ਹੱਥੋਂ ਬਰਬਾਦ ਹੋਣਾ
ਹੋਏ ਤੁਸੀਂ ਵੀ ਹੋ ਹੋਏ ਅਸੀਂ ਵੀ ਆਂ
ਕੁਝ ਉਮੀਦ ਏ ਜ਼ਿੰਦਗੀ ਮਿਲ ਜਾਇਗੀ
ਮੋਏ ਤੁਸੀਂ ਵੀ ਓ ਮੋਏ ਅਸੀਂ ਵੀ ਆਂ
ਜਿਉਂਦੀ ਜਾਨ ਈ ਮੌਤ ਦੇ ਮੂੰਹ ਅੰਦਰ
ਢੋਏ ਤੁਸੀਂ ਓ ਢੋਏ ਅਸੀਂ ਵੀ ਆਂ
ਜਾਗਣ ਵਾਲਿਆਂ ਰੱਜ ਕੇ ਲੁੱਟਿਆ ਏ
ਸੋਏ ਤੁਸੀਂ ਵੀ ਓ ਸੋਏ ਅਸੀਂ ਵੀ ਆਂ
ਲਾਲੀ ਅੱਖੀਆਂ ਦੀ ਪਈ ਦਸਦੀ ਏ
ਰੋਏ ਤੁਸੀਂ ਵੀ ਓ ਰੋਏ ਅਸੀਂ ਵੀ ਆਂ।

ਇਹ ਬੰਦ ਸੁਣ ਦੇ ਜਿਥੇ ਹੋਰ ਲੋਕ ਅੱਖਾਂ ਭਰ ਆਏ ਉਥੇ ਪੰਡਤ ਨਹਿਰੂ ਵੀ ਅਥਰੂ ਵਹਾਉਣ ਲੱਗੇ ਸਨ।

ਉਸਤਾਦ ਦਾਮਨ ਨੇ ਜਿਥੇ ਪੰਜਾਬੀ ਮਾਂ ਬੋਲੀ ਦੇ ਹੱਕ ਵਿਚ ਲਿਖਿਆ ਉਥੇ ਮਜ਼ਹਬੀ ਕੱਟੜਤਾ ਦੇ ਖ਼ਿਲਾਫ਼ ਡੱਟ ਕੇ ਲਿਖਿਆ। ਉਨ੍ਹਾਂ ਨੇ ਹਿੰਦੂ ਸਿੱਖ ਮੁਸਲਮਾਨ ਤੇ ਹੋਰ ਧਰਮਾਂ ਦੇ ਏਕੇ ਲਈ ਲਿਖਿਆ। ਮੁਲਾਂ ਮੁਲਾਣਿਆਂ ਨੇ ਉਸ ਦਾ ਘਰ ਸਾੜ ਦਿੱਤਾ। ਬਹੁਤ ਸਾਰਾ ਉਸ ਦਾ ਸਾਹਿਤ ਸੜ ਗਿਆ। ਪਰ ਫੇਰ ਵੀ ਹਾਕਮਾਂ ਨੂੰ ਕੜੱਲਾਂ ਪਾਉਣ ਲਈ ਕਾਫ਼ੀ ਬਚ ਗਿਆ। ਉਹ 1984 ਵਿਚ ਪੂਰੇ ਹੋਏ ਸਨ।

ਉਸਤਾਦ ਦਾਮਨ ਦੀ ਸ਼ਾਇਰੀ ਦੇ ਕੁਝ ਨਮੂਨੇ :

ਵਾਹਘੇ ਨਾਲ ਅਟਾਰੀ ਦੀ ਨਹੀਂ ਟੱਕਰ
ਨਾ ਗੀਤਾ ਨਾਲ ਕੁਰਾਨ ਦੀ ਏ
ਨਹੀਂ ਕੁਫ਼ਰ ਇਸਲਾਮ ਦਾ ਕੋਈ ਝਗੜਾ
ਸਾਰੀ ਗੱਲ ਇਹ ਨਫ਼ੇ ਨੁਕਸਾਨ ਦੀ ਏ।

ਮੈਨੂੰ ਕਈਆਂ ਨੇ ਆਖਿਆ ਕਈ ਵਾਰੀ
ਤੂੰ ਲੈਣਾ ਪੰਜਾਬੀ ਦਾ ਨਾਂ ਛੱਡ ਦੇ।
ਗੋਦ ਜਿਹਦੀ 'ਚ ਪਲ ਕੇ ਜਵਾਨ ਹੋਇਉਂ
ਉਹ ਮਾਂ ਛੱਡ ਦੇ ਤੇ ਗਰਾਂ ਛੱਡ ਦੇ
ਜੇ ਪੰਜਾਬੀ ਪੰਜਾਬੀ ਈ ਕੂਕਣਾ ਏਂ
ਜਿਥੇ ਖਲਾ ਖਲੋਤਾ ਏਂ ਥਾਂ ਛੱਡ ਦੇ
ਮੈਨੂੰ ਇੰਝ ਲਗਦਾ ਹਾਕਮ ਆਖਦੇ ਨੇ
ਉਏ ਪੁਤਰਾ ਆਪਣੀ ਤੂੰ ਮਾਂ ਛੱਡ ਦੇ।

ਉਰਦੂ ਦਾ ਮੈਂ ਦੋਖੀ ਨਾਹੀਂ,
ਤੇ ਦੁਸ਼ਮਣ ਨਹੀਂ ਅੰਗਰੇਜ਼ੀ ਦਾ
ਪੁਛਦੇ ਓ ਮੇਰੇ ਦਿਲ ਦੀ ਬੋਲੀ,
ਹਾਂ ਜੀ ਤਾਂ ਪੰਜਾਬੀ ਏ
ਹਾਂ ਜੀ ਤਾਂ ਪੰਜਾਬੀ ਏ!
ਬੁੱਲ੍ਹਾ ਮਿਲਿਆ ਏਸੇ ਵਿਚੋਂ,
ਏਸੇ ਵਿਚੋਂ ਵਾਰਸ ਵੀ
ਧਾਰਾਂ ਮਿਲੀਆਂ ਏਸੇ ਵਿਚੋਂ,
ਮੇਰੀ ਮਾਂ ਪੰਜਾਬੀ ਏ
ਹਾਂ ਜੀ ਹਾਂ ਪੰਜਾਬੀ ਏ!
ਇਹਦੇ ਬੋਲ ਕੰਨਾਂ ਵਿਚ ਪੈਂਦੇ
ਦਿਲ ਮੇਰੇ ਦੇ ਵਿਚ ਨੇ ਰਹਿੰਦੇ
ਤਪਦੀਆਂ ਹੋਈਆਂ ਰੇਤਾਂ ਉਤੇ,
ਇਕ ਠੰਢੀ ਛਾਂ ਪੰਜਾਬੀ ਏ
ਹਾਂ ਜੀ ਹਾਂ ਪੰਜਾਬੀ ਏ!
ਇਹਦੇ ਦੁੱਧਾਂ ਦੇ ਵਿਚ ਮੱਖਣੀ,
ਮੱਖਣਾਂ ਵਿਚ ਘਿਉ ਚੱਖਣੀ
ਡੱਬ ਖੜੱਬੀ ਦੁਧਲ ਜੇਹੀ,
ਇਕ ਸਾਡੀ ਗਾਂ ਪੰਜਾਬੀ ਏ
ਹਾਂ ਜੀ ਹਾਂ ਪੰਜਾਬੀ ਏ

ਜਦੋਂ ਕਦੇ ਪੰਜਾਬੀ ਦੀ ਗੱਲ ਕਰਾਂ
ਫਾਂ ਫਾਂ ਕਰਦਾ ਫੂੰ ਫੂੰ ਆਉਂਦਾ
ਤੂੰ ਪੰਜਾਬੀ ਪੰਜਾਬੀ ਕੀ ਲਾਈ ਹੋਈ ਏ
ਚਾਂ ਚਾਂ ਕਰਦਾ ਚੂੰ ਚੂੰ ਆਉਂਦਾ
ਉਹ ਬੋਲਦਾ ਬੋਲਦਾ ਟੁਰੀ ਜਾਂਦਾ
ਖੌਰੇ ਮੇਰਿਆਂ, ਬੁੱਲ੍ਹਾਂ ਨੂੰ ਸਿਊਂ ਆਉਂਦਾ
ਇਹ ਗੱਲ ਹੈ ਮਾਂ ਤੇ ਪੁੱਤਰਾਂ ਦੀ
ਕੋਈ ਤੀਸਰਾ ਇਹਦੇ ਵਿਚ ਕਿਉਂ ਆਉਂਦਾ

ਏਥੇ ਬੋਲੀ ਪੰਜਾਬੀ ਹੀ ਬੋਲੀ ਜਾਏਗੀ
ਉਰਦੂ ਵਿਚ ਕਿਤਾਬਾਂ ਦੇ ਠਣਦੀ ਰਹੇਗੀ
ਇਹਦਾ ਪੁੱਤ ਤਾਂ ਇਹਦੇ ਤੋਂ ਦੁੱਧ ਮੰਗਦਾ
ਮੇਰੀ ਭੁੱਖ ਏਹੀ ਛਾਤੀ ਤਣਦੀ ਰਹੇਗੀ
ਇਹਦੇ ਲਖ ਹਰੀਫ਼ ਪਏ ਹੋਣ ਪੈਦਾ
ਦਿਨ ਬ ਦਿਨ ਇਹਦੀ ਸ਼ਕਲ ਬਣਦੀ ਰਹੇਗੀ
ਉਦੋਂ ਤੀਕ ਪੰਜਾਬੀ ਨਈਂ ਮਰ ਸਕਦੀ
ਜਦੋਂ ਤੀਕ ਪੰਜਾਬਣ ਕੋਈ ਜਣਦੀ ਰਹੇਗੀ।

ਮੇਰੇ ਦੇਸ਼ ਵਿਚ ਪੁਛ ਪਰਤੀਤ ਕੋਈ ਨਾ
ਲੁਟਮਾਰ ਦੇ ਇਥੇ ਅਸੂਲ ਵੱਖਰੇ
ਸਦਕੇ ਜਾਂ ਮੈਂ ਆਪਣੇ ਤਾਜਰਾਂ ਦੇ
ਇਨ੍ਹਾਂ ਘੜੇ ਤਰੀਕੇ ਅਸੂਲ ਵਖਰੇ

ਮੇਰੇ ਮੁਲਕ ਦੇ ਦੋ ਖੁਦਾ, ਲਾ ਇੱਲਾ ਤੇ ਮਾਰਸ਼ਲ ਲਾਅ
ਇਕ ਰਹਿੰਦਾ ਏ ਅਰਸ਼ਾਂ ਉਤੇ, ਦੂਜਾ ਰਹਿੰਦਾ ਫਰਸ਼ਾਂ ਉਤੇ
ਉਹਦਾ ਨਾਂ ਏ ਅੱਲਾ ਮੀਆਂ, ਇਹਦਾ ਨਾਂ ਏ ਜਨਰਲ ਜੀਆਂ
ਵਾਹ ਬਈ ਜਨਰਲ ਜੀਆਂ, ਕੌਣ ਕਹਿੰਦਾ ਤੂੰ ਇਥੋਂ ਜਾਹ

ਸਾਡੇ ਦੇਸ਼ 'ਚ ਮੌਜਾਂ ਈ ਮੌਜਾਂ
ਜਿਧਰ ਵੇਖੋਂ ਫੌਜਾਂ ਈ ਫੌਜਾਂ
ਲੱਖਾਂ ਬੰਦੇ ਕੈਦੀ ਹੋ ਕੇ, ਅੱਧਾ ਦੇਂਦੇ ਮੁਲਕ ਗੁਆ
ਵਾਹ ਬਈ ਜਨਰਲ ਜੀਆਂ, ਕੌਣ ਕਹੇ ਤੂੰ ਏਥੋਂ ਜਾਹ

ਦੌਲਤਮੰਦਾਂ ਦੇ ਸਦਾ ਨੇ ਬੰਦ ਬੂਹੇ
ਤੇ ਗਰੀਬਾਂ ਦੇ ਬੂਹੇ ਨਾ ਬਾਰੀਆਂ ਨੇ
ਦਾਮਨ ਕਦ ਤਕ ਕਰਨਗੇ ਜੁਲਮ ਜ਼ਾਲਿਮ
ਇਕ ਦਿਨ ਆਉਣੀਆਂ ਸਾਡੀਆਂ ਵਾਰੀਆਂ ਨੇ।





ਜ਼ਿੰਦਗੀ ਬੜੀ ਬੇਵਫ਼ਾ ਹੈ, ਇਸਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ।



ਸਾਡੇ ਨਾਲ ਕੰਮ ਕਰਨ ਲਈ ਜਾਂ ਆਪਣੇ ਸ਼ਹਿਰ ਵਿੱਚ ਦਫ਼ਤਰ ਖੋਲ੍ਹਣ ਲਈ ਸੰਪਰਕ ਕਰੋ

ਜ਼ਰਾ ਸੋਚੋ!!

Age ਉਮਰ	Per Month Rate / ਪ੍ਰਤੀ ਮਹੀਨਾ ਰੇਟ*			
	100,000	250,000	500,000	1,000,000
25	11.34	18.23	29.70	52.65
35	11.70	19.70	31.50	56.65
45	16.20	30.38	54.00	101.25
55	30.60	66.38	126.00	245.25
65	67.68	159.08	311.40	616.05

* Rates may change without notice

ਕੀ ਤੁਸੀਂ ਉਕਤ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ?

- ਕੀ ਤੁਸੀਂ ਹਾਲ ਹੀ ਵਿਚ ਘਰ ਖ਼ਰੀਦਿਆ ਹੈ ? ✦ ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
- ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਇੰਸ਼ੋਰੈਂਸ ਲੈਣੀ ਚਾਹੁੰਦੇ ਹੋ?
- ਕੀ ਤੁਸੀਂ ਘਰ ਦੇ ਮੁਖੀ ਹੋ ?
- ਕੀ ਤੁਹਾਡੇ ਬੱਚੇ ਅਜੇ ਛੋਟੇ ਹਨ ਅਤੇ ਉਨ੍ਹਾਂ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਤੁਹਾਡੇ ਉੱਪਰ ਹੈ ?
- ਕੀ ਤੁਹਾਡੀ ਲਾਈਫ਼ ਇੰਸ਼ੋਰੈਂਸ ਵੀ ਰਿਨਿਊ ਹੋਣ ਵਾਲੀ ਹੈ ?

ਜੇਕਰ, ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿੱਚ ਹੈ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ। ਮੁਫ਼ਤ ਸਲਾਹ ਅਤੇ ਵਧੀਆ ਰੇਟ ਲਈ ਅੱਜ ਹੀ ਜੀਵਨ ਬੀਮਾ ਇੰਕ. ਦੇ ਨੇੜਲੇ ਦਫ਼ਤਰ ਨਾਲ ਸੰਪਰਕ ਕਰੋ।

ਅਸੀਂ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਕਰਦੇ ਹਾਂ । ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿੱਚੋਂ ਕੋਈ ਬੀਮਾਰੀ ਨਾ ਹੋਵੇ ਤਾਂ ਅਖ਼ੀਰ ਵਿਚ ਤੁਹਾਡੇ ਪੈਸੇ ਵਾਪਿਸ ਮਿਲ ਸਕਦੇ ਹਨ ।



Jessie Singh
(C.A.I.B)

- Life Insurance
- Mortgage Insurance
- Disability Insurance
- Critical Illness Insurance
- Longterm Care Insurance
- Travel Insurance
- Health Plans



Jasvir Deol
(C.A.I.B)

For All Insurance Needs Book Appointment Today.

Calgary

Bus: (403) 717 - 0666
Cell: (403) 830 - 7007

Edmonton

Bus: (780) 465 - 6900
Cell: (780) 906 - 4497

ਐਡਮਿੰਟਨ ਵਿਚ ਮਨਾਇਆ ਗਿਆ ਕੌਮਾਂਤਰੀ ਮਾਂ ਬੋਲੀ ਦਿਵਸ



ਸਮਾਗਮ ਦੌਰਾਨ ਸੰਬੋਦਨ ਕਰਦੇ ਹੋਏ ਵੱਖ-ਵੱਖ ਸੰਸਥਾਵਾਂ ਦੇ ਨੁਮਾਇਦੇ।

ਐਡਮਿੰਟਨ (ਕਿਰਤਮੀਤ)-ਮੇਪਲ ਲੀਫ ਰਾਈਟਰਜ਼ ਫਾਉਂਡੇਸ਼ਨ ਆਫ਼ ਐਡਮਿੰਟਨ ਵੱਲੋਂ 'ਕੌਮਾਂਤਰੀ ਮਾਂ ਬੋਲੀ ਦਿਵਸ' 24 ਫਰਵਰੀ ਨੂੰ ਮਿਲਵੁਡਜ਼ ਕਲਚਰਲ ਸੋਸਾਇਟੀ ਆਫ ਰਿਟਾਇਰਡ ਐਂਡ ਸੈਮੀ ਰਿਟਾਇਰਡ ਵਿਖੇ ਮਨਾਇਆ ਗਿਆ। 3 ਘੰਟੇ ਤੋਂ ਵੀ ਵਧੇਰੇ ਚੱਲੇ ਇਸ ਸਮਾਗਮ ਨੂੰ ਦੋ ਹਿੱਸਿਆਂ 'ਚ ਵੰਡਿਆ ਗਿਆ ਸੀ। ਪਹਿਲੇ ਹਿੱਸੇ ਵਿੱਚ ਵਿਚਾਰ-ਚਰਚਾ ਅਤੇ ਦੂਸਰੇ ਹਿੱਸੇ ਵਿੱਚ ਕਵਿ-ਦਰਬਾਰ ਕਰਵਾਇਆ ਗਿਆ।

ਸਮਾਗਮ ਦੇ ਪਹਿਲੇ ਹਿੱਸੇ ਵਿੱਚ ਵਿਚਾਰ-ਚਰਚਾ ਦੀ ਸੁਰੂਆਤ ਕਰਦਿਆਂ ਪਰਮਿੰਦਰ ਧਾਲੀਵਾਲ ਨੇ ਸੰਸਥਾ ਦੇ ਕੀਤੇ ਕੰਮਾਂ ਅਤੇ ਮੰਤਵ ਬਾਰੇ ਜਾਣਕਾਰੀ ਦੇ ਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਸਮਾਗਮ 'ਚ ਹਿੱਸਾ ਲੈਣ ਲਈ ਸਥਾਨਕ ਰਾਜਸੀ, ਸਮਾਜਕ, ਧਾਰਮਕ, ਸੱਭਿਆਚਾਰਕ ਅਤੇ ਰੰਗ ਮੰਚ ਬਾਰੇ ਕੰਮ ਕਰ ਰਹੀਆਂ ਸੰਸਥਾਵਾਂ ਨੂੰ ਸੱਦਾ ਦਿੱਤਾ ਗਿਆ ਤਾਂ ਕਿ ਉਨਾਂ ਦੇ ਆਗੂ ਪੰਜਾਬੀ ਬੋਲੀ ਬਾਰੇ ਆਪਣੇ ਕੀਮਤੀ ਵਿਚਾਰ ਪੇਸ਼ ਕਰ ਕੇ ਇਕ ਸਾਂਝ ਵਿਚ ਪਰੋ ਸਕਣ। ਵਿਸ਼ੇ 'ਤੇ ਬੋਲਣ ਦੀ ਸ਼ੁਰੂਆਤ ਪਵਿੱਤਰ ਧਾਲੀਵਾਲ ਨੇ ਕੀਤੀ। ਉਪਰੰਤ ਪਰਮਜੀਤ ਕੌਰ ਕੰਗ ਨੇ ਯੂਨੀਵਰਸਿਟੀ ਆਫ ਅਲਬਰਟਾ ਵਿਚ ਪੰਜਾਬੀ ਚੇਅਰ ਦੇ ਅਧੀਨ ਪੜ੍ਹਾਏ ਜਾਂਦੇ ਕੋਰਸਾਂ ਬਾਰੇ ਜਾਣਕਾਰੀ ਦਿੱਤੀ। ਸ੍ਰੀ ਗੁਰੁ ਸਿੰਘ ਸਭਾ ਅਤੇ ਰਾਮਗੜੀਆ ਸਿੱਖ ਸੋਸਾਇਟੀ ਦੇ ਗੁਰੂ ਘਰਾਂ ਵੱਲੋਂ ਚਲਾਏ ਜਾ ਰਹੇ ਖਾਲਸਾ ਸਕੂਲਾਂ 'ਚ ਪੰਜਾਬੀ ਬੋਲੀ ਦੇ ਉਪਰਾਲਿਆਂ ਬਾਰੇ ਪਾਲ ਸਿੰਘ ਪੁਰੇਵਾਲ, ਗੁਰਚਰਨ ਸਿੰਘ ਸੰਘਾ ਅਤੇ ਬਲਬੀਰ ਸਿੰਘ ਚਾਨਾ ਵੱਲੋਂ ਚਾਨਣਾ ਪਾਇਆ ਗਿਆ। 'ਨਵੀਂ ਦੁਨੀਆ' ਅਖਬਾਰ ਦੇ ਸੰਪਾਦਕ ਨਵਤੇਜ ਬੈਂਸ ਨੇ ਗਦਰ ਲਹਿਰ ਵੱਲੋਂ ਸੰਪਾਦਿਤ 'ਗਦਰ' ਅਖਬਾਰ ਰਾਹੀਂ ਪੰਜਾਬੀ ਭਾਸ਼ਾ ਪ੍ਰਤੀ ਪਾਏ ਯੋਗਦਾਨ ਨੂੰ ਸਾਂਝਾ ਕੀਤਾ। ਉਨ੍ਹਾਂ ਕਿਹਾ ਕਿ ਸਦੀਆਂ ਪੁਰਾਣੀ ਬੋਲੀ ਪੰਜਾਬੀ ਨੇ ਆਪਣੇ ਪਿੰਡੇ 'ਤੇ ਅਨੇਕਾਂ ਕਿਸਮ ਦੀਆਂ ਚਣੌਤੀਆਂ, ਮਨੁੱਖੀ ਅਹਿੰਸਾ ਅਤੇ ਭਾਈਚਾਰੇ ਦੇ ਚੰਗੇ ਮਾੜੇ ਪ੍ਰਭਾਵ ਦੇਖੇ ਹਨ। ਇਹ ਉਹ ਬੋਲੀ ਹੈ ਜਿਸ ਸਦਕਾ ਅਸੀਂ ਸਾਰਿਆਂ ਨੇ ਬੋਲਣਾ ਸਿੱਖਿਆ। ਮਾਂ ਦੀਆਂ ਲੋਰੀਆਂ ਅਤੇ ਮਮਤਾ ਨੂੰ ਇਸੇ ਬੋਲੀ ਸਦਕਾ ਮਹਿਸੂਸ ਕੀਤਾ। ਤੋਤਲੀਆਂ ਅਵਾਜ਼ਾਂ 'ਚੋਂ ਗੁਜ਼ਰਦਿਆਂ ਬੋਲੀ ਦੇ ਗਹਿਰੇ ਅਹਿਸਾਸਾਂ ਨੂੰ ਸ਼ਬਦਾਂ ਦੀ ਤਪਸ਼ ਰਾਂਹੀ ਮਹਿਸੂਸ ਕੀਤਾ। ਬੋਲੀ ਦੇ ਇਹ ਸ਼ਬਦ ਹੀ ਹਨ ਜਿਨਾਂ ਸਦਕਾ ਅਸੀਂ ਆਪਣੇ ਜੀਵਨ ਨੂੰ ਅਦੁੱਤੀ ਰਿਸ਼ਤਿਆਂ ਵਿਚ ਬੰਨੀ ਰੱਖਿਆ ਹੈ। ਬੋਲੀ ਸਦਕਾ ਹੀ ਅਸੀਂ ਜੀਵਨ ਨੂੰ ਪ੍ਰਭਾਵਸ਼ਾਲੀ ਬਣਾ ਸਕਦੇ ਹਾਂ। ਉਨ੍ਹਾਂ ਕਿਹਾ ਕਿ ਬੋਲੀ ਹੀ ਹੈ ਜਿਹੜੀ ਸਾਡੇ ਜੀਵਨ ਦੇ ਚਿੰਤਨ ਨੂੰ ਅਰਥ ਪ੍ਰਦਾਨ ਕਰਦੀ ਹੈ। ਸੋ ਇਸ ਕਰਕੇ ਬੋਲੀ ਦੀ ਮਹੱਤਤਾ ਉਦੋ ਪਤਾ ਲੱਗਦੀ ਹੈ ਜਦੋਂ ਇਸ ਨੂੰ ਵਿਚਾਰਿਆ ਜਾਂਦਾ ਹੈ। ਜਸਬੀਰ ਦਿਓਲ, ਦਰਸ਼ਨ ਖਹਿਰਾ, ਦਲਜੀਤ ਰੱਖੜਾ, ਵਰਿੰਦਰ ਭੁੱਲਰ, ਪਰਮਜੀਤ ਗਿੱਲ, ਵਿਧਾਇਕ ਨਰੇਸ਼ ਭਾਰਦਵਾਜ਼, ਵਿਧਾਇਕ ਸੁਹੇਲ ਕਾਦਰੀ, ਗੁਰਸੇਵਕ ਮਾਨ, ਸਿੱਖ ਸੁਸਾਇਟੀ ਦੀਆਂ ਵਿਦਿਆਰਥਣਾਂ ਸਨਮ ਧਾਲੀਵਾਲ, ਸੁਮਨ ਚਾਹਲ ਅਤੇ ਮਨੀਤ ਸੰਧੂ ਨੇ ਵੀ ਵਿਚਾਰ ਪੇਸ਼ ਕੀਤੇ। ਸੰਸਥਾ ਦੇ ਸਕੱਤਰ ਦਲਬੀਰ ਸਾਂਗਿਆਣ ਨੇ ਸੈਮੀਨਾਰ ਨੂੰ ਸਮੇਟਦਿਆਂ ਪੰਜਾਬੀ ਭਾਸ਼ਾ ਨੂੰ ਦਿਲੀ ਵਸਾਉਣ ਅਤੇ ਇਸ ਦੇ ਬਾਰੇ ਨਾਕਾਰਾਤਮਕ ਸੋਚ ਨੂੰ ਤਿਲਾਂਜ਼ਲੀ ਦੇਣ ਲਈ ਕਿਹਾ। ਪ੍ਰੋਗਰਾਮ ਦੇ ਦੂਜੇ ਭਾਗ ਵਿਚ ਐਡਮਿੰਟਨ ਦੇ ਪੁੰਗਰ ਰਹੇ ਗੀਤਕਾਰਾਂ/ਕਵੀਆਂ ਨੇ ਰਚਨਾਵਾਂ ਸੁਣਾਈਆਂ; ਜਿਨਾਂ ਵਿਚ ਇਥੋਂ ਦਾ ਜੰਮਪਲ ਸੂਰਜ ਗਿੱਲ, ਬਲਦੇਵ ਹੇਅਰ, ਦਰਸ਼ਨ ਭੰਡਾਲ, ਭੁਪਿੰਦਰ ਰੰਧਾਵਾ, ਲਾਡੀ ਸੂਸ, ਜੋਸ਼ਵ ਸੂਸ, ਇੰਦਰਪਾਲ ਸੰਘੇੜਾ, ਜਸਪਰੀਤ ਗਿੱਲ, ਗੁਰਤੇਜ ਬਰਾੜ, ਜੋਗਿੰਦਰ ਰੰਧਾਵਾ, ਜਸਬੀਰ ਸੰਘਾ, ਸੰਤੋਖ ਸਿੰਘ ਸੰਧੂ, ਜ਼ੋਰਾ ਸਿੰਘ ਝੱਜ, ਜਰਨੈਲ ਬਸੋਤਾ, ਜਰਨੈਲ ਕੌਰ ਧਾਲੀਵਾਲ, ਗੁਰਮਿੰਦਰ ਮੂਮ, ਰਘਬੀਰ ਰਾਮਾ ਨੇ ਹਿੱਸਾ ਲਿਆ। ਸਟੇਜ ਦੀ ਕਾਰਵਾਈ ਪਰਮਿੰਦਰ ਅਤੇ ਪਵਿੱਤਰ ਧਾਲੀਵਾਲ ਨੇ ਬਾਖੂਬੀ ਨਿਭਾਈ।

ਬੇਸ਼ਕ ਮੇਪਲ ਲੀਫ ਰਾਈਟਰਜ਼ ਫਾਉਂਡੇਸ਼ਨ ਆਫ਼ ਐਡਮਿੰਟਨ ਵਧਾਈ ਦੀ ਪਾਤਰ ਹੈ ਕਿਉਂਕਿ ਕੌਮਾਂਤਰੀ ਮਾਂ ਬੋਲੀ ਦਿਵਸ ਸਬੰਧੀ ਉਨ੍ਹਾਂ ਦਾ ਇਹ ਪਲੇਠਾ ਸਮਾਗਮ ਸੀ ਅਤੇ ਪੂਰੇ ਅਲਬਰਟਾ 'ਚ ਕਿਸੇ ਵੀ ਹੋਰ ਸੰਸਥਾ ਵੱਲੋਂ 'ਕੌਮਾਂਤਰੀ ਮਾਂ ਬੋਲੀ ਦਿਵਸ' ਨਹੀਂ ਮਨਾਇਆ ਗਿਆ। ਪਰ ਇਹ ਸਮਾਗਮ ਵੀ ਇੱਕ 'ਰਸਮ' ਹੀ ਬਣ ਕੇ ਰਹਿ ਗਿਆ। ਕਿਉਂਕਿ ਸਮਾਗਮ ਦੇ ਸ਼ੁਰੂ ਤੋਂ ਅੰਤ ਤੱਕ ਬਲਾਰਿਆਂ ਨੇ 'ਕੌਮਾਤਰੀ ਬੋਲੀ ਦਿਵਸ' ਨੂੰ ਵਿਸਾਰ ਕੇ ਕੇਵਲ ਤੇ ਕੇਵਲ 'ਪੰਜਾਬੀ ਮਤਾ ਭਾਸ਼ਾ' ਨੂੰ ਹੀ ਸਮਰਪਿਤ ਕਰ ਦਿੱਤਾ। ਇਥੇ ਹੀ ਬਸ ਨਹੀਂ 'ਪੰਜਾਬੀ ਮਤਾ ਭਾਸ਼ਾ' ਵੱਲ ਨੂੰ ਮੋੜਾ ਕੱਟ ਚੁੱਕੇ ਸਮਾਗਮ ਨੂੰ ਵੀ ਹਾਜ਼ਰੀਨ ਵੱਲੋਂ 'ਪਚਾ' ਲਿਆ ਜਾਂਦਾ ਜੇਕਰ ਵਿਦੇਸ਼ ਵਿੱਚ ਪੰਜਾਬੀ ਬੋਲੀ ਦੀ ਹੋਂਦ ਤੇ ਇਸ ਨੂੰ ਦਰਪੇਸ਼ ਚਣੌਤੀਆਂ ਤੇ ਕੋਈ ਵਿਚਾਰ ਚਰਚਾ ਕੀਤੀ ਜਾਂਦੀ। 'ਕੌਮਾਤਰੀ ਬੋਲੀ ਦਿਵਸ' ਤੋਂ ਵਿਚਾਰ ਚਰਚਾ ਦਾ 'ਪੰਜਾਬੀ ਮਤਾ ਭਾਸ਼ਾ' ਵੱਲ ਨੂੰ ਮੋੜਾ ਕੱਟਣ ਦਾ ਮੁੱਖ ਕਾਰਨ ਸਮਾਗਮ ਦਾ ਕੋਈ ਵੀ 'ਵਿਸ਼ਾ' ਨਾ ਹੋਣਾ ਅਤੇ ਇਸ ਚਰਚਾ ਨੂੰ ਖੁੱਲਾ ਛੱਡ ਦੇਣਾ ਬਣਇਆ। ਇਸ ਦੇ ਨਾਲ ਹੀ ਇਹ ਸਮਾਗਮ 'ਗ਼ਦਰ ਲਹਿਰ ਦੀ 100ਵੀਂ ਸ਼ਤਾਬਦੀ' ਨੂੰ ਸਮਰਪਿਤ ਹੋਣਾ ਚਾਹੀਦਾ ਸੀ ਅਤੇ ਗ਼ਦਰ ਲਹਿਰ ਦੀ ਦੇਣ ਤੇ ਮੌਜੂਦਾ ਸਥਿਤੀ 'ਚ ਭਾਸ਼ਾ ਲਈ ਚਣੌਤੀਆਂ ਆਦਿ ਤੇ ਲਾਜ਼ਮੀ ਚਰਚਾ ਹੋਣੀ ਚਾਹੀਦੀ ਸੀ।

ਪਰ ਇਸ ਸਭ ਦੇ ਬਾਵਜੂਦ ਅਸੀਂ ਮੇਪਲ ਲੀਫ ਰਾਈਟਰਜ਼ ਫਾਉਂਡੇਸ਼ਨ ਆਫ਼ ਐਡਮਿੰਟਨ ਤੋਂ ਇਹ ਵੀ ਆਸ ਰੱਖਦੇ ਹਾਂ ਕਿ ਸੰਸਥਾ ਆਉਣ ਵਾਲੇ ਦਿਨਾਂ 'ਚ ਇਸ ਤਰਾਂ ਦੇ ਹੋਰ ਵੀ ਅਗਾਹਵਧੂ ਸਮਾਗਮ ਕਰਵਾ ਕੇ ਲੋਕਾਂ ਨੂੰ ਸੇਧ ਦਿੰਦੀ ਰਹੇਗੀ।

ਕੈਲਗਰੀ ਵਾਸੀਆਂ ਨੇ ਕੌਮਾਂਤਰੀ ਮਾਂ ਬੋਲੀ ਦਿਵਸ ਨੂੰ ਵਿਸਾਰਿਆ

ਕੈਲਗਰੀ (ਸੁਖਬੀਰ ਗਰੇਵਾਲ) : ਕੌਮਾਂਤਰੀ ਮਾਂ ਬੋਲੀ ਦਿਵਸ ਸਬੰਧੀ ਭਾਵੇਂ ਕਨੇਡਾ ਦੇ ਵੱਖ ਵੱਖ ਸ਼ਹਿਰਾਂ ਵਿਚ ਸਾਹਿਤਕ ਸਭਾਵਾਂ ਨੇ ਪ੍ਰੋਗਰਾਮ ਉਲੀਕੇ ਪਰ ਕੈਲਗਰੀ ਦੀ ਕਿਸੇ ਵੀ ਸਾਹਿਤਕ ਜਥੇਬੰਦੀ ਨੇ ਇਸ ਦਿਵਸ ਨੂੰ ਸਮਰਪਿਤ ਵਿਸ਼ੇਸ਼ ਪ੍ਰੋਗਰਾਮ ਨਹੀਂ ਉਲੀਕਿਆ। ਵੈਨਕੂਵਰ ਅਤੇ ਐਡਮਿੰਟਨ ਤੋਂ ਪ੍ਰਾਪਤ ਜਾਣਕਾਰੀ ਮੁਤਾਬਕ ਇਨ੍ਹਾਂ ਸ਼ਹਿਰਾਂ ਵਿਚ ਬਕਾਇਦਾ ਤੌਰ 'ਤੇ ਸਮਾਗਮ ਹੋਏ ਹਨ।

ਸੰਯੁਕਤ ਰਾਸ਼ਟਰ ਵਲੋਂ ਐਲਾਨੇ ਗਏ ਇਸ ਦਿਵਸ ਨੂੰ ਮਨਾਉਣ ਲਈ ਵਿਸ਼ਵ ਭਰ ਦੀਆਂ ਸੰਸਥਾਵਾਂ ਨੇ ਸਮਾਗਮ ਕਰਵਾਏ। ਕੈਲਗਰੀ ਵਿਚ ਪੰਜਾਬੀ ਲੇਖਕਾਂ ਦੀਆਂ ਚਾਰ ਸਭਾਵਾਂ ਹਨ। ਸ਼ਹਿਰ ਦੀ ਵਸੋਂ ਮੁਕਾਬਲੇ ਭਾਵੇਂ ਪੰਜਾਬੀ ਲੇਖਕ ਸਭਾਵਾਂ ਦੀ ਗਿਣਤੀ ਵੱਧ ਹੈ ਪਰ ਕੌਮਾਂਤਰੀ ਮਾਂ ਬੋਲੀ ਦਿਵਸ ਨੂੰ ਕਿਸੇ ਨੇ ਵੀ ਯਾਦ ਨਹੀਂ ਕੀਤਾ। ਪੰਜਾਬੀ ਲਿਖਾਰੀ ਸਭਾ, ਅਰਪਨ ਲਿਖਾਰੀ ਸਭਾ, ਪੰਜਾਬੀ ਸਾਹਿਤ ਸਭਾ ਅਤੇ ਰਾਈਟਰਜ਼ ਫ਼ੋਰਮ ਵਲੋਂ ਹਰ ਮਹੀਨੇ ਮੀਟਿੰਗਾਂ ਕੀਤੀਆਂ ਜਾਂਦੀਆਂ ਹਨ ਜਿਥੇ ਲੇਖਕ ਆਪਣੀਆਂ ਰਚਨਾਵਾਂ ਪੜ੍ਹਦੇ ਹਨ।

ਫ਼ਰਵਰੀ ਮਹੀਨੇ ਦੌਰਾਨ ਕੀਤੀਆਂ ਮੀਟਿੰਗਾਂ ਦੌਰਾਨ ਕਿਸੇ ਵੀ ਲਿਖਾਰੀ ਸਭਾ ਦੇ ਏਜੰਡੇ 'ਤੇ ਕੌਮਾਂਤਰੀ ਮਾਂ ਬੋਲੀ ਦਿਵਸ ਨਹੀਂ ਸੀ। ਅਰਪਨ ਲਿਖਾਰੀ ਸਭਾ ਦੇ ਪ੍ਰਧਾਨ ਸਤਨਾਮ ਸਿੰਘ ਢਾਅ ਨੇ ਦੱਸਿਆ ਕਿ ਉਨ੍ਹਾਂ ਦੀ ਸਭਾ ਵਲੋਂ ਇਸ ਦਿਵਸ ਨੂੰ ਸਮਰਪਿਤ ਕੋਈ ਵਿਸ਼ੇਸ਼ ਸਮਾਗਮ ਨਹੀਂ ਕਰਵਾਇਆ ਗਿਆ। ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਜਸਬੀਰ ਸਿੰਘ ਸਹੋਤਾ ਨੇ ਦੱਸਿਆ ਕਿ ਸਭਾ ਦੀ ਫਰਵਰੀ ਮਹੀਨੇ ਦੀ ਮੀਟਿੰਗ ਦੌਰਾਨ ਨਵੀਂ ਦਿੱਲੀ ਦੇ ਬਲਾਤਕਾਰ ਕਾਂਡ ਬਾਰੇ ਚਰਚਾ ਜ਼ਰੂਰ ਹੋਈ ਸੀ ਪਰ ਕੌਮਾਂਤਰੀ ਮਾਂ ਬੋਲੀ ਦਿਵਸ ਬਾਰੇ ਕੋਈ ਗੱਲ ਨਹੀਂ ਛਿੜੀ।

ਪੰਜਾਬੀ ਲਿਖਾਰੀ ਸਭਾ ਦੀ 17 ਫਰਵਰੀ ਨੂੰ ਹੋਈ ਮਹੀਨਾਵਾਰ ਮੀਟਿੰਗ ਦੀ ਜੋ ਰਿਪੋਰਟ ਮੀਡੀਆ ਲਈ ਜਾਰੀ ਕੀਤੀ ਗਈ, ਉਸ ਵਿਚ ਇਸ ਦਿਵਸ ਬਾਰੇ ਕਿਤੇ ਵੀ ਜ਼ਿਕਰ ਨਹੀਂ ਸੀ। ਲਿਖਾਰੀ ਸਭਾ ਦੇ ਸਕੱਤਰ ਬਲਜਿੰਦਰ ਸਿੰਘ ਨੇ ਦਾਅਵਾ ਕੀਤਾ ਕਿ 16 ਮਾਰਚ ਨੂੰ ਹੋਣ ਵਾਲੇ ਸਾਲਾਨਾ ਸਮਾਗਮ ਨੂੰ ਉਹ ਇਸ ਦਿਵਸ ਨੂੰ ਸਮਰਪਿਤ ਕਰਨਗੇ ਪਰ ਲਿਖਾਰੀ ਸਭਾ ਵਲੋਂ ਇਸ ਸਮਾਗਮ ਲਈ ਛਪਵਾਏ ਪੋਸਟਰਾਂ ਵਿਚ ਕਿਤੇ ਵੀ ਕੌਮਾਂਤਰੀ ਮਾਂ ਬੋਲੀ ਦਿਵਸ ਦਾ ਜ਼ਿਕਰ ਨਹੀਂ ਹੈ। ਪ੍ਰੋਗਰੈਸਿਵ ਕਲਰਚਲ ਐਸੋਸੀਏਸ਼ਨ ਦੇ ਸਕੱਤਰ ਮਾਸਟਰ ਭਜਨ ਸਿੰਘ ਗਿੱਲ ਨੇ ਦੱਸਿਆ ਕਿ ਅਜਿਹੇ ਦਿਹਾੜੇ ਮਨਾਉਣ ਨਾਲ ਪੰਜਾਬੀ ਬੋਲੀ ਨੂੰ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕੀਤਾ ਜਾ ਸਕਦਾ ਹੈ। ਕੈਲਗਰੀ ਦੇ ਗੁਆਂਢੀ ਸ਼ਹਿਰ ਐਡਮਿੰਟਨ ਵਿਚ 24 ਫਰਵਰੀ ਨੂੰ ਮੈਪਲ ਲੀਫ਼ ਰਾਈਟਰਜ਼ ਫ਼ਾਊਂਡੇਸ਼ਨ ਆਫ਼ ਐਡਮਿੰਟਨ ਵਲੋਂ ਕੌਮਾਂਤਰੀ ਮਾਂ ਬੋਲੀ ਦਿਵਸ ਵਿਸ਼ੇਸ਼ ਸਮਾਗਮ ਕਰਵਾਇਆ ਗਿਆ, ਜਿਸ ਵਿਚ ਯੂਨੀਵਰਸਿਟੀ ਪੱਧਰ ਦੇ ਵਿਦਿਆਰਥੀ ਪੰਜਾਬੀ ਵਿਚ ਰਚਨਾਵਾਂ ਪੜ੍ਹੀਆਂ।

ਵੈਨਕੂਵਰ ਇਲਾਕੇ ਵਿਚ ਪੰਜਾਬੀ ਬੋਲੀ ਦੇ ਵਿਕਾਸ ਲਈ ਯਤਨਸ਼ੀਲ ਪੰਜਾਬੀ ਲੈਂਗੁਏਜ ਐਜੂਕੇਸ਼ਨ ਐਸੋਸੀਏਸ਼ਨ ਵਲੋਂ ਡੇਲਟਾ ਵਿਚ 23 ਫ਼ਰਵਰੀ ਨੂੰ ਇਹ ਦਿਵਸ ਮਨਾਇਆ ਗਿਆ। ਕਨੇਡਾ ਵਰਗੇ ਮੁਲਕ ਵਿਚ ਅਜਿਹੇ ਦਿਵਸ ਮਨਾਉਣ ਦੀ ਅਹਿਮੀਅਤ ਹੋਰ ਵੀ ਜ਼ਿਆਦਾ ਹੈ, ਜਿਥੇ ਅਗਲੀ ਪੀੜ੍ਹੀ ਨੂੰ ਪੰਜਾਬੀ ਨਾਲ ਜੋੜਨਾ ਵੱਡੀ ਚੁਣੌਤੀ ਹੈ।

ਕਲਾਸੀਕਲ ਗਾਇਕਾ ਪੂਰਨੀਮਾ ਦਾ ਦੇਹਾਂਤ



ਐਡਮਿੰਟਨ (ਨਦਬ) ਉਘੀ ਕਲਾਸੀਕਲ ਗਾਇਕਾ ਪੂਰਨੀਮਾ ਚੌਧਰੀ ਦਾ ਕੋਲਕਾਤਾ ਦੇ ਨਿੱਜੀ ਹਸਪਤਾਲ ਵਿਚ ਦੇਹਾਂਤ ਹੋ ਗਿਆ। ਉਨ੍ਹਾਂ ਨੇ ਗੁਰੂ ਪੰਡਿਤ ਮਹਾਂਦੇਵ ਪ੍ਰਸਾਦ ਮਿਸ਼ਰਾ ਅਤੇ ਪਦਮਭੂਸ਼ਣ ਸ੍ਰੀਮਤੀ ਗਿਰੀਜਾ ਦੇਵੀ ਦੀ ਯੋਗ ਅਗਵਾਈ ਹੇਠ ਬਨਾਰਸ ਘਰਾਨੇ ਤਹਿਤ ਆਪਣੇ ਆਪ ਨੂੰ ਠੁਮਰੀ, ਦਾਦਰਾ, ਟੱਪਾ, ਕਜਰੀ, ਛੇਟੀ ਤੇ ਹੋਰੀ ਵਿਚ ਨਿਪੁੰਨ ਬਣਾਇਆ। ਉਨ੍ਹਾਂ ਸੰਗੀਤ ਦੀ ਮੁਢਲੀ ਸਿਖਿਆ ਕੋਲਕਾਤਾ ਵਿਚ ਪੰਡਿਤ ਏ.ਟੀ. ਕਨਨ ਤੋਂ ਹਾਸਲ ਕੀਤੀ। ਆਪਣੇ ਸੰਗੀਤ ਸਫ਼ਰ ਦੌਰਾਨ ਉਨ੍ਹਾਂ ਨੂੰ ਦੇਸ਼ ਵਿਦੇਸ਼ ਵਿਚੋਂ ਕਈ ਪੁਰਸਕਾਰ ਮਿਲੇ। ਆਖ਼ਰੀ ਦਿਨਾਂ ਵਿਚ ਉਨ੍ਹਾਂ ਨੂੰ ਸਾਹ ਦੀ ਤਕਲੀਫ਼ ਸੀ। 68 ਸਾਲਾ ਪੂਰਨੀਮਾ ਚੌਧਰੀ ਦੇ ਦੇਹਾਂਤ ਨਾਲ ਬਨਾਰਸ ਘਰਾਨੇ ਦਾ ਚਿਰਾਗ ਬੁਝ ਗਿਆ। ਉਨ੍ਹਾਂ ਦੇ ਵਿਛੋੜੇ ਨਾਲ ਭਾਰਤੀ ਕਲਾਸੀਕਲ ਸੰਗੀਤ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਸ੍ਰੀਮਤੀ ਪੂਰਨੀਮਾ ਚੌਧਰੀ ਐਡਮਿੰਟਨ ਵਾਸੀ ਇੰਦਰਨੀਲ ਚੌਧਰੀ ਦੇ ਮਾਤਾ ਜੀ ਅਤੇ ਲਿਪੀਕਾ ਚੌਧਰੀ ਸੱਸ ਸੀ। ਅਦਾਰਾ 'ਨਵੀਂ ਦੁਨੀਆ' ਚੌਧਰੀ ਪਰਿਵਾਰ ਦੇ ਦੁੱਖ ਵਿਚ ਸ਼ਰੀਕ ਹੁੰਦਾ ਹੈ ਅਤੇ ਸ੍ਰੀਮਤੀ ਪੂਰਨੀਮਾ ਚੌਧਰੀ ਨੂੰ ਭਾਵ ਭਿੰਨੀ ਸ਼ਰਧਾਂਜਲੀ ਭੇਟ ਕਰਦਾ ਹੈ। ਹੋਰ ਜਾਣਕਾਰੀ ਲਈ ਚੌਧਰੀ ਪਰਿਵਾਰ ਨਾਲ 780-901-2966 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਬਾਬੇ ਨੇ ਖਰੀਦਿਆ 10 ਲੱਖ ਦਾ ਨੰਬਰ

ਚੰਡੀਗੜ੍ਹ (ਨਦਬ) : ਮਹੰਤ ਛੋਟੂ ਨਾਥ ਚੰਡੀਗੜ੍ਹ ਦੇ ਗੋਰਖਧਾਮ ਮੰਦਰ ਸੈਕਟਰ-19 ਦੇ ਮਹੰਤ ਹਨ ਜਿਨ੍ਹਾਂ ਦੇ ਸ਼ਰਧਾਲੂਆਂ 'ਚ ਵੱਡੇ-ਵੱਡੇ ਵੀ. ਆਈ. ਪੀ. ਅਤੇ ਬਿਜ਼ਨੈਸਮੈਨ ਹਨ ਇਹੀ ਵਜ੍ਹਾ ਹੈ ਕਿ ਮਹੰਤ ਛੋਟੂ ਨਾਥ ਵੀ ਹੁਣ ਕਿਸੇ ਵੀ. ਵੀ. ਆਈ. ਪੀ. ਤੋਂ ਘੱਟ ਨਹੀਂ ਰਹੇ ਜਿਨ੍ਹਾਂ ਕੋਲ ਇਸ ਸਮੇਂ ਲਗਜ਼ਰੀ ਔਡੀ-7 ਕਾਰ ਹੈ ਜਿਸ ਦੀ ਕੀਮਤ 40 ਲੱਖ ਦੇ ਕਰੀਬ ਹੈ। ਜਿਸ ਦੇ ਲਈ ਮਹੰਤ ਨੇ ਸੀ. ਐਚ-01 ਏ. ਆਰ 0001 ਨੰਬਰ 10 ਲੱਖ 5100 ਰੁਪਏ 'ਚ ਬੋਲੀ ਲਗਾ ਕੇ ਖਰੀਦਿਆ ਹੈ ਮਹੰਤ ਛੋਟੂ ਨਾਥ ਦੀ ਮੰਨੀਏ ਤਾਂ ਉਨ੍ਹਾਂ ਨੂੰ ਇਹ ਕਾਰ ਉਨ੍ਹਾਂ ਦੇ ਭਗਤਾਂ ਨੇ ਭੇਟ ਕੀਤੀ ਹੈ ਅਤੇ ਇਹ ਨੰਬਰ ਉਨ੍ਹਾਂ ਲਈ ਸ਼ੁਭ ਹੈ। ਉਨ੍ਹਾਂ ਦੱਸਿਆ ਕਿ ਭਗਤ ਚਾਹੁੰਦੇ ਸਨ ਜਿਸ ਦੇ ਚਲਦੇ ਉਨ੍ਹਾਂ ਨੇ ਇਹ ਨੰਬਰ ਖਰੀਦਿਆ ਹੈ ਭਗਤਾਂ ਦੀ ਇੱਛਾ ਪੂਰੀ ਕਰਨ ਲਈ ਬੋਲੀ ਜਿਥੋਂ ਤਕ ਜਾਂਦੀ ਉਹ ਪਿੱਛੇ ਨਹੀਂ ਹਟੇ ਕਿਉਂਕਿ ਭਗਤਾਂ ਦੀ ਇੱਛਾ ਦੀ ਕੋਈ ਕੀਮਤ ਨਹੀਂ ਹੁੰਦੀ। ਇਸ ਤੋਂ ਪਹਿਲਾਂ 17 ਜਨਵਰੀ ਨੂੰ ਇਸੇ ਸੀਰੀਜ਼ ਕੇ. ਵੀ. ਆਈ. ਪੀ. ਨੰਬਰਾਂ ਦੀ ਬੋਲੀ ਹੋਈ ਸੀ ਪਰ ਆਮਦਨ ਘੱਟ ਹੋਣ ਕਾਰਨ ਬੋਲੀ ਰੱਦ ਕਰ ਦਿੱਤੀ ਗਈ ਸੀ ਜਿਸ ਨੂੰ ਦੁਬਾਰਾ ਆਯੋਜਿਤ ਕਰਨ 'ਤੇ 75 ਲੱਖ ਤੋਂ ਵੱਧ ਦੀ ਆਮਦਨ ਮਿਲੀ ਹੈ ਜੋਕਿ ਰੱਦ ਬੋਲੀ ਦੇ ਸਮੇਂ ਸਿਰਫ 13 ਲੱਖ ਹੀ ਸੀ, ਦੂਜਾ ਸਭ ਤੋਂ ਮਹਿੰਗਾ ਨੰਬਰ 0100 ਰਿਹਾ ਜੋ ਕਿ 4.20 ਲੱਖ 'ਚ ਵਿਕਿਆ, 0002 3.25 ਲੱਖ 'ਚ 0004 2.10 ਲੱਖ 'ਚ ਵਿਕਿਆ।

ਜ਼ੁਕਾਮ ਵਾਂਗ ਹੀ ਘਾਤਕ ਕੌਰੋਨਾਵਾਇਰਸ ਕਰ ਸਕਦਾ ਹੈ ਇਨਸਾਨੀ ਫੇਫੜਿਆਂ ਨੂੰ ਨੁਕਸਾਨ

ਟੋਰਾਂਟੋ, (ਨਦਬ) : ਬਰਤਾਨਵੀ ਅਧਿਕਾਰੀਆਂ ਵੱਲੋਂ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ ਗਈ ਹੈ ਕਿ ਇੱਕ ਹੋਰ ਵਿਅਕਤੀ ਦੀ ਮੌਤ ਨਵੇਂ ਕੌਰੋਨਾਵਾਇਰਸ ਨਾਲ ਹੋ ਗਈ ਹੈ। ਯੂਰਪੀਅਨ ਵਿਗਿਆਨੀਆਂ ਵੱਲੋਂ ਇਹ ਖੁਲਾਸਾ ਕੀਤਾ ਗਿਆ ਹੈ ਕਿ ਇਹ ਨਵੀਂ ਕਿਸਮ ਦਾ ਵਾਇਰਸ ਸਹਿਜੇ ਹੀ ਇਨਸਾਨ ਦੇ ਫੇਫੜਿਆਂ ਦੇ ਵਾਯੂਮਾਰਗ ਦੇ ਸੈਲਜ਼ ਨੂੰ ਪ੍ਰਭਾਵਤ ਕਰ ਦਿੰਦਾ ਹੈ। ਇੱਕ ਨਵੇਂ ਅਧਿਐਨ ਵਿਚ ਪਾਇਆ ਗਿਆ ਕਿ ਇਹ ਨਵਾਂ ਕੌਰੋਨਾਵਾਇਰਸ ਜ਼ੁਕਾਮ ਤੇ ਸਾਰਸ ਨੂੰ ਜਨਮ ਦੇਣ ਵਾਲੇ ਦੋ ਵਾਇਰਸਾਂ ਵਾਂਗ ਹੀ ਇਨਸਾਨੀ ਫੇਫੜਿਆਂ ਦੇ ਉੱਪਰੀ ਵਾਯੂਮਾਰਗ ਦੇ ਸੈਲਾਂ ਵਿਚ ਲਾਗ ਪੈਦਾ ਕਰ ਦਿੰਦਾ ਹੈ। ਇਹ ਤਿੰਨੇ ਕੌਰੋਨਾਵਾਇਰਸ ਪਰਿਵਾਰ ਦਾ ਹੀ ਹਿੱਸਾ ਹਨ। ਵਰਲਡ ਹੈਲਥ ਆਰਗੇਨਾਈਜ਼ੇਸ਼ਨ ਨੇ ਵੀ ਇੱਕ ਤਰ੍ਹਾਂ ਚੇਤਾਵਨੀ ਜਾਰੀ ਕਰਦਿਆਂ ਆਖਿਆ ਕਿ ਜ਼ੁਕਾਮ ਆਦਿ ਵਰਗੇ ਵਾਇਰਸ ਦੇ ਮਾਮੂਲੀ ਮਾਮਲਿਆਂ ਨੂੰ ਵੀ ਨਜ਼ਰਅੰਦਾਜ਼ ਨਾ ਕੀਤਾ ਜਾਵੇ। ਇਹ ਚੇਤਾਵਨੀ ਬਰਤਾਨਵੀ ਨਾਗਰਿਕ ਦੇ ਮਾਮਲੇ ਦੇ ਸਬੰਧ ਵਿਚ ਜਾਰੀ ਕੀਤੀ ਗਈ। ਜਿਸ ਵਿਅਕਤੀ ਦੀ ਮੌਤ ਹੋਈ ਹੈ ਉਹ ਇਸ ਤਰ੍ਹਾਂ ਦੇ ਘਾਤਕ ਸੰਕ੍ਰਮਣ ਨਾਲ ਮਰਨ ਵਾਲਾ ਛੇਵਾਂ ਵਿਅਕਤੀ ਬਣ ਗਿਆ ਹੈ। ਉਹ ਵੀ ਯੂਕੇ ਵਿੱਚ ਪਾਏ ਗਏ ਤਿੰਨ ਮਾਮਲਿਆਂ ਦਾ ਹਿੱਸਾ ਸੀ। ਉਹ ਵੀ ਵਿਦੇਸ਼ ਦਾ ਦੌਰ ਕਰਕੇ ਆਇਆ ਸੀ। ਉਸ ਨੂੰ ਦੌਰੇ ਦੌਰਾਨ ਹੀ ਇਸ ਦੀ ਲਾਗ ਲੱਗੀ ਹੋਈ ਸੀ। ਉਸ ਨੇ ਪਾਕਿਸਤਾਨ ਤੇ ਸਾਊਦੀ ਅਰਬ ਦਾ ਦੌਰਾ ਕੀਤਾ ਸੀ ਦੋ ਹੋਰ ਪਰਿਵਾਰਕ ਮੈਂਬਰ ਯੂ.ਕੇ. ਵਿਚ ਪ੍ਰਭਾਵਤ ਹੋਏ। ਪਹਿਲੀ ਵਾਰੀ ਹੋਇਆ ਹੈ ਕਿ ਇਸ ਤਰ੍ਹਾਂ ਦੇ ਵਾਇਰਸ ਦਾ ਸੰਕ੍ਰਮਣ ਮੱਧ ਪੂਰਬ ਤੋਂ ਬਾਹਰ ਪਾਇਆ ਗਿਆ ਹੋਵੇ। ਇੱਕ ਵਿਅਕਤੀ ਦੀ ਇਸ ਸੰਕ੍ਰਮਣ ਕਾਰਨ ਮੌਤ ਹੋ ਗਈ ਤੇ ਉਸ ਦੀ ਮਹਿਲਾ ਰਿਸ਼ਤੇਦਾਰ, ਜੋ ਕਿ ਮਾਮੂਲੀ ਬਿਮਾਰ ਸੀ, ਹੁਣ ਸਿਹਤਯਾਬ ਹੋ ਚੁੱਕੀ ਹੈ। ਅਧਿਕਾਰੀਆਂ ਦਾ ਮੰਨਣਾ ਹੈ ਕਿ ਇਸ ਪਰਿਵਾਰ ਵਿਚ ਦੂਜਾ ਤੇ ਤੀਜਾ ਮਾਮਲਾ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਨੂੰ ਲਾਗ ਲੱਗਣ ਕਾਰਨ ਫੈਲਿਆ ਹੈ। ਪਰ ਇਹ ਪਾਇਆ ਗਿਆ ਕਿ ਅਜੇ ਵੀ ਇੱਕ ਥਾਂ ਉੱਤੇ ਫੈਲਣ ਵਾਲੇ ਇਸ ਸੰਕ੍ਰਮਣ ਦੇ ਪੈਟਰਨ ਬਾਰੇ ਕਈ ਸਵਾਲਾਂ ਦੇ ਜਵਾਬ ਹਾਸਲ ਕਰਨੇ ਬਾਕੀ ਹਨ। ਯੂਰਪੀਅਨ ਸੈਂਟਰ ਫੌਰ ਡਸੀਜ਼ ਕੰਟਰੋਲ ਦਾ ਕਹਿਣਾ ਹੈ ਕਿ ਇਹ ਬਿਮਾਰੀ ਇੱਕ ਤੋਂ ਦੂਜੇ ਇਨਸਾਨ ਨੂੰ ਕਿਵੇਂ ਲੱਗਦੀ ਹੈ, ਅਜੇ ਵੀ ਇਸ ਦੀ ਜਾਂਚ ਯੂ.ਕੇ. ਦੇ ਅਧਿਕਾਰੀਆਂ ਵੱਲੋਂ ਕੀਤੀ ਜਾ ਰਹੀ ਹੈ।

NIRVANA
ENTERTAINMENT INC.

6TH Anniversary Special

NIRVANA

Lunch & Dinner Buffet
7 Days a Week
(Veg. & Non-Veg.)



NIRVANA

1009-5075 Falconridge Blvd. N.E.

www.nirvanacalgary.com/nirvanantertainmentic.com

403-590-9797



ਅਰੁੰਧਤੀ ਰਾਏ ਨਾਲ ਨਰੇਨ ਸਿੰਘ ਰਾਵ ਦੀ ਗੱਲਬਾਤ

'ਜ਼ਮੀਨਹੀਣ ਅਸਥਾਈ ਮਜ਼ਦੂਰ ਜਾਂ ਜੋ ਸ਼ਹਿਰੀ ਗਰੀਬ ਹਨ ਉਹ ਸਿਆਸੀ ਸਲਾਹ-ਮਸ਼ਵਰੇ ਤੋਂ ਬਾਹਰ ਹਨ

ਸਾਡੇ ਇਸ ਦੌਰ ਵਿਚ ਅਰੁੰਧਤੀ ਰਾਏ ਇਕ ਅਜਿਹੀ ਲੇਖਿਕਾ ਹੈ ਜੋ ਸਰਕਾਰੀ ਦਮਨ, ਅਨਿਆਂ ਅਤੇ ਕਾਰਪੋਰੇਟ ਘਰਾਣਿਆਂ ਦੀ ਲੁੱਟ ਵਿਰੁੱਧ ਪੂਰੀ ਨਿਡਰਤਾ ਨਾਲ ਲਗਾਤਾਰ ਆਪਣੀ ਕਲਮ ਚਲਾਈ ਜਾ ਰਹੀ ਹੈ। ਉਹ ਸਮਾਜ ਦੇ ਸਭ ਤੋਂ ਵਾਂਝੇ, ਸ਼ੋਸ਼ਣ ਦਾ ਸ਼ਿਕਾਰ ਅਤੇ ਹਾਸ਼ੀਏ 'ਤੇ ਖੜੇ ਲੋਕਾਂ ਨਾਲ ਪੂਰੇ ਜ਼ੋਰ ਨਾਲ ਖੜੀ ਰਹਿੰਦੀ ਹੈ। ਪੇਸ਼ ਹੈ ਉਨ੍ਹਾਂ ਨਾਲ ਪੂੰਜੀਵਾਦ, ਮਾਰਕਸਵਾਦ, ਭਾਰਤੀ ਖੱਬੇਪੱਖੀ, ਭਾਰਤੀ ਰਾਜਨੀਤੀ ਅਤੇ ਸਮਾਜ ਨਾਲ ਜੁੜੇ ਵੱਖ-ਵੱਖ ਮੁੱਦਿਆਂ 'ਤੇ ਹੋਈ ਗੱਲਬਾਤ।

? ਅੱਜ ਦੇ ਦੌਰ ਵਿਚ ਤੁਸੀਂ ਬਰਾਬਰੀ 'ਤੇ ਅਧਾਰਤ ਸਮਾਜ ਦੇ ਵਿਚਾਰ ਨੂੰ ਕਿਸ ਤਰ੍ਹਾਂ ਦੇਖਦੇ ਹੋ?

ਜਵਾਬ : ਮੇਰੇ ਖ਼ਿਆਲ ਨਾਲ ਬਹੁਤ ਘੱਟ ਲੋਕ ਇਸ ਬਾਰੇ ਸੋਚਦੇ ਹਨ। 1968-69 ਵਿਚ ਜਦੋਂ ਪਹਿਲਾ ਨਕਲਸਵਾਦੀ ਅੰਦੋਲਨ ਸ਼ੁਰੂ ਹੋਇਆ ਸੀ ਜਾਂ ਬਰਾਬਰੀ 'ਤੇ ਅਧਾਰਤ ਸਮਾਜ ਦੇ ਬਾਰੇ ਵਿਚ ਜੋ ਪੂਰੀ ਸੋਚ ਸੀ, ਲੋਕ ਕਹਿੰਦੇ ਸਨ ਕਿ ਜ਼ਮੀਨ ਖੇਤੀ ਕਰਨ ਵਾਲਿਆਂ ਨੂੰ ਮਿਲਣੀ ਚਾਹੀਦੀ ਹੈ। ਯਾਨੀ ਜਿਨ੍ਹਾਂ ਕੋਲ ਜ਼ਮੀਨ ਹੈ ਉਨ੍ਹਾਂ ਤੋਂ ਖੋਹ ਕੇ ਜਿਨ੍ਹਾਂ ਕੋਲ ਨਹੀਂ ਹੈ, ਉਨ੍ਹਾਂ ਨੂੰ ਦੇ ਦਿੱਤੀ ਜਾਵੇ। ਉਹ ਪੂਰੀ ਸੋਚ ਹੁਣ ਬੰਦ ਹੋ ਗਈ ਹੈ। ਹੁਣ ਕੇਵਲ ਜਿਸ ਕੋਲ ਥੋੜ੍ਹੀ ਬਹੁਤ ਜ਼ਮੀਨ ਬਚੀ ਹੈ, ਉਸ ਨੂੰ ਖੋਹਿਆ ਜਾਵੇ। ਇਸ ਨਾਲ ਕੀ ਹੋਇਆ ਹੈ ਕਿ ਅਲਟ੍ਰਾਲੈਫ਼ਟ, ਜਿਸ ਨੂੰ ਨਕਸਲਵਾਦੀ ਜਾਂ ਮਾਓਵਾਦੀ ਕਹਿੰਦੇ ਹਨ, ਉਹ ਵੀ ਇਸ ਤੋਂ ਪਿਛੇ ਹੱਟ ਗਏ ਹਨ। ਉਹ ਲੋਕ ਉਨ੍ਹਾਂ ਲੋਕਾਂ ਲਈ ਲੜ ਰਹੇ ਹਨ ਜਿਨ੍ਹਾਂ ਤੋਂ ਹਕੂਮਤ ਨੇ ਜ਼ਮੀਨ ਖੋਹ ਲਈ ਹੈ। ਦਰਅਸਲ, ਇਹ ਉਹ ਲੋਕ ਹਨ ਜਿਨ੍ਹਾਂ ਕੋਲ ਜ਼ਮੀਨ ਹੈ। ਪਰ ਜਿਨ੍ਹਾਂ ਕੋਲ ਕੁਝ ਨਹੀਂ ਵੀ ਨਹੀਂ ਹੈ, ਜੋ ਸ਼ਹਿਰੀ ਗਰੀਬ ਹਨ ਤੇ ਦਲਿਤ ਹਨ ਅਤੇ ਜੋ ਪੂਰੀ ਤਰ੍ਹਾਂ ਨਾਲ ਹਾਸ਼ੀਏ 'ਤੇ ਖੜੇ ਮਜ਼ਦੂਰ ਹਨ, ਉਨ੍ਹਾਂ ਵਿਚਕਾਰ ਅਜੇ ਹੁਣ ਕਿਹੜਾ ਰਾਜਨੀਤਕ ਅੰਦੋਲਨ ਚਲ ਰਿਹਾ ਹੈ? ਕੋਈ ਵੀ ਨਹੀਂ ਚਲ ਰਿਹਾ। ਜੋ ਰੈਡੀਕਲ ਮੂਵਮੈਂਟ ਹੈ ਉਹ ਇਹ ਹਨ ਜੋ ਪਿੰਡਾਂ ਵਾਲੇ ਬੋਲਦੇ ਹਨ- ਸਾਡੀ ਜ਼ਮੀਨ ਨਾ ਲਵੋ। ਜਿਨ੍ਹਾਂ ਕੋਲ ਜ਼ਮੀਨ ਨਹੀਂ ਹੈ, ਉਹ ਰਾਜਨੀਤਕ ਮਜ਼ਦੂਰ ਹਨ ਜਾਂ ਜੋ ਸ਼ਹਿਰੀ ਗ਼ਰੀਬ ਹਨ, ਉਹ ਰਾਜਨੀਤਕ ਸਲਾਹ-ਮਸ਼ਵਰੇ ਤੋਂ ਬਿਲਕੁਲ ਬਾਹਰ ਹਨ। ਬਰਾਬਰੀ 'ਤੇ ਅਧਾਰਤ ਸਮਾਜ ਦੇ ਮਾਮਲੇ ਵਿਚ ਅਸੀਂ 70 ਦੇ ਦਹਾਕੇ ਤੋਂ ਬਹੁਤ ਪਿਛੇ ਜਾ ਚੁੱਕੇ ਹਾਂ, ਅੱਗੇ ਨਹੀਂ। ਨਵਉਦਾਰਵਾਦ ਦੀ ਪੂਰੀ ਭਾਸ਼ਾ, ਜਿਸ ਨੂੰ ਟ੍ਰਿਕਲ ਡਾਊਨ ਕਹਿੰਦੇ ਹਨ (ਜੋ ਕੁੱਝ ਬਚਿਆ ਖੁਚਿਆ ਹੈ, ਉਹ ਉਨ੍ਹਾਂ ਨੂੰ ਲੈ ਲੈਣ ਦਿਉ) ਭਾਸ਼ਾ ਹੀ ਦੇਖ ਲਓ। ਬਰਾਬਰੀ 'ਤੇ ਅਧਾਰਤ ਸਮਾਜ ਦੇ ਵਿਚਾਰ ਦੀ ਜੋ ਭਾਸ਼ਾ ਹੈ, ਉਹ ਮੁਕੰਮਲ ਹੈ। ਜੇਕਰ ਤੁਸੀਂ ਕਮਿਊਨਿਸਟ ਨਹੀਂ ਹੋ ਅਤੇ ਪੂੰਜੀਵਾਦੀ ਹੋ, ਤਾਂ ਹੁਣ ਜੋ ਹੋ ਰਿਹਾ ਹੈ, ਉਹ ਪੂੰਜੀਵਾਦੀ ਲੋਕ ਵੀ ਨਹੀਂ ਕਰਦੇ ਹਨ। ਜਿਥੇ ਮੁਕਾਬਲੇ ਲਈ ਇਕੋ ਜਿਹਾ ਮੈਦਾਨ ਹੁੰਦਾ ਹੈ, ਉਹ ਹੈ ਹੀ ਨਹੀਂ ਹੁਣ। ਜਿਹੜੇ ਵਪਾਰੀ ਲੋਕ ਹਨ, ਉਨ੍ਹਾਂ ਨੂੰ ਕਾਰਪੋਰੇਟ ਨੇ ਕਿਨਾਰੇ 'ਤੇ ਲਾ ਦਿੱਤਾ ਹੈ। ਇਹ ਪੂੰਜੀਵਾਦ ਨਹੀਂ ਹੈ। ਇਹ ਪਤਾ ਨਹੀਂ ਕੀ ਹੈ? ਇਹ ਕੁਝ ਹੋਰ ਹੀ ਚੀਜ਼ (ਆਰਗੇਨਿਜ਼ਮ) ਹੈ।

? ਲੇਖਿਕਾ ਅਤੇ ਐਕਟਿਵਿਸਟ ਦੇ ਤੌਰ 'ਤੇ ਤੁਸੀਂ ਮਾਰਕਸਵਾਦ ਨੂੰ ਕਿਸ ਤਰ੍ਹਾਂ ਦੇਖਦੇ ਹੋ?

ਜਵਾਬ : ਪਹਿਲੀ ਗੱਲ ਤਾਂ ਇਹ ਹੈ ਕਿ ਮੈਂ ਆਪਣੇ ਆਪ ਨੂੰ ਲੇਖਕ ਹੀ ਸਮਝਦੀ ਹਾਂ, ਨਾ ਕਿ ਐਕਟਿਵਿਸਟ। ਇਹ ਇਸ ਲਈ ਕਿ ਇਨ੍ਹਾਂ ਦੋਵਾਂ ਨਾਲ ਖਾਸ ਤਰ੍ਹਾਂ ਦੀਆਂ ਸੀਮਾਵਾਂ ਨਿਰਧਾਰਤ ਹੁੰਦੀਆਂ ਹਨ। ਇਕ ਸਮਾਂ ਸੀ ਜਦੋਂ ਲੇਖਕ ਹਰ ਗੱਲ 'ਤੇ ਆਪਣੀ ਰਾਏ ਦਿੰਦੇ ਸਨ ਅਤੇ ਸਮਝਦੇ ਸਨ ਕਿ ਇਹੀ ਉਨ੍ਹਾਂ ਦਾ ਫ਼ਰਜ਼ ਹੈ। ਅੱਜਕਲ ਲਿਟਰੇਰੀ ਫ਼ੈਸਟੀਵਲ ਵਿਚ ਜਾਣਾ ਉਨ੍ਹਾਂ ਦਾ 'ਫ਼ਰਜ਼' ਬਣ ਗਿਆ ਹੈ। ਐਕਟਿਵਿਸਟਾਂ ਨੂੰ ਲੈ ਕੇ ਉਹ ਸਮਝਦੇ ਹਨ ਕਿ ਉਨ੍ਹਾਂ ਦਾ ਨਾਮ ਕੁਝ ਹੱਟ ਕੇ ਹੈ, ਜਿਸ ਵਿਚ ਗਹਿਰਾਈ ਨਹੀਂ ਹੈ। ਕੰਮ ਦਾ ਅਜਿਹਾ ਬਟਵਾਰਾ ਮੈਨੂੰ ਪਸੰਦ ਨਹੀਂ ਹੈ।

ਮੈਂ ਮਾਰਕਸਵਾਦ ਨੂੰ ਇਕ ਵਿਚਾਰਧਾਰਾ ਦੇ ਰੂਪ ਵਿਚ ਦੇਖਦੀ ਹਾਂ। ਇਕ ਅਦਭੁੱਤ ਵਿਚਾਰਧਾਰਾ ਜਿਸ ਦੇ ਮੂਲ ਵਿਚ ਸਮਾਨਤਾ ਬੈਠੀ ਹੋਈ ਹੈ, ਨਾ ਸਿਰਫ਼ ਸਿਧਾਂਤਕ ਤੌਰ 'ਤੇ ਬਲਕਿ ਪ੍ਰਸ਼ਾਸਕੀ ਤੌਰ 'ਤੇ ਵੀ। ਜੇਕਰ ਭਾਰਤੀ ਸੰਦਰਭ ਵਿਚ ਜੀਵਨ ਦੀਆਂ ਗੁੰਝਲਾਂ ਨੂੰ ਮਾਰਕਸਵਾਦ ਦੇ ਨਜ਼ਰੀਏ ਨਾਲ ਦੇਖਿਆ ਜਾਵੇ ਤਾਂ ਬਹੁਤ ਸਾਰੀਆਂ ਸਮੱਸਿਆਵਾਂ ਦੇਖਣ ਨੂੰ ਮਿਲਣਗੀਆਂ। ਪਰ ਮਾਰਕਸਵਾਦ ਦੇ ਨਜ਼ਰੀਏ ਨਾਲ ਜਾਤੀ ਨਾਲ ਨਹੀਂ ਨਜਿੱਠਿਆ ਗਿਆ ਹੈ। ਆਮ ਤੌਰ 'ਤੇ ਉਹ (ਕਮਿਊਨਿਸਟ) ਕਹਿੰਦੇ ਹਨ ਕਿ ਜਾਤੀ ਹੀ ਵਰਗ ਹੈ, ਪਰ ਅਸਲ ਵਿਚ ਜਾਤੀ ਹਮੇਸ਼ਾ ਵਰਗ ਨਹੀਂ ਹੈ।

ਜਾਤੀ ਵਰਗ ਹੋ ਸਕਦੀ ਹੈ, ਕਿਉਂਕਿ ਮੇਰੀ ਰਾਏ ਵਿਚ ਕਈ ਸਾਰੇ ਰੈਡੀਕਲ ਦਲਿਤ ਬੁੱਧੀਜੀਵੀਆਂ ਨੇ ਮਾਰਕਸਵਾਦ ਦਾ ਆਲੋਚਨਾਤਮਕ ਚਿੰਤਨ ਪੇਸ਼ ਕੀਤਾ ਹੈ, ਜੋ ਅੰਬੇਦਕਰ ਦੀ ਡਾਂਗੇ ਨਾਲ ਬਹਿਸ ਸਮੇਂ ਸ਼ੁਰੂ ਹੋ ਚੁੱਕਾ ਸੀ। ਪਰ ਮੇਰੀ ਰਾਏ ਵਿਚ ਅੱਜ ਵੀ ਰੈਡੀਕਲ ਲੈਫ਼ਟ ਨੇ ਇਸ ਮੁੱਦੇ ਨੂੰ ਸੁਲਝਾਉਣ ਦਾ ਰਸਤਾ ਨਹੀਂ ਲੱਭਿਆ। ਕਿਉਂ ਅਜਿਹਾ ਹੈ ਕਿ ਰੈਡੀਕਲ ਲੈਫ਼ਟ, ਮਾਓਵਾਦ ਅਤੇ ਪੂਰੇ ਦਾ ਪੂਰਾ ਨਕਸਲਵਾਦ ਅੰਦੋਲਨ (ਜਿਸ ਲਈ ਮੇਰੇ ਮਨ ਵਿਚ ਬਹੁਤ ਇੱਜ਼ਤ ਹੈ) ਸਿਰਫ਼ ਜੰਗਲਾਂ ਅਤੇ ਆਦਿਵਾਸੀ ਇਲਾਕਿਆਂ ਵਿਚ ਹੀ ਸਭ ਤੋਂ ਜ਼ਿਆਦਾ ਮਜ਼ਬੂਤ ਹੈ, ਜਿਥੇ ਲੋਕਾਂ ਕੋਲ ਜ਼ਮੀਨਾਂ ਹਨ? ਉਨ੍ਹਾਂ ਦੀ ਰਾਜਨੀਤੀ ਅਤੇ ਕਲਪਨਾਸ਼ੀਲਤਾ ਸ਼ਹਿਰਾਂ ਤਕ ਕਿਉਂ ਨਹੀਂ ਪਹੁੰਚ ਸਕੀ? ਇਨ੍ਹਾਂ ਸੀਮਾਵਾਂ ਕਾਰਨ ਦਲਿਤ ਇਕ ਵਾਰ ਫਿਰ ਤੋਂ ਕੱਟੇ ਗਏ ਹਨ। ਜਦ ਮੈਂ ਦਲਿਤਾਂ ਦੀ ਗੱਲ ਕਰ ਰਹੀ ਹਾਂ ਤਾਂ ਇਸ ਦਾ ਇਹ ਮਤਲਬ ਨਹੀਂ ਹੈ ਕਿ ਉਥੇ ਸਭ ਕੁਝ ਸਾਫ਼ ਹੈ। ਜੋ ਲੋਕ ਆਪਣੇ ਆਪ ਨੂੰ ਦਲਿਤ ਕਹਿ ਰਹੇ ਹਨ, ਉਨ੍ਹਾਂ ਅੰਦਰ ਵੀ ਬਹੁਤ ਭੇਦ ਭਾਵ ਹੈ। ਇਨ੍ਹਾਂ ਮੁੱਦਿਆਂ ਨਾਲ ਰੂਬਰੂ ਹੋਣ ਵਿਚ, ਸਾਡੀ ਭਾਸ਼ਾ ਵਿਚ-ਕਿਸ ਤਰ੍ਹਾਂ ਦਾ ਪੈਨਾਪਨ ਹੋਵੇਗਾ, ਜਿਸ ਨਾਲ ਕਿ ਇਹ ਇੱਜ਼ਤਾਂ ਦੇ ਸੰਘਰਸ਼ ਵਿਚ ਤਬਦੀਲ ਹੋ ਕੇ ਨਾ ਰਹਿ ਜਾਵੇ। ਅਸੀਂ ਕਿੰਨੇ ਖੁਸ਼ ਸੀ ਜਦੋਂ ਵਰਲਡ ਸੋਸ਼ਲ ਫੋਰਮ ਵਿਚ ਲੱਖਾਂ ਲੋਕਾਂ ਨੇ ਹਿੱਸਾ ਲਿਆ ਸੀ। ਪਰ ਹਕੀਕਤ ਇਹ ਵੀ ਹੈ ਕਿ ਕਰੋੜਾਂ ਲੋਕ ਕੁੰਭ ਮੇਲੇ ਵਿਚ ਵੀ ਜਾਂਦੇ ਹਨ। ਜਕੇਰ ਸਿਰਫ਼ ਜਨ ਸੈਲਾਬ ਨੂੰ ਦੇਖਿਆ ਜਾਵੇ ਤਾਂ ਇਸ ਹਿਸਾਬ ਨਾਲ ਇਹ ਸਭ ਤੋਂ ਵੱਡਾ ਅੰਦੋਲਨ ਹੈ। ਜਾਂ ਫਿਰ ਬਾਬਰੀ ਮਸਜਿਦ ਨੂੰ ਵੀ ਸਭ ਤੋਂ ਵੱਡਾ ਅੰਦੋਲਨ ਕਿਹਾ ਜਾ ਸਕਦਾ ਹੈ। ਬਾਬਰੀ ਮਸਜਿਦ ਤੋਂ ਬਾਅਦ ਆਰ.ਐਸ.ਐਸ., ਵਿਸ਼ਵ ਹਿੰਦੂ ਪ੍ਰੀਸ਼ਦ ਪ੍ਰੀਸ਼ਦ ਅਤੇ ਸ਼ਿਵ ਸੈਨਾ ਵਰਗੀਆਂ ਦੱਖਣ ਪੰਥੀ ਤਾਕਤਾਂ ਅਤੇ ਆਮ ਲੋਕਾਂ ਦੇ ਅੰਦਰ ਫਾਸੀਵਾਦੀ ਪ੍ਰਵਿਰਤੀ 'ਤੇ ਅਸੀਂ ਕਦੇ ਜ਼ਿਆਦਾ ਧਿਆਨ ਨਹੀਂ ਦਿੱਤਾ। ਇਹ ਸਿਰਫ਼ ਸਰਕਾਰ, ਆਰ.ਐਸ.ਐਸ. ਅਤੇ ਬੀ.ਜੇ.ਪੀ. ਦੀ ਗੱਲ ਨਹੀਂ ਹੈ।

ਹਰ ਰੋਜ਼, ਹਰ ਜਗ੍ਹਾ, ਹਰ ਗਲੀ-ਮੁਹੱਲੇ ਵਿਚ, ਮੀਡੀਆ ਵਿਚ ਇਹੀ ਚਰਚਾ ਚੱਲ ਰਹੀ ਹੈ। ਅਜਿਹਾ ਕਿਉਂ ਹੈ ਕਿ ਧਰਮ, ਜਾਤੀ ਅਤੇ ਇੱਜ਼ਤ ਦੇ ਸਵਾਲ 'ਤੇ ਲੋਕਾਂ ਦੀ ਚੇਤਨਾ ਨੂੰ ਤੇਜ਼ੀ ਨਾਲ ਲਾਮਬੰਦ ਕੀਤਾ ਜਾ ਸਕਦਾ ਹੈ। (ਜਿਵੇਂ ਕਿ ਗੁੱਜਰ ਅੰਦੋਲਨ ਵਿਚ ਅਸੀਂ ਦੇਖਿਆ) ਪਰ ਮੁੰਬਈ ਵਿਚ ਰਹਿਣ ਵਾਲੇ ਸ਼ਹਿਰੀ ਗ਼ਰੀਬ ਕਦੇ ਲਾਮਬੰਦ ਨਹੀਂ ਹੁੰਦੇ। ਉਥੇ ਸਾਰਾ ਕੁਝ ਜਾਂ ਤਾਂ ਬਿਹਾਰੀ ਬਨਾਮ ਮਰਾਠੀ ਹੁੰਦਾ ਹੈ ਜਾਂ ਫੇਰ ਯੂ.ਪੀ. ਬਨਾਮ ਠਾਕਰੇ। ਭਾਰਤ ਇਕ ਅਜਿਹਾ ਸਮਾਜ ਜਾਂ ਰਾਸ਼ਟਰ ਹੈ ਜੋ ਲਗਾਤਾਰ ਪ੍ਰਤੀਰੋਧ ਦੇ ਸੁਰ ਨੂੰ ਧਰਮ, ਜਾਤੀ, ਭਾਸ਼ਾ ਅਤੇ ਇੱਜ਼ਤ ਦੇ ਆਧਾਰ 'ਤੇ ਆਸਾਨੀ ਨਾਲ ਵੰਡਿਆ ਜਾ ਸਕਦਾ ਹੈ। ਜਦੋਂ ਤਕ ਅਸੀਂ ਸਾਂਝੇ ਪ੍ਰਤੀਰੋਧ ਦੇ ਵਿਚਾਰ ਨਾਲ ਰੂ-ਬ-ਰੂ ਨਹੀਂ ਹੋਵਾਂਗੇ, ਸਥਿਤੀ ਜਿਉਂ ਦੀ ਤਿਉਂ ਬਣੀ ਰਹੇਗੀ। ਮੈਂ ਇਹ ਨਹੀਂ ਕਹਿ ਰਹੀ ਕਿ ਸਾਰੇ ਲੋਕਾਂ ਨੂੰ ਹੱਥ ਫੜ ਕੇ ਰਹਿਣਾ ਹੋਵੇਗਾ, ਕਿਉਂਕਿ ਢੇਰ ਸਾਰੇ ਅੰਦੋਲਨ ਇਕੋ ਵੇਲੇ ਨਹੀਂ ਹੋ ਸਕਦੇ। ਪਰ ਕੁਝ ਮੁੱਦਿਆਂ 'ਤੇ ਉਨ੍ਹਾਂ ਵਿਚ ਸਮਾਨਤਾ ਹੋਵੇਗੀ। ਭਾਰਤ ਵਿਚ ਜੋ ਸਾਰਿਆਂ ਤੋਂ ਇਕਜੁੱਟ ਤਾਕਤ ਹੈ, ਉਸ ਬਾਰੇ ਮੇਰਾ ਮੰਨਣਾ ਹੈ ਕਿ ਉਹ ਉਚ ਹਿੰਦੂ ਜਾਤੀ ਦਾ ਮੱਧਵਰਗ ਹੈ। ਇਹ ਲੋਕ ਖੱਬੇ ਪੱਖੀਆਂ (ਜਿਨ੍ਹਾਂ ਦੀ ਵਿਚਾਰਧਾਰਾ ਹੀ ਏਕਤਾ 'ਤੇ ਆਧਾਰਤ ਹੈ) ਤੋਂ ਕਿਤੇ ਜ਼ਿਆਦਾ ਇਕਜੁੱਟ ਹਨ।

? ਜੋ ਲੋਕ ਹਾਸ਼ੀਏ 'ਤੇ ਹਨ, ਉਨ੍ਹਾਂ ਦਾ ਰਾਜਨੀਤੀ ਤੋਂ ਲਗਾਤਾਰ ਮੋਹ ਭੰਗ ਹੁੰਦਾ ਜਾ ਰਿਹਾ ਹੈ। ਇਸ ਦੇ ਮੱਦੇਨਜ਼ਰ ਭਾਰਤੀ ਸੰਦਰਭ ਵਿਚ ਮਾਰਕਸਵਾਦ ਦੇ ਭਵਿੱਖ ਨੂੰ ਲੈ ਕੇ ਤੁਹਾਡੀ ਰਾਏ ਕੀ ਹੈ?

ਜਵਾਬ : ਦੇਖੋ, ਮੈਂ ਏਨੀ ਆਸਾਨੀ ਨਾਲ ਨਹੀਂ ਮੰਨ ਸਕਦੀ ਕਿ ਉਨ੍ਹਾਂ ਲੋਕਾਂ ਦਾ ਮੋਹ ਭੰਗ ਹੋ ਗਿਆ ਹੈ। ਅਸੀਂ ਚਾਹੁੰਦੇ ਹਾਂ ਕਿ ਉਨ੍ਹਾਂ ਮੋਹ ਭੰਗ ਹੋ ਜਾਏ! ਪਰ ਅਜਿਹਾ ਹੋਇਆ ਨਹੀਂ ਹੈ। ਹਾਲੇ ਵੀ ਬਹੁਤ ਵੱਡੀ ਸੰਖਿਆ ਵਿਚ ਲੋਕ ਵੋਟ ਪਾਉਣ ਆਉਦੇ ਹਨ। ਅਸੀਂ ਲੋਕ ਕਹਿੰਦੇ ਰਹਿੰਦੇ ਹਾਂ ਕਿ ਇਹ ਸਾਰੇ ਇਕ ਹੀ ਹਨ, ਇਹ ਪਾਰਟੀ ਜਾਂ ਉਹ ਪਾਰਟੀ। ਪਰ ਲੋਕਾਂ ਵਿਚ ਹਾਲੇ ਵੀ ਇਕ ਉਤਸਾਹ ਹੈ, ਇਹ ਮੰਨਣਾ ਪਏਗਾ। ਕਿਸ ਲਈ ਹੈ, ਉਨ੍ਹਾਂ ਦੀਆਂ ਉਮੀਦਾਂ ਕੀ ਹਨ? ਉਨ੍ਹਾਂ ਦੀਆਂ ਉਮੀਦਾਂ ਸ਼ਾਇਦ ਇਹ ਨਹੀਂ ਹੈ ਕਿ ਜ਼ਿੰਦਗੀ ਬਦਲ ਜਾਵੇਗੀ ਜਾਂ ਦੇਸ਼ ਬਦਲ ਜਾਵੇਗਾ ਜਾਂ ਪੂੰਜੀਵਾਦ ਖ਼ਤਮ ਹੋ ਜਾਵੇਗਾ। ਉਨ੍ਹਾਂ ਦਾ ਸੁਪਨਾ ਹੈ ਕਿ ਇਥੇ ਨਲਕਾ ਲੱਗ ਜਾਵੇਗਾ, ਹਸਪਤਾਲ ਖੁੱਲ੍ਹ ਜਾਵੇਗਾ ਆਦਿ ਆਦਿ। ਹਾਲਾਂਕਿ ਚੋਣਾਵੀ ਪ੍ਰਕਿਰਿਆ ਤੋਂ ਤਾਂ ਮੈਂ ਉਮੀਦ ਨਹੀਂ ਰੱਖਦੀ ਹਾਂ, ਪਰ ਜਨਤਾ ਡੂੰਘੀ ਉਮੀਦ ਰੱਖਦੀ ਹੈ। ਉਹ ਵੋਟ ਪਾਉਣ ਆਉਂਦੇ ਹਨ, ਸਾਨੂੰ ਮੰਨਣਾ ਹੀ ਪਏਗਾ। ਅਸੀਂ ਏਨੀ ਵੱਡੀ ਰਾਜਨੀਤਕ ਤਾਕਤ ਨੂੰ ਐਵੇਂ ਹੀ ਖਾਰਜ ਨਹੀਂ ਕਰ ਸਕਦੇ। ਅੱਜ ਕੱਲ੍ਹ ਦੀਆਂ ਬਹਿਸਾਂ ਦੇਖੋ- ਭ੍ਰਿਸ਼ਟਾਚਾਰ ਖ਼ਿਲਾਫ਼ ਜਾਂ ਆਮ ਆਦਮੀ ਪਾਰਟੀ ਨੂੰ ਲੈ ਕੇ ਹੈ। ਜੋ ਜਗਨਮੋਹਨ ਰੈਡੀ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਜੇਲ੍ਹ ਵਿਚ ਬੰਦ ਹੈ, ਉਹ ਜੇਕਰ ਕੋਈ ਰੈਲੀ ਕਰੇਗਾ ਤਾਂ ਉਸ ਨੂੰ ਸੁਣਨ ਲਈ ਲੋਕ ਗੱਡੀ ਤੋਂ ਉਤਰ ਕੇ ਪੰਦਰਾਂ ਕਿਲੋਮੀਟਰ ਪੈਦਲ ਚੱਲ ਕੇ ਆਉਂਦੇ ਹਨ। ਲੋਕ ਚੰਗੇ ਲੋਕਾਂ ਲਈ ਵੋਟ ਨਹੀਂ ਦਿੰਦੇ। ਉਹ ਵੋਟ ਕਿਉਂ ਦੇ ਰਹੇ ਹਨ, ਕਿਸ ਨੂੰ ਦੇ ਰਹੇ ਹਨ-ਸਾਰੇ ਭ੍ਰਿਸ਼ਟਾਚਾਰ ਬਾਰੇ ਚੰਗੀ ਤਰ੍ਹਾਂ ਜਾਣਦੇ ਹਨ। ਅਸੀਂ ਲੋਕ ਉਹੀ ਸੋਚਦੇ ਹਾਂ ਜੋ ਅਸੀਂ ਲੋਕਾਂ ਨੂੰ ਸੋਚਦੇ ਹੋਏ ਦੇਖਣਾ ਚਾਹੁੰਦੇ ਹਾਂ ਜਾਂ ਜੋ ਸਾਨੂੰ ਚੰਗਾ ਲਗਦਾ ਹੈ! ਇਹ ਬਹੁਤ ਦੂਰ ਦੀ ਕਲਪਨਾ ਹੈ ਕਿ ਲੋਕਾਂ ਦਾ ਮੋਹ ਭੰਗ ਹੋ ਗਿਆ ਹੈ। ਬਹੁਤ ਜ਼ਿਆਦਾ ਭ੍ਰਿਸ਼ਟਾਚਾਰ ਦੇ ਬਾਵਜੂਦ ਲੋਕ ਇਸ ਚੋਣਾਵੀ ਪ੍ਰਕਿਰਿਆ ਵਿਚ ਪੂਰੀ ਤਰ੍ਹਾਂ ਸ਼ਰੀਕ ਹੁੰਦੇ ਹਨ। ਲੋਕ ਇਸ ਨੂੰ ਚੰਗੀ ਤਰ੍ਹਾਂ ਨਾਲ ਦੇਖ ਸਕਦੇ ਹਨ। ਅਜਿਹਾ ਇਸ ਲਈ ਨਹੀਂ ਹੈ ਕਿ ਸਾਨੂੰ ਨਿਸਚਤ ਤੌਰ 'ਤੇ ਆਪਣੇ ਆਪ ਨੂੰ ਬੇਵਕੂਫ ਬਣਾਉਣਾ ਛੱਡ ਦੇਣਾ ਚਾਹੀਦਾ ਹੈ, ਕਿਉਂਕਿ ਅਸੀਂ ਕੁਝ ਚੀਜ਼ਾਂ ਜਾਣਦੇ ਹਾਂ, ਇਨ੍ਹਾਂ ਚੀਜ਼ਾਂ ਦੀ ਲੋਕਾਂ ਦੇ ਵੋਟ ਪਾਉਣ ਵਿਚ ਜਾਂ ਨਾ ਪਾਉਣ ਵਿਚ ਕੋਈ ਭੂਮਿਕਾ ਨਹੀਂ ਹੈ। ਜੋ ਮੈਂ ਸੋਚਦੀ ਹਾਂ ਉਹ ਇਹੀ ਹੈ ਕਿ ਸਾਡੇ ਸਾਹਮਣੇ ਕੋਈ ਖ਼ੂਬਸੂਰਤ ਜਿਹਾ ਬਦਲ ਖੜਾ ਨਹੀਂ ਹੋਣ ਵਾਲਾ। ਚੱਲੋ, ਇਸ ਨੂੰ ਵੋਟ ਦਿੰਦੇ ਹਾਂ, ਉਹ ਵਿਵਸਥਾ ਬਦਲ ਦਏਗਾ। ਅਜਿਹਾ ਨਹੀਂ ਹੋਣ ਵਾਲਾ। ਵਿਵਸਥਾ ਏਨੀ ਜੰਮੀ ਹੋਈ ਹੈ-ਕਾਰਪੋਰੇਟ, ਰਾਜਨੀਤਕ ਦਲ, ਮੀਡੀਆ ਹਰ ਥਾਂ। ਰਿਲਾਇੰਸ ਕੋਲ 27 ਟੈਲੀਵਿਜ਼ਨ ਚੱਲਦੇ ਹਨ, ਕਿਸੇ ਹੋਰ ਕੋਲ ਅਖ਼ਬਾਰ ਹਨ। ਮੈਨੂੰ ਲਗਦਾ ਹੈ ਕਿ ਇਸ ਨਾਲ ਕੀ ਹੋਵੇਗਾ? ਇਸ ਨਾਲ ਇਹ ਹੋਵੇਗਾ ਕਿ ਬਹੁਤ ਜ਼ਿਆਦਾ ਭ੍ਰਿਸ਼ਟਾਚਾਰ ਤੇ ਅਪਰਾਧੀਕਰਨ ਵਧੇਗਾ। ਜਿਵੇਂ ਹੁਣੇ ਜੋ ਛੱਤੀਸਗੜ੍ਹ ਤੇ ਝਾਰਖੰਡ ਵਿਚ ਚੱਲ ਰਿਹਾ ਹੈ। ਉਥੇ ਸਿਆਸਤ, ਵਿਚਾਰਧਾਰਾਵਾਂ, ਬਹਿਸਾਂ ਅਤੇ ਸਰੰਚਨਾਵਾਂ ਵਿਚ ਇਕਰੂਪਤਾ ਨਜ਼ਰ ਆਉਂਦੀ ਹੈ। ਪਰ ਜਿਵੇਂ ਹੀ ਤੁਸੀਂ ਸਾਰਿਆਂ ਨੂੰ ਸ਼ਹਿਰ ਵੱਲ ਭਜਾਉਗੇ, ਉਨ੍ਹਾਂ ਦਾ ਤੁਸੀਂ ਅਪਰਾਧੀਕਰਨ ਕਰੋਗੇ, ਜਿਵੇਂ ਇਸ ਬਲਾਤਕਾਰ ਦੀ ਘਟਨਾ ਤੋਂ ਬਾਅਦ ਮਨਮੋਹਨ ਸਿੰਘ ਨੇ ਸਾਫ਼-ਸਾਫ਼ ਕਿਹਾ ਕਿ ਸਾਨੂੰ ਇਨ੍ਹਾਂ ਨਵੇਂ ਪਰਵਾਸੀਆਂ ਤੋਂ, ਜੋ ਸ਼ਹਿਰਾਂ ਵਿਚ ਆਉਂਦੇ ਹਨ, ਸਾਵਧਾਨ ਰਹਿਣਾ ਪਏਗਾ। ਪਹਿਲਾਂ ਤੁਸੀਂ ਉਨ੍ਹਾਂ ਨੂੰ ਸ਼ਹਿਰਾਂ ਵੱਲ ਧੱਕਦੇ ਹੋ ਤੇ ਫਿਰ ਉਨ੍ਹਾਂ ਦਾ ਅਪਰਾਧੀਕਰਨ ਕਰਦੇ ਹੋ। ਇਨ੍ਹਾਂ ਸਥਿਤੀਆਂ ਵਿਚ ਫੇਰ ਤੁਹਾਡੇ ਲੋਕ ਜ਼ਿਆਦਾ ਪੁਲੀਸ, ਸੁਰੱਖਿਆ ਅਤੇ ਜ਼ਿਆਦਾ ਸਖ਼ਤ ਕਾਨੂੰਨ ਦੀਆਂ ਗੱਲਾਂ ਕਰਦੇ ਹਨ। ਇਕ ਵਾਰ ਅਪਰਾਧੀਕਰਨ ਹੋਣ ਮਗਰੋਂ ਫੇਰ ਉਨ੍ਹਾਂ ਨੂੰ ਅਪਰਾਧੀਆਂ ਵਾਂਗ ਵਿਹਾਰ ਕਰਨਾ ਹੀ ਪੈਂਦਾ ਹੈ। ਉਨ੍ਹਾਂ ਕੋਲ ਕੋਈ ਕਾਨੂੰਨ ਅਤੇ ਕੰਮ ਨਹੀਂ ਹੈ। ਤੁਸੀਂ ਇਕ ਅਜਿਹੀ ਵਿਵਸਥਾ ਕਾਇਮ ਕਰਨਾ ਚਾਹੁੰਦੇ ਹੋ, ਜਿਥੇ ਲੋਕਾਂ ਦੇ ਵਿਆਪਕ ਹਿੱਸੇ ਦਾ ਅਸਤਿੱਤਵ ਨਹੀਂ ਹੋਣਾ ਚਾਹੀਦਾ। ਇਹ ਗਲਤ ਹੈ। ਹੁਣ ਅਜਿਹੇ ਹਾਲਾਤ ਵਿਚ ਖੱਬੇ ਪੱਖੀ ਕੀ ਕਰਨ ਵਾਲੇ ਹਨ, ਕਿਉਂਕਿ ਜਿਸ ਨੂੰ ਅਸੀਂ ਅਲਟਰਾ ਲੈਫਟ ਕਹਿੰਦੇ ਹਾਂ, ਉਹ ਜੰਗਲਾਂ ਵਿਚ ਫਸਿਆ ਹੋਇਆ ਹੈ, ਆਦਿਵਾਸੀ ਆਰਮੀ ਨਾਲ । ਬੁੱਧੀਜੀਵੀ ਲੋਕਾਂ ਲਈ ਇਹ ਕਹਿਣਾ ਬਿਲਕੁਲ ਜਾਇਜ਼ ਅਤੇ ਆਸਾਨ ਹੈ ਕਿ ਉਹ ਪੈਰਿਸ ਕਮਿਊਨ ਵਰਗਾ ਸੁਪਨਾ ਦੇਖ ਰਹੇ ਹਨ। ਉਨ੍ਹਾਂ ਵਿਚੋਂ ਬਹੁਤ ਸਾਰੇ ਲੋਕ ਤਾਂ ਜਾਣਦੇ ਹੀ ਨਹੀਂ ਹਨ ਕਿ ਜਗਦਲਪੁਰ, ਭੋਪਾਲ ਅਸਲ ਵਿਚ ਹਨ। ਪਰ ਨਕਸਲੀ ਲੜ ਰਹੇ ਹਨ। ਇਹ ਹੋ ਸਕਦਾ ਹੈ ਕਿ ਪਾਰਟੀਆਂ, ਤੁਸੀਂ ਅਤੇ ਮੈਂ ਵਿਚਾਰਧਾਰਾਤਮਕ ਰੂਪ ਨਾਲ ਉਨ੍ਹਾਂ ਨਾਲ ਸਹਿਮਤ ਨਾ ਹੋਈਏ। ਪਰ ਜੰਗਲ ਦੇ ਬਾਹਰ ਖੱਬੀਆਂ ਧਿਰਾਂ ਕੀ ਕਰ ਰਹੀਆਂ ਹਨ? ਜਦੋਂ ਮਾਰਕਸ ਸਰਵਹਾਰਾ ਬਾਰੇ ਗੱਲ ਕਰਦੇ ਹਨ, ਤਾਂ ਸਰਵਹਾਰਾ ਤੋਂ ਮਤਲਬ ਮਜ਼ਦੂਰ ਵਰਗ ਹੈ। ਜ਼ਿਆਦਾਤਰ ਥਾਵਾਂ 'ਤੇ ਮਜ਼ਦੂਰ ਵਰਗ ਨੂੰ ਘੱਟ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਥੇ ਰੋਬੋਟਸ ਅਤੇ ਉਚ ਤਕਨੀਕ ਵਰਤੀ ਜਾ ਰਹੀ ਹੈ। ਹੁਣ ਮਜ਼ਦੂਰਾਂ ਦੀ ਤਾਦਾਦ ਉਹ ਨਹੀਂ ਬਚੀ ਜੋ ਹੋਇਆ ਕਰਦੀ ਸੀ-ਕਲਾਸਿਕ ਸੈਂਸ ਵਿਚ। ਤਾਂ ਇਸ

ਨਵੇਂ ਦੌਰ ਵਿਚ ਬਹੁਤ ਹੀ ਵਿਸ਼ੇਸ਼ ਅਧਿਕਾਰ ਹਾਸਲ ਕਿਰਤ ਸ਼ਕਤੀ ਹੈ, ਉਦਾਹਰਣ ਵਜੋਂ ਮਾਰੂਤੀ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਨੂੰ ਲੈ ਸਕਦੇ ਹਾਂ। ਪਰ ਉਨ੍ਹਾਂ ਨਾਲ ਕੀ ਹੋਇਆ-ਉਥੇ ਖੱਬੀਆਂ ਧਿਰਾਂ ਕੀ ਕਰ ਰਹੀਆਂ ਸਨ। ਖੱਬਿਆਂ ਕੋਲ ਉਨ੍ਹਾਂ ਨੂੰ ਕਹਿਣ ਲਈ ਕੁਝ ਨਹੀਂ ਹੈ। ਨਕਸਲੀ ਖੇਤਰਾਂ ਦੇ ਬਾਹਰ ਅਜਿਹਾ ਕੋਈ ਲੈਫਟ ਨਹੀਂ ਹੈ ਜੋ ਇਨ੍ਹਾਂ ਚੀਜ਼ਾਂ ਨਾਲ ਲੜ ਰਿਹਾ ਹੈ। ਮੈਂ ਨਹੀਂ ਜਾਣਦੀ ਕਿ ਤੁਸੀਂ ਉਨ੍ਹਾਂ ਦਾ ਸਿਆਸੀਕਰਨ ਕਿਵੇਂ ਕਰੋਗੇ। ਬਹੁਤ ਵੱਡੀ ਸੰਖਿਆ ਵਿਚ ਸ਼ਹਿਰੀ ਗ਼ਰੀਬ ਹਨ ਜਿਨ੍ਹਾਂ ਨੂੰ ਕੋਈ ਵਿਧੀਵਤ ਕੰਮ ਨਹੀਂ ਮਿਲਿਆ ਹੈ, ਜੋ ਮਜ਼ਦੂਰ ਨਹੀਂ ਹਨ। ਉਨ੍ਹਾਂ ਨੂੰ ਫਿਰਕੂ ਤੱਤਾਂ ਵਲੋਂ ਕਦੇ ਵੀ ਵਰਗਲਾਇਆ ਅਤੇ ਭੜਕਾਇਆ ਜਾ ਸਕਦਾ ਹੈ। ਉਨ੍ਹਾਂ ਨੂੰ ਕਦੇ ਵੀ ਇਕ-ਦੂਜੇ ਖ਼ਿਲਾਫ਼ ਖੜਾ ਕੀਤਾ ਜਾ ਸਕਦਾ ਹੈ।

? ਕੀ ਤੁਹਾਨੂੰ ਲਗਦਾ ਹੈ ਕਿ ਭਾਰਤ ਫਾਸੀਵਾਦ ਵੱਲ ਵੱਧ ਰਿਹਾ ਹੈ?

ਜਵਾਬ : ਮੈਨੂੰ ਲਗਦਾ ਹੈ ਕਿ ਇਹ ਸਵਾਲ ਤੁਸੀਂ ਪੰਜ ਸਾਲ ਪਹਿਲਾਂ ਪੁੱਛਿਆ ਹੁੰਦਾ ਤਾਂ ਮੈਂ ਕਹਿੰਦੀ ਕਿ ਵੱਧ ਰਿਹਾ ਹੈ। ਹੁਣ ਮੈਂ ਇਹ ਨਹੀਂ ਕਹਾਂਗੀ ਕਿ ਇਹ ਵੱਧ ਰਿਹਾ ਹੈ। ਉਸ ਸਾਹਮਣੇ ਇਹ ਪੂਰਾ ਕਾਰਪੋਰੇਟ ਅਤੇ ਮੱਧ ਵਰਗ ਖੁਸ਼ਹਾਲ ਹੈ। ਉਨ੍ਹਾਂ ਦਾ ਨਰਿੰਦਰ ਮੋਦੀ ਵੱਲ ਜੋ ਇਹ ਰੁਝਾਨ ਹੈ, ਇਹ ਇਕ ਫਾਸੀਵਾਦੀ ਤੋਂ ਦੂਸਰੇ ਫਾਸੀਵਾਦੀ ਵੱਲ ਜਾਣਾ ਹੈ। ਉਥੇ ਇਕ ਪਾਸੇ ਅਨਿਲ ਅੰਬਾਨੀ ਅਤੇ ਦੂਸਰੇ ਪਾਸੇ ਮੁਕੇਸ਼ ਅੰਬਾਨੀ ਬੈਠ ਕੇ ਇਹ ਕਹਿੰਦੇ ਹਨ ਕਿ ਇਹ (ਮੋਦੀ) ਰਾਜਿਆਂ ਦਾ ਰਾਜਾ ਹੈ। ਇਸ ਦਾ ਮਤਲਬ ਇਹ ਨਹੀਂ ਹੈ ਕਿ ਉਹ ਬਦਲ ਗਿਆ ਹੈ। ਜਦਕਿ, ਹਕੀਕਤ ਇਹ ਹੈ ਕਿ ਉਹ ਇਕ ਤਰ੍ਹਾਂ ਦੇ ਫਾਸੀਵਾਦੀ ਤੋਂ ਦੂਸਰੀ ਤਰ੍ਹਾਂ ਦਾ ਫਾਸੀਵਾਦੀ ਬਣ ਗਿਆ ਹੈ। ਮੈਨੂੰ ਲਗਦਾ ਹੈ ਕਿ ਅੱਜ ਕੱਲ੍ਹ ਇਹ ਹੋ ਗਿਆ ਹੈ ਕਿ ਬਹੁਤ ਵੱਡੀ ਸੰਖਿਆ ਵਿਚ ਮੱਧ ਵਰਗ ਨੂੰ ਪੈਦਾ ਕੀਤਾ ਗਿਆ ਹੈ। ਉਨ੍ਹਾਂ ਦੇ ਮਨ ਵਿਚ ਉਨ੍ਹਾਂ ਦੇ ਸੁਪਨਿਆਂ ਵਿਚ ਇਕ ਪੂਛ ਵਾਲੇ ਤਾਰੇ ਦਾ ਮਾਰਗ ਬਣਾਇਆ ਗਿਆ ਹੈ, ਜਿਸ ਨਾਲ ਉਹ ਉਧਰ ਤੋਂ ਇਧਰ ਆਏ ਅਤੇ ਹੁਣ ਬਿਲਕੁਲ ਠਹਿਰ ਗਏ ਹਨ। ਜਿਥੇ ਅੱਗੇ ਕੋਈ ਰਸਤਾ ਨਹੀਂ ਹੈ। ਹੁਣ ਗੁੱਸਾ ਵੱਖ ਵੱਖ ਤਰ੍ਹਾਂ ਨਾਲ ਫੁੱਟਦਾ ਹੋਇਆ ਦਿਖਾਈ ਦੇ ਰਿਹਾ ਹੈ। ਪਰ ਮੈਂ ਇਸ ਨਾਲ ਬਹੁਤ ਦੁਖੀ ਹੁੰਦੀ ਹਾਂ।

? ਪਿਛੇ ਜਿਹੇ ਹੋਏ ਅੰਦੋਲਨਾਂ ਦਾ ਕੀ ਭਵਿੱਖ ਹੈ? ਜਿਵੇਂ ਅੰਨਾ ਹਜ਼ਾਰੇ..

ਜਵਾਬ : ਅੰਨਾ ਹਜ਼ਾਰੇ ਤਾਂ ਦਫ਼ਤਰ ਬੰਦ ਕਰ ਕੇ ਚਲੇ ਗਏ। ਜਦੋਂ ਇਹ ਲੋਕ ਬਿਨਾਂ ਕੋਈ ਕੰਮ ਕੀਤਿਆਂ ਟੈਲੀਵਿਜ਼ਨ ਚੈਨਲਾਂ ਦੇ ਸਟੂਡੀਓ ਵਿਚ ਆਪਣੀ ਮੂਵਮੈਂਟ ਉਸਾਰਦੇ ਹਨ ਤਾਂ ਉਨ੍ਹਾਂ ਦਾ ਕੀ ਭਵਿੱਖ ਹੋ ਸਕਦਾ ਹੈ? ਜਦੋਂ ਟੈਲੀਵਿਜ਼ਨ ਚੈਨਲ ਚਾਹੁਣਗੇ ਤਾਂ ਉਨ੍ਹਾਂ ਨੂੰ ਅੱਗੇ ਵਧਾਉਣਗੇ! ਜਦੋਂ ਉਨ੍ਹਾਂ ਨੂੰ ਕੋਈ ਖ਼ਤਰਾ ਨਜ਼ਰ ਆਏਗਾ ਤਾਂ ਇਨ੍ਹਾਂ ਅੰਦੋਲਨਾਂ ਨੂੰ ਬੰਦ ਕਰ ਦੇਣਗੇ। ਉਸ ਵਿਚ ਕੀ ਹੈ? ਮਸਲਨ ਆਮ ਆਦਮੀ ਪਾਰਟੀ ਨੂੰ ਦੇਖੋ! ਇਸ ਨੇ ਇਕ ਵਾਰ ਰਿਲਾਇੰਸ ਦਾ ਜ਼ਿਕਰ ਕੀਤਾ ਅਤੇ ਟਾਂਏ-ਟਾਂਏ ਫਿਸ। ਜਦੋਂ ਮੀਡੀਆ ਉਨ੍ਹਾਂ (ਕਾਰਪੋਰੇਟ) ਦਾ ਹੈ ਤਾਂ ਆਖ਼ਰ ਤੁਸੀਂ ਉਥੇ ਕਿਵੇਂ ਹੋ ਸਕਦੇ ਹੋ? ਮਤਲਬ ਥੋੜ੍ਹਾ ਤਾਂ ਅੱਗੇ ਸੋਚਣਾ ਚਾਹੀਦਾ ਹੈ ਨਾ! ਇਵੇਂ ਤਾਂ ਹੋਵੇਗਾ ਨਹੀਂ। ਇਹ ਜੋ ਬਚਪਨਾ ਹੈ, ਇਹ ਕਿਵੇਂ ਚੱਲੇਗਾ? ਮਤਲਬ, ਇਹ ਏਨਾ ਹੋ-ਹੱਲਾ ਮਚਾ ਕੇ ਰੱਖਦੇ ਹਨ ਕਿ ਜੇਕਰ ਕੋਈ ਇਨ੍ਹਾਂ ਖ਼ਿਲਾਫ਼ ਬੋਲੇਗਾ ਤਾਂ ਸਿੱਧ ਕਰਨਗੇ ਕਿ ਇਹ ਜਾਂ ਭ੍ਰਿਸ਼ਟਾਚਾਰ ਦੀ ਹਮਾਇਤ ਵਿਚ ਹੈ ਜਾਂ ਫਿਰ ਬਲਾਤਕਾਰ ਦੀ ਹਮਾਇਤ ਵਿਚ ਹੈ। ਕੀ ਇਨ੍ਹਾਂ ਕੋਲ ਜ਼ਰਾ ਜਿਹੀ ਵੀ ਸਮਝ ਨਹੀਂ ਹੈ ਸਿਆਸੀ ਇਤਿਹਾਸ ਦੀ? ਇਸ ਵਿਚ ਕੁਝ ਲੋਕ ਚੰਗਾ ਕੰਮ ਕਰਦੇ ਹਨ। ਉਹ ਕੋਸ਼ਿਸ਼ ਕਰਦੇ ਹਨ ਇਸ ਨੂੰ ਅੱਗੇ ਅੰਜਾਮ ਦੇਣ ਦੀ। ਪਰ ਮੇਰੇ ਖ਼ਿਆਲ ਵਿਚ ਜਿਥੇ ਵਿਰੋਧ ਪ੍ਰਦਰਸ਼ਨ ਹੋ ਰਿਹਾ ਹੈ, ਉਹ ਸਾਨੂੰ ਬਹੁਤ ਉਤੇਜਤ ਕਰਦਾ ਹੈ, ਪਰ ਲੋਕ ਉਸ ਨਜ਼ਰੀਏ ਨਾਲ ਚੀਜ਼ਾਂ ਨਹੀਂ ਦੇਖ ਰਹੇ। ਉਹ ਨਹੀਂ ਸਮਝਦੇ ਕਿ ਹਰ ਵਿਰੋਧ ਪ੍ਰਦਰਸ਼ਨ ਯਕੀਨਨ ਪ੍ਰਗਤੀਸ਼ੀਲ ਅਤੇ ਕਰਾਂਤੀਕਾਰੀ ਨਹੀਂ ਹੋ ਸਕਦਾ। ਹਰ ਜਨ ਅੰਦੋਲਨ ਮਹਾਨ ਨਹੀਂ ਹੁੰਦਾ। ਜਿਵੇਂ ਮੈਂ ਅਕਸਰ ਕਹਿੰਦੀ ਹਾਂ ਕਿ ਇਸ ਦੇਸ਼ ਵਿਚ ਸਭ ਤੋਂ ਵੱਡਾ ਅੰਦੋਲਨ ਬਾਬਰੀ ਮਸਜਿਦ ਦਾ ਡਿੱਗਣਾ ਹੈ, ਜਿਸ ਨੂੰ ਵੀ.ਐਚ.ਪੀ. ਅਤੇ ਬਜਰੰਗ ਦਲ ਨੇ ਚਲਾਇਆ। ਜਿਵੇਂ ਜਦੋਂ ਲੜਕੀ ਦਾ ਬਲਾਤਕਾਰ ਹੋਇਆ ਸੀ, ਉਸ ਹਫ਼ਤੇ ਦੋ-ਤਿੰਨ ਦਿਨ ਅੱਗੇ-ਪਿਛੇ ਨਰਿੰਦਰ ਮੋਦੀ ਚੌਥੀ ਵਾਰ ਚੋਣਾਂ ਜਿੱਤਿਆ। ਉਨ੍ਹਾਂ ਹੀ ਟੀ.ਵੀ. ਚੈਨਲਾਂ ਵਿਚ ਉਹੀ ਲੋਕ, ਜੋ ਬਲਾਤਕਾਰ ਖ਼ਿਲਾਫ਼ ਏਨਾ ਰੌਲਾ ਪਾ ਰਹੇ ਸੀ, ਉਸ ਆਦਮੀ (ਮੋਦੀ) ਜਿਸ ਦੇ ਰਾਜ ਵਿਚ ਔਰਤਾਂ ਦੇ ਸਰੀਰ ਨੂੰ ਚੀਰ ਕੇ ਉਨ੍ਹਾਂ ਦੀ ਬੱਚੇਦਾਨੀ ਕੱਢ ਦਿੱਤੀ ਗਈ, ਜਿਨ੍ਹਾਂ ਦਾ ਬਲਾਤਕਾਰ ਕਰ ਕੇ ਜ਼ਿੰਦਾ ਜਲਾ ਦਿੱਤਾ ਗਿਆ, ਹੁਣ ਟੀ.ਵੀ. ਚੈਨਲਾਂ 'ਤੇ ਕਹਿ ਰਹੇ ਹਨ ਕਿ ਇਨ੍ਹਾਂ ਪੁਰਾਣੀਆਂ ਗੱਲਾਂ ਨੂੰ ਭੁੱਲ ਜਾਓ। ਤੁਸੀਂ ਅਤੀਤ ਵਿਚ ਕਿਉਂ ਜਾ ਰਹੇ ਹੋ। ਇਹ ਕਿਸ ਤਰ੍ਹਾਂ ਦੀ ਸਿਆਸਤ ਹੈ ਮੈਂ ਨਹੀਂ ਸਮਝ ਪਾ ਰਹੀ। ਮੈਨੂੰ ਇਹ ਸਮਝਣ ਵਿਚ ਬਹੁਤ ਮੁਸ਼ਕਲ ਹੁੰਦੀ ਹੈ। ਇਹ ਬਹੁਤ ਹੀ ਗੁੰਝਲਦਾਰ, ਬੌਧਿਕ ਤੇ ਭਾਵੁਕ ਬੁਝਾਰਤ ਹੈ। ਕਿਉਂਕਿ, ਤੁਸੀਂ ਉਦੋਂ ਵਿਰੋਧ ਨਹੀਂ ਕਰ ਸਕਦੇ, ਜਦੋਂ ਔਰਤ ਦਾ ਬਲਾਤਕਾਰ ਹੁੰਦਾ ਹੈ। ਨਾਰੀਵਾਦ ਦੀ ਸਿਆਸਤ ਬਹੁਤ ਗੁੰਝਲਦਾਰ ਹੈ। ਜਦੋਂ ਸਥਿਤੀਵਾਦ ਲਈ ਬਲਾਤਕਾਰ ਨੂੰ ਹਥਿਆਰ ਵਾਂਗ ਵਰਤਿਆ ਜਾਂਦਾ ਹੈ-ਭਾਵੇਂ ਉਹ ਕਸ਼ਮੀਰ ਹੋਵੇ, ਭਾਵੇਂ ਮਨੀਪੁਰ ਹੋਵੇ, ਭਾਵੇਂ ਨਾਗਾਲੈਂਡ ਜਾਂ ਉਚੀ ਜਾਤੀ ਦਾ ਇਕ ਆਦਮੀ ਦਲਿਤ ਔਰਤ ਨਾਲ ਬਲਤਾਕਾਰ ਕਰ ਰਿਹਾ ਹੋਵੇ ਜਾਂ ਹਰਿਆਣਾ ਵਿਚ ਆਨਰ ਕਿਲਿੰਗ ਹੋਵੇ। ਇਨ੍ਹਾਂ ਸਾਰੇ ਮਾਮਲਿਆਂ ਵਿਚ ਇਕ ਹੀ ਤਰ੍ਹਾਂ ਦੀ ਪ੍ਰਤੀਕਿਰਿਆ ਆਉਂਦੀ ਹੈ।..ਜੋ ਬੱਚੀਆਂ ਵੱਡੀਆਂ ਹੋ ਰਹੀਆਂ ਹਨ..ਜਵਾਨ ਹੁੰਦੀਆਂ ਕੁੜੀਆਂ ਨੂੰ ਸੜਕਾਂ 'ਤੇ ਘੁੰਮਦੇ ਦੇਖਣਾ ਕਿੰਨਾ ਖ਼ੂਬਸੂਰਤ ਅਤੇ ਮਨਮੋਹਕ ਹੁੰਦਾ ਹੈ. ਅਤੇ ਜੋ ਹੋਇਆ ਉਹ ਕਿੰਨਾ ਭਿਆਨਕ ਹੈ। ਅਸੀਂ ਕਿਵੇਂ ਕਹਿ ਸਕਦੇ ਹਾਂ ਲੋਕ ਬਲਾਤਾਕਰ ਦੇ ਮਾਮਲੇ ਨੂੰ ਲੈ ਕੇ ਪ੍ਰੇਸ਼ਾਨ ਸਨ, ਜਦਕਿ ਉਹ ਸਿਰਫ਼ 'ਇਸ ਬਲਾਤਕਾਰ' ਦੇ ਮਾਮਲੇ ਨੂੰ ਲੈ ਕੇ ਪ੍ਰੇਸ਼ਾਨ ਸਨ। ਇਹ ਠੀਕ ਹੈ, ਪਰ ਇਹ ਖਾਸ ਤਰ੍ਹਾਂ ਦੀ ਸਿਆਸਤ ਹੈ! ਇਹ ਬਹੁਤ ਹੀ ਮੁਸ਼ਕਲ ਬੁਝਾਰਤ ਹੈ। ਪਰ ਇਸ ਬਾਰੇ ਸੋਚਣਾ ਬਹੁਤ ਜ਼ਰੂਰੀ ਹੈ। ਅਤੇ ਮੈਂ ਸੋਚਦੀ ਹਾਂ ਕਿ ਤੁਸੀਂ ਲੋਕਾਂ ਤੋਂ ਉਮੀਦ ਨਹੀਂ ਕਰ ਸਕਦੇ ਕਿ ਜੋ ਚੀਜ਼ਾਂ ਉਨ੍ਹਾਂ ਨੂੰ ਪ੍ਰੇਸ਼ਾਨ ਨਹੀਂ ਕਰਦੀਆਂ, ਉਨ੍ਹਾਂ ਨੂੰ ਹਿਲਾ ਕੇ ਰੱਖ ਦੇਣ। ਪਰ ਇਸ ਕਾਰਨ ਕਰ ਕੇ ਤੁਸੀਂ ਬਹੁਤ ਵੱਡੀ ਸਿਆਸਤ ਨੂੰ ਅਜਾਈਂ ਨਹੀਂ ਛੱਡ ਸਕਦੇ। ਤੁਸੀਂ ਇਹ ਸਮਝਣਾ ਚਾਹੁੰਦੇ ਹੋ ਕਿ ਉਹ ਕੀ ਹੈ?



? ਕੀ ਤੁਸੀਂ ਮੰਨਦੇ ਹੋ ਕਿ ਨਵ ਉਦਾਰਵਾਦੀ ਨੀਤੀਆਂ ਭਾਰਤੀ ਰਾਜ ਦੇ ਮੂਲ ਚਰਿਤਰ ਨੂੰ ਉਜਾਗਰ ਕਰਦੀਆਂ ਹਨ?

ਜਵਾਬ : ਦੇਖੋ, ਭਾਰਤੀ ਰਾਜ ਦਾ ਨਹੀਂ, ਬਲਕਿ ਸਮਾਜ ਦਾ। ਉਹ ਨਵ-ਉਦਰਵਾਦੀ ਨੀਤੀਆਂ ਸਾਮੰਤੀ ਮਨ-ਮੁਆਫ਼ਕ ਹੈ ਪਰ ਯਕੀਨੀ ਤੌਰ 'ਤੇ ਇਹ ਕਿਸੇ ਪਿੰਡ ਵਿਚ ਫਸੇ ਦਲਿਤ ਲਈ ਠੀਕ ਚੀਜ਼ ਨਹੀਂ ਹੈ। ਇਹ ਸਾਰੀਆਂ ਨਾਬਰਾਬਰੀਆਂ ਨੂੰ ਮਜ਼ਬੂਤ ਕਰਦੀ ਹੈ, ਕਿਉਂਕਿ ਇਹ ਨਿਸਚਤ ਤੌਰ 'ਤੇ ਤਾਕਤਵਰ ਨੂੰ ਹੋਰ ਤਾਕਤਵਰ ਬਣਾਉਂਦੀ ਹੈ। ਇਹੀ ਤਾਂ ਕਾਰਪੋਰੇਟ ਪੂੰਜੀਵਾਦ ਹੈ। ਹੋ ਸਕਦਾ ਹੈ ਕਿ ਇਹ ਸ਼ਾਸਤਰੀ ਪੂੰਜੀਵਾਦ ਵਾਂਗ ਨਾ ਹੋਵੇ, ਕਿਉਂਕਿ ਸ਼ਾਸਤਰੀ ਪੂੰਜੀਵਾਦ ਨਿਯਮਾਂ 'ਤੇ ਚੱਲਦਾ ਹੈ ਅਤੇ ਉਥੇ 'ਚੈੱਕ ਐਂਡ ਬੈਲੇਂਸ' ਦਾ ਸਿਸਟਮ ਹੁੰਦਾ ਹੈ। ਪਰ ਸਾਡੇ ਇਥੇ ਇਸ ਵਿਚ ਅਜਿਹਾ ਕੁਝ ਨਹੀਂ ਹੁੰਦਾ। ਯਕੀਨਨ ਇਸ ਨਾਲ ਤਾਕਤਵਰ ਲਗਾਤਾਰ ਤਾਕਤਵਰ ਬਣਦਾ ਜਾਂਦਾ ਹੈ। ਅਤੇ ਇਹੀ ਲੋਕ ਤਾਂ ਵਪਾਰੀ ਹਨ। ਇਹ ਸਭ ਤੋਂ ਅਹਿਮ ਗੱਲ ਹੈ ਜਿਸ ਬਾਰੇ ਕਦੇ ਕੋਈ ਗੱਲ ਨਹੀਂ ਕਰਦਾ-ਭਾਰਤੀ ਵਪਾਰੀਆਂ ਦੀ ਸਿਆਸਤ। ਇਨ੍ਹਾਂ ਨੇ ਪੂਰੇ ਦੇਸ਼ ਵਿਚ ਕੀ ਕਰ ਦਿੱਤਾ ਹੈ? ਰਿਲਾਇੰਸ ਇਕ ਬਾਣੀਆ ਹੈ। ਇਹ ਬਾਣੀਆ ਜਾਤੀ ਵਜੋਂ ਦ੍ਰਿਸ਼ ਚੋਂ ਪੂਰੀ ਤਰ੍ਹਾਂ ਬਾਹਰ ਰਹਿੰਦਾ ਹੈ, ਪਰ ਉਹ ਬਹੁਤ ਹੀ ਅਹਿਮ ਭੂਮਿਕਾ ਅਦਾ ਕਰਦੇ ਹਨ। ਇਹ ਇਨ੍ਹਾਂ ਨੂੰ ਬਹੁਤ ਮਜ਼ਬੂਤ ਬਣਾਉਦਾ ਹੈ। ਇਹੀ ਕਾਰਨ ਹੈ ਕਿ ਰਿਟੇਲ ਵਿਚ ਐਫ.ਡੀ.ਆਈ. ਦੇ ਮਾਮਲੇ ਵਿਚ ਭਾਜਪਾ ਸਭ ਤੋਂ ਜ਼ਿਆਦਾ ਗੁੱਸੇ ਵਿਚ ਆਈ ਕਿਉਂਕਿ 'ਉਨ੍ਹਾਂ ਦੇ ਛੋਟੇ ਬਾਣੀਏ' ਦਾਅ 'ਤੇ ਲੱਗ ਗਏ ਹਨ ਕਿਉਂਕਿ ਉਹ ਜਾਤੀ (ਬਾਨੀਆ) ਉਨ੍ਹਾਂ ਦਾ (ਭਾਜਪਾ) ਆਧਾਰ ਹੈ।

ਦੂਸਰੇ ਪਾਸੇ ਤੁਸੀਂ ਪੇਂਡੂਆਂ, ਆਦੀਵਾਸੀਆਂ ਅਤੇ ਦਲਿਤਾਂ ਨਾਲ ਕੁਝ ਵੀ ਕਰ ਦਿਓ ਕਿਸੇ ਨੂੰ ਕੋਈ ਫ਼ਰਕ ਨਹੀਂ ਪੈਂਦਾ।

? ਭਾਰਤੀ ਖੱਬੀਆਂ ਧਿਰਾਂ ਦਾ ਦਾਇਰਾ ਬਹੁਤ ਹੀ ਸੀਮਤ ਦਿਖਾਈ ਦਿੰਦਾ ਹੈ। ਤੁਸੀਂ ਇਸ ਦਾ ਕੀ ਕਾਰਨ ਮੰਨਦੇ ਹੋ ਅਤੇ ਇਸ ਲਈ ਕਿਸ ਨੂੰ ਜ਼ਿੰਮੇਵਾਰ ਮੰਨਦੇ ਹੋ?

ਜਵਾਬ :ਮੈਨੂੰ ਲਗਦਾ ਹੈ ਕਿ ਇਸ ਵਿਚਜਾਤੀ ਬਹੁਤ ਵੱਡਾ ਕਾਰਨ ਹੈ। ਜੇਕਰ ਤੁਸੀਂ ਸੀ.ਪੀ.ਐਮ. ਨੂੰ ਦੇਖੋ ਤਾਂ ਉਸ ਵਿਚ ਉਪਰ ਬੈਠੇ ਲੋਕ ਸਾਰੇ ਬ੍ਰਾਹਮਣ ਹਨ। ਕੇਰਲ ਵਿਚ ਵੀ ਸਾਰੇ ਨਾਇਰ ਅਤੇ ਬ੍ਰਾਹਮਣ ਹਨ। ਉਨ੍ਹਾਂ ਨੇ ਕਦੇ ਇਹ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਮਾਰਕਸਵਾਦੀ ਵਿਚਾਰ ਦਾ ਬੇਹਤਰੀਨ ਇਸਤੇਮਾਲ ਕਿਵੇਂ ਕਰੀਏ, ਜਿਥੇ ਲੋਕਾਂ ਨਾਲ ਵਿਵਸਥਾਗਤ ਤਰੀਕੇ ਨਾਲ ਭੇਦਭਾਵ ਕੀਤਾ ਜਾਂਦਾ ਹੈ। ਅਕਸਰ ਜਦੋਂ ਤੁਸੀਂ ਉਚੀ ਜਾਤੀ ਵਿਚੋਂ ਆਉਂਦੇ ਹੋ ਤਾਂ ਸਮੱਸਿਆਵਾਂ ਨੂੰ ਨਹੀਂ ਦੇਖ ਨਹੀਂ ਸਕਦੇ। ਹਾਲਾਂਕਿ ਇਸ ਦਾ ਇਹ ਮਤਲਬ ਨਹੀਂ ਹੈ ਕਿ ਤੁਸੀਂ ਖਰਾਬ ਆਦਮੀ ਹੋ। ਬੱਸ ਗੱਲ ਇਹ ਹੈ ਕਿ ਤੁਸੀਂ ਇਸ ਨੂੰ ਦੇਖ ਹੀ ਨਹੀਂ ਪਾਉਂਦੇ। ਮੈਂ ਇਕ ਵਾਰ ਕਾਂਚਾ ਇਲੈਆ ਨਾਲ ਗੱਲ ਕਰ ਰਹੀ ਸੀ, ਜੋ ਇਕ ਸਮੇਂ ਵਿਚ ਪੀਪਲਜ਼ ਵਾਰ ਗਰੁੱਪ ਨਾਲ ਜੁੜੇ ਸਨ। ਉਹ ਇਕੱਲੇ ਅਜਿਹੇ ਆਦਮੀ ਸਨ ਜੋ ਆਪਣੇ ਭਾਈਚਾਰੇ ਵਿਚ ਪੜ੍ਹੇ-ਲਿਖੇ ਸਨ। ਉਨ੍ਹਾਂ ਦੇ ਭਰਾ ਨੇ ਬਹੁਤ ਕੋਸ਼ਿਸ਼ ਕੀਤੀ ਕਿ ਉਹ ਉਨ੍ਹਾਂ ਨੂੰ ਪੜ੍ਹਾ ਲਿਖਿਆ ਦੇਖਣ। ਜਦਕਿ ਉਨ੍ਹਾਂ ਦੀ ਪਾਰਟੀ ਚਾਹੁੰਦੀ ਸੀ ਕਿ ਉਹ ਅੰਡਰ-ਗਰਾਉਂਡ ਹੋ ਜਾਣ। ਇਹ ਉਸ ਤਰ੍ਹਾਂ ਨਹੀਂ ਹੈ ਕਿ ਕਿਸੇ ਬ੍ਰਾਹਮਣ ਨੂੰ ਅੰਡਰ-ਗਰਾਉਂਡ ਹੋ ਜਾਣ ਲਈ ਕਹਿ ਦਿਓ, ਕਿਉਂਕਿ ਉਨ੍ਹਾਂ (ਬ੍ਰਾਹਮਣ) ਦੇ ਪਰਿਵਾਰ ਵਿਚ ਬਾਕੀ ਲੋਕ ਪੜ੍ਹ-ਲਿਖ ਸਕਦੇ ਹਨ। ਇਸ ਮਾਮਲੇ ਨੂੰ ਤੁਹਾਨੂੰ ਬਹੁਤ ਹੀ ਵੱਖਰੇ ਤਰੀਕੇ ਨਾਲ ਸਮਝਣਾ ਪਏਗਾ।

ਮੇਰੀ ਸਮਝ ਮੁਤਾਬਕ ਦੂਸਰਾ ਕਾਰਨ ਇਹ ਹੈ ਕਿ ਤੁਸੀਂ ਇਸ ਭਰਮ ਵਿਚ ਰਹੋ ਕਿ ਚੋਣ ਲੜ ਕੇ ਰਾਜ ਕਰ ਸਕਦੇ ਹੋ। ਅਤੇ ਫੇਰ ਤੁਸੀਂ ਇਕ ਹੀ ਸਮੇਂ ਵਿਚ ਰਾਜਾ ਵੀ ਬਣੇ ਰਹੋ ਅਤੇ ਕਰਾਂਤੀਕਾਰੀ ਵੀ ਬਣੇ ਰਹੋ! ਇਹ ਕਿਵੇਂ ਹੋ ਸਕਦਾ ਹੈ। ਇਹ ਤਾਂ ਇਕ ਤਰ੍ਹਾਂ ਦਾ ਧੋਖਾ ਹੈ!

? ਭਾਰਤ ਵਿਚ ਮਾਓਵਾਦੀ ਅੰਦੋਲਨ ਦੀਆਂ ਸੰਭਾਵਨਾਵਾਂ ਅਤੇ ਚੁਣੌਤੀਆਂ ਨੂੰ ਤੁਸੀਂ ਕਿਵੇਂ ਦੇਖਦੇ ਹੋ?

ਜਵਾਬ : ਮਾਓਵਾਦੀ ਅੰਦੋਲਨ ਲਈ ਉਥੇ ਬਹੁਤ ਮੌਕੇ ਹਨ, ਉਹ ਬਹੁਤ ਮਜ਼ਬੂਤ ਹਨ। ਪਰ ਹੁਣ ਇਥੇ ਬਹੁਤ ਵੱਡਾ ਹਮਲਾ ਹੋਣ ਵਾਲਾ ਹੈ। ਆਰਮੀ, ਏਅਰਫੋਰਸ ਸਾਰੇ ਪੂਰੀਆਂ ਤਿਆਰੀਆਂ ਵਿਚ ਲੱਗੇ ਹਨ। ਸ਼ਾਇਦ ਇਹ ਹਮਲਾ 2014 ਦੀਆਂ ਲੋਕ ਸਭਾ ਚੋਣਾਂ ਮਗਰੋਂ ਹੋਵੇਗਾ ਅਤੇ ਇਹ ਮਾਓਵਾਦੀ ਅੰਦੋਲਨ ਲਈ ਬਹੁਤ ਵੱਡੀ ਚੁਣੌਤੀ ਹੈ। ਪਰ ਦੂਸਰੇ ਪਾਸੇ ਮਾਓਵਾਦੀਆਂ ਨੇ ਹੁਣੇ ਜਿਹੇ ਸੀ.ਆਰ.ਪੀ.ਐਫ. ਦੇ ਜਵਾਨ ਨਾਲ ਜੋ ਕੀਤਾ (ਮ੍ਰਿਤ ਜਵਾਨ ਦੇ ਪੇਟ ਵਿਚ ਬੰਬ ਪਾ ਦਿੱਤਾ ਸੀ) ਉਹ ਬਹੁਤ ਹੀ ਘਿਨੌਣਾ ਕੰਮ ਹੈ। ਅਸੀਂ ਲੋਕ ਉਨ੍ਹਾਂ ਦਾ ਇਨ੍ਹਾਂ ਕਾਰਨਾਂ ਕਰ ਕੇ ਸਮਰਥਨ ਨਹੀਂ ਕਰਦੇ। ਮੈਨੂੰ ਨਹੀਂ ਪਤਾ ਹੈ ਕਿ ਇਸ ਤਰ੍ਹਾਂ ਦਾ ਕੰਮ ਕਿਵੇਂ ਹੁੰਦਾ ਹੈ? ਮੈਨੂੰ ਲਗਦਾ ਹੈ ਕਿ ਜਾਂ ਤਾਂ ਉਨ੍ਹਾਂ ਦੇ ਕਮਾਂਡ ਸਿਸਟਮ (ਅਗਵਾਈ) ਵਿਚ ਸਮੱਸਿਆ ਆ ਗਈ ਹੈ ਜਾਂ ਉਨ੍ਹਾਂ ਵਿਚ ਲੰਪਟ ਲੋਕ ਸ਼ਾਮਲ ਹੋ ਗਏ ਹਨ। ਮੈਂ ਇਸ ਬਾਰੇ ਜ਼ਿਆਦਾ ਨਹੀਂ ਜਾਣਦੀ, ਖਾਸ ਤੌਰ 'ਤੇ ਝਾਰਖੰਡ ਦੇ ਬਾਰੇ ਵਿਚ। ਪਰ ਇਸ ਹਮਲੇ ਵਿਚ ਜੇਕਰ ਉਨ੍ਹਾਂ ਦਾ ਅਨੁਸ਼ਾਸਨ ਟੁੱਟਦਾ ਹੈ ਤਾਂ ਉਨ੍ਹਾਂ ਲਈ ਬਹੁਤ ਹੀ ਮੁਸ਼ਕਲ ਆ ਜਾਵੇਗੀ, ਕਿਉਂਕਿ ਇਕ ਸਮਾਂ ਅਜਿਹਾ ਸੀ ਜਦੋਂ ਉਨ੍ਹਾਂ ਨਾਲ ਬਹੁਤ ਜ਼ਿਆਦਾ ਬੌਧਿਕ ਅਤੇ ਨੈਤਿਕ ਸਮਰਥਨ ਸੀ, ਜੋ ਹੁਣ ਵੀ ਹੈ। ਜੇਕਰ ਤੁਸੀਂ ਅਜਿਹਾ ਕੰਮ ਕਰਦੇ ਰਹੋਗੇ ਤਾਂ ਤੁਹਾਡਾ ਇਹ ਸਮਰਥਨ ਬੰਦ ਹੋ ਜਾਵੇਗਾ। ਉਨ੍ਹਾਂ ਲਈ ਸਭ ਤੋਂ ਵੱਡੀ ਚੁਣੌਤੀ ਇਹ ਹੈ ਕਿ ਉਹ ਜੰਗਲ ਤੋਂ ਬਾਹਰ ਕਿਵੇਂ ਕੰਮ ਕਰਨਗੇ। ਜੇਕਰ ਜੰਗਲ ਤੋਂ ਬਾਹਰ ਨਹੀਂ ਜਾ ਸਕਦੇ ਤਾਂ ਅਸੀਂ ਸੋਚਾਂਗੇ ਕਿ ਇਹ ਸਿਰਫ਼ ਇਕ ਖੇਤਰੀ ਪ੍ਰਤੀਰੋਧ ਹੈ, ਭਾਵੇਂ ਜਿਸ ਦਾ ਵੀ ਅਸੀਂ ਸਮਰਥਨ ਕਰੀਏ। ਗੱਲ ਇਹ ਹੈ ਕਿ ਜੰਗਲ ਤੋਂ ਬਾਹਰ ਏਨੀ ਵੱਡੀ ਜੋ ਗ਼ਰੀਬੀ ਪੈਦਾ ਕੀਤੀ ਗਈ (ਮੈਨੂਫੈਕਚਰਡ ਪਾਵਰਟੀ) ਹੈ, ਉਸ ਨੂੰ ਤੁਸੀਂ ਰਾਜਨੀਤਕ ਕਿਵੇਂ ਬਣਾਓਗੇ। ਕਿਉਂਕਿ ਲੋਕਾਂ ਕੋਲ ਸਮਾਂ ਨਹੀਂ ਹੈ, ਜਗ੍ਹਾ ਨਹੀਂ ਹੈ ਅਤੇ ਇਹ ਜੰਗਲ ਤੋਂ ਬਾਹਰ ਕਿਵੇਂ ਕੰਮ ਕਰਨਗੇ, ਇਹ ਬਹੁਤ ਵੱਡਾ ਸਵਾਲ ਹੈ।

? ਕੀ ਇਹ ਹੋ ਸਕਦਾ ਹੈ ਕਿ ਉਹ ਹਿੰਸਾ ਛੱਡ ਕੇ ਚੋਣਾਵੀ ਸਿਆਸਤ ਵਿਚ ਆਉਣ?

ਜਵਾਬ : ਹਿੰਸਾ ਕਿਉਂ ਹੁੰਦੀ ਹੈ? ਜੇਕਰ ਛੱਤੀਸਗੜ੍ਹ ਦੇ ਕਿਸੇ ਪਿੰਡ ਵਿਚ ਇਕ ਹਜ਼ਾਰ ਸੀ.ਆਰ.ਪੀ.ਐਫ. ਦੇ ਜਵਾਨ ਆ ਕੇ ਪਿੰਡ ਫੂਕਦੇ ਹਨ, ਔਰਤਾਂ ਨੂੰ ਮਾਰਦੇ ਹਨ ਅਤੇ ਬਲਾਤਕਾਰ ਕਰਦੇ ਹਨ, ਤਾਂ ਅਜਿਹੇ ਹਾਲਾਤ ਵਿਚ ਤੁਸੀਂ ਕੀ ਕਰੋਗੇ? ਭੁੱਖ ਹੜਤਾਲ 'ਤੇ ਤਾਂ ਨਹੀਂ ਬੈਠ ਸਕਦੇ। ਮੈਂ ਹਮੇਸ਼ਾ ਤੋਂ ਇਹੀ ਕਹਿੰਦੀ ਆਈ ਹਾਂ ਕਿ ਜਿਵੇਂ ਬੁੱਧੀਜੀਵੀ, ਅਕਾਦਮਿਕ ਲੋਕ, ਪੱਤਰਕਾਰ ਅਤੇ ਸਿਧਾਂਤਕਾਰ ਆਦਿ ਇਕ ਵਿਚਾਰਧਾਰਕ ਤਰਕ ਦਿੰਦੇ ਹਨ, ਉਹ ਮੈਨੂੰ ਟੈਕਟੀਕਲ ਲਗਦਾ ਹੈ। ਇਹ ਸਭ ਕੁਝ ਲੈਂਡਸਕੇਪ (ਭੂਗੋਲਿਕ ਸਥਿਤੀ) 'ਤੇ ਨਿਰਭਰ ਕਰਦਾ ਹੈ। ਤੁਸੀਂ ਛੱਤੀਸਗੜ੍ਹ ਵਿਚ ਬਿਲਕੁਲ ਉਂਝ ਨਹੀਂ ਲੜ ਸਕਦੇ ਜਿਵੇਂ ਤੁਸੀਂ ਮੁੰਬਈ ਜਾਂ ਦਿੱਲੀ ਵਿਚ ਲੜਦੇ ਹੋ ਅਤੇ ਮੁੰਬਈ-ਦਿੱਲੀ ਵਿਚ ਬਿਲਕੁਲ ਉਸ ਤਰ੍ਹਾਂ ਨਹੀਂ ਲੜ ਸਕਦੇ ਜਿਵੇਂ ਤੁਸੀਂ ਛੱਤੀਸਗੜ੍ਹ ਵਿਚ ਲੜਦੇ ਹੋ। ਇਸ ਵਿਚ ਕੋਈ ਦੁਚਿੱਤੀ ਨਹੀਂ ਹੈ। ਤੁਸੀਂ ਸੜਕਾਂ 'ਤੇ ਗਾਂਧੀਵਾਦੀ ਬਣ ਸਕਦੇ ਹੋ ਅਤੇ ਜੰਗਲਾਂ ਵਿਚ ਮਾਓਵਾਦੀ ਬਣ ਕੇ ਕੰਮ ਕਰ ਸਕਦੇ ਹੋ। ਗਾਂਧੀਵਾਦੀ ਹੋਣ ਲਈ ਤਾਂ ਤੁਹਾਡੇ ਨੇੜੇ-ਤੇੜੇ ਟੈਲੀਵਿਜ਼ਨ ਕੈਮਰਾ ਅਤੇ ਰਿਪੋਰਟਰ ਹੋਣਾ ਜ਼ਰੂਰੀ ਹੈ, ਜੇਕਰ ਅਜਿਹਾ ਨਹੀਂ ਹੈ ਤਾਂ ਇਹ ਸਭ ਬੇਕਾਰ ਹੈ। ਪ੍ਰਤੀਰੋਧ ਦੀ ਵੰਨ-ਸੁਵੰਨਤਾ ਬਹੁਤ ਜ਼ਰੂਰੀ ਹੈ। ਇਹ ਵੀ ਧਿਆਨ ਰੱਖਣਾ ਪਏਗਾ ਕਿ ਹਰ ਕੰਮ ਕਰਨਾ ਮਾਓਵਾਦੀਆਂ ਦੀ ਹੀ ਜ਼ਿੰਮੇਦਾਰੀ ਨਹੀਂ ਹੈ। ਦੂਸਰੀ ਤਰ੍ਹਾਂ ਦੇ ਲੋਕ ਦੂਸਰੀਆਂ ਚੀਜ਼ਾਂ ਕਰ ਸਕਦੇ ਹਨ। ਜਿਵੇਂ ਲੋਕ ਮੈਨੂੰ ਕਹਿੰਦੇ ਹਨ ਕਿ ਉਥੇ ਬੰਨ੍ਹ ਬਣ ਰਿਹਾ ਹੈ, ਇਥੇ ਇਹ ਹੋ ਰਿਹਾ ਹੈ..ਮੈਂ ਉਨ੍ਹਾਂ ਨੂੰ ਕਹਿੰਦੀ ਹਾਂ ਕਿ ਯਾਰੋ ਤੁਸੀਂ ਵੀ ਤਾਂ ਕੁਝ ਕਰੋ। ਮੈਂ ਤਾਂ ਕਦੇ ਨਹੀਂ ਕਿਹਾ ਕਿ ਮੈਂ ਤੁਹਾਡੀ ਲੀਡਰ ਹਾਂ। ਮੈਂ ਉਹ ਕਰ ਰਹੀ ਹਾਂ ਜੋ ਮੈਂ ਕਰ ਸਕਦੀ ਹਾਂ। ਅਤੇ ਤੁਸੀਂ ਉਹ ਕਰੋ ਜੋ ਤੁਸੀਂ ਕਰ ਸਕਦੇ ਹੋ। ਮੈਗਲੋਮੇਨੀਅਕਲ ਐਪਰੋਚ ਨਹੀਂ ਹੋਣੀ ਚਾਹੀਦੀ ਕਿ ਹਰ ਕੰਮ ਇਕ ਹੀ ਪਾਰਟੀ ਜਾਂ ਇਕ ਹੀ ਇਨਸਾਨ ਜਾਂ ਇਕ ਵੱਡਾ ਲੀਡਰ ਕਰੇਗਾ। ਬਾਕੀ ਲੋਕ ਕੁਝ ਕਿਉਂ ਨਹੀਂ ਕਰਦੇ? ਇਕ ਹੀ 'ਤੇ ਕਿਉਂ ਨਿਰਭਰ ਰਹਿਣਾ ਚਾਹੁੰਦੇ ਹੋ? ਮਾਓਵਾਦੀ ਲੋਕ ਗਲਤੀਆਂ ਕਰ ਰਹੇ ਹਨ, ਪਰ ਬਹੁਤ ਬਹਾਦਰੀ ਨਾਲ ਲੜ ਰਹੇ ਹਨ ਅਤੇ ਅਸੀਂ ਲੋਕ ਸਿਰਫ਼ ਬੈਠ ਕੇ ਕਹਿੰਦੇ ਹਾ ਕਿ ਇਹ ਲੋਕ ਇਸ ਤਰ੍ਹਾਂ ਦੇ ਹਨ, ਉਸ ਤਰ੍ਹਾਂ ਦੇ ਹਨ। ਤੁਸੀਂ ਵੀ ਤਾਂ ਕੁਝ ਕਰੋ। ਜੇਕਰ ਵਾਕਯ ਕੁਝ ਕਰਨਾ ਚਾਹੁੰਦੇ ਹੋ ਤਾਂ।

? ਸਾਡੇ ਲੇਖਕਾਂ, ਬੁੱਧੀਜੀਵੀਆਂ, ਕਲਾਕਾਰਾਂ, ਫਿਲਮਕਾਰਾਂ, ਰੰਗ-ਮੰਚ ਨਿਰਦੇਸ਼ਕਾਂ ਦਾ ਕੰਮ ਕੀ ਭਾਰਤੀ ਸਚਾਈ ਨੂੰ ਪ੍ਰਗਟ ਕਰਦਾ ਹੈ?

ਜਵਾਬ : ਮੈਂ ਪੁੱਛਦੀ ਹਾਂ ਕਿ ਭਾਰਤੀ ਯਥਾਰਥ ਹੁੰਦੀ ਕੀ ਹੈ? ਮੈਂ ਹਮੇਸ਼ਾ ਸੋਚਦੀ ਆਈ ਹਾਂ ਕਿ ਬਾਲੀਵੁੱਡ ਦੇ ਇਤਿਹਾਸ ਵਿਚ ਸਭ ਤੋਂ ਵੱਡਾ ਥੀਮ ਕੀ ਹੈ? ਸਭ ਤੋਂ ਵੱਡਾ ਥੀਮ ਤਾਂ ਪਿਆਰ ਹੈ। ਲੜਕਾ ਲੜਕੀ ਨੂੰ ਮਿਲਦਾ ਹੈ ਅਤੇ ਉਹ ਭੱਜ ਜਾਂਦੇ ਹਨ..ਪਰ ਸਾਡੇ ਸਮਾਜ ਵਿਚ ਤਾਂ ਇਹ ਬਿਲਕੁਲ ਨਹੀਂ ਹੁੰਦਾ। ਸਿਰਫ਼ ਦਹੇਜ, ਜਾਤੀ, ਇਹ-ਉਹ ਤੇ ਸਿਰਫ਼ ਗਣਿਤ ਹੀ ਗਣਿਤ ਹੈ। ਤਾਂ ਜੋ ਚੀਜ਼ ਸਮਾਜ ਵਿਚ ਹੈ ਨਹੀਂ, ਉਸ ਨੂੰ ਅਸੀਂ ਫਿਲਮ ਵਿਚ ਜਾ ਕੇ ਦੇਖਦੇ ਹਾਂ। ਕਹਿਣ ਦੀ ਗੱਲ ਇਹ ਹੈ ਕਿ ਸਾਡਾ ਪੂਰਾ ਸਮਾਜ ਜਾਤੀ ਦੇ ਨੇੜੇ-ਤੇੜੇ ਘੁੰਮਣ ਵਾਲਾ ਛੋਟੇ ਦਿਮਾਗ ਦਾ ਜੋੜ-ਤੋੜ ਕਰਨ ਵਾਲਾ ਹੈ। ਅਸੀਂ ਬਸ ਲੋਕਾਂ ਨੂੰ ਸਿਨੇਮਾਈ ਪਰਦੇ 'ਤੇ ਨੱਚਦਾ-ਗਾਉਂਦਾ ਦੇਖ ਕੇ ਖੁਸ਼ ਹੋ ਜਾਂਦੇ ਹਾਂ। ਸਾਡੇ ਸਾਹਿਤ ਦਾ ਯਥਾਰਥ ਨਾਲ ਕੁਝ ਲੈਣ-ਦੇਣ ਨਹੀਂ ਹੈ। ਇਸ ਮਾਮਲੇ ਵਿਚ ਇਹ ਬਿਲਕੁਲ ਬੇਅਰਥ ਹੈ। ਹਾਲਾਂਕਿ ਇਸ ਵਿਚ ਕੁਝ ਵਿਰੋਧ ਜ਼ਰੂਰ ਹੋ ਸਕਦੇ ਹਨ। ਅੱਜ ਕੱਲ੍ਹ ਸਾਹਿਤ ਅਤੇ ਸਿਨੇਮਾ ਵਿਚ ਜੋ ਹੋ ਰਿਹਾ ਹੈ, ਮੈਂ ਉਸ ਨੂੰ 'ਕਲਾਸ ਪੋਰਨੋਗ੍ਰਾਫੀ' ਕਹਾਂਗੀ। ਜਿਸ ਵਿਚ ਲੋਕ ਗ਼ਰੀਬੀ ਵੱਲ ਦੇਖਦੇ ਹਨ ਅਤੇ ਕਹਿੰਦੇ ਹਨ ਕਿ ਇਹ ਲੋਕ ਤਾਂ ਅਜਿਹੇ ਹੁੰਦੇ ਹਨ, ਉਸ ਤਰ੍ਹਾਂ ਦੇ ਹੁੰਦੇ ਹਨ, ਗਾਲ਼ਾਂ ਕੱਢਦੇ ਹਨ, ਗੈਂਗ ਵਾਰ ਕਰਦੇ ਹਨ। ਮਤਲਬ, ਆਪਣੇ ਆਪ ਨੂੰ ਬਾਹਰ ਰੱਖ ਕੇ ਇਹ ਚੀਜ਼ਾਂ ਇਵੇਂ ਦੇਖਦੇ ਹਨ ਜਿਵੇਂ ਉਨ੍ਹਾਂ ਦਾ ਇਨ੍ਹਾਂ ਤੋਂ ਕੁਝ ਲੈਣ-ਦੇਣ ਨਹੀਂ ਹੈ। ਇਹ ਅਜਿਹਾ ਹੀ ਹੈ ਕਿ ਜਿਵੇਂ ਗ਼ਰੀਬਾਂ ਦਾ ਗਲੇਡੀਏਟਰ ਸੰਘਰਸ਼ ਦੇਖਣਾ ਅਤੇ ਫਿਰ ਇਹ ਕਹਿਣਾ ਕਿ ਇਹ ਕਿੰਨੇ ਹਿੰਸਕ ਹੁੰਦੇ ਹਨ। ਇਹ ਇਕ ਤਰ੍ਹਾਂ ਦਾ ਨਿਰਸ਼ਾਸਤਰ ਹੈ, ਜਿਥੇ ਤੁਸੀਂ ਯੁੱਧ ਨੂੰ ਬਾਹਰੋਂ ਇਕ ਤਮਾਸ਼ੇ ਵਾਂਗ ਦੇਖਦੇ ਹੋ ਅਤੇ ਮਜ਼ਾ ਲੈਂਦੇ ਹੋ। ਫਿਰ ਇਕ ਹੋਰ ਤਰ੍ਹਾਂ ਨਾਲ ਚੀਜ਼ਾਂ ਨੂੰ ਮਹੱਤਵਹੀਣ ਬਣਾਉਂਦੇ ਹੋ। ਇਹ ਇੰਨਾ 'ਟ੍ਰਿਵੀਅਲ' ਹੁੰਦਾ ਹੈ ਕਿ ਤੁਹਾਡੇ ਕੰਨ 'ਤੇ ਜੂੰ ਤਕ ਨਹੀਂ ਸਰਕਦੀ।

? ਵਿਸ਼ਵ ਪੱਧਰ 'ਤੇ ਪੂੰਜੀਵਾਦ ਨੇ ਕਮਜ਼ੋਰ ਭਾਈਚਾਰਿਆਂ ਨੂੰ ਹੋਰ ਵੀ ਹਾਸ਼ੀਏ ਵੱਲ ਧੱਕ ਦਿੱਤਾ ਹੈ। ਇਨ੍ਹਾਂ ਹਾਲਤਾਂ ਵਿਚ ਕਿਸ ਤਰ੍ਹਾਂ ਸਿਆਸੀ ਬਦਲ ਉਭਰ ਸਕਦੇ ਹਨ?

ਜਵਾਬ : ਦੇਖੋ, ਮੈਨੂੰ ਲਗਦਾ ਹੈ ਕਿ ਇਸ ਦਾ ਕੋਈ

ਵੀ ਸਭਿਅਕ ਬਦਲ ਨਹੀਂ ਹੈ। ਸਿਰਫ਼ ਇਹ ਗੱਲ ਨਹੀਂ ਹੈ ਕਿ ਸੱਤਾ ਕੋਲ ਸਿਰਫ਼ ਪੁਲੀਸ, ਫੌਜ ਅਤੇ ਮੀਡੀਆ ਹੀ ਹੈ, ਬਲਕਿ ਕੋਰਟ ਵੀ ਉਨ੍ਹਾਂ ਦੇ ਨਾਲ ਹੈ। ਹੁਣ ਇਨ੍ਹਾਂ ਦੇ ਆਪਸ ਵਿਚ ਵੀ 'ਜਨ ਅੰਦੋਲਨ' ਹੋਣ ਲੱਗੇ ਹਨ। ਅਤੇ ਉਨ੍ਹਾਂ ਦਾ ਆਪਣਾ ਇਕ ਸ਼ੀਲਡ ਯੂਨੀਵਰਸ (ਸੁਰੱਖਿਅਤ ਖੋਲਵਾਲਾ ਸੰਸਾਰ) ਹੈ। ਇਸ ਸਭ ਨੂੰ ਕਿਸੇ ਸਭਿਅਕ ਢੰਗ ਨਾਲ ਬਿਲਕੁਲ ਖ਼ਤਮ ਨਹੀਂ ਕੀਤਾ ਜਾ ਸਕਦਾ। ਕੋਈ ਸਭਿਅਕ ਢੰਗ ਨਾਲ ਆ ਕੇ ਕਹੇ ਕਿ ਮੈਂ ਬਹੁਤ ਚੰਗਾ ਹਾਂ, ਮੈਨੂੰ ਵੋਟ ਦੇ ਦਿਓ, ਤਾਂ ਅਜਿਹਾ ਹੋ ਨਹੀਂ ਸਕਦਾ। ਦਰਅਸਲ ਉਨ੍ਹਾਂ ਦਾ ਆਪਣਾ ਇਕ ਤਰਕ ਹੈ। ਇਹੀ ਤਰਕ ਖ਼ਤਰਨਾਕ ਹਿੰਸਾ ਅਤੇ ਨਿਰਾਸ਼ਾ ਪੈਦਾ ਕਰ ਦਏਗਾ। ਅਤੇ ਇਹ ਗੁੱਸਾ ਏਨਾ ਜ਼ਿਆਦਾ ਹੋਵੇਗਾ ਕਿ ਇਹ ਲੋਕ ਬਚ ਨਹੀਂ ਸਕਣਗੇ। ਆਪਣੇ ਇਸ ਵਿਸ਼ੇਸ਼ ਅਧਿਕਾਰ ਦੇ ਖੋਲ ਵਿਚ ਇਹ ਜ਼ਿਆਦਾ ਦਿਨ ਸੁਰੱਖਿਅਤ ਨਹੀਂ ਰਹਿ ਸਕਣਗੇ। ਹੁਣ ਚੰਗਾ ਬਣਨ ਵਿਚ ਕੋਈ ਸਮਝਦਾਰੀ ਨਹੀਂ ਹੈ। ਇਸ ਸੰਦਰਭ ਵਿਚ ਮੈਂ ਹੁਣ ਸਭਿਅਕ ਨਹੀਂ ਹਾਂ। ਮੈਂ ਹੈਂਡਲੂਮ ਸਾੜੀ ਪਾ ਕੇ ਇਹ ਨਹੀਂ ਕਹਾਂਗੀ ਕਿ ਮੈਂ ਵੀ ਗ਼ਰੀਬ ਹਾਂ! ਮੈਂ ਬਿਲਕੁਲ ਨਹੀਂ ਹਾਂ। ਮੈਂ ਵੀ ਇਸੇ ਪੱਖਪਾਤੀ ਵਿਵਸਥਾ ਦਾ ਹਿੱਸਾ ਹਾਂ। ਮੈਂ ਇਹ ਕਰਦੀ ਹਾਂ ਜੋ ਮੈਂ ਕਰ ਸਕਦੀ ਹਾਂ ਪਰ ਮੈਂ ਇਹ ਨਹੀਂ ਮੰਨਦੀ ਕਿ ਬਦਲਾਅ ਇਕ ਬਹੁਤ ਹੀ ਖ਼ੂਬਸੂਰਤ ਅਤੇ ਸ਼ਾਂਤ ਢੰਗ ਨਾਲ ਆਉਣ ਵਾਲਾ ਹੈ। ਜੋ ਕੁਝ ਚੱਲ ਰਿਹਾ ਹੈ, ਉਸ ਦੀ ਅਣਦੇਖੀ ਕਰ ਕੇ ਹੁਣ ਇਹ ਲੋਕ ਆਪਣੇ ਲਈ ਹੀ ਇਕ ਖ਼ਤਰਨਾਕ ਸਥਿਤੀ ਪੈਦਾ ਕਰਨ ਵਾਲੇ ਹਨ। ਮੈਂ ਨਹੀਂ ਮੰਨਦੀ ਕਿ ਅਸੀਂ ਇਸ ਬਦਲਾਅ ਬਾਰੇ ਕੋਈ ਭਵਿੱਖਬਾਣੀ ਕਰ ਸਕਦੇ ਹਾਂ ਕਿ ਇਹ ਕਿਵੇਂ ਹੋਣ ਵਾਲਾ ਹੈ ਜਾਂ ਕਿਥੋਂ ਆਉਣ ਵਾਲਾ ਹੈ। ਇਹ ਤੈਅ ਹੈ ਕਿ ਇਹ ਬਦਲਾਅ ਬਹੁਤ ਹੀ ਖ਼ਤਰਨਾਕ ਹੋਵੇਗਾ। ਇਸ ਵਿਵਸਥਾ ਨੇ ਟੁੱਟਣਾ ਹੀ ਹੈ। ਇਸ ਨੇ ਬਹੁਤ ਵੱਡੇ ਪੈਮਾਨੇ 'ਤੇ ਅਨਿਆਂ, ਫਾਸੀਵਾਦ, ਹਿੰਸਾ ਅਤੇ ਯੋਨਵਾਦ ਨੂੰ ਸਰੰਚਨਾਤਮਕ ਤੌਰ 'ਤੇ ਪੈਦਾ ਕੀਤਾ ਹੈ।

? ਜਿਹੜੀਆਂ ਕਮਿਊਨਿਸਟ ਪਾਰਟੀਆਂ ਸੰਸਦੀ ਸਿਆਸਤ ਵਿਚ ਹਨ, ਉਨ੍ਹਾਂ ਬਾਰੇ ਤੁਸੀਂ ਕੀ ਸੋਚਦੇ ਹੋ? ਖਾਸ ਤੌਰ 'ਤੇ ਜੇ ਸੀ.ਪੀ.ਆਈ., ਸੀ.ਪੀ.ਐਮ. ਅਤੇ ਸੀ.ਪੀ.ਆਈ.-ਐਮ.ਐਲ. ਵਰਗੀਆਂ ਕਮਿਊਨਿਸਟ ਪਾਰਟੀਆਂ ਦੇ ਸੰਦਰਭ ਵਿਚ ਗੱਲ ਕਰੋ।

ਜਵਾਬ : ਦੇਖੋ, ਜਦੋਂ ਪਾਰਟੀਆਂ ਬਹੁਤ ਛੋਟੀਆਂ ਹੁੰਦੀਆਂ ਹਨ, ਜਿਵੇਂ ਕਿ ਸੀ.ਪੀ.ਆਈ. ਐਮ. ਐਲ ਅਤੇ ਸੀ.ਪੀ.ਆਈ ਤਾਂ ਤੁਹਾਡੇ ਕੋਲ ਇੰਟੀਗ੍ਰਿਟੀ ਹੁੰਦੀ ਹੈ। ਤੁਸੀਂ ਚੰਗੀ ਸਥਿਤੀ ਅਤੇ ਉਚ ਨੈਤਿਕ ਆਧਾਰ ਲੈ ਸਕਦੇ ਹੋ। ਕਿਉਂਕਿ ਤੁਸੀਂ ਏਨੇ ਛੋਟੇ ਹੁੰਦੇ ਹੋ ਕਿ ਇਸ ਨਾਲ ਤੁਹਾਨੂੰ ਕੋਈ ਫ਼ਰਕ ਨਹੀਂ ਪੈਂਦਾ। ਪਰ ਜੇਕਰ ਤੁਸੀਂ ਸੀ.ਪੀ.ਐਮ. ਵਰਗੀਆਂ ਵੱਡੀਆਂ ਪਾਰਟੀਆਂ ਹੋ ਤਾਂ ਸਥਿਤੀ ਦੂਸਰੀ ਹੁੰਦੀ ਹੈ। ਜੇਕਰ ਅਸੀਂ ਕੇਰਲ ਅਤੇ ਬੰਗਾਲ ਦੇ ਸੰਦਰਭ ਵਿਚ ਸੀ.ਪੀ.ਐਮ. ਦੀ ਗੱਲ ਕਰੀਏ ਤਾਂ ਦੋਹਾਂ ਥਾਵਾਂ 'ਤੇ ਇਸ ਦੇ ਵੱਖਰੇ ਵੱਖਰੇ ਇਤਿਹਾਸ ਰਹੇ ਹਨ। ਬੰਗਾਲ ਵਿਚ ਸੀ.ਪੀ.ਐਮ. ਬਿਲਕੁਲ ਦੱਖਣਪੰਥੀ ਵਾਂਗ ਹੋ ਗਈ ਸੀ। ਉਹ ਹਿੰਸਾ ਕਰਨ ਵਿਚ, ਗਲੀਆਂ ਦੇ ਨੁੱਕੜਾਂ ਨੂੰ ਕਬਜ਼ਾਉਣ ਵਿਚ, ਸਿਗਰਟ ਵਾਲਿਆਂ ਦੇ ਖੋਖਿਆਂ ਨੂੰ ਕਬਜ਼ਾਉਣ ਵਿਚ ਬਿਲਕੁਲ ਦੱਖਣਪੰਥੀਆਂ ਵਰਗੇ ਹੋ ਗਏ ਸਨ। ਇਹ ਬਹੁਤ ਚੰਗਾ ਹੋਇਆ ਕਿ ਜਨਤਾ ਨੇ ਉਨ੍ਹਾਂ ਦੀ ਸੱਤਾ ਨੂੰ ਉਖਾੜ ਸੁੱਟਿਆ। ਹਾਲਾਂਕਿ ਮੈਂ ਨਿਸਚਿੰਤ ਹਾਂ ਕਿ ਮਮਤਾ ਬੈਨਰਜੀ ਦੀ ਸੱਤਾ ਦਾ ਦੌਰ ਜਲਦੀ ਖ਼ਤਮ ਹੋ ਜਾਵੇਗਾ। ਦੂਸਰੇ ਪਾਸੇ ਕੇਰਲ ਵਿਚ ਸਥਿਤੀ ਵੱਖਰੀ ਸੀ, ਕਿਉਂਕਿ ਉਥੇ ਉਹ ਸੱਤਾ ਵਿਚ ਆਉਂਦੇ-ਜਾਂਦੇ ਰਹਿੰਦੇ ਹਨ ਜੋ ਕਿ ਚੰਗੀ ਚੀਜ਼ ਹੈ। ਉਹ ਉਥੇ ਕੁਝ ਚੰਗੀਆਂ ਚੀਜ਼ਾਂ ਵੀ ਕਰ ਸਕੇ ਹਨ। ਇਹ ਇਸ ਲਈ ਸੀ ਕਿਉਂਕਿ ਉਥੇ ਸੱਤਾ ਦਾ ਸੰਤੁਲਨ ਬਣਿਆ ਰਿਹਾ। ਜੇਕਰ ਲੈਫਟ ਨੇ ਜਾਤੀ ਦੇ ਮੁੱਦੇ ਨੂੰ ਸੁਲਝਾਇਆ ਹੁੰਦਾ, ਇਮਾਨਦਾਰੀ ਨਾਲ ਕੰਮ ਕੀਤਾ ਹੁੰਦਾ, ਇਨ੍ਹਾਂ ਕੋਲ ਦਲਿਤ ਨੇਤਾ ਅਤੇ ਬੁੱਧੀਜੀਵੀ ਹੁੰਦੇ ਅਤੇ ਜੇਕਰ ਇਹ ਪੂੰਜੀਵਾਦ ਦੀ ਜਗ੍ਹਾ ਲੈਫਟ ਦੀ ਭਾਸ਼ਾ ਬੋਲਦੇ ਤਾਂ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਇਸ ਦੇਸ਼ ਵਿਚ ਲੈਫਟ ਅੱਜ ਕਿੰਨਾ ਮਜ਼ਬੂਤ ਹੁੰਦਾ?

? ਮੌਜੂਦਾ ਹਾਲਾਤ ਵਿਚ ਕਮਿਊਨਿਸਟ ਪਾਰਟੀਆਂ ਦਾ ਕੀ ਭਵਿੱਖ ਹੈ?

ਜਵਾਬ : ਦੇਖੋ, ਮੈਂ ਸੀ.ਪੀ.ਆਈ.-ਐਮ.ਐਲ., ਆਈਸਾ ਨਾਲ ਕਦੇ ਕਦੇ ਸਹਿਮਤ ਹੁੰਦੀ ਹਾਂ। ਇਹ ਲੋਕ ਸ਼ਹਿਰੀ ਗ਼ਰੀਬਾਂ ਵਿਚਾਲੇ ਕੰਮ ਕਰਦੇ ਹਨ। ਬਿਹਾਰ ਵਿਚ ਇਹ ਜਾਤੀ ਦੇ ਸਵਾਲ ਦੇ ਹੱਲ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਪਰ ਇਹ ਸਫਲ ਨਹੀਂ ਹੋ ਰਹੇ ਕਿਉਂਕਿ ਜਿਵੇਂ ਕਿ ਮੈਂ ਪਹਿਲਾਂ ਕਿਹਾ ਹੈ ਕਿ ਇਨ੍ਹਾਂ ਦੀ ਤਾਕਤ ਬਹੁਤ ਹੀ ਸੀਮਤ ਹੈ ਅਤੇ ਇਹ ਹਾਸ਼ੀਏ 'ਤੇ ਹਨ। ਪਰ ਬਹੁਤ ਸਾਰੀਆਂ ਚੀਜ਼ਾਂ ਜੋ ਇਹ ਕਰਦੇ ਹਨ, ਉਨ੍ਹਾਂ ਦਾ ਮੈਂ ਸਨਮਾਨ ਕਰਦੀ ਹਾਂ। ਮੈਂ ਬਿਲਕੁਲ ਨਹੀਂ ਸਮਝ ਸਕਦੀ ਕਿ ਇਹ ਕਿਵੇਂ ਐਨੇ ਹਾਸ਼ੀਏ 'ਤੇ ਰਹਿ ਗਏ ਅਤੇ ਖ਼ੁਦ ਨੂੰ ਗ਼ੈਰ ਪ੍ਰਸੰਗਕ ਬਣਾ ਕੇ ਛੱਡ ਦਿੱਤਾ। ਮੈਨੂੰ ਮਾਓਵਾਦੀਆਂ ਅਤੇ ਲਿਬਰੇਸ਼ਨ ਵਿਚਾਲੇ ਵਿਚਾਰਧਾਰਾਤਮਕ ਯੁੱਧਾਂ ਨੂੰ ਦੇਖ ਕੇ ਬਹੁਤ ਦੁੱਖ ਹੁੰਦਾ ਹੈ। ਇਨ੍ਹਾਂ ਲੋਕਾਂ ਨੇ ਟੈਕਟਿਕਸ ਨੂੰ ਵਿਚਾਰਧਾਰਾ ਨਾਲ ਜੋੜ ਕੇ ਭਰਮ ਪੈਦਾ ਕਰ ਰੱਖਿਆ ਹੈ। ਸੀ.ਪੀ.ਆਈ. (ਐਮ.ਐਲ) ਦੇ ਲੋਕ ਜੰਗਲ ਦੇ ਬਾਹਰ ਰਹਿ ਕੰਮ ਕਰਦੇ ਹਨ ਅਤੇ ਇਹ ਜ਼ਰੂਰੀ ਨਹੀਂ ਕਿ ਉਹ ਹਥਿਆਰਾਂ ਨਾਲ ਹੀ ਕੰਮ ਕਰਨ। ਪਰ ਸੀ.ਪੀ.ਆਈ. ਐਮ. ਐਲ. ਦੀ ਸਿਆਸਤ ਛੱਤੀਸਗੜ੍ਹ ਵਿਚ ਕੰਮ ਨਹੀਂ ਕਰ ਸਕਦੀ। ਫਿਰ ਤੁਸੀਂ ਦੇਖੋ ਕਿ ਆਪਣੇ ਹੱਥਾਂ ਨਾਲ ਇਨ੍ਹਾਂ ਨੇ ਖ਼ੁਦ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਹੈ। ਇਹ ਛੱਤੀਸਗੜ੍ਹ ਵਿਚ ਮਾਓਵਾਦੀਆਂ ਨਾਲ ਗਠਜੋੜ ਕਰ ਸਕਦੇ ਸਨ। ਪਰ ਇਹ ਰਾਜ ਤੋਂ ਨਫ਼ਰਤ ਕਰਨ ਦੀ ਬਜਾਏ ਇਕ ਦੂਸਰੇ ਨੂੰ ਜ਼ਿਆਦਾ ਨਫ਼ਰਤ ਕਰਦੇ ਹਨ ਅਤੇ ਆਪਣਾ ਸਮਾਂ ਬਰਬਾਦ ਕਰਦੇ ਹਨ। ਜੋ ਕਿ ਕਮਿਊਨਿਸਟਾਂ ਦੀ ਵੱਡੀ ਖਾਸੀਅਤ ਹੈ!



ਮੱਸਿਆ ਦੀ ਰਾਤ ਦਾ ਜੁਗਨੂੰ

ਤਾਲਿਬਾਨ ਕੱਟੜਪੰਥੀ ਧੜਾ ਹੈ ਜੋ ਬਾਲੜੀਆਂ ਤਕ ਦੀ ਤਾਲੀਮ ਨੂੰ ਨਹੀਂ ਜਰ ਸਕਿਆ। ਕਿਸੇ ਵੀ ਸਮਾਜ ਵਿਚ ਆਮ ਲੋਕਾਈ ਦਾ ਜਿਊਣ ਕਿਵੇਂ ਔਖਾ ਹੋ ਸਕਦਾ ਹੈ; ਇਹ ਗੱਲ ਹਰ ਉਸ ਦੇਸ਼ ਦੇ ਵਾਸੀ ਚੰਗੀ ਤਰ੍ਹਾਂ ਜਾਣਦੇ ਨੇ, ਜਿਨ੍ਹਾਂ ਨੇ ਕਿਸੇ ਵੀ ਕਿਸਮ ਦੀ ਮਜ਼ਬੀ ਕੱਟੜਤਾ ਨੂੰ ਭੋਗਿਆ ਹੈ। ਤਾਲਿਬਾਨ ਪਿਛਲ ਸੋਚ, ਵਹਿਮੀ ਤੇ ਜਾਹਲ ਲੋਕਾਂ ਦਾ ਟੋਲਾ ਹੈ, ਜਿਹੜਾ ਅਪਣੇ ਸਮਾਜ ਦੀਆਂ ਬੁਨਿਆਦਾਂ ਤਕ ਹਿਲਾ ਰਿਹਾ ਹੈ। ਇਸ ਦਾ ਪਾਕਿਸਤਾਨ ਦੀ ਆਮ ਲੋਕਾਈ ਨਾਲ ਕੋਈ ਤਾਅਲੁੱਕ ਨਹੀਂ।

ਸੂਬਾ ਸਰਹੱਦ ਦੇ ਇਲਾਕੇ ਸਵਾਤ ਵਿਚ ਵਸਣ ਵਾਲੀ ਸਾਦੜੀ ਜਿਹੀ ਬਾਲੜੀ ਮਲਾਲਾ ਦੀ ਕਲਮ ਨੇ ਤਾਲਿਬਾਨੀ ਜ਼ੁਲਮ ਅਪਣੀ ਡਾਇਰੀ 'ਚ ਦਰਜ ਕਰ ਕੇ ਬੀ.ਬੀ.ਸੀ ਨੂੰ ਘੱਲੇ ਤੇ ਤਾਲਿਬਾਨ ਦੀ ਸਾਰੀ ਪੋਲ ਖੋਲ੍ਹ ਕੇ ਰੱਖ ਦਿੱਤੀ। ਇਹ ਮਾਸੂਮ ਬਾਲੜੀ ਚੋਰੀ-ਚੋਰੀ ਮਜ਼ਬੀ ਠੇਕੇਦਾਰਾਂ ਦੀਆਂ ਕਰਤੂਤਾਂ ਕਲਮਬੰਦ ਕਰਦੀ ਰਹੀ। ਉਹ 'ਗੁੱਲ ਮੁਕਈ' ਦੇ ਫ਼ਰਜ਼ੀ ਨਾਂ ਤੋਂ ਬੀ.ਬੀ.ਸੀ. ਵਾਲਿਆਂ ਨੂੰ ਅਪਣੀ ਡਾਇਰੀ ਘੱਲਦੀ ਰਹੀ।

ਇਹ ਡਾਇਰੀ ਲਿਖਣ ਦਾ ਭੁਗਤਾਨ ਵੀ ਉਸ ਨੂੰ ਕਰਨਾ ਪਿਆ। ਉਸ ਉਤੇ ਮਾਰੂ ਹਮਲਾ ਕੀਤਾ ਗਿਆ ਮਗਰ ਉਹ ਬਚ ਗਈ। ਇਹ ਬਹਾਦਰ ਕੁੜੀ ਅੱਜ ਲੰਡਨ ਦੇ ਇਕ ਹਸਪਤਾਲ ਅੰਦਰ ਸਿਹਤਮੰਦੀ ਵੱਲ ਪੈਰ ਪੁੱਟ ਰਹੀ ਹੈ।

ਮਲਾਲਾ ਯੂਸੁਫ਼ਜ਼ਈ ਦੀ ਇਸ ਹਿੰਮਤ 'ਤੇ ਅਸੀਂ ਉਸ ਨੂੰ ਸਲਾਮ ਪੇਸ਼ ਕਰਦੇ ਹਾਂ। ਉਸ ਦੀ ਡਾਇਰੀ ਦੇ ਇਹ ਵਰਕੇ ਅਸੀਂ 'ਨਵੀਂ ਦੁਨੀਆ' ਦੇ ਪੜ੍ਹਨਹਾਰਾਂ ਲਈ ਮਲਾਲਾ ਯੂਸੁਫ਼ਜ਼ਈ ਦੀ ਵੇਲ ਕਰ ਕੇ ਛਾਪ ਰਹੇ ਹਾਂ। -ਸੰਪਾਦਕ

ਮਲਾਲਾ ਦੀ ਡਾਇਰੀ ਦੇ ਪੰਨੇ

ਸ਼ਨਿਚਰ, 3 ਜਨਵਰੀ

ਕੱਲ੍ਹ ਪੂਰੀ ਰਾਤ ਮੈਂ ਅਜਿਹਾ ਡਰਾਉਣਾ ਸੁਫ਼ਨਾ ਤੱਕਿਆ ਜਿਸ ਵਿਚ ਹੈਲੀਕਾਪਟਰ ਤੇ ਨਾਲੇ ਤਾਲਿਬਾਨ ਮੈਨੂੰ ਨਜ਼ਰੀਂ ਪਏ। ਸਵਾਤ ਵਿਚ ਫ਼ੌਜੀ ਅਪਰੇਸ਼ਨ ਆਰੰਭ ਹੋਣ ਤੋਂ ਬਾਅਦ ਅਜਿਹੇ ਖ਼ਾਬ ਮੈਂ ਵਾਰ ਵਾਰ ਦੇਖ ਰਹੀ ਹਾਂ। ਮੈਨੂੰ ਅੱਜ ਸਕੂਲ ਜਾਂਦਿਆਂ ਖ਼ੌਫ਼ ਜਿਹਾ ਮਹਿਸੂਸ ਹੋ ਰਿਹਾ ਸੀ ਕਿਉਂ ਜੋ ਤਾਲਿਬਾਨ ਨੇ ਐਲਾਨ ਕੀਤਾ ਸੀ : "ਕੁੜੀਆਂ ਕੱਲ੍ਹ ਤੋਂ ਸਕੂਲ ਨਾ ਜਾਣ"।

ਇਸ ਐਲਾਨ ਮਗਰੋਂ ਹੈੱਡ ਮਿਸਟ੍ਰੈਸ ਨੇ ਕਿਹਾ ਕਿ ਤਾਲਿਬਾਨ ਦੇ ਖ਼ੌਫ਼ ਦੀ ਵਜ੍ਹਾ ਨਾਲ ਕੱਲ੍ਹ ਤੋਂ ਸਕੂਲ ਦਾ ਯੂਨੀਫ਼ਾਰਮ ਖ਼ਤਮ ਕੀਤਾ ਜਾ ਰਿਹਾ ਏ ਤੇ ਹੁਣ ਘਰ ਦੇ ਕੱਪੜੇ ਪਾ ਕੇ ਸਕੂਲ ਆਓ। ਉਨ੍ਹਾਂ ਸਾਨੂੰ ਇਹ ਵੀ ਸਮਝਾਇਆ ਕਿ ਜੇ ਕਿਧਰੇ ਰਾਹ ਵਿਚ ਤਾਲਿਬਾਨ ਟੱਕਰ ਪੈਣ ਤਾਂ ਕੀ ਕਰਨਾ ਚਾਹੀਦਾ ਏ।

ਅੱਜ ਕਲਾਸ ਵਿਚ 27 ਕੁੜੀਆਂ ਦੀ ਥਾਂ ਸਿਰਫ਼ 11 ਕੁੜੀਆਂ ਆਈਆਂ। ਇਹ ਗਿਣਤੀ ਇਸ ਲਈ ਘੱਟ ਐ ਕਿ ਲੋਕ ਤਾਲਿਬਾਨ ਦੇ ਐਲਾਨ ਮਗਰੋਂ ਡਰ ਗਏ ਨੇ।

1.40 'ਤੇ ਸਕੂਲ ਦੀ ਛੁੱਟੀ ਹੋਈ। ਮੈਂ ਘਰ ਜਾ ਰਹੀ ਸਾਂ ਕਿ ਇਕ ਬੰਦੇ ਦੀ 'ਵਾਜ ਸੁਣੀ ਜੋ ਕਹਿ ਰਿਹਾ ਸੀ- "ਮੈਂ ਤੁਹਾਨੂੰ ਨਹੀਂ ਛੱਡਾਂਗਾ" ਮੈਂ ਘਾਬਰ ਗਈ ਤੇ ਅਪਣੀ ਟੋਰ ਤੇਜ਼ ਕਰ ਲਈ। ਜਦੋਂ ਮੈਂ ਥੋੜ੍ਹਾ ਜਿਹਾ ਅੱਗੇ ਗਈ ਤਾਂ ਮੈਂ ਪਿੱਛੇ ਮੁੜ ਕੇ ਵੇਖਿਆ; ਉਹ ਬੰਦਾ ਫ਼ੋਨ 'ਤੇ ਕਿਸੇ ਨੂੰ ਧਮਕੀਆਂ ਦੇ ਰਿਹਾ ਸੀ। ਮੈਂ ਸਮਝੀ ਖ਼ੌਰੇ ਉਹ ਮੈਨੂੰ ਕਹਿ ਰਿਹਾ ਏ।

ਐਤਵਾਰ, 4 ਜਨਵਰੀ 2011

ਅੱਜ ਛੁੱਟੀ ਏ। ਇਸ ਲਈ ਮੈਂ ਕੁਵੇਲੇ ਜਾਗੀ। ਉਠਦਿਆਂ ਹੀ ਅੱਬਾ ਜੀ ਹੋਰਾਂ ਇਕ ਬੁਰੀ ਖ਼ਬਰ ਸੁਣਾਈ ਕਿ ਗਰੀਨ ਚੌਕ ਤੋਂ ਅੱਜ ਤਿੰਨ ਲਾਸ਼ਾਂ ਮਿਲੀਆਂ ਨੇ। ਇਸ ਹੋਣੀ ਨੂੰ ਸੁਣ ਕੇ ਮੇਰਾ ਦੁਪਹਿਰ ਤੀਕਰ ਮਨ ਖ਼ਰਾਬ ਹੁੰਦਾ ਰਿਹਾ। ਜਦੋਂ ਇਥੇ ਦੇ ਹਾਲਾਤ ਠੀਕ ਸਨ ਤਾਂ ਅਸੀਂ ਪੂਰੇ ਟੱਬਰ ਸਣੇ ਫਿਰਨ ਜਾਂਦੇ ਸਾਂ ਮਗਰ ਹੁਣ ਹਾਲਤ ਇਹ ਹੈ ਕਿ ਡੂਢ ਸਾਲ ਹੋ ਗਿਆ ਏ ਅਸੀਂ ਕਿਧਰੇ ਨਹੀਂ ਜਾ ਸਕੇ।

ਰਾਤੀਂ ਰੋਟੀ ਮਗਰੋਂ ਟਹਿਲਣਾ ਵੀ ਹੁਣ ਸਾਡੇ ਵੱਸ ਦੀ ਗੱਲ ਨਹੀਂ। ਲੋਕੀਂ ਵੇਲੇ ਸਿਰ ਹੀ ਤਾਲਿਬਾਨ ਦੇ ਖ਼ੌਫ਼ ਹੱਥੋਂ ਘਰ ਆ ਵੜਦੇ ਨੇ।

ਮੈਂ ਥੋੜ੍ਹੀ ਦੇਰ ਲਈ ਨਿੱਕੇ ਵੀਰ ਨਾਲ ਖੇਡਦੀ ਰਹੀ। ਦੂਜੇ ਦਿਨ ਸਕੂਲ ਜਾਣ ਦੇ ਖ਼ੌਫ਼ ਨਾਲ ਮੇਰਾ ਦਿਲ ਹੁਣੇ ਈ ਧੱਕ ਧੱਕ ਕਰਨ ਲੱਗ ਪਿਆ ਏ।

ਉਰਦੂ ਤੋਂ ਤਰਜਮਾ
ਆਸਿਫ਼ ਰਜ਼ਾ
Email : mbrc09@gmail.com



ਸੋਮਵਾਰ, 5 ਜਨਵਰੀ

ਅੱਜ ਮੈਂ ਜਿਵੇਂ ਉਠਦਿਆਂ ਸਾਰ ਸਕੂਲ ਦੀ ਤਿਆਰੀ ਕਰਨ ਦੀ ਕੀਤੀ ਤਾਂ ਮੈਨੂੰ ਯਾਦ ਆ ਗਿਆ ਕਿ ਹੁਣ 'ਤੇ ਯੂਨੀਫ਼ਾਰਮ ਵੀ ਨਹੀਂ ਪਾਣਾ। ਮੈਂ ਅਪਣੇ ਮਨ ਪਸੰਦ ਗੁਲਾਬੀ ਰੰਗ ਦੇ ਲੀੜੇ ਪਾਏ। ਸਕੂਲ ਆਈ ਹਰ ਕੁੜੀ ਨੇ ਘਰ ਦੇ ਕੱਪੜੇ ਪਾਏ ਹੋਏ ਸਨ। ਅੱਜ ਸਕੂਲ ਵੀ ਘਰ ਵਾਂਗਰਾਂ ਲੱਗ ਰਿਹਾ ਸੀ।

ਇਸ ਦੌਰਾਨ ਮੇਰੀ ਸਹੇਲੀ ਡਰਦੀ ਹੋਈ ਮੇਰੇ ਕੋਲ ਆਈ ਤੇ ਮੈਨੂੰ ਘੜੀ ਮੁੜੀ ਕੁਰਆਨ ਦਾ ਵਾਸਤਾ ਪਾ ਕੇ ਪੁੱਛਣ ਲਗੀ-"ਖ਼ੁਦਾ ਦਾ ਨਾਂ ਈ ਸੱਚ ਸੱਚ ਦੱਸੀਂ, ਸਾਡੇ ਸਕੂਲ ਨੂੰ ਤਾਲਿਬਾਨ ਤੋਂ ਖ਼ਤਰਾ ਤੇ ਨਹੀਂ?"

ਸਕੂਲ ਖ਼ਰਚ ਵਾਸਤੇ ਮੈਂ ਯੂਨੀਫ਼ਾਰਮ ਵਿਚ ਬੋਝਾ ਸਵਾਇਆ ਹੋਇਆ ਹੈ। ਅੱਜ ਜਦੋਂ ਜੀਅ ਪੈਸੇ ਖ਼ਰਚਣ ਨੂੰ ਕੀਤਾ ਤਾਂ ਮੈਂ ਹੱਥ ਮਾਰਿਆ ਤੇ ਯਾਦ ਆਇਆ ਅੱਜ ਮੈਂ ਤੇ ਘਰ ਦੇ ਲੱਤੇ ਪਾਏ ਨੇ, ਸਕੂਲੀ ਡ੍ਰੈੱਸ ਨਹੀਂ।

ਅੱਜ ਅਸੰਬਲੀ ਵਿਚ ਸਾਨੂੰ ਇਕ ਚੁਣੌਤੀ ਹੋਰ ਦਿੱਤੀ ਗਈ, ਅਖੇ -"ਅੱਗੇ ਤੋਂ ਕੋਈ ਕੁੜੀ ਇਹ ਜ਼ਰਕ ਬਰਕ (ਲਿਸ਼ਕਵੇਂ, ਜਾਂ ਕਢਾਈ ਕੀਤੇ) ਕੱਪੜੇ ਪਾ ਕੇ ਸਕੂਲੇ ਨਾ ਆਵੇ। ਜੇ ਇੰਝ ਕੀਤਾ ਤਾਂ ਤਾਲਿਬਾਨ ਖ਼ਫ਼ਾ ਹੋ ਸਕਦੇ ਨੇ।"

ਬੁੱਧ ,7 ਜਨਵਰੀ

ਮੈਂ ਮੁਹੱਰਮੁਲ-ਹਰਾਮ (ਇਕ ਮਜ਼ਬੀ ਦਿਵਸ, ਇਸਲਾਮੀ ਸਾਲ ਦਾ ਪਹਿਲਾ ਮਹੀਨਾ) ਦੀਆਂ ਛੁੱਟੀਆਂ ਗੁਜ਼ਾਰਨ ਲਈ ਜ਼ਿਲ੍ਹਾ ਬੂਨੀਰ (ਸਰਹੱਦ ਸੂਬੇ ਦਾ ਇਕ ਇਲਾਕਾ) ਆਈ ਆਂ। ਮੈਨੂੰ ਇਹ ਬੂਨੀਰ ਬਹੁਤ ਪਸੰਦ ਹੈ। ਇਥੇ ਚਾਰੇ ਬੰਨੇ ਪਹਾੜ ਤੇ ਸਰਸਬਜ਼ ਵਾਦੀਆਂ ਨੇ। ਮੇਰਾ ਸਵਾਤ ਵੀ ਤੇ ਬਹੂ ਸੋਹਣਾ ਏ ਮਗਰ ਉਥੇ ਅਮਨ ਜੋ ਕੋਈ ਨਹੀਂ। ਇਥੇ ਅਮਨ ਵੀ ਏ ਤੇ ਸਕੂਨ ਵੀ। ਨਾ ਫ਼ਾਇਰਿੰਗ ਦੀ 'ਵਾਜ, ਨਾ ਈ ਕੋਈ ਖ਼ੌਫ਼। ਸਾਰਾ ਟੱਬਰ ਇਥੇ ਖ਼ੁਸ਼ ਏ।

ਮੈਂ ਇਥੇ ਇਕ ਕੁੜੀ ਨੂੰ ਸਕੂਲ ਜਾਂਦਿਆਂ ਤੱਕਿਆ ਤੇ ਉਸ ਨੂੰ ਖਲ੍ਹਾਰ ਕੇ ਪੁੱਛਣ ਲੱਗ ਪਈ।

"ਤੈਨੂੰ ਸਕੂਲ ਜਾਂਦਿਆਂ ਡਰ ਨਹੀਂ ਲਗਦਾ?"

ਕਹਿਣ ਲੱਗੀ : "ਕਿਸ ਤੋਂ"

ਮੈਂ ਕਿਹਾ ਤਾਲਿਬਾਨ ਤੋਂ।

ਉਸ ਜਵਾਬ ਦਿੱਤਾ।

"ਇੱਥੇ ਤਾਲਿਬਾਨ ਨਹੀਂ ਨੇ"।

ਜੁਮਾ, 9 ਜਨਵਰੀ

ਮੈਂ ਸਹੇਲੀਆਂ ਨੂੰ ਬੂਨੀਰ ਦੇ ਸਫ਼ਰ ਦੀਆਂ ਗੱਲਾਂ ਦੱਸੀ ਜਾਂਦੀ ਸੀ। ਉਹ ਕਹਿਣ ਲੱਗੀਆਂ ਤੇਰੇ ਕਿੱਸੇ ਸੁਣਦੇ ਸੁਣਦੇ ਸਾਡੇ ਕੰਨ ਪੱਕ ਗਏ ਨੇ। ਫਿਰ ਅਸੀਂ ਐਫ਼.ਐਮ. ਰੇਡੀਓ ਚੈਨਲ 'ਤੇ ਤਕਰੀਰ ਕਰਨ ਵਾਲੇ ਤਾਲਿਬਾਨ ਆਗੂ ਮੌਲਾਨਾ ਸ਼ਾਹ ਦੌਰਾਨ ਦੀ ਮੌਤ ਦੀ ਉਡਾਈ ਗਈ ਖ਼ਬਰ 'ਤੇ ਰੱਜ ਕੇ ਬਹਿਸ ਕੀਤੀ। ਇਸ ਮੌਲਾਨਾ ਨੇ ਹੀ ਕੁੜੀਆਂ ਦੇ ਸਕੂਲ ਜਾਣ 'ਤੇ ਹਟਕਾਂ ਲਾਈਆਂ ਸਨ।

ਕੁੱਝ ਆਂਹਦੀਆਂ ਮੌਲਾਨਾ ਮਰ ਗਿਆ ਏ, ਕੁਝ ਆਂਹਦੀਆਂ ਜਿਊਂਦਾ ਏ। ਕਿਉਂ ਜੋ ਬੀਤੀ ਰਾਤ ਉਨ੍ਹਾਂ ਦੀ ਤਕਰੀਰ ਨਹੀਂ ਸੁਣੀ ਗਈ ਸੋ ਕਿਆਫ਼ਾ ਲਾਇਆ ਗਿਆ ਕਿ ਉਨ੍ਹਾਂ ਦੀ ਮੌਤ ਦੀ ਅਫ਼ਵਾਹ ਫੈਲਾਈ ਗਈ ਏ। ਇਕ ਕੁੜੀ ਕਹਿਣ ਲੱਗੀ: "ਲੱਗਦਾ ਉਹ ਛੁੱਟੀ 'ਤੇ ਚਲੇ ਗਏ ਨੇ।"

ਅੱਜ ਟਵੀਸ਼ਨ ਨਹੀਂ ਸੀ ਜਾਣਾ ਸੋ ਅਸੀਂ ਦੇਰ ਤਕ ਖੇਡਦੇ ਰਹੇ। ਮੈਂ ਟੀ .ਵੀ ਖੋਲ੍ਹ ਕੇ ਵੇਖਣ ਲੱਗੀ। ਲਾਹੌਰ ਵਿਚ ਧਮਾਕੇ ਹੋਏ ਸਨ। ਮੈਂ ਕਿਹਾ- ਰੱਬਾ ਦੁਨੀਆ ਵਿਚ ਸਭ ਤੋਂ ਜ਼ਿਆਦਾ ਧਮਾਕੇ ਪਾਕਿਸਤਾਨ ਵਿੱਚ ਹੀ ਕਿਉਂ ਹੁੰਦੇ ਨੇ...


ਬੁੱਧ, 14 ਜਨਵਰੀ

ਅੱਜ ਮੈਂ ਸਕੂਲ ਜਾਂਦੀ ਹੋਈ ਰੁੱਸੀ ਜਿਹੀ ਸਾਂ ਕਿ ਸਿਆਲਾਂ ਦੀਆਂ ਛੁੱਟੀਆਂ ਹੋ ਰਹੀਆਂ ਨੇ ਮਗਰ ਇਹ ਨਹੀਂ ਦੱਸਿਆ ਜਾ ਰਿਹਾ ਕਿ ਛੁੱਟੀਆਂ ਹਨ ਕਦੋਂ ਤੱਕ। ਪਹਿਲਾਂ ਹਮੇਸ਼ਾ ਸਕੂਲ ਖੁੱਲ੍ਹਣ ਦੀ ਤਾਰੀਖ਼ ਦੱਸ ਦਿੱਤੀ ਜਾਂਦੀ ਸੀ ਮਗਰ ਇਸ ਵਾਰ ਤਾਲਿਬਾਨ ਵੱਲੋਂ ਪੰਦਰਾਂ ਜਨਵਰੀ ਤੋਂ ਬਾਅਦ ਸਕੂਲ ਜਾਣ 'ਤੇ ਪਾਬੰਦੀ ਦੇ ਸਬੱਬ ਇੰਝ ਨਾ ਕੀਤਾ ਗਿਆ।

ਇਸ ਵਾਰੀ ਸਭ ਕੁੜੀਆਂ ਛੁੱਟੀਆਂ ਹੋਣ 'ਤੇ ਬਹੁਤੀਆਂ ਖ਼ੁਸ਼ ਨਹੀਂ ਸਨ; ਉਸ ਦੀ ਵਜ੍ਹਾ ਏਨੀ ਕੁ ਸੀ ਕਿ ਖ਼ੌਰੇ ਤਾਲਿਬਾਨ ਦੇ ਐਲਾਨ 'ਤੇ ਅਮਲ ਹੋ ਗਿਆ ਤੇ ਸਮਝੋ ਸਕੂਲ ਮੁੜਕੇ ਨਹੀਂ ਆਇਆ ਜਾਣਾ।

ਕੁੱਝ ਨੂੰ ਆਸ ਸੀ ਕਿ ਸਕੂਲ ਖੁੱਲ੍ਹਣਗੇ। ਕੁੱਝ ਮਾਪਿਆਂ ਨੇ ਇਨ੍ਹਾਂ ਹਾਲਤਾਂ ਹੱਥੋਂ ਸਵਾਤ ਨੂੰ ਛੱਡ ਦੇਣ ਦਾ ਫ਼ੈਸਲਾ ਕਰ ਲਿਆ।

ਅੱਜ ਅਖ਼ੀਰਲਾ ਦਿਨ ਸੀ, ਇਸ ਲਈ ਅਸੀਂ ਸਾਰਿਆਂ ਨੇ ਰੱਜ ਕੇ ਖੇਡਣ ਦਾ ਫ਼ੈਸਲਾ ਕੀਤਾ। ਮੈਨੂੰ ਆਸ ਸੀ ਕਿ ਅੱਲ੍ਹਾ ਚਾਹਿਆ ਤਾਂ ਸਕੂਲ ਬੰਦ ਨਹੀਂ ਹੋਵੇਗਾ। ਮਗਰ ਫਿਰ ਵੀ ਮੈਂ ਸਕੂਲ ਦੀ ਬਿਲਡਿੰਗ ਨੂੰ ਅਜਿਹੀ ਤਰਸਾਵੀਂ ਨਜ਼ਰ ਨਾਲ ਵੇਖਿਆ ਜਿਵੇਂ ਕਿ ਸੋਚ ਰਹੀ ਹੋਵਾਂ ਕਿ ਹੋ ਸਕਦਾ ਮੈਂ ਇੱਥੇ ਮੁੜ ਕੇ ਨਾ ਆ ਸਕਾਂਗੀ।



ਜੁਮੇਰਾਤ, 15 ਜਨਵਰੀ

ਪੂਰੀ ਰਾਤ ਤੋਪਾਂ ਚਲਦੀਆਂ ਰਹੀਆਂ ਮੈਂ ਤਿਨ ਵਾਰੀ ਜਾਗ ਗਈ।

ਅੱਜ 15 ਜਨਵਰੀ ਸੀ ਤੇ ਤਾਲਿਬਾਨ ਵਲੋਂ ਸਕੂਲ ਬੰਦ ਹੋਣ ਦੀ ਡੈਡ ਲਾਇਨ। ਮਗਰ ਮੈਂ ਤੇ ਮੇਰੀ ਕਲਾਸ ਫ਼ੈਲੋ ਹੋਮ ਵਰਕ ਇਸ ਐਤਮਾਦ ਨਾਲ ਕਰ ਰਹੀਆਂ ਸੀ ਕਿ ਜਿਵੇਂ ਕੁੱਝ ਹੋਇਆ ਈ ਨਹੀਂ। ਅੱਜ ਮੈਂ ਇਕ ਮੁਕਾਮੀ ਅਖ਼ਬਾਰ ਵਿਚ ਬੀ. ਬੀ. ਸੀ 'ਤੇ ਛਪਣ ਵਾਲੀ ਅਪਣੀ ਡਾਇਰੀ ਵੀ ਪੜ੍ਹੀ। ਮੇਰੀ ਮਾਂ ਨੂੰ ਮੇਰਾ ਫ਼ਰਜ਼ੀ ਨਾਂ 'ਗੁਲ ਮੁਕਈ' ਚੰਗਾ ਲੱਗਾ। ਮਾਂ ਮੇਰੇ ਪਿਓ ਨੂੰ ਆਖਣ ਲੱਗੀ ਕਿ ਕਿਉਂ ਨਾ ਮਲਾਲਾ ਦਾ ਨਾਂ ਬਦਲ ਕੇ 'ਗੁਲ ਮੁਕਈ' ਹੀ ਰੱਖ ਲਈਏ। ਮੈਨੂੰ ਵੀ ਅਪਨਾ ਮਲਾਲਾ ਨਾਂ ਚੰਗਾ ਨਹੀਂ ਸੀ ਲਗਦਾ ਕਿਉਂ ਜੋ ਇਸ ਨਾਂ ਦਾ ਮਤਲਬ ਐ 'ਗ਼ਮਗੀਨ'।

ਕੁੱਝ ਦਿਹਾੜੇ ਪਹਿਲੇ ਈ ਕਿਸੇ ਨੇ ਮੇਰੇ ਵਾਲਿਦ ਸਾਹਿਬ ਨੂੰ ਇਹ ਡਾਇਰੀ ਛਪਣ ਬਾਰੇ ਦੱਸਿਆ ਕਿ- ''ਇਹ ਵੇਖੋ ਕਿਸੇ ਸਵਾਤ ਦੀ ਬੱਚੀ ਨੇ ਕਿੰਨੀ ਚੰਗੀ ਡਾਇਰੀ ਲਿਖੀ ਐ''।

ਮੇਰੇ ਪਿਓ ਨੇ ਹੱਸਦਿਆਂ ਉਸ ਛਪੀ ਡਾਇਰੀ ਦੇ ਪੰਨਿਆਂ 'ਤੇ ਨਜ਼ਰ ਮਾਰੀ ਮਗਰ ਡਰ ਪਾਰੋਂ ਇਹ ਨਾਂ ਦੱਸਿਆ ਕਿ ਇਹ ਮੇਰੀ ਹੀ ਧੀ ਹੈ।

ਐਤਵਾਰ, 18 ਜਨਵਰੀ

ਅਬੂ ਨੇ ਦੱਸਿਆ ਕਿ ਹਕੂਮਤ ਨੇ ਸਾਡੀ ਰੱਖਿਆ ਦਾ ਵਾਅਦਾ ਕੀਤਾ ਹੈ। ਮੈਂ ਖ਼ੁਸ਼ ਹੋਈ ਮਗਰ ਸਿਰਫ਼ ਰੱਖਿਆ ਨਾਲ ਈ ਮਸਲਾ ਨਹੀਂ ਸੀ ਹੱਲ ਹੁੰਦਾ। ਰੋਜ਼ ਕਿੰਨੇ ਫ਼ੌਜੀ ਮਰ ਰਹੇ ਸਨ ਤੇ ਕਿੰਨੇ ਈ ਅਗਵਾ ਵੀ ਹੁੰਦੇ ਪਏ ਸਨ। ਪੁਲੀਸ ਤੇ ਸ਼ਹਿਰ 'ਚ ਨਜ਼ਰ ਵੀ ਨਹੀਂ ਸੀ ਆਂਦੀ। ਮੇਰੇ ਮਾਪੇ ਬੜੇ ਡਰੇ ਹੋਏ ਨੇ। ਆਹੰਦੇ ਨੇ ਕਿ ਜਦ ਤਕ ਤਾਲਿਬਾਨ ਆਪ ਐਫ਼ ਐਮ ਰੇਡੀਓ ਚੈਨਲ 'ਤੇ ਅਪਨਾ ਐਲਾਨ ਵਾਪਸ ਨਹੀਂ ਲੈਂਦੇ, ਅਸੀਂ ਕੁੜੀਆਂ ਨੂੰ ਸਕੂਲ ਨਹੀਂ ਘੱਲਾਂਗੇ।

ਫ਼ੌਜ ਦੀ ਵਜ੍ਹਾ ਨਾਲ ਵੀ ਸਾਡੇ ਵੱਲ ਮਸਲੇ ਵਧੇ ਨੇ। ਸਾਡੇ ਮੁਹੱਲੇ ਦਾ ਇਕ ਮੁੰਡਾ ਸਕੂਲ ਗਿਆ ਤਾਂ ਮਾਸਟਰ ਨੇ ਉਸ ਨੂੰ ਆਖਿਆ ਕਿ ਛੇਤੀ ਕਰ ਤੇ ਘਰ ਟੁਰ ਜਾ, ਕਰਫਿਊ ਲੱਗਣ ਵਾਲਾ ਏ। ਜਦੋਂ ਉਹ ਵਾਪਸ ਘਰ ਪੁੱਜਾ ਤੇ ਪਤਾ ਲੱਗਾ ਕਿ ਕਰਫਿਊ ਨਹੀਂ ਸੀ ਲੱਗਣਾ ਫ਼ੌਜ ਨੇ ਲੰਘਣਾ ਸੀ। ਇਸ ਲਈ ਸਕੂਲ ਦੀ ਛੁੱਟੀ ਕਰ ਦਿਤੀ ਗਈ।

ਸੋਮਵਾਰ, 19 ਜਨਵਰੀ

ਅੱਜ ਫਿਰ ਪੰਜ ਸਕੂਲਾਂ ਨੂੰ ਬੰਬਾਂ ਨਾਲ ਉਡਾ ਦਿਤਾ ਗਿਆ। ਇਨ੍ਹਾਂ ਵਿਚੋਂ ਇਕ ਸਕੂਲ ਤੇ ਮੇਰੇ ਘਰ ਦੇ ਨੇੜੇ ਹੈ। ਮੈਂ ਹੈਰਾਨ ਸਾਂ ਕਿ ਇਹ ਸਕੂਲ ਤੇ ਬੰਦ ਸੀ, ਫਿਰ ਇਸ ਨੂੰ ਕਿਉਂ ਅੱਗ ਲਾਈ ਗਈ। ਤਾਲਿਬਾਨ ਦੀ ਡੈਡ ਲਾਈਨ ਤੋਂ ਬਾਅਦ ਤੇ ਕਿਸੇ ਨੇ ਵੀ ਸਕੂਲ ਵਿਚ ਪੈਰ ਨਹੀਂ ਰੱਖਿਆ ਫਿਰ ਇਹ ਲੋਕ ਬਿਲਡਿੰਗਾਂ ਨੂੰ ਕਿਉਂ ਸਜ਼ਾ ਦੇ ਰਹੇ ਸਨ।

ਮੈਨੂੰ ਸਹੇਲੀ ਤੋਂ ਪਤਾ ਲੱਗਾ ਕਿ ਤਾਲਿਬਾਨ ਲੀਡਰ ਮੌਲਾਨਾ ਸਾਹਿਬ ਦੇ ਚਾਚੇ ਨੂੰ ਕਿਸੇ ਕਤਲ ਕਰ ਦਿਤਾ ਏ ਇਸ ਲਈ ਤਾਲਿਬਾਨ ਗੁੱਸੇ ਵਿਚ ਆ ਕੇ ਸਕੂਲ ਸਾੜ ਰਹੇ ਨੇ। ਉਸ ਦੱਸਿਆ ਕਿ ਤਾਲਿਬਾਨ ਨੂੰ ਤਕਲੀਫ਼ ਪਹੁੰਚਾਈ ਗਈ ਏ, ਇਸ ਦਾ ਗੁੱਸਾ ਉਹ ਸਕੂਲਾਂ 'ਤੇ ਲਾਹ ਰਹੇ ਨੇ।

ਫ਼ੌਜ ਵੀ ਕੁੱਝ ਨਹੀਂ ਕਰ ਰਹੀ। ਉਹ ਪਹਾੜਾਂ ਵਿਚ ਬੈਠੇ ਨੇ ਤੇ ਰੋਜ਼ ਬੱਕਰੀਆਂ ਕੋਹ ਕੇ ਮਜ਼ੇ ਮਜ਼ੇ ਨਾਲ ਖਾਂਦੇ ਨੇ।

ਜੁਮੇਰਾਤ, 22 ਜਨਵਰੀ

ਮੈਂ ਘਰੇ ਬੈਠੀ ਬੋਰ ਹੋ ਰਹੀ ਆਂ। ਕਈ ਸਹੇਲੀਆਂ ਇਹ ਇਲਾਕਾ ਛੱਡ ਕੇ ਚਲੀਆਂ ਗਈਆਂ ਨੇ। ਅੱਜ ਕੱਲ ਇਥੇ ਹਾਲਾਤ ਫਿਰ ਬਹੁਤ ਖ਼ਰਾਬ ਨੇ। ਡਰ ਦੇ ਮਾਰੇ ਮੈਂ ਬਾਹਰ ਨਹੀਂ ਨਿਕਲ ਸਕਦੀ।

ਮੌਲਾਨਾ ਸ਼ਾਹ ਦੌਰਾਨ ਨੇ ਐਫ਼ ਐਮ ਚੈਨਲ 'ਤੇ ਅਪਣੀ ਤਕਰੀਰ ਕਰਦਿਆਂ ਫਿਰ ਧਮਕੀ ਦਿਤੀ ਹੈ ਕਿ ਕੁੜੀਆਂ ਘਰੋਂ ਨਾ ਨਿਕਲਣ। ਨਾਲੇ ਇਹ ਵੀ ਆਖਿਆ ਹੈ ਕਿ ਜੇ ਫ਼ੌਜ ਨੇ ਸਕੂਲਾਂ ਨੂੰ ਮੋਰਚਿਆਂ ਵਜੋਂ ਵਰਤਿਆ ਤਾਂ ਉਹ ਇਨ੍ਹਾਂ ਨੂੰ ਧਮਾਕਿਆਂ ਨਾਲ ਉਡਾ ਦੇਣਗੇ।

ਅਬੂ ਨੇ ਦੱਸਿਆ ਕਿ ਹਾਜੀ ਬਾਬਾ (ਇਲਾਕੇ ਦਾ ਨਾਂ) ਵਿਚ ਵੀ ਕੁੜੀਆਂ-ਮੁੰਡਿਆਂ ਦੇ ਸਕੂਲ ਵਿਚ ਫ਼ੌਜੀ ਆ ਗਏ ਨੇ। ਰੱਬ ਖ਼ੈਰ ਕਰੇ।

ਮੌਲਾਨਾ ਸ਼ਾਹ ਦੌਰਾਨ ਨੇ ਅਪਣੀ ਤਕਰੀਰ ਵਿੱਚ ਇਹ ਵੀ ਕਿਹਾ ਹੈ ਕਿ ਕੱਲ੍ਹ ਤਿੰਨ ਚੋਰਾਂ ਨੂੰ ਕੋੜੇ ਮਾਰੇ ਜਾਣਗੇ। ਜੋ ਵੀ ਤਮਾਸ਼ਾ ਵੇਖਣਾ ਚਾਹੁੰਦਾ ਹੈ ਉਹ ਪਹੁੰਚ ਜਾਵੇ।

ਮੈਂ ਹੈਰਾਨ ਆਂ ਕਿ ਸਾਡੇ ਨਾਲ ਇੰਨਾ ਜ਼ੁਲਮ ਹੋਇਆ ਹੈ ਤੇ ਲੋਕ ਤਮਾਸ਼ਾ ਵੇਖਣ ਜਾਂਦੇ ਨੇ।

ਫ਼ੌਜ ਵੀ ਕਿਉਂ ਤਾਲਿਬਾਨ ਨੂੰ ਇੰਜ ਕਰਨੋਂ ਨਹੀਂ ਹਟਕਦੀ। ਮੈਂ ਵੇਖਿਆ ਏ ਕਿ ਜਿਥੇ ਫ਼ੌਜ ਹੋਵੇਗੀ ਉਥੇ ਤਾਲਿਬਾਨ ਨਹੀਂ ਹੋਵੇਗਾ ਜਿਥੇ ਤਾਲਿਬਾਨ ਹੋਵੇ ਉਥੇ ਫ਼ੌਜ ਨਹੀਂ ਜਾਂਦੀ।

ਸ਼ਨਿਚਰ, 24 ਜਨਵਰੀ

ਸਾਡੇ ਸਾਲਾਨਾ ਇਮਤਿਹਾਨ ਛੁੱਟੀਆਂ ਮਗਰੋਂ ਸ਼ੁਰੂ ਹੋਣਗੇ। ਇਹ ਉਦੋਂ ਈ ਮੁਮਕਿਨ ਹੈ ਜਦੋਂ ਤਾਲਿਬਾਨ ਕੁੜੀਆਂ ਨੂੰ ਸਕੂਲ ਜਾਣ ਦੀ ਇਜਾਜ਼ਤ ਦੇਣ। ਮੇਰਾ ਦਿਲ ਪੜ੍ਹਨ ਨੂੰ ਨਹੀਂ ਕਰ ਰਿਹਾ। ਕੱਲ੍ਹ ਤੋਂ ਫ਼ੌਜ ਨੇ ਵੀ ਮੈਂਗੋਰਾ (ਇਕ ਇਲਾਕੇ ਦਾ ਨਾਂ) ਦੇ ਤਾਲੀਮੀ ਅਦਾਰਿਆਂ ਦੀ ਰੱਖਿਆ ਸੰਭਾਲ ਲਈ ਏ। ਜਦੋਂ ਦਰਜਨਾਂ ਸਕੂਲ ਤਬਾਹ ਹੋ ਗਏ ਨੇ ਤੇ ਕਈ ਬੰਦ ਹੋਏ ਨੇ ਹੁਣ ਜਾ ਕੇ ਫ਼ੌਜ ਨੂੰ ਵੀ ਖ਼ਿਆਲ ਆਇਆ ਏ। ਜੇ ਉਹ ਠੀਕ ਅਪਰੇਸ਼ਨ ਕਰਦੇ ਤਾਂ ਗੱਲ ਏਥੇ ਤੀਕ ਨਹੀਂ ਸੀ ਵਧਣੀ।

ਮੁਸਲਿਮ ਖ਼ਾਨ (ਤਾਲਿਬਾਨ ਲੀਡਰ) ਨੇ ਆਖਿਆ ਕਿ ਉਹ ਹੁਣ ਉਨ੍ਹਾਂ ਸਕੂਲਾਂ 'ਤੇ ਹਮਲੇ ਕਰਨਗੇ ਜਿਥੇ ਫ਼ੌਜ ਨੇ ਡੇਰੇ ਲਾਏ ਨੇ। ਹੁਣ ਅਸੀਂ ਉਨ੍ਹਾਂ ਸਕੂਲਾਂ ਤੋਂ ਹੋਰ ਤ੍ਰਹਣ ਲੱਗ ਪਏ ਆਂ ਜਿਨ੍ਹਾਂ ਵਿਚ ਫ਼ੌਜੀਆਂ ਡੇਰੇ ਲਾਏ ਨੇ।

ਸੋਮਵਾਰ , 26 ਜਨਵਰੀ

ਅੱਜ ਸਾਝਰੇ ਤੋਪਾਂ ਦੇ ਗੋਲਿਆਂ ਦੀ 'ਵਾਜ ਸੁਣੀ ਤੇ ਮੈਂ ਨੀਂਦ ਤੋਂ ਜਾਗ ਪਈ। ਬੜੀ ਗੋਲਾ ਬਾਰੀ ਹੋਈ ਏ। ਪਹਿਲਾਂ ਅਸੀਂ ਹੈਲੀਕਾਪਟਰਾਂ ਦੇ ਸ਼ੋਰ ਤੋਂ ਡਰਦੇ ਸਾਂ; ਅੱਜ ਕੱਲ ਤੋਪਾਂ ਦੇ ਗੋਲਿਆਂ ਤੋਂ ਡਰ ਰਹੇ ਆਂ। ਮੈਨੂੰ ਯਾਦ ਹੈ ਜਦੋਂ ਫ਼ੌਜੀ ਅਪਰੇਸ਼ਨ ਸ਼ੁਰੂ ਹੋਇਆ ਤੇ ਪਹਿਲੇ ਹੈਲੀਕਾਪਟਰ ਦੀ 'ਵਾਜ ਸੁਣ ਕੇ ਅਸੀਂ ਖ਼ੌਫ਼ ਦੇ ਮਾਰੇ ਅੰਦਰੀਂ ਲੁਕ ਗਏ ਸਾਂ। ਮੇਰੇ ਨਾਲ ਦੇ ਸਾਰੇ ਬਾਲਾਂ ਦੀ ਇਹੋ ਹਾਲਤ ਸੀ।

ਪਹਿਲੇ ਪਹਿਲ ਹੈਲੀਕਾਪਟਰਾਂ ਤੋਂ ਬਾਲਾਂ ਲਈ ਟਾਫ਼ੀਆਂ ਸੁੱਟੀਆਂ ਜਾਂਦੀਆਂ ਸਨ। ਬਾਲ ਹੈਲੀਕਾਪਟਰਾਂ ਦੀ 'ਵਾਜ ਸੁਣ ਕੇ ਬਾਹਰ ਨਿਕਲ ਕੇ ਟਾਫ਼ੀਆਂ ਸੁੱਟੇ ਜਾਣ ਨੂੰ ਉਡੀਕਦੇ ਰਹਿੰਦੇ ਮਗਰ ਹੁਣ ਇੰਝ ਦਾ ਸਿਲਸਿਲਾ ਵੀ ਮੁੱਕ ਗਿਆ।

ਅੱਬੂ ਨੇ ਥੋੜ੍ਹੀ ਦੇਰ ਪਹਿਲਾਂ ਦੱਸਿਆ ਹੈ ਕਿ ਉਹ ਸਾਰੇ ਟੱਬਰ ਨੂੰ ਇਸਲਾਮਾਬਾਦ ਲੈ ਕੇ ਜਾ ਰਹੇ ਨੇ। ਸਾਰੇ ਭੈਣ ਭਰਾ ਇਸਲਾਮਾਬਾਦ ਜਾਣ 'ਤੇ ਖ਼ੁਸ਼ ਨੇ।

ਵਾਲਿਦ ਸਾਹਿਬ ਨੇ ਵਾਅਦਾ ਪੂਰਾ ਕੀਤਾ ਅਸੀਂ ਕੱਲ੍ਹ ਈ ਇਸਲਾਮਾਬਾਦ ਆ ਗਏ। ਸਾਰੇ ਰਾਹ ਡਰ ਲਗਦਾ ਰਿਹਾ ਕਿਉਂ ਜੋ ਮੈਂ ਸੁਣਿਆ ਸੀ ਕਿ ਰਸਤੇ ਵਿਚ ਤਾਲਿਬਾਨ ਤਲਾਸ਼ੀ ਲੈਂਦੇ ਨੇ। ਮਗਰ ਸਾਡੇ ਨਾਲ ਇੰਝ ਨਹੀਂ ਹੋਇਆ। ਸਗੋਂ ਫ਼ੌਜ ਨੇ ਸਾਡੀ ਤਲਾਸ਼ੀ ਲਈ। ਜਦੋਂ ਸਵਾਤ ਦਾ ਇਲਾਕਾ ਖ਼ਤਮ ਹੋਇਆ ਤੇ ਸਾਡਾ ਖ਼ੌਫ਼ ਵੀ ਖ਼ਤਮ ਹੋਇਆ।

ਅਸੀਂ ਇਸਲਾਮਾਬਾਦ ਲੋਕ ਵਿਰਸਾ ਦੇ ਮਿਊਜ਼ੀਅਮ ਵਿਚ ਵੀ ਗਏ। ਮੈਨੂੰ ਇੱਕ ਦਮ ਅਪਣੇ ਸਵਾਤ ਦਾ ਮਿਊਜ਼ੀਅਮ ਯਾਦ ਆ ਗਿਆ; ਖ਼ੌਰੇ ਬਾਕੀ ਰਿਹਾ ਹੋਣਾ ਕਿ ਨਹੀਂ। ਫਿਰ ਅੱਬੂ ਨੇ ਪਾਪ ਕੌਰਨ ਲੈ ਕੇ ਸਾਨੂੰ ਦਿਤੇ। ਪਾਪ ਕੌਰਨ ਵੇਚਣ ਵਾਲਾ ਬਜ਼ੁਰਗ ਪਠਾਣ ਲੱਗ ਰਿਹਾ ਸੀ। ਅੱਬੂ ਹੋਰਾਂ ਪਸ਼ਤੋ ਵਿਚ ਪੁੱਛਿਆ ਕੀ ਤੁਸੀਂ ਇਸਲਾਮਾਬਾਦ ਦੇ ਹੋ?

ਉਸ ਨੇ ਜਵਾਬ ਦਿਤਾ- ''ਇਸਲਾਮਆ..ਬਾਦ... ਕਦੀ ਪਸ਼ਤੂਨਾਂ ਦਾ ਹੋ ਸਕਦਾ ਹੈ?''

ਉਸ ਦੱਸਿਆ ਕਿ ਉਹ ਮੁਹੰਮਦ ਏਜੰਸੀ ਤੋਂ ਹੈ, ਤਾਲਿਬਾਨ ਲਈ ਹੋ ਰਹੇ ਫ਼ੌਜੀ ਅਪਰੇਸ਼ਨ ਦੀ ਵਜ੍ਹਾ ਨਾਲ ਘਰ ਬਾਰ ਛੱਡ ਕੇ ਆ ਗਿਆ ਹੈ।

ਮੈਂ ਵੇਖਿਆ ਇਹ ਸੁਣ ਕੇ ਮੇਰੇ ਮਾਪਿਆਂ ਦੀਆਂ ਅੱਖਾਂ ਭਰ ਆਈਆਂ ਸਨ।

ਜੁਮਾ, 31 ਜਨਵਰੀ

ਸਵਾਤ ਦੇ ਇਨ੍ਹਾਂ ਹਾਲਤਾਂ ਤੋਂ ਸਾਨੂੰ ਬਾਲਾਂ ਨੂੰ ਸਿਰਫ਼ ਇਕ ਫ਼ਾਇਦਾ ਜ਼ਰੂਰ ਹੋਇਆ ਕਿ ਅਸੀਂ ਬੜੇ ਸ਼ਹਿਰ ਫਿਰੇ।

ਮੇਰਾ ਛੋਟਾ ਭਰਾ ਜਿਹੜਾ ਪੰਜ ਸਾਲ ਦਾ ਹੈ, ਸਾਡੇ ਕਿਸੇ ਰਿਸ਼ਤੇਦਾਰ ਦੇ ਘਰ ਦੇ ਵੇਹੜੇ ਵਿਚ ਖੇਡ ਰਿਹਾ ਸੀ। ਅੱਬਾ ਜੀ ਹੋਰਾਂ ਪੁੱਛਿਆ ਕੀ ਕਰ ਰਿਹਾ ਏਂ। ਕਹਿਣ ਲੱਗਾ-''ਮਿੱਟੀ ਦੀ ਕਬਰ ਬਣਾ ਰਿਹਾ ਵਾਂ''।

ਰਸਤੇ ਵਿਚ ਵੈਗਨ ਵਾਲਾ ਬੇ ਵਜ੍ਹਾ ਤੇਜ਼ ਹੌਰਨ ਵਜਾ ਰਿਹਾ ਸੀ। ਮੇਰਾ ਭਰਾ ਜਿਹੜਾ ਦਸ ਸਾਲਾਂ ਦਾ ਹੈ ਘੜੀ ਮੁੜੀ ਨੀਂਦੋਂ ਜਾਗ ਪੈਂਦਾ ਸੀ ਤੇ ਪੁੱਛਣ ਲਗਦਾ ਸੀ-'' ਅੰਮੀ ਕੀ ਧਮਾਕਾ ਹੋਇਆ ਏ?''

ਰਾਤ ਨੂੰ ਅਸੀਂ ਬਨੂੰ ਸ਼ਹਿਰ ਪਹੁੰਚੇ। ਅੱਬੂ ਦੇ ਦੋਸਤ ਪਸ਼ਤੂਨ ਨੇ ਮਗਰ ਉਨ੍ਹਾਂ ਦਾ ਪਸ਼ਤੂਨ (ਬਨੋਸੀ ਲਹਿਜਾ) ਹੈ ਜਿਹੜਾ ਸਾਨੂੰ ਸਮਝ ਨਹੀਂ ਆਂਦਾ। ਇਥੇ ਬਗ਼ੈਰ ਬੁਰਕਿਆਂ ਤੋਂ ਬਾਹਰ ਨਹੀਂ ਜਾਇਆ ਜਾ ਸਕਦਾ ਸੀ। ਅੰਮੀ ਨੇ ਤੇ ਬੁਰਕਾ ਪਾ ਲਿਆ ਮਗਰ ਮੈਂ ਇਨਕਾਰ ਕਰ ਦਿਤਾ ਕਿ ਮੈਂ ਨਹੀਂ ਪਾਣਾ। ਕਿਉਂ ਜੇ ਮੈਂ ਇਹ ਪਾ ਕੇ ਤੁਰ ਨਹੀਂ ਸਕਦੀ। ਇਥੇ ਫਿਰ ਵੀ ਅਮਨ ਹੈ। ਤਾਲਿਬਾਨ ਨੇ ਧਮਕੀ ਤੇ ਇਥੇ ਵੀ ਦਿਤੀ ਹੋਈ ਹੈ ਮਗਰ ਸਕੂਲ ਬੰਦ ਨਹੀਂ ਹੋਏ। ਅੱਤ ਸਾਡੇ ਵੱਲ ਚੁੱਕਿਆ ਗਿਆ ਹੈ।

ਸਨਿਚਰ, 1 ਫ਼ਰਵਰੀ

ਬਨੂੰ ਤੋਂ ਪਿਸ਼ਾਵਰ ਆਂਦਿਆਂ ਮੈਨੂੰ ਮੇਰੀ ਸਹੇਲੀ ਦਾ ਫ਼ੋਨ ਆਇਆ ਕਿ ਤੁਸੀਂ ਸਵਾਤ ਨਾ ਆਣਾ। ਉਹ ਬਹੁਤ ਡਰੀ ਹੋਈ ਸੀ। ਉਹ ਦੱਸ ਰਹੀ ਸੀ ਕਿ ਫ਼ੌਜੀ ਕਾਰਵਾਈ ਤੇਜ਼ ਹੋ ਗਈ ਹੈ ਤੇ ਮਾਰਟਰ ਗੋਲਿਆਂ ਨਾਲ ਅੱਜ ਈ 37 ਲੋਕ ਮਾਰੇ ਗਏ ਨੇ।

ਸ਼ਾਮੀਂ ਪਿਸ਼ਾਵਰ ਅਸੀਂ ਕਿਸੇ ਦੇ ਘਰ ਪੁੱਜੇ। ਟੀ.ਵੀ 'ਤੇ ਮੈਂ ਵੇਖਿਆ ਕਿ ਸਵਾਤ ਦੇ ਹਾਲਾਤ ਦਾ ਹੀ ਦੱਸਿਆ ਜਾ ਰਿਹਾ ਸੀ। ਸੋਚਦੀ ਹਾਂ ਕਦੇ ਲੋਕ ਤੁਰਨ ਫਿਰਨ ਲਈ ਇਸ ਇਲਾਕੇ ਵਿਚ ਆਂਦੇ ਸਨ ਤੇ ਅੱਜ ਹਾਲਤ ਇਹ ਵੇ ਕਿ ਇਥੋਂ ਦੇ ਵਾਸੀ ਹੀ ਹਿਜਰਤ ਕਰ ਰਹੇ ਨੇ। ਜਦ ਦੂਜਾ ਚੈਨਲ ਲਾਇਆ ਤੇ ਇਕ ਜਨਾਨੀ ਕਹਿ ਰਹੀ ਸੀ- ''ਹਮ ਸ਼ਹੀਦ ਬੇਨਜ਼ੀਰ ਭੁੱਟੋ ਕੇ ਖ਼ੂਨ ਕਾ ਹਿਸਾਬ ਲੇਂਗੇ'' ਮੈਂ ਅਪਣੇ ਅਬੂ ਤੋਂ ਪੁੱਛਿਆ ਕਿ ਸਾਡੇ ਸੈਂਕੜਿਆਂ ਸਵਾਤੀਆਂ ਦੇ ਖ਼ੂਨ ਦਾ ਹਿਸਾਬ ਕੌਣ ਲਵੇਗਾ?

ਸੋਮਵਾਰ, 3 ਫ਼ਰਵਰੀ

ਅੱਜ ਸਕੂਲ ਖੁੱਲ੍ਹਣੇ ਦਾ ਦਿਨ ਸੀ। ਸਵੇਰੇ ਉਠਦਿਆਂ ਈ ਜਦੋਂ ਸਕੂਲ ਬੰਦ ਹੋਣ ਦਾ ਖ਼ਿਆਲ ਆਇਆ ਤੇ ਦਿਲ ਬੁਰਾ ਹੋ ਗਿਆ। ਪਹਿਲਾਂ ਜਦੋਂ ਵੀ ਸਕੂਲ ਛੁੱਟੀਆਂ ਤੋਂ ਫ਼ੌਰਨ ਬਾਅਦ ਖੁੱਲ੍ਹਦੇ ਸਨ ਤਾਂ ਜਾਣ ਨੂੰ ਜੀਅ ਨਹੀਂ ਸੀ ਕਰਦਾ। ਇਸ ਵਾਰ ਇੰਝ ਨਹੀਂ ਹੋਇਆ ਕਿਉਂ ਜੋ ਮੈਨੂੰ ਡਰ ਲੱਗਾ ਸੀ ਕਿ ਸਕੂਲ ਤਾਲਿਬਾਨ ਦੇ ਹੁਕਮ ਤੇ ਹਮੇਸ਼ਾ ਲਈ ਬੰਦ ਨਾ ਹੋ ਜਾਣ।

ਅੱਬੂ ਨੇ ਦੱਸਿਆ ਕਿ ਮੁੰਡਿਆਂ ਦੇ ਸਕੂਲਾਂ ਦੇ ਬਾਹਰ ਸਕੂਲ ਖੁੱਲ੍ਹਣ ਦੇ ਨੋਟਿਸ ਲੱਗ ਗਏ ਨੇ ਮਗਰ ਕੁੜੀਆਂ ਦੇ ਸਕੂਲਾਂ ਦੇ ਬਾਹਰ ਕੋਈ ਨੋਟਿਸ ਨਹੀਂ। ਇਸ ਦਾ ਮਤਲਬ ਕੁੜੀਆਂ ਦੇ ਸਕੂਲ ਹੁਣ ਨਹੀਂ ਖੁੱਲ੍ਹਣਗੇ।

ਐਤਵਾਰ, 8 ਫ਼ਰਵਰੀ।

ਮੈਂ ਜਦੋਂ ਅਪਣੀ ਅਲਮਾਰੀ ਖੋਲ੍ਹੀ ਤੇ ਉਥੇ ਪਏ ਯੂਨੀਫ਼ਾਰਮ, ਬਸਤੇ ਤੇ ਜੁਮੈਟਰੀ ਨੂੰ ਵੇਖ ਕੇ ਮੈਨੂੰ ਬਹੁਤ ਦੁਖ ਹੋਇਆ। ਕੱਲ੍ਹ ਸਾਰੇ ਪ੍ਰਾਈਵੇਟ ਸਕੂਲਾਂ ਦੇ ਮੁੰਡਿਆਂ ਵਾਲੇ ਸੈਕਸ਼ਨ ਖੁੱਲ੍ਹ ਰਹੇ ਨੇ। ਅਸੀਂ ਕੁੜੀਆਂ ਦੀ ਤਾਲੀਮ 'ਤੇ ਤਾਂ ਤਾਲਿਬਾਨ ਨੇ ਪਾਬੰਦੀ ਲਾਈ ਹੋਈ ਏ।

ਜੁਮੈਟਰੀ ਖੋਲ੍ਹ ਕੇ ਤੱਕੀ ਤਾਂ ਉਸ ਵਿਚ ਦੇਰ ਨਾਲ ਆਣ ਵਾਲੀਆਂ ਕੁੜੀਆਂ ਤੋਂ ਲਏ ਜੁਰਮਾਨੇ ਵਜੋਂ ਪੈਸੇ ਪਏ ਸਨ। ਇਹ ਜੁਰਮਾਨੇ ਲੈਣ ਦੀ ਡਿਊਟੀ ਮੇਰੀ ਸੀ। ਮੈਨੂੰ ਸਕੂਲ ਦੀਆਂ ਬੜੀਆਂ ਗੱਲਾਂ ਯਾਦ ਆਈਆਂ ਖ਼ਾਸ ਕਰ ਕੁੜੀਆਂ ਦੇ ਆਪਸੀ ਝਗੜੇ।

ਮੇਰੇ ਨਿੱਕੇ ਭਰਾ ਦਾ ਸਕੂਲ ਵੀ ਕੱਲ੍ਹ ਤੋਂ ਖੁੱਲ੍ਹ ਰਿਹਾ ਏ ਮਗਰ ਉਸ ਨੇ ਕੋਈ ਛੁੱਟੀਆਂ ਦਾ ਕੰਮ ਨਹੀਂ ਕੀਤਾ। ਉਹ ਬਹੁਤ ਪ੍ਰੇਸ਼ਾਨ ਹੈ ਤੇ ਸਕੂਲੇ ਜਾਣਾ ਨਹੀਂ ਚਾਹੁੰਦਾ। ਅੰਮੀ ਨੇ ਦੱਸਿਆ ਕਿ ਹੋ ਸਕਦਾ ਹੈ ਕੱਲ੍ਹ ਕਰਫਿਊ ਲੱਗ ਜਾਵੇ। ਇਹ ਸੁਣ ਕੇ ਮੇਰਾ ਭਰਾ ਖ਼ੁਸ਼ੀ ਨਾਲ ਨੱਚਣ ਲੱਗ ਪਿਆ।

ਮੰਗਲ, 10 ਫ਼ਰਵਰੀ

ਮੁੰਡਿਆਂ ਦੇ ਸਕੂਲ ਖੁੱਲ੍ਹ ਗਏ ਨੇ। ਤਾਲਿਬਾਨ ਨੇ ਕੁੜੀਆਂ ਨੂੰ ਪੰਜਵੀਂ ਤੀਕਰ ਤਾਲੀਮ ਦੀ ਇਜਾਜ਼ਤ ਦੇ ਦਿੱਤੀ ਹੈ। ਕੁੜੀਆਂ ਨੇ ਪ੍ਰਾਇਮਰੀ ਸਕੂਲ ਜਾਣਾ ਸ਼ੁਰੂ ਕਰ ਦਿੱਤਾ ਹੈ। ਸਾਡੇ ਘਰ ਕੰਮ ਕਰਦੀ ਅਟਕ ਸ਼ਹਿਰ ਦੀ ਇਕ ਜਨਾਨੀ ਨੇ ਇਕ ਟੱਪਾ ਸੁਣਾਇਆ ਜੋ ਮੈਂ ਲਿਖ ਲਿਆ।

ਆਲਮ ਯੇ ਚਾਰ ਲਾ ਮੁੱਲਕਾ ਨਾ ਜ਼ੀ
ਯਾ ਡੇਰ ਗਰੀਬ ਸ਼ੀ ਯਾ ਦਿਆਰ ਲਾ ਗਮਾ ਜ਼ੀ ਨਾ

ਮਤਲਬ ਲੋਕ ਕਦੇ ਅਪਣੀ ਮਰਜ਼ੀ ਨਾਲ ਅਪਣੇ ਵਤਨ ਨਹੀਂ ਛੱਡਦੇ, ਯਾ ਤੇ ਬਹੁਤੀ ਗੁਰਬਤ ਦੇਸ ਛੁਡਾਉਂਦੀ ਹੈ ਯਾ ਯਾਰ ਪਿੱਛੇ ਘਰ ਛੱਡ ਹੁੰਦੇ ਨੇ।

ਬੁੱਧ 11, ਫ਼ਰਵਰੀ।

ਅਜ ਵੀ ਸਾਰਾ ਦਿਨ ਖ਼ੌਫ਼ ਵਿਚ ਗੁਜ਼ਰਿਆ। ਬੋਰੀਅਤ ਵੀ ਬੜੀ ਸੀ। ਤੇ ਵੇਖਣ ਨੂੰ ਟੀ ਵੀ ਨਹੀਂ ਰਿਹਾ। ਜਦੋਂ ਸਾਡਾ ਸਾਰਾ ਟੱਬਰ ਫਿਰਨ ਤੁਰਨ ਸਵਾਤ ਤੋਂ ਬਾਹਰ ਗਿਆ ਸੀ, ਸਾਡਾ ਬੜਾ ਸਾਮਾਨ ਚੋਰੀ ਹੋ ਗਿਆ, ਉਨ੍ਹਾਂ ਵਿਚ ਟੀ. ਵੀ ਵੀ ਸੀ। ਜਦੋਂ ਦੇ ਹਾਲਾਤ ਖ਼ਰਾਬ ਹੋਏ ਨੇ ਚੋਰੀ ਚਕਾਰੀ ਵੀ ਦੂਣੀ ਹੋ ਗਈ ਏ। ਸ਼ੁਕਰ ਏ ਸਾਡੇ ਘਰੇ ਨਾ ਰਕਮਾਂ ਸਨ ਨਾ ਸੋਨਾ। ਮੇਰਾ ਬਰੇਸਲੇਟ ਤੇ ਪਾਇਲ ਵੀ ਗ਼ਾਇਬ ਸੀ; ਉਹ ਸੋਨੇ ਦੇ ਭੁਲੇਖੇ ਲੈ ਗਏ ਨੇ।

ਪਿਛਲੀ ਰਾਤ ਮੌਲਾਨਾ ਫ਼ਜ਼ਲ ਉਲ੍ਹਾ ਨੇ ਐਫ਼ ਐਮ ਚੈਨਲ 'ਤੇ ਅਪਣੀ ਤਕਰੀਰ ਵਿਚ ਆਖਿਆ ਹੈ ਕਿ ਪਿਛਲੇ ਦਿਹਾੜੇ ਮੈਂਗੋਰਾ ਵਿਚ ਜਿਹੜਾ ਫਿਦਾਈਨ ਹਮਲਾ ਹੋਇਆ ਹੈ, ਪੁਲਿਸ ਉਸ ਨੂੰ ਪ੍ਰੈਸ਼ਰ ਕੁੱਕਰ ਦਾ ਧਮਾਕਾ ਸਮਝੇ। ਇਸ ਤੋਂ ਬਾਅਦ ਅਸਾਂ ਦੇਗ ਪਾੜਨੀ ਹੈ, ਫਿਰ ਟੈਂਕਰ ਦਾ ਧਮਾਕਾ

ਹੋਵੇਗਾ।

ਅੱਜ ਕੱਲ੍ਹ ਸਾਡੀ ਘਰੋਗੀ ਬੋਲ ਚਾਲ ਵਿਚ ਵੀ ਇਨ੍ਹਾਂ ਲਫ਼ਜ਼ਾਂ ਦੀ ਵਰਤੋਂ ਵੱਧ ਗਈ ਹੈ। ਫ਼ੌਜੀ, ਤਾਲਿਬਾਨ, ਰਾਕਟ, ਗੋਲਾਬਾਰੀ, ਸ਼ੇਲਿੰਗ, ਮੌਲਾਨਾ ਫ਼ਜ਼ਲ ਉਲ੍ਹਾ, ਮੁਸਲਿਮ ਖ਼ਾਨ, ਪੁਲਿਸ, ਹੈਲੀਕਾਪਟਰ, ਹਲਾਕ, ਜ਼ਖ਼ਮੀ। ਇਹ ਉਹ ਲਫ਼ਜ਼ ਨੇ ਜਿਹੜੇ ਦਿਨ ਵਿਚ ਕਈ ਕਈ ਵਾਰ ਅਸੀਂ ਬੋਲਦੇ ਰਹਿਨੇ ਆਂ। ਯਾ ਇਨ੍ਹਾਂ ਬਾਰੇ ਗੱਲਾਂ ਹੁੰਦਿਆਂ ਨੇ।

ਜੁਮੇਰਾਤ, 12 ਫ਼ਰਵਰੀ

ਕੱਲ੍ਹ ਸਾਰੀ ਰਾਤ ਬੜੀ ਗੋਲਾਬਾਰੀ ਹੁੰਦੀ ਰਹੀ। ਏਨੀ ਸ਼ਦੀਦ 'ਵਾਜ ਹੁੰਦਿਆਂ ਵੀ ਮੇਰੇ ਨਿੱਕੇ ਭਰਾ ਸੁੱਤੇ ਰਹੇ ਪਰ ਮੈਨੂੰ ਨੀਂਦਰ ਨਾ ਪਈ। ਮੈਂ ਕਦੇ ਬਾਪ ਦੇ ਕੋਲ ਟੁਰ ਜਾਂਦੀ ਕਦੇ ਮਾਂ ਨਾਲ ਲੰਮਿਆਂ ਪੈ ਜਾਂਦੀ। ਪਰ ਫਿਰ ਕਿਸੇ ਧਮਾਕੇ ਨਾਲ ਮੇਰੀ ਅੱਖ ਖੁੱਲ੍ਹ ਜਾਂਦੀ।

ਇਸੇ ਲਈ ਸੁਬ੍ਹਾ ਦੇਰ ਹੋ ਗਈ। ਦੁਪਹਿਰੇ ਟਵੀਸ਼ਨ 'ਤੇ ਸ਼ਾਮੀ ਕਾਰੀ ਸਾਹਿਬ ਤੋਂ ਸਬਕ ਪੜ੍ਹਿਆ। ਸਾਰਾ ਦਿਹਾੜਾ ਭਰਾਵਾਂ ਨਾਲ ਲੜਦਿਆਂ ਤੇ ਫਿਰ ਸੁਲਹ ਕਰਦਿਆਂ ਲੰਘਿਆ।

ਜਦੋਂ ਤਕ ਤਾਲਿਬਾਨ ਨੇ ਕੇਬਲ 'ਤੇ ਪਾਬੰਦੀ ਨਹੀਂ ਸੀ ਲਗਾਈ ਮੈਂ ਉਸ ਵੇਲੇ ਸਟਾਰ ਪਲੱਸ ਦੇ ਡਰਾਮੇ ਵੇਖਿਆ ਕਰਦੀ ਸਾਂ। ਉਸ ਜ਼ਮਾਨੇ ਵਿਚ– 'ਰਾਜਾ ਕੀ ਆਏਗੀ ਬਾਰਾਤ' ਮੈਨੂੰ ਬੜਾ ਪਸੰਦ ਸੀ। ਮੈਨੂੰ ਕਾਮੇਡੀ ਬੜੀ ਪਸੰਦ ਏ। ਪਾਕਿਸਤਾਨੀ ਚੈਨਲ 'ਜੀਓ' ਦਾ ਪ੍ਰੋਗਰਾਮ 'ਹਮ ਸਬ ਉਮੀਦ ਸੇ ਹੈਂ' ਨੂੰ ਵੀ ਮੈਂ ਬੜੇ ਸ਼ੌਕ ਨਾਲ ਤੱਕਨੀ ਆਂ।

ਅੱਜ ਜੁਮੇਰਾਤ ਹੈ ਮਤਲਬ ਜੁਮਾ ਦੀ ਰਾਤ। ਅੱਜ ਮੈਨੂੰ ਬਹੁਤ ਡਰ ਪਿਆ ਲਗਦਾ ਏ। ਲੋਕੀਂ ਆਂਹਦੇ ਨੇ ਕਿ ਅਕਸਰ ਇਸ ਰਾਤ ਵਿਚ ਫਿਦਾਈਨ ਹਮਲੇ ਬਹੁਤੇ ਹੁੰਦੇ ਨੇ। ਲੋਕ ਕਹਿੰਦੇ ਨੇ ਕਿ ਮਰਨ ਵਾਲਾ ਇਹ ਸਮਝਦਾ ਹੈ ਕਿ ਇਸਲਾਮੀ ਤੌਰ 'ਤੇ ਉਹ ਇਕ ਪਵਿੱਤਰ ਦਿਨ ਹੈ, ਉਸ ਦਿਨ ਹਮਲਾ ਕਰਨ ਨਾਲ ਉਸ ਨੂੰ ਸਵਾਬ ਜ਼ਿਆਦਾ ਮਿਲੇਗਾ।

ਜੁਮਾ, 13 ਫ਼ਰਵਰੀ।

ਅੱਜ ਮੌਸਮ ਬੜਾ ਚੰਗਾ ਏ। ਜਦੋਂ ਵੀ ਬਾਰਿਸ਼ ਬਹੁਤੀ ਹੋਵੇ ਮੇਰਾ ਸਵਾਤ ਬਹੁਤ ਸੋਹਣਾ ਲਗਦਾ ਏ। ਮਗਰ ਜਿਵੇਂ ਸਵੇਰੇ ਉੱਠੇ ਹਾਂ, ਅੰਮੀ ਦੱਸਿਆ ਹੈ ਕਿ ਅੱਜ ਕਿਸੇ ਨੇ ਰਿਕਸ਼ਾ ਡਰਾਈਵਰ ਤੇ ਬੁੱਢੇ ਚੌਕੀਦਾਰ ਨੂੰ ਕਤਲ ਕਰ ਦਿੱਤਾ ਏ। ਇਥੇ ਜ਼ਿੰਦਗੀ ਬਦ ਤੋਂ ਬਦਤਰ ਹੁੰਦੀ ਜਾ ਰਹੀ ਏ।

ਨੇੜੇ ਤੇੜੇ ਦੇ ਹਜ਼ਾਰਾਂ ਲੋਕ ਇਸ ਸ਼ਹਿਰ ਨੂੰ ਛੱਡ ਕੇ ਜਾ ਰਹੇ ਨੇ। ਜਿਹੜੇ ਤੇ ਅਮੀਰ ਨੇ ਉਹ ਵੱਡੇ ਸ਼ਹਿਰਾਂ ਵਿਚ ਪਨਾਹ ਲੈ ਰਹੇ ਨੇ ਤੇ ਮਾੜੇ ਵਿਚਾਰੇ ਕਿਧਰੇ ਜਾ ਨਹੀਂ ਸਕਦੇ।

ਰਾਤੀਂ ਐਫ਼ ਐਮ ਸਟੇਸ਼ਨ ਉੱਤੇ ਮੌਲਾਨਾ ਫ਼ਜ਼ਲ ਉਲ੍ਹਾ ਨੇ ਤਕਰੀਰ ਕੀਤੀ। ਉਹ ਦੇਰ ਤਕ ਰੋਂਦਾ ਰਿਹਾ। ਉਹ ਅਪਰੇਸ਼ਨ ਦੇ ਬੰਦ ਹੋਣ ਦਾ ਮੁਤਾਲਬਾ ਕਰਦਾ ਰਿਹਾ। ਉਹਨੇ ਲੋਕਾਂ ਨੂੰ ਆਖਿਆ ਕਿ ਉਹ ਇਸ ਸ਼ਹਿਰ ਤੋਂ ਨਾ ਜਾਣ, ਵਾਪਸ ਘਰਾਂ ਨੂੰ ਆ ਜਾਣ।

ਅਤੋਰਾ, 15 ਫ਼ਰਵਰੀ

ਅੱਜ ਸਾਡੇ ਘਰ ਪਰਾਹੁਣੇ ਢੁੱਕੇ ਨੇ। ਦੁਪਹਿਰ ਦੀ ਰੋਟੀ ਵੇਲੇ ਬਾਹਰ ਬੜੀ ਫ਼ਾਇਰਿੰਗ ਹੋਈ। ਏਨੀ ਫ਼ਾਇਰਿੰਗ ਮੈਂ ਪਹਿਲਾਂ ਕਦੇ ਨਹੀਂ ਸੁਣੀ। ਅਸੀਂ ਸਾਰੇ ਡਰ ਗਏ। ਸੋਚਿਆ ਖ਼ੌਰੇ ਤਾਲਿਬਾਨ ਆ ਗਏ ਨੇ। ਮੈਂ ਨੱਸ ਕੇ ਅੱਬਾ ਜੀ ਹੋਰਾਂ ਕੋਲ ਗਈ। ਉਨ੍ਹਾਂ ਨੇ ਆਖਿਆ ਪੁੱਤਰ ਡਰ ਨਾ ਇਹ ਅਮਨ ਦੀ ਫ਼ਾਇਰਿੰਗ ਏ। ਉਹਨਾਂ ਦੱਸਿਆ ਕਿ ਸਰਕਾਰ ਤੇ ਤਾਲਿਬਾਨ ਵਿਚ ਅਮਨ ਮੁਆਹਿਦਾ ਹੋ ਰਿਹਾ ਏ; ਇਸ ਲਈ ਲੋਕ ਖ਼ੁਸ਼ੀ ਵਿਚ ਫ਼ਾਇਰਿੰਗ ਕਰ ਰਹੇ ਨੇ। ਮਗਰ ਰਾਤ ਨੂੰ ਜਦੋਂ ਤਾਲਿਬਾਨ ਨੇ ਐਫ਼ ਐਮ 'ਤੇ ਅਮਨ ਮੁਆਹਿਦੇ ਹੋਣ ਦਾ ਐਲਾਨ ਕੀਤਾ ਤਾਂ ਦੁਪਹਿਰ ਤੋਂ ਵੀ ਜ਼ਿਆਦਾ ਜ਼ਬਰਦਸਤ ਫ਼ਾਇਰਿੰਗ ਹੋਈ। ਲੋਕੀ ਸਰਕਾਰ ਤੋਂ ਬਹੁਤਾ ਤਾਲਿਬਾਨ ਦੇ ਐਲਾਨ 'ਤੇ ਜ਼ਿਆਦਾ ਯਕੀਨ ਰੱਖਦੇ ਨੇ। ਜਦੋਂ ਅਸੀਂ ਸਾਰਿਆਂ ਐਲਾਨ ਸੁਣਿਆ ਤੇ ਸਭ ਤੋਂ ਪਹਿਲਾਂ ਵਾਲਿਦ ਸਾਹਿਬ ਰੋਣ ਲੱਗੇ ਫਿਰ ਮਾਂ ਦੇ ਵੀ ਅੱਥਰੂ ਡਿੱਗੇ ਤੇ ਫਿਰ ਮੈਂ ਤੇ ਮੇਰੇ ਭਰਾ ਵੀ ਸਾਰੇ ਇਸ ਮੌਕੇ 'ਤੇ ਰੋਣ ਲੱਗੇ।

ਸੋਮਵਾਰ, 16 ਫ਼ਰਵਰੀ

ਅੱਜ ਸਵੇਰੇ ਉੱਠਦਿਆਂ ਹੀ ਮੈਂ ਬਹੁਤ ਖ਼ੁਸ਼ ਸਾਂ। ਸਰਕਾਰ ਤੇ ਤਾਲਿਬਾਨ ਵਿਚਾਲੇ ਅਮਨ ਮੁਆਹਿਦਾ ਜੋ ਹੋ ਰਿਹਾ ਸੀ। ਹੈਲੀਕਾਪਟਰ ਦੀ ਪਰਵਾਜ਼ ਵੀ ਕਾਫ਼ੀ ਥੱਲੇ ਸੀ। ਮੇਰੇ ਇਕ ਕਜ਼ਨ ਨੇ ਕਿਹਾ ਕਿ ਜਿਉਂ ਜਿਉਂ ਅਮਨ ਮੁਆਹਿਦੇ ਦਾ ਐਲਾਨ ਹੋ ਰਿਹਾ ਏ, ਹੈਲੀਕਾਪਟਰਾਂ ਦੀਆਂ ਪਰਵਾਜ਼ਾਂ ਵੀ ਨੀਵੀਆਂ ਹੋਣ ਲੱਗ ਪਈਆਂ ਨੇ।

ਲੋਕਾਂ ਮਿਠਾਈਆਂ ਵੰਡੀਆਂ। ਮੇਰੀ ਸਹੇਲੀ ਦਾ ਫ਼ੋਨ ਆਇਆ। ਉਹ ਬੜੀ ਖ਼ੁਸ਼ ਸੀ ਤੇ ਮੈਨੂੰ ਮੁਬਾਰਕਬਾਦ ਦੇ ਰਹੀ ਸੀ। ਉਹ ਇਕ ਮਹੀਨੇ ਤੋਂ ਕਮਰੇ ਵਿਚ ਤੜੀ ਹੋਈ ਸੀ। ਸਾਨੂੰ ਖ਼ੁਸ਼ੀ ਇਹ ਸੀ ਕਿ ਹੁਣ ਸਕੂਲ ਖੁੱਲ੍ਹਣਗੇ।

ਮੰਗਲ, 17 ਫ਼ਰਵਰੀ

ਅੱਜ ਤੋਂ ਮੈਂ ਇਮਤਿਹਾਨ ਦੀ ਤਿਆਰੀ ਮੁੜ ਕੇ ਸ਼ੁਰੂ ਕਰ ਦਿਤੀ ਏ। ਕਿਉਂ ਜੋ ਇਸ ਮੁਆਹਿਦੇ ਤੋਂ ਬਾਅਦ ਕੁੜੀਆਂ ਦੇ ਸਕੂਲ ਖੁੱਲ੍ਹਣ ਦੀ ਆਸ ਪੈਦਾ ਹੋ ਗਈ ਏ। ਅੱਜ ਸਵਾਤ ਵਿਚ ਮੌਲਾਨਾ ਸੂਫ਼ੀ ਮੁਹੰਮਦ ਆਇਆ ਏ। ਮੀਡੀਆ ਵਾਲੇ ਵੀ ਚੋਖੇ ਨੇ। ਬਾਜ਼ਾਰ ਦੀ ਰੌਣਕ ਮੁੜ ਆਈ ਐ। ਮੇਰੀ ਦੁਆ ਹੈ ਕਿ ਹਾਲਾਤ ਠੀਕ ਹੋ ਜਾਣ। ਜੇ ਕੁੱਝ ਨਾ ਵੀ ਹੋਵੇ ਤੇ ਘੱਟੋ ਘੱਟ ਸਕੂਲ ਤਾਂ ਖੁੱਲ੍ਹ ਜਾਣਗੇ।

ਜੁਮੇਰਾਤ, 19 ਫ਼ਰਵਰੀ

ਅੱਜ ਅੱਬਾ ਜੀ ਹੋਰਾਂ ਹੱਥੀਂ ਨਾਸ਼ਤਾ ਕਰਾਇਆ। ਅੰਮੀ ਮਾਂਦੀ ਏ। ਅੰਮੀ ਨੇ ਗ਼ੁੱਸਾ ਕੀਤਾ ਕਿ ਇੱਕ ਪੱਤਰਕਾਰ ਦੀ ਮੌਤ ਦੀ ਖ਼ਬਰ ਉਨ੍ਹਾਂ ਨੇ ਘਰ ਕਿਉਂ ਦੱਸੀ ਹੈ। ਮੈਂ ਵੀ ਛੋਟੇ ਭਰਾਵਾਂ ਨੂੰ ਕਹਿ ਦਿਤਾ ਕਿ ਹੁਣ ਜੰਗ ਦੀਆਂ ਨਹੀਂ ਅਮਨ ਦੀਆਂ ਗੱਲਾਂ ਕਰਾਂਗੇ। ਸਕੂਲ ਦੀ ਹੈੱਡ ਮਿਸਟ੍ਰੈਸ ਨੇ ਵੀ ਇਮਤਿਹਾਨ ਮਾਰਚ ਵਿਚ ਹੋਣ ਬਾਰੇ ਦੱਸਿਆ ਏ। ਮੈਂ ਵੀ ਇਮਤਿਹਾਨ ਦੀ ਤਿਆਰੀ ਛੋਹ ਦਿਤੀ ਏ।

ਸ਼ਨਿਚਰ, 21 ਫ਼ਰਵਰੀ

ਹਾਲਾਤ ਸਹਿਜੇ ਸਹਿਜੇ ਠੀਕ ਹੋ ਰਹੇ ਨੇ। ਫ਼ਾਇਰਿੰਗ ਵੀ ਘਟੀ ਏ। ਪਰ ਲੋਕ ਅਜੇ ਵੀ ਅੰਦਰੋਂ ਡਰੇ ਹੋਏ ਨੇ ਕਿ ਮਤੇ ਅਮਨ ਮੁਆਹਿਦਾ ਨਾ ਟੁੱਟ ਜਾਵੇ। ਲੋਕੀਂ ਅਫ਼ਵਾਹਾਂ ਵੀ ਫੈਲਾ ਰਹੇ ਨੇ ਕਿ ਤਾਲਿਬਾਨ ਦੇ ਕੁੱਝ ਕਮਾਂਡਰ ਇਸ ਮੁਆਹਿਦੇ ਨੂੰ ਨਹੀਂ ਮੰਨ ਰਹੇ ਤੇ ਕਹਿੰਦੇ ਨੇ ਕਿ ਉਹ ਆਖ਼ਰੀ ਦਮ ਤਕ ਲੜਨਗੇ। ਅਜਿਹੀਆਂ ਅਫ਼ਵਾਹਾਂ ਸੁਣ ਕੇ ਦਿਲ ਧੜਕਣ ਲਗਦਾ ਏ। ਆਖ਼ਰ ਉਹ ਇੰਜ ਕਿਉਂ ਕਰ ਰਹੇ ਨੇ। ਉਹ ਕਹਿੰਦੇ ਨੇ ਕਿ ਅਸੀਂ ਜਾਮਿਹ ਹੱਫ਼ਸਾ ਤੇ ਲਾਲ ਮਸਜਿਦ (ਡਿਕਟੇਟਰ ਜਰਨੈਲ ਪਰਵੇਜ਼ ਮੁਸ਼ੱਰਫ਼ ਦੇ ਦੌਰ ਵਿਚ ਇਹਨਾਂ ਦੋ ਥਾਂਵਾਂ ਹੱਫ਼ਸਾ ਤੇ ਲਾਲ ਮਸਜਿਦ 'ਤੇ ਕੱਟਰੜਪੰਥੀ ਧੜੇ ਦੇ ਖ਼ਿਲਾਫ਼ ਇਕ ਵੱਡਾ ਅਪਰੇਸ਼ਨ ਹੋਇਆ ਸੀ, ਜਿਸ ਵਿਚ ਕਈ ਕੱਟਰੜਪੰਥੀ ਮਾਰੇ ਗਏ ਸਨ) ਦਾ ਬਦਲਾ ਲੈਣਾ ਚਾਹਨੇ ਆਂ ਪਰ ਇਸ ਵਿਚ ਸਾਡਾ ਕੀ ਕਸੂਰ ਹੈ, ਜਿਨ੍ਹਾਂ ਨੇ ਇਹ ਅਪਰੇਸ਼ਨ ਕੀਤਾ ਸੀ, ਉਨ੍ਹਾਂ ਤੋਂ ਇਹ ਬਦਲਾ ਕਿਉਂ ਨਹੀਂ ਲੈਂਦੇ।

ਹੁਣੇ ਕੁਛ ਦੇਰ ਪਹਿਲਾਂ ਹੀ ਮੌਲਾਨਾ ਫ਼ਜ਼ਲ ਉਲ੍ਹਾ ਨੇ ਰੇਡੀਓ ਰਾਹੀਂ ਐਲਾਨ ਕੀਤਾ ਹੈ ਕਿ ਕੁੜੀਆਂ ਦੇ ਸਕੂਲ ਦੀ ਪਾਬੰਦੀ ਵਾਲਾ ਫ਼ੈਸਲਾ ਉਹ ਵਾਪਸ ਲੈ ਰਹੇ ਨੇ। ਉਹਨੇ ਕਿਹਾ ਹੈ ਕਿ ਕੁੜੀਆਂ ਅਪਣੇ ਇਮਤਿਹਾਨਾਂ ਵਿਚ ਜਾ ਸਕਦੀਆਂ ਨੇ ਮਗਰ ਉਨ੍ਹਾਂ ਨੂੰ ਪਰਦਾ ਕਰਨਾ ਹੋਵੇਗਾ।

ਮੈਨੂੰ ਬੜੀ ਖ਼ੁਸ਼ੀ ਹੋਈ। ਮੈਨੂੰ ਯਕੀਨ ਨਹੀਂ ਸੀ ਕਿ ਇੰਝ ਹੋ ਜਾਵੇਗਾ।

ਐਤਵਾਰ, 22 ਫ਼ਰਵਰੀ

ਅੱਜ ਅਸੀਂ ਸ਼ਾਪਿੰਗ ਲਈ ਬਾਹਰ ਗਏ। ਰਸਤੇ ਵਿਚ ਚੋਖਾ ਡਰ ਲੱਗਾ ਕਿਉਂ ਜੋ ਤਾਲਿਬਾਨ ਨੇ ਔਰਤਾਂ ਦੀ ਬਾਜ਼ਾਰ ਵਿਚ ਸ਼ਾਪਿੰਗ 'ਤੇ ਪਾਬੰਦੀ ਲੱਗਾ ਰੱਖੀ ਐ। ਮਾਰਕੀਟ ਜਾ ਕੇ ਹੈਰਤ ਹੋਈ ਕਿ ਏਡੀ ਵੱਡੀ ਮਾਰਕੀਟ ਵਿਚ ਬਹੁਤ ਘੱਟ ਔਰਤਾਂ ਸ਼ਾਪਿੰਗ ਲਈ ਆਈਆਂ ਸਨ। ਕਦੇ ਇਸੇ ਮਾਰਕੀਟ ਵਿਚ ਜਨਾਨੀਆਂ ਦਾ ਏਨਾ ਰਸ਼ ਹੁੰਦਾ ਸੀ ਕਿ ਖਹਿ ਖਹਿ ਕੇ ਲੰਘਣਾ ਪੈਂਦਾ ਸੀ।

ਸੋਮਵਾਰ, 23 ਫ਼ਰਵਰੀ।

ਅੱਜ ਮੈਂ ਸਵੇਰੇ ਉੱਠਦਿਆਂ ਈ ਬੜੀ ਖ਼ੁਸ਼ ਸਾਂ ਕਿ ਅੱਜ ਸਕੂਲ ਜਾਵਾਂਗੀ।

ਸਕੂਲ ਵਿਚ ਕੁੱਝ ਕੁੜੀਆਂ ਯੂਨੀਫ਼ਾਰਮ ਤੇ ਕੁੱਝ ਘਰ ਵਾਲੇ ਕੱਪੜੇ ਪਾ ਕੇ ਆਈਆਂ। ਅੱਜ ਤੇ ਖ਼ੁਸ਼ ਹੋ ਹੋ ਕੇ ਸਭ ਇਕ ਦੂਜੇ ਦੇ ਗਲੇ ਮਿਲ ਰਹੀਆਂ ਸਨ। ਅਸੰਬਲੀ ਵਿਚ ਹੈੱਡ ਮਿਸਟ੍ਰੈਸ ਨੇ ਇਕ ਗੱਲ ਵੱਲ ਧਿਆਨ ਦਵਾਇਆ ਕਿ ਤਾਲਿਬਾਨ ਵੱਲੋਂ ਸਕੂਲ ਖੋਲ੍ਹਣ ਦੀ ਇਜਾਜ਼ਤ ਇਸ ਸ਼ਰਤ 'ਤੇ ਦਿਤੀ ਗਈ ਹੈ ਕਿ ਸਭ ਕੁੜੀਆਂ ਬੁਰਕਾ ਪਾਣਗੀਆਂ। ਇਸ ਲਈ ਕੁੜੀਆਂ ਪਰਦੇ ਦਾ ਖ਼ਿਆਲ ਰੱਖਣ।

ਮੇਰੀਆਂ ਬਹੁਤੀਆਂ ਸਹੇਲੀਆਂ ਇਹ ਇਲਾਕਾ ਹੀ ਛੱਡ ਕੇ ਚਲੀਆਂ ਗਈਆਂ ਸਨ। ਮੈਨੂੰ ਇਸ ਗੱਲ ਦਾ ਦੁੱਖ ਸੀ। ਸਿਰਫ਼ ਇਕ ਰਹਿ ਗਈ, ਉਹ ਵੀ ਜਾਣ ਦੀ ਤਿਆਰੀ ਵਿਚ ਸੀ।

ਬੁੱਧ, 25 ਫ਼ਰਵਰੀ

ਅੱਜ ਕੱਲ੍ਹ ਹੈਲੀਕਾਪਟਰ ਵੀ ਬਹੁਤੇ ਨਹੀਂ ਆਂਦੇ। ਅਸੀਂ ਵੀ ਫ਼ੌਜ ਤੇ ਤਾਲਿਬਾਨ ਬਾਰੇ ਗੱਲਾਂ ਕਰਨੀਆਂ ਛੱਡ ਦਿੱਤੀਆਂ ਨੇ।

ਸਾਡੇ ਸ਼ਹਿਰ ਅੱਜ ਕੱਲ੍ਹ ਇਕ ਗੱਲ ਬੜੀ ਮਸ਼ਹੂਰ ਹੋਈ ਹੈ। ਇਕ ਦਿਨ ਇਕ ਔਰਤ ਟੋਪੀ ਵਾਲਾ ਬੁਰਕਾ ਪਾ ਕੇ ਕਿਧਰੇ ਜਾ ਰਹੀ ਸੀ ਕਿ ਰਾਹ ਵਿਚ ਡਿਗ ਪਈ। ਇਕ ਬੰਦਾ ਨੱਸ ਕੇ ਉਸ ਨੂੰ ਚੁੱਕਣਾ ਚਾਹ ਰਿਹਾ ਸੀ। ਔਰਤ ਕਹਿਣ ਲੱਗੀ–"ਰਹਿਣ ਦੇ ਭਰਾਵਾ ਨਾ ਚੁਕ ਮੈਨੂੰ; ਤਾਲਿਬਾਨ ਲੀਡਰ ਮੌਲਾਨਾ ਫ਼ਜ਼ਲ ਉਲ੍ਹਾ ਦਾ ਤੇ ਕਲੇਜਾ ਠੰਢਾ ਹੋ ਗਿਆ ਨਾ"।

ਅਸੀਂ ਜਦੋਂ ਸਾਰੇ ਬੁਰਕਾ ਪਾ ਕੇ ਸ਼ਾਪਿੰਗ ਕਰਨ ਗਏ ਦੁਕਾਨਦਾਰ ਸਾਨੂੰ ਆਖਣ ਲੱਗਾ ਕਿ ਮੈਂ ਤੇ ਡਰ ਹੀ ਗਿਆ ਸਾਂ ਕਿਧਰੇ ਫਿਦਾਈਨ ਤੇ ਨਹੀਂ ਆ ਵੱਜੇ। ਕਿਉਂ ਜੋ ਇਸ ਤੋਂ ਪਹਿਲਾਂ ਬੁਰਕਾ ਪਾ ਕੇ ਵੀ ਤਾਲਿਬਾਨ ਇਥੇ ਹਮਲੇ ਕਰਦੇ ਰਹੇ ਨੇ।

ਸੋਮਵਾਰ, 2 ਮਾਰਚ

ਮੇਰੀ ਇਕ ਸਹੇਲੀ ਦੇ ਭਰਾ ਨੇ ਦੱਸਿਆ ਕਿ ਉਸ ਨੇ ਅਪਣੇ ਇਕ ਜਾਨਣ ਵਾਲੇ ਨੂੰ ਰਾਤੀਂ ਤਾਲਿਬਾਨ ਨਾਲ ਗੱਡੀਆਂ ਦੀਆਂ ਤਲਾਸ਼ੀਆਂ ਲੈਂਦੇ ਹੋਏ ਵੇਖਿਆ ਸੀ। ਉਹ ਮੁੰਡਾ ਦਿਨ ਨੂੰ ਸਾਰਾ ਦਿਨ ਮਜ਼ਦੂਰੀ ਕਰਦਾ ਤੇ ਰਾਤ ਨੂੰ ਤਾਲਿਬਾਨ ਨਾਲ ਵੀ ਦਿਹਾੜੀਆਂ ਲਾਉਂਦਾ ਸੀ। ਜਦੋਂ ਉਸ ਕੋਲੋਂ ਪੁੱਛਿਆ ਕਿ ਤੂੰ ਇੰਝ ਕਿਉਂ ਕਰਦਾਂ ਤੇ ਉਸ ਨੇ ਦੱਸਿਆ ਕਿ ਦਿਨ ਨਾਲੋਂ ਬਹੁਤੀ ਦਿਹਾੜੀ ਤਾਲਿਬਾਨ ਨਾਲ ਕੰਮ ਕਰ ਕੇ ਲੱਗ ਜਾਂਦੀ ਏ।

ਮੰਗਲ, 3 ਮਾਰਚ

ਮੇਰਾ ਨਿੱਕਾ ਵੀਰ ਅਜੇ ਵੀ ਡਰ ਜਾਂਦਾ ਏ। ਉਹ ਅਕਸਰ ਇਹੋ ਦੁਆ ਮੰਗਦਾ ਏ–"ਅੱਲ੍ਹਾ ਯਾ ਤੇ ਸਵਾਤ ਵਿਚ ਅਮਨ ਲੈ ਆ ਯਾ ਫਿਰ ਅਮਰੀਕਾ ਯਾ ਚੀਨ ਨੂੰ ਲੈ ਆ।"

ਸਵਾਤ ਵਿਚ ਅੱਜ ਫਿਰ ਤਾਲਿਬਾਨ ਤੇ ਫ਼ੌਜ ਵਿਚਾਲੇ ਲੜਾਈ ਹੋਈ ਏ। ਕੁੱਝ ਦਿਨਾਂ ਤੋਂ ਇਹ ਹੋਣੀਆਂ ਵਾਪਰਨ ਲੱਗ ਪਈਆਂ ਨੇ। ਅੱਜ ਕਈ ਦਿਹਾੜੀਆਂ ਬਾਅਦ ਮੈਂ ਮਾਰਟਰ ਗੋਲਿਆਂ ਦੀ 'ਵਾਜ ਸੁਣੀ ਏ। ਫਿਰ ਅਮਨ ਮੁਆਹਿਦੇ ਟੁੱਟਣ ਦਾ ਖ਼ੌਫ਼ ਪੈਦਾ ਹੋ ਗਿਆ ਏ। ਕੁੱਝ ਲੋਕ ਆਂਹਦੇ ਨੇ ਅਮਨ ਮੁਆਹਿਦਾ ਪੱਕਾ ਕੋਈ ਨਹੀਂ। ਇਹ ਵਕਫ਼ਾ ਹੈ ਸਮਝੋ ਜੰਗ ਵਿਚਾਲੇ।

ਬੁੱਧ, 14 ਮਾਰਚ

ਅੱਜ ਕਲਾਸ ਵਿਚ ਉਸਤਾਨੀ ਨੇ ਪੁੱਛਿਆ ਕਿ ਤੁਹਾਡੇ ਵਿਚੋਂ ਕੌਣ ਕੌਣ ਤਾਲਿਬਾਨ ਦਾ ਐਫ਼ ਐਮ ਰੇਡੀਓ ਚੈਨਲ ਸੁਣਦਾ ਹੈ? ਬਹੁਤੀਆਂ ਕੁੜੀਆਂ ਆਖਿਆ ਕਿ ਅਸੀਂ ਛੱਡ ਦਿਤਾ ਏ। ਮਗਰ ਕੁੱਝ ਕੁੜੀਆਂ ਅਜੇ ਵੀ ਸੁਣਦੀਆਂ ਨੇ। ਕੁੱਝ ਦਾ ਖ਼ਿਆਲ ਏ ਕਿ ਜਦੋਂ ਤਕ ਇਹ ਰੇਡੀਓ ਬੰਦ ਨਹੀਂ ਹੁੰਦਾ ਅਮਨ ਨਹੀਂ ਹੋ ਸਕਦਾ।

ਤਾਲਿਬਾਨ ਕਹਿੰਦੇ ਨੇ ਕਿ ਉਹ ਇਸ ਰੇਡੀਓ ਚੈਨਲ ਨੂੰ ਦਰਸਿ ਕੁਰਆਨ (ਕੁਰਆਨ ਦੀ ਤਾਲੀਮ) ਲਈ ਵਰਤਦੇ ਨੇ। ਲੇਕਿਨ ਕਮਾਂਡਰ ਖ਼ਲੀਲ (ਤਾਲਿਬਾਨ ਲੀਡਰ) ਕੁਰਆਨ ਦਾ ਦਰਸ ਦੇ ਨਾਲ ਨਾਲ ਆਪਣੇ ਮੁਖ਼ਾਲਫ਼ਾਂ ਨੂੰ ਧਮਕੀਆਂ ਦੇਣਾ ਵੀ ਸ਼ੁਰੂ ਕਰ ਦਿੰਦੇ ਨੇ। ਜੰਗ ਦੇ ਤੇ ਕਤਲ ਦੇ ਸਾਰੇ ਐਲਾਨ ਇਸੇ ਰੇਡੀਓ ਚੈਨਲ ਰਾਹੀਂ ਹੁੰਦੇ ਨੇ।

ਸੋਮਵਾਰ, 9 ਮਾਰਚ

ਅੰਮੀ ਦੱਸਿਆ ਏ ਕਿ ਤਾਲਿਬਾਨ ਹਥਿਆਰਬੰਦ ਸਨ ਮਗਰ ਉਹ ਗੱਡੀਆਂ ਦੀਆਂ ਤਲਾਸ਼ੀਆਂ ਨਹੀਂ ਲੈ ਰਹੇ ਸਨ। ਅੱਜ ਤੋਂ ਮੇਰੇ ਇਮਤਿਹਾਨ ਸ਼ੁਰੂ ਨੇ।

ਮੰਗਲ, 10 ਮਾਰਚ

ਅੱਜ ਸਕੂਲੋਂ ਆਉਂਦਿਆਂ ਮੇਰੀ ਸਹੇਲੀ ਨੇ ਜ਼ੋਰ ਦੇ ਕੇ ਆਖਿਆ ਕਿ ਚੁੰਨੀ ਨਾਲ ਸਿਰ ਚੰਗੀ ਤਰ੍ਹਾਂ ਕੱਜ ਲਵਾਂ। ਅੱਜ ਫਿਰ ਸਿਕੋਰਟੀ ਫ਼ੋਰਸਸਿਜ਼ 'ਤੇ ਹਮਲੇ ਹੋਏ ਨੇ। ਤਾਲਿਬਾਨ ਦੇ ਐਫ਼ ਐਮ ਚੈਨਲ 'ਤੇ ਤਕਰੀਰ ਕਰਨ ਵਾਲੇ ਮੌਲਾਨਾ ਸ਼ਾਹ ਦੌਰਾਨ ਸਾਹਿਬ ਵੀ ਅੱਜ ਅਪਣੇ ਪਿੰਡ ਪਰਤ ਆਏ ਨੇ। ਕਹਿੰਦੇ ਨੇ ਕਿ ਉਥੇ ਤਾਲਿਬਾਨ ਨੇ ਉਨ੍ਹਾਂ ਦਾ ਸਵਾਗਤ ਕੀਤਾ ਏ। ਤਾਲਿਬਾਨ ਹੁਣ ਵੀ ਲੋਕਾਂ ਨੂੰ ਨਮਾਜ਼ ਤੇ ਪੜਦੇ ਬਾਰੇ ਧਮਾਕਾਂਦੇ ਫਿਰਦੇ ਨੇ।

ਬੁੱਧ, 11 ਮਾਰਚ

ਅੱਜ ਮੈਂ ਰੇਡੀਓ ਨੂੰ ਆਨ ਕੀਤਾ ਤੇ ਮੈਨੂੰ ਹੈਰਤ ਹੋਈ ਕਿ ਇਕ ਔਰਤ ਪ੍ਰੋਗਰਾਮ ਕਰ ਰਹੀ ਸੀ ਤੇ ਲੋਕ ਫ਼ੋਨ ਕਰ ਕੇ ਅਪਣੀ ਪਸੰਦ ਦੇ ਗਾਣੇ ਦੀਆਂ ਫ਼ਰਮਾਇਸ਼ਾਂ ਕਰ ਰਹੇ ਸਨ। ਅੱਬਾ ਜੀ ਹੋਰਾਂ ਦੱਸਿਆ ਹੈ ਕਿ ਇਹ ਹਕੂਮਤ ਦਾ ਚੈਨਲ ਹੈ। ਮੈਂ ਬੜੇ ਚਿਰ ਮਗਰੋਂ ਰੇਡੀਓ 'ਤੇ ਪਸ਼ਤੋ ਦੇ ਗੀਤ ਸੁਣੇ ਨੇ।


ਜੁਮੇਰਾਤ, 12 ਮਾਰਚ

ਮੇਰਾ ਗਲਾ ਖ਼ਰਾਬ ਸੀ। ਅੱਬਾ ਜੀ ਮੈਨੂੰ ਡਾਕਟਰ ਕੋਲ ਲੈ ਗਏ। ਉਥੇ ਵੇਟਿੰਗ ਰੂਮ ਵਿਚ ਬੈਠਿਆਂ ਔਰਤਾਂ ਦੱਸ ਰਹੀਆਂ ਸਨ ਕਿ ਉਨ੍ਹਾਂ ਦੇ ਇਲਾਕੇ ਕੰਬਰ ਵਿਚ ਅਜੇ ਵੀ ਤਾਲਿਬਾਨ ਦਾ ਕਬਜ਼ਾ ਹੈ। ਉਨ੍ਹਾਂ ਵਿਚੋਂ ਇਕ ਔਰਤ ਨੇ ਇਕ ਵਾਕਿਆ ਸੁਣਾਇਆ ਕਿ ਉਨ੍ਹਾਂ ਦੇ ਮੁਹੱਲੇ ਦਾ ਇਕ ਮੁੰਡਾ ਅਨੀਸ ਹੈ। ਉਹ ਤਾਲਿਬਾਨ ਦਾ ਸਾਥੀ ਹੈ। ਇਕ ਦਿਹਾੜੇ ਉਸ ਦੇ ਇਕ ਤਾਲਿਬਾਨ ਸਾਥੀ ਨੇ ਉਸ ਨੂੰ ਦੱਸਿਆ ਕਿ ਉਹਨੇ ਇਕ ਖ਼ਾਬ ਵੇਖਿਆ ਹੈ ਕਿ ਜੰਨਤ ਦੀਆਂ ਹੂਰਾਂ ਕਹਿ ਰਹੀਆਂ ਨੇ ਕਿ–"ਸਾਨੂੰ ਅਨੀਸ ਦਾ ਇੰਤਜ਼ਾਰ ਹੈ।"

ਫਿਰ ਉਹ ਔਰਤ ਦੱਸਣ ਲੱਗੀ ਕਿ ਇਹ ਗੱਲ ਸੁਣ ਕੇ ਅਨੀਸ ਬਹੁਤ ਖ਼ੁਸ਼ ਹੋਇਆ। ਉਹ ਇਹ ਗੱਲ ਸੁਣ ਕੇ ਅਪਣੇ ਮਾਪੇ ਨੂੰ ਦੱਸਣ ਗਿਆ ਕਿ ਜੰਨਤ ਦੀਆਂ ਹੂਰਾਂ ਉਸ ਦਾ ਇੰਤਜ਼ਾਰ ਕਰ ਰਹੀਆਂ ਨੇ ਤੇ ਉਹ 'ਸੂਸਾਇਡ ਅਟੈਕ' ਕਰ ਕੇ 'ਸ਼ਹੀਦ' ਹੋਣਾ ਚਾਹੁੰਦਾ ਏ। ਮਾਪਿਆਂ ਨੇ ਉਸ ਨੂੰ ਇਜਾਜ਼ਤ ਨਹੀਂ ਦਿਤੀ ਮਗਰ ਉਹ ਮੁੰਡਾ ਘਰੋਂ ਨੱਠ ਗਿਆ।

ਕੱਲ੍ਹ ਡੇਢ ਸਾਲ ਬਾਅਦ ਤਾਲਿਬਾਨ ਨੇ ਅਨੀਸ ਦੇ ਘਰ ਵਾਲਿਆਂ ਨੂੰ ਦੱਸਿਆ ਹੈ ਕਿ ਅਨੀਸ ਸਵਾਤ ਵਿਚ ਸਿਕੋਰਟੀ ਫ਼ੋਰਸਿਜ਼ 'ਤੇ ਸੂਸਾਇਡ ਹਮਲੇ ਦੇ ਦੌਰਾਨ ਸ਼ਹੀਦ ਹੋ ਗਿਆ ਏ।

ਗੁਰਪ੍ਰੀਤ ਦੀ *ਸਿਆਹੀ ਘੁਲ਼ੀ ਹੈ*



ਜਸਵੰਤ ਜ਼ਫ਼ਰ
+91-96461-18208

ਮੈਨੂੰ ਅਕਸਰ ਲਗਦਾ ਕਿ ਗੁਰਪ੍ਰੀਤ ਲਿਖਦਾ ਨਹੀਂ ਸਗੋਂ ਕਵਿਤਾ ਦੇ ਘਰ ਰਹਿੰਦਾ ਹੈ। ਉਸ ਨੂੰ ਅਪਣੇ ਆਲੇ ਦੁਆਲੇ ਨਿਰੀ ਕਵਿਤਾ ਪਸਰੀ ਲਗਦੀ ਹੈ, ਜਿਸ ਨੂੰ ਉਹ ਲਗਾਤਾਰ ਪੜ੍ਹਦਾ, ਸੁਣਦਾ, ਮਾਣਦਾ ਰਹਿੰਦਾ। ਕਦੀ ਕਦੀ ਇਸ ਨੂੰ ਹੁੰਘਾਰਾ ਭਰਦਾ। ਇਹਨਾਂ ਹੁੰਘਾਰਿਆਂ ਦੇ ਦਸਤਾਵੇਜ਼ੀ ਰੂਪ ਨੂੰ ਗੁਰਪ੍ਰੀਤ ਦੀ ਕਵਿਤਾ ਕਹਿੰਦੇ ਹਨ। ਉਹ ਏਨਾ ਵਧੀਆ ਕਵੀ ਹੈ ਕਿ ਸਹਿਜ, ਸਾਦਗੀ ਤੇ ਸ਼ਰਾਫਤ ਕਾਰਨ ਮਸ਼ਹੂਰ ਕਵੀ ਨਹੀਂ ਬਣ ਸਕਦਾ। ਪਰ ਉਸਦੀ ਕਵਿਤਾ ਮਸ਼ਹੂਰ ਕਵੀਆਂ ਨੂੰ ਵਧੀਆ ਕਵੀ ਹੋਣ 'ਚ ਸਹਾਇਤਾ ਕਰ ਸਕਦੀ ਹੈ। ਮੈਨੂੰ ਇਸ ਗੱਲ ਦਾ ਏਸ ਕਰਕੇ ਪਤਾ ਹੈ ਕਿ ਜਦੋਂ ਮੇਰੇ ਅੰਦਰ ਬਹੁਤ ਬੇਤਰਤੀਬੀ, ਖਿਝਣ-ਖਪਣ, ਸ਼ੋਰ-ਸ਼ਰਾਬਾ ਤੇ ਟੋਏ-ਟਿੱਬੇ ਹੁੰਦੇ ਹਨ ਤਾਂ ਕਿਸੇ ਕਵਿਤਾ ਨੇ ਮੇਰੇ ਕੋਲ ਆਉਣਾ ਤਾਂ ਕੀ ਮੇਰੇ ਵੱਲ ਝਾਕਦੀ ਵੀ ਨਹੀਂ। ਅਜਿਹੇ ਵੇਲੇ ਇਕਾਂਤ ਵਿਚ ਜਾਂ ਟਿਕੀ ਰਾਤੇ ਗੁਰਪ੍ਰੀਤ ਦੀ ਸ਼ਾਇਰੀ ਨੂੰ ਪੜ੍ਹਾਂ ਤਾਂ ਉਹ ਮੇਰੇ ਅੰਦਰਲੀ ਖਿਝ ਅਤੇ ਸ਼ੋਰ ਨੂੰ ਚੂਸ ਲੈਂਦੀ ਹੈ, ਸਾਰੀਆਂ ਬੇਤਰਤੀਬੀਆਂ ਸ਼ਰਮਸਾਰ ਹੋ ਕੇ ਅਲੋਪ ਹੋ ਜਾਂਦੀਆਂ ਹਨ, ਟੋਏ ਟਿੱਬੇ ਪੱਧਰੇ ਹੋ ਕੇ ਮਨ ਸਬਜ਼ ਮੈਦਾਨ ਹੋ ਜਾਂਦਾ ਹੈ। ਏਨੀ ਸੋਹਣੀ ਥਾਂ ਬਣ ਜਾਂਦੀ ਹੈ ਕਿ ਸੋਹਣੀ ਕਵਿਤਾ ਦਾ ਮੇਰੇ ਕੋਲ ਆਉਣ ਨੂੰ ਜੀ ਕਰਦਾ ਹੈ। ਉਸ ਦੀ ਇਸ ਉਪਯੋਗਤਾ ਕਾਰਨ ਉਹ ਮੈਨੂੰ ਬਹੁਤ ਪਸੰਦ ਹੈ। ਸਮਾਗਮਾਂ 'ਚ ਭਾਗ ਲੈਣ ਸਮੇਂ ਜਾਂ ਰੇਡੀਓ-ਟੀ ਵੀ ਦੀ ਰਿਕਾਰਡਿੰਗ ਸਮੇਂ ਮਿਲਣਾ ਜਾਂ ਉਸ ਨਾਲ ਸਫ਼ਰ ਕਰਨਾ ਬੜਾ ਸੁਹਾਵਨਾ ਲੱਗਦਾ ਹੈ। ਉਸ ਨੂੰ ਮੈਂ ਅਕਸਰ- ਆ ਮਿਲ ਆ ਮਿਲ ਪਿਆਰਿਆ- ਕਰਦਾ ਰਹਿੰਦਾ ਹਾਂ।

ਪਿਛਲੇ ਦਿਨੀਂ ਉਸ ਦੀ ਨਵੀਂ ਕਾਵਿ ਕਿਤਾਬ 'ਸਿਆਹੀ ਘੁਲ਼ੀ ਹੈ' ਛਪੀ। ਕੋਈ ਰਿਲੀਜ਼ ਸਮਾਗਮ ਨਹੀਂ ਹੋਇਆ, ਨਾ ਕੋਈ ਭਾਸ਼ਨ ਨਾ ਕੋਈ ਰਾਸ਼ਨ, ਨਾ ਕੋਈ ਚਰਚਾ ਨਾ ਕੋਈ ਖਰਚਾ। 'ਉਸ ਕੋਲ ਪੜ੍ਹਨ ਆਉਂਦੇ ਬੱਚੇ' ਇਸ ਨੂੰ ਰਿਲੀਜ਼ ਕਰਨ ਵਾਲੇ ਸਨ, ਉਹੀ ਮੁਖ ਮਹਿਮਾਨ ਤੇ ਉਹੀ ਪ੍ਰਧਾਨ ਸਨ। ਇਹਨਾਂ ਸਾਦ ਮੁਰਾਦੇ ਗਰੀਬ ਪਰਿਵਾਰਾਂ ਦੇ ਬੱਚਿਆਂ ਬਾਰੇ ਇਕ ਖਾਸ ਨਜ਼ਮ ਇਸ ਸੰਗ੍ਰਹਿ ਵਿਚ ਸ਼ਾਮਲ ਹੈ। ਆਕਾਰ ਪੱਖੋਂ ਇਹ ਸਭ ਤੋਂ ਲੰਮੀ ਨਜ਼ਮ ਹੈ। ਵਿਦਿਆਰਥੀਆਂ ਤੋਂ ਇਲਾਵਾ ਮਾਤਾ, ਪਿਤਾ, ਪਤਨੀ, ਬੱਚਿਆਂ, ਘਰ, ਪਸ਼ੂਆਂ, ਪੰਛੀਆਂ ਅਤੇ ਕਈ ਵਿਅਕਤੀਆਂ ਨਾਲ ਸਬੰਧਤ ਕਵਿਤਾਵਾਂ ਪੜ੍ਹ ਕੇ ਇਸ ਗੱਲ ਦਾ ਗਹਿਰਾ ਅਹਿਸਾਸ ਹੁੰਦਾ ਹੈ ਕਿ ਉਸਦੀ ਕਵਿਤਾ ਦਾ ਉਸ ਦੇ ਜੀਵਨ, ਰੁਜ਼ਗਾਰ, ਪਰਿਵਾਰ ਅਤੇ ਸੰਸਾਰ ਨਾਲ ਰਿਸ਼ਤਾ ਕਿੰਨਾ ਪ੍ਰਮਾਣਿਕ ਹੈ। ਰਿਸ਼ਤਿਆਂ ਦੇ ਹਵਾਲੇ ਨਾਲ ਗੱਲ ਕਰਨ ਪਿਛੇ ਉਸਦਾ ਮਨੋਰਥ ਵੱਖਰਾ ਹੁੰਦਾ ਹੈ। ਮਿਸਾਲ ਦੇ ਤੌਰ 'ਤੇ ਮਜ਼ਦੂਰ 'ਪਿਤਾ' ਦੀ ਸਖ਼ਤ ਮਿਹਨਤ ਭਰੀ ਜ਼ਿੰਦਗੀ ਨਾਲ ਸਬੰਧਤ ਕਵਿਤਾ ਪਾਠਕ ਦੇ ਮਨ ਵਿਚ ਹਮਦਰਦੀ ਦੀ ਬਜਾਏ ਕਿਰਤ ਦੀ ਸ਼ਾਨ ਅਤੇ ਹੁਸਨ ਦੇ ਭਾਵ ਉਪਜਾਉਂਦੀ ਹੈ। 'ਜਿੰਦ ਦਾ ਚਰਖਾ' ਕੱਤਦੀ ਮਾਂ ਤਰਸ ਦੀ ਪਾਤਰ ਨਹੀਂ ਸਗੋਂ ਕਿਸੇ ਦੁਰਲੱਭ ਸ਼ਬਦਕੋਸ਼ ਦਾ ਸੁਜਿੰਦ ਸਰੂਪ ਧਾਰਦੀ ਹੈ। ਇਸਦਾ ਇਹ ਭਾਵ ਨਹੀਂ ਕਿ ਉਸਨੂੰ ਉਦਾਸੀ ਨਹੀਂ ਪੋਂਹਦੀ। ਬਹੁਤ ਥਾਈਂ ਉਹ ਅਪਣੇ ਜਜ਼ਬਾਤ ਦੇ ਹੜ ਦੀ ਮਾਰ ਨਾਲ ਪਾਠਕ ਦੇ ਪੈਰ ਉਖਾੜ ਦਿੰਦਾ ਹੈ। ਅਪਨਾ 'ਵਿਕਿਆ ਹੋਇਆ ਮਕਾਨ' ਛੱਡਣ ਵੇਲੇ-

ਮਾਂ ਮੇਰੀ ਬੰਨ੍ਹ ਰਹੀ
ਸਮੇਤ ਸਾਡੇ
ਅਪਣੇ ਆਪ ਨੂੰ
ਸਾਹਸ ਦੀ ਗਠੜੀ ਵਿਚ

ਪਿਤਾ ਬਹੁਤ ਹੀ ਪਿਆਰ ਨਾਲ
ਲਦਵਾ ਰਿਹਾ ਹੈ ਸਮਾਨ
ਇਕ ਤੋਂ ਬਾਅਦ ਦੂਜੀ ਚੀਜ਼
ਸਿਆਣਪ ਦੀ ਪੂਰੀ ਤਾਣ ਲਾਉਂਦਾ
ਸਮੇਤ ਸਾਡੇ
ਉਹ ਅਪਣੇ ਦਿਲ ਨੂੰ
ਟੁੱਟਣ ਤੋਂ ਬਚਾਉਂਦਾ

ਗੁਰਪ੍ਰੀਤ ਨੂੰ ਥੋੜ੍ਹਾ ਬਹੁਤ ਚਿਤਰਕਾਰੀ ਦਾ ਵੀ ਸ਼ੌਕ ਹੈ, ਪਰ ਉਸ ਦੇ ਲਕੀਰੀ ਚਿਤਰਾਂ ਨੇ ਮੈਨੂੰ ਬਹੁਤਾ ਪ੍ਰਭਾਵਤ ਨਹੀਂ ਕੀਤਾ। ਪਰ ਜੋ ਦ੍ਰਿਸ਼ ਉਹ ਸ਼ਬਦਾਂ ਨਾਲ ਚਿਤਰਦਾ ਹੈ ਉਹਨਾਂ ਨੂੰ ਦੇਖ ਕੇ ਮਨ ਅਸ਼ ਅਸ਼ ਕਰ ਉਠਦਾ ਹੈ। ਨਿਊਟਨ ਨੂੰ ਗੁਰੂਤਾ ਆਕਰਸ਼ਨ ਦੇ ਸਿਧਾਂਤ ਦਾ ਇਲਮ ਹੋਣ ਵੇਲੇ ਦਾ ਦ੍ਰਿਸ਼ ਦੇਖੋ ਉਸ ਨੇ ਕਿਵੇਂ ਚਿਤਰਿਆ ਹੈ-

ਸੇਬ
ਨਿਊਟਨ ਦੇ ਸਿਰ 'ਤੇ ਵੱਜਿਆ
ਜਾਂ ਉਹਦੇ ਸਾਹਮਣੇ
ਧਰਤੀ ਦੇ ਸਿਰ 'ਤੇ

ਪਰ ਇਹ ਗੱਲ ਪੱਕੀ
ਉਦੋਂ ਨਿਊਟਨ ਦਾ ਸਿਰ ਹਿੱਲਿਆ
ਧਰਤੀ ਨੂੰ ਚਾਅ ਚੜ੍ਹਿਆ

ਇਕਦਮ ਉਹ
ਨਿਊਟਨ ਬਣ ਗਿਆ

ਕਿਹਾ ਜਾਂਦਾ ਕਿ ਵੱਡਾ ਜਾਂ ਵਧੀਆ ਲੇਖਕ ਬਣਨ ਲਈ ਬੰਦੇ ਨੂੰ ਕਿਸੇ ਵੱਡੇ ਸ਼ਹਿਰ 'ਚ ਜਾ ਕੇ ਵਸਣਾ ਪੈਂਦਾ। ਪਰ ਗੁਰਪ੍ਰੀਤ ਦਰਮਿਆਨੇ ਜਿਹੇ ਕਸਬੇ ਮਾਨਸੇ 'ਚ ਰਹਿੰਦਾ। ਉਹ ਜਦ ਚਾਹੁੰਦਾ ਮਾਨਸੇ ਨੂੰ ਵੱਡਾ ਕਰ ਲੈਂਦਾ। ਲੰਡਨ, ਇਟਲੀ ਜਾਂ ਪੈਰਸ ਨੂੰ ਅਪਣੇ ਕੋਲ ਬੁਲਾ ਲੈਂਦਾ। ਜਦ ਚਾਹੁੰਦਾ ਪਾਰਲੋ, ਬਰੈਖਤ ਅਤੇ ਪਿਕਾਸੋ ਵਰਗੇ ਵੱਡੇ ਲੇਖਕਾਂ/ਕਲਾਕਾਰਾਂ ਦੀ ਸੰਗਤ ਕਰਦਾ ਜਿਵੇਂ ਉਹ ਉਸ ਦੇ 'ਗੁਆਂਢੀ' ਹੋਣ। ਕਵਿਤਾ ਦੀ ਆਮਦ ਲਈ ਉਸਨੂੰ ਕਿਸੇ ਵੱਡੀ ਘਟਨਾ ਜਾਂ ਦੁਰਘਟਨਾ ਦੀ ਉਡੀਕ ਨਹੀਂ ਹੁੰਦੀ। ਇਸ ਕੰਮ ਲਈ ਇਕ ਸਧਾਰਨ 'ਟਮਾਟਰ' ਹੀ ਕਾਫੀ ਹੈ-

ਦੇਖੋ ਦੇਖੋ
ਰੱਬ ਦਾ ਕਮਾਲ
ਟਮਾਟਰ ਨੇ ਲਾਲੋ ਲਾਲ

ਇਹ ਮੇਰੀ ਨਹੀਂ
ਕੁਦਰਤ ਦੀ ਕਵਿਤਾ ਹੈ

ਜਿਸ ਨੂੰ ਸਬਜ਼ੀ ਵੇਚਣ ਵਾਲਾ
ਅਪਣੇ ਆਰ ਪਰਿਵਾਰ ਲਈ
ਗਾ ਰਿਹਾ

ਸਾਨੂੰ ਬਹੁਤਾ ਕੁਝ ਅਪਣੇ ਪੱਕੇ-ਪੁਰਾਣੇ ਵਿਚਾਰਾਂ ਦੇ ਪਏ ਪਰਦਿਆਂ ਕਾਰਨ ਨਜ਼ਰ ਨਹੀਂ ਆਉਂਦਾ। ਗੁਰਪ੍ਰੀਤ ਬਿਨਾਂ ਕਿਸੇ ਵਿਚਾਰਧਾਰਕ ਵਿਰੋਧ ਦੇ ਇਹਨਾਂ ਪਰਦਿਆਂ ਨੂੰ ਪਿਆਰ ਨਾਲ ਮਲਕੜੇ ਜਿਹੇ ਸਰਕਾ ਕੇ ਅਣਦਿਸਦੇ ਨੂੰ ਦਿਸਣ ਲਾ ਦਿੰਦਾ ਹੈ। ਇਸ ਤਰ੍ਹਾਂ ਅਪਣੇ ਵਿਚਾਰਾਂ ਜਾਂ ਕਿਸੇ ਵਿਚਾਰਧਾਰਾ ਨੂੰ ਸਾਡੇ 'ਤੇ ਥੋਪਦਾ ਨਹੀਂ ਸਗੋਂ ਸਾਡੀ ਸੋਚ-ਪ੍ਰਣਾਲੀ ਨੂੰ ਰਵਾਂ ਕਰ ਦਿੰਦਾ ਹੈ। ਉਸ ਦੀਆਂ ਬਹੁਤੀਆਂ ਕਵਿਤਾਵਾਂ ਦਾ ਮਹੱਤਵ ਸਮੇਂ ਤੇ ਸਥਾਨ ਦੇ ਬਦਲਣ ਨਾਲ ਬਦਲਣ ਵਾਲਾ ਨਹੀਂ, ਇਹ ਕਵਿਤਾਵਾਂ ਸਰਬਕਾਲੀ ਵਿਸ਼ਵ ਸਾਹਿਤ ਦਾ ਰੁਤਬਾ ਪਾਉਣ ਵਾਲੀਆਂ ਹਨ। ਇਹਨਾਂ ਨੂੰ ਦੁਨੀਆ ਦੀ ਕਿਸੇ ਵੀ ਭਾਸ਼ਾ ਵਿਚ ਅਨੁਵਾਦਿਆ ਜਾ ਸਕਦਾ ਹੈ, ਹਰ ਸੱਭਿਆਚਾਰ ਦੇ ਲੋਕਾਂ ਦੁਆਰਾ ਇਕੋ ਜਿਹਾ ਸਮਝਿਆ ਅਤੇ ਮਾਣਿਆਂ ਜਾ ਸਕਦਾ ਹੈ। ਇਸ ਪ੍ਰਸੰਗ ਕਵਿਤਾ 'ਖ਼ਿਆਲ' ਦੀ ਉਦਾਹਰਣ ਦੇਖ ਸਕਦੇ ਹਾਂ-

ਹੁਣੇ ਤੇਰਾ ਖ਼ਿਆਲ ਆਇਆ
ਤੇ ਮਿਲ ਪਈ ਤੂੰ

ਤੂੰ ਮਿਲੀ
ਤੇ ਆਖਣ ਲੱਗੀ

ਹੁਣੇ ਤੇਰਾ ਖ਼ਿਆਲ ਆਇਆ
ਤੇ ਮਿਲ ਪਿਆ ਤੂੰ

ਹਸਦਿਆਂ ਹਸਦਿਆਂ
ਆਇਆ ਦੋਹਾਂ ਨੂੰ ਖ਼ਿਆਲ

ਜੇ ਨਾ ਹੁੰਦਾ ਖ਼ਿਆਲ


ਤਾਂ ਇਸ ਦੁਨੀਆ 'ਚ
ਕੋਈ ਕਿਵੇਂ ਮਿਲਦਾ
ਇਕ ਦੂਜੇ ਨੂੰ

ਹੋਰ ਬਹੁਤ ਗੱਲਾਂ ਕੀਤੀਆਂ ਜਾ ਸਕਦੀਆਂ ਹਨ ਇਸ ਕਿਤਾਬ ਬਾਰੇ। ਮੁੱਕਦੀ ਗੱਲ ਇਹ ਹੈ ਕਿ ਇਹ ਕਿਤਾਬ ਹਰ ਪੜ੍ਹਨਹਾਰੇ ਦੇ ਮਨ ਚੋਂ ਹਰ ਤਰ੍ਹਾਂ ਦੀ ਹਿੰਸਾ, ਈਰਖਾ, ਕਰੋਧ, ਕੁਤੱਤਣ ਨੂੰ ਘਟਾਉਣ ਵਾਲੀ ਹੈ ਅਤੇ ਮੁਹੱਬਤ, ਹਲੀਮੀ ਤੇ ਸੌਂਦਰਯ ਵਰਗੇ ਕੋਮਲ ਭਾਵਾਂ ਨੂੰ ਜਗਾਉਣ ਵਾਲੀ ਹੈ। ਪੜ੍ਹਕੇ ਦੇਖਣਾ ਇਹ ਕਿਤਾਬ।

ਸਰਬਜੀਤ ਸੋਹਲ ਦੀ *ਐਵੇਂ ਕਿਵੇਂ*

ਜਸਕੰਵਲ
+91-98550-84533





'ਐਵੇਂ ਕਿਵੇਂ' ਦੀ ਲੇਖਿਕਾ ਡਾ. ਸਰਬਜੀਤ ਕੌਰ ਸੋਹਲ ਦੀ ਕਵਿਤਾ ਬਹੁਪੱਖੀ ਕਵਿਤਾ ਹੈ, ਜਿਸ ਵਿਚ ਜ਼ਿੰਦਗੀ ਦੇ ਕਈ ਰੰਗ ਪੜ੍ਹਨ ਤੇ ਮਹਿਸੂਸ ਕਰਨ ਨੂੰ ਮਿਲਦੇ ਹਨ।

ਸਰਬਜੀਤ ਦੀਆਂ ਕਵਿਤਾਵਾਂ ਅੱਜ ਦੇ ਦੌਰ ਦੀ ਸੋਚਵਾਨ, ਸੰਵੇਦਨਸ਼ੀਲ ਨਾਰੀ ਦੇ ਮਨ ਵਿਚ ਚਲ ਰਹੇ ਦਵੰਦ ਦਾ ਵਖਿਆਨ ਹਨ। ਉਨ੍ਹਾਂ ਵਿਚ ਉਦਾਸੀ, ਪਿਆਰ, ਖੌਫ਼, ਗਮ ਤੇ ਉਡਣ ਦੇ ਸੁਪਨੇ ਮੁੱਖ ਹਨ। ਸਭ ਕਾਸੇ ਦੇ ਬਾਵਜੂਦ ਉਸ ਨੇ ਨਾਰੀ ਦੀ ਉਦਾਸੀ ਤੇ ਬੇਬਸੀ ਨੂੰ ਬਹੁਤ ਸੁਚੱਜੇ ਢੰਗ ਨਾਲ ਪੇਸ਼ ਕੀਤਾ ਹੈ। ਉਸ ਦੇ ਕਾਵਿ ਸੰਗ੍ਰਹਿ ਦਾ ਨਾਮ 'ਐਵੇਂ ਕਿਵੇਂ' ਵੇਖਿਆ ਜਾਵੇ ਤਾਂ ਜ਼ਿੰਦਗੀ ਦੀ ਹਰ ਹਰਕਤ, ਹਰ ਨਤੀਜੇ ਨੂੰ ਰੂਪਮਾਨ ਕਰਦਾ ਹੈ ਚਾਹੇ ਉਹ ਚੰਗਾ ਹੋਵੇ, ਚਾਹੇ ਮਾੜਾ। ਉਸ ਦਾ ਇਹ ਕਹਿਣਾ ਹੁੰਦਾ ਹੈ ਐਵੇਂ ਕਿਵੇਂ। ਚਾਹੇ ਉਹ ਰੁੱਤਾਂ ਦਾ ਖਹਿ ਕੇ ਲੰਘ ਜਾਣਾ (ਕਿਸੇ ਦਾ ਸਹਿਜ ਸੁਭਾਅ ਤੁਹਾਡੇ ਮਨ ਨੂੰ ਛੂਹ ਜਾਣਾ ਤੇ ਉਸ ਅਹਿਸਾਸ ਨੂੰ ਹਵਾ ਵਿਚ ਮਹਿਸੂਸ ਕਰਨਾ ਤੇ ਉਸ ਮਧੁਰ ਸੰਗੀਤ ਦਾ ਵਜਣਾ ਜੋ ਦਿਲਾਂ ਦੇ ਮਿਲਣ 'ਤੇ ਸੁਣਦਾ ਹੈ।) ਇਹ ਸਭ ਐਵੇਂ ਕਿਵੇਂ ਹਵਾ ਵਿਚ ਮਹਿਸੂਸ ਹੁੰਦਾ ਹੈ। ਬਿਨਾਂ ਉਸ ਬੰਦੇ ਦੀ ਹੋਂਦ ਦੇ।

ਸਰਬਜੀਤ ਨੇ ਨਾਰੀ ਦੇ ਮਨ ਦਾ ਚਿਤਰਣ ਅਪਣੀਆਂ ਕਵਿਤਾਵਾਂ ਰਾਹੀਂ ਬਹੁਤ ਹੀ ਸੁੰਦਰ ਢੰਗ ਨਾਲ ਕੀਤਾ ਹੈ। ਕਿਤੇ ਕਿਤੇ ਤਾਂ ਉਹ ਨਾਰੀ ਨੂੰ ਰੁਖ ਹੀ ਮੰਨਦੀ ਹੈ। 'ਰੁੱਖ ਦਾ ਵੀ ਤਾਂ ਜੀਅ ਕਰਦਾ, ਕੋਈ ਉਸ 'ਤੇ ਛਾਂ ਕਰੇ।' ਸਾਰੀ ਉਮਰ ਨਾਰੀ ਘਰ ਦੇ ਕੰਮਾਂ-ਕਾਰਾਂ ਵਿਚ, ਸਭ ਦੁੱਖ-ਸੁੱਖ ਵੇਖਣ ਵਿਚ, ਤੇ ਸਭ ਲਈ ਸੁਖ ਸੰਜੋਣ ਲਈ ਤੇ ਸਭ ਦੀਆਂ ਸਹੂਲਤਾਂ ਲਈ ਲਗੀ ਰਹਿੰਦੀ ਹੈ, ਆਪਾ ਭੁੱਲ ਕੇ। ਉਸ ਦਾ ਵੀ ਤਾਂ ਜੀਅ ਕਰਦਾ ਹੈ : ਧਰਤ ਸਹਿਲਾਵੇ/ ਸੂਰਜ ਰੁੱਖ ਬਦਲੇ/ਜਾਂ ਫਿਰ ਅੰਬਰ/ ਚੁੰਨੀ ਵਾਂਗੂ ਉਸ ਦੇ ਸਿਰ 'ਤੇ ਆਣ ਟਿਕੇ....। ਇਸ ਦੇ ਨਾਲ ਮਿਲਦੀ ਜੁਲਦੀ ਦੂਜੀ ਕਵਿਤਾ 'ਦੋ ਬੁੱਕ ਛਾਂ' ਵਿਚ ਵੀ ਨਾਰੀ ਮਨ ਦੀ ਵਿਆਥਾ ਨੂੰ ਬਹੁਤ ਚੰਗੀ ਤਰ੍ਹਾਂ ਦਰਸਾਇਆ ਗਿਆ ਹੈ। ਆਮ ਜ਼ਿੰਦਗੀ ਕਿਵੇਂ ਐਵੇਂ ਹੀ ਨਿਕਲ ਜਾਂਦੀ ਹੈ, ਬਿਨਾਂ ਕੁਝ ਖਾਸ ਕੀਤਿਆਂ।

ਜ਼ਿੰਦ ਨਿਮਾਣੀ/ ਰੂਹ ਮਰ ਜਾਣੀ/ ਵਹਿੰਦੀ ਨਦੀ / ਔੜ ਦੀ ਰੁੱਤ/ ਪਰਬਤ ਉਹਲੇ/ ਤਿਖੜੇ ਧੁੱਪ/ ਅੱਗ ਦੇ ਭਾਂਬੜ/ ਰੂਹ ਦਾ ਠਾਰਾ/ ਮਨ ਦਾ ਪਾਲਾ/ ਜ਼ਿੰਦਗੀ ਕੀ ਏ?

ਕਿਤੇ ਕਿਤੇ ਸ਼ਾਇਰਾ ਨੇ ਨਾਰੀ ਨੂੰ ਬੜੀ ਨਿਰਾਸ਼ਾਜਨਕ ਹਾਲ 'ਚ ਦਰਸਾਇਆ ਹੈ 'ਜ਼ਿੰਦਗੀ-3' ਬਰਫ਼ ਦੀ ਡਲੀ ਜਿਹੀ/ ਸਮੁੰਦਰੀ ਲੂਹਣੀ ਭਰੀ/ ਕੁਝ ਸੁਲਗਦੀ/ ਕੁਝ ਡਲਕਦੀ/ ਕੁਝ ਲਰਜਦੀ/ ਕੁਝ ਕਲਪਦੀ/ ਸਵੈ ਸਰਜਿਤ ਸੀਮਾਵਾਂ ਵਿਚ/ ਤਮਾਮ ਜ਼ਿੰਦਗੀ ਐਵੇਂ ਕਿਵੇਂ ਹੀ ਬਸ ਗੁਜ਼ਰ ਗਈ। ਤੇ ਕਦੇ ਕਦੇ ਕਵਿਤ੍ਰੀ ਖ਼ਾਬਾਂ ਵਿਚ ਵੀ ਉਡਦੀ ਹੈ, ਜਿਸ ਵਿਚ ਸੁੰਦਰ ਸੁਜੀਲੇ ਸੁਪਨਿਆਂ ਵਿਚ ਪਿਆਰ, ਸਮੁੰਦਰ, ਘੋਗੇ ਸਿੱਪੀਆਂ ਫੜਦੇ ਤੇ ਵਹਿੰਦੇ ਤਰਦੇ ਅਠ ਖੇਲੀਆਂ ਕਰਦੇ ਜਜ਼ਬਾਤ ਨੇ, ਤਾਰਿਆਂ ਨਾਲ ਲੁਕਣਮੀਟੀ, ਚੰਦ ਨੂੰ ਕਲਾਵੇ ਭਰਨਾ, ਮੁਹੱਬਤ ਦੇ ਗੀਤ ਤੇ ਕਾਇਨਾਤ ਨੂੰ ਸਿਜਦਾ ਕਰਨ ਦੀ ਤਮਨਾ ਹੈ।

ਮੇਰੇ ਮੁਤਾਬਕ ਤਾਂ ਨਾਰੀ ਵੇਦਨਾ ਅਤੇ ਸੰਵੇਦਨਾ ਦਾ ਬਹੁ-ਪਸਾਰੀ ਤੇ ਮੁਕੰਮਲ ਪ੍ਰਤੀਨਿਧਤਾ ਕਰਨ ਵਾਲਾ ਕਾਵਿ-ਸੰਗ੍ਰਹਿ ਹੈ 'ਐਵੇਂ ਕਿਵੇਂ'।

ਦਿਲ ਸਿਹਤਮੰਦ ਕਿਵੇਂ ਰੱਖੀਏ?

ਡਾ. ਹਰਸ਼ਿੰਦਰ ਕੌਰ
0175-2216783



ਦਿਲ ਦੇ ਮਾਮਲੇ ਆਮ ਤੌਰ ਉਤੇ ਗੰਭੀਰ ਹੀ ਹੁੰਦੇ ਹਨ। ਭਾਵੇਂ ਦਿਲ ਲਾਉਣ ਵਾਲੀ ਗੱਲ ਹੋਵੇ, ਭਾਵੇਂ ਦਿਲ ਤੋੜਨ ਦੀ ਤੇ ਭਾਵੇਂ ਦਿਲ ਫੇਲ੍ਹ ਹੋਣ ਦੀ!

ਲਿਖਾਰੀਆਂ ਅਤੇ ਕਵੀਆਂ ਦਾ ਕੰਮ ਹੈ ਟੁੱਟੇ ਹੋਏ ਦਿਲ ਬਾਰੇ ਸੋਚ ਵਿਚਾਰ ਕਰਨ ਦਾ। ਡਾਕਟਰ ਹੋਣ ਦੇ ਨਾਤੇ ਮੈਂ ਗੱਲ ਕਰਨ ਲੱਗੀ ਹਾਂ ਸਿਹਤਮੰਦ ਦਿਲ ਦੀ, ਜੋ ਲੰਬੀ ਅਤੇ ਸਿਹਤਯਾਬ ਜ਼ਿੰਦਗੀ ਦਾ ਰਾਜ਼ ਵੀ ਹੈ। ਆਮ ਤੌਰ ਉੱਤੇ ਅੱਜ ਕੱਲ੍ਹ ਦੀ ਤਣਾਅ ਭਰਪੂਰ ਜ਼ਿੰਦਗੀ ਵਿਚ ਸਾਰਾ ਮਾੜਾ ਅਸਰ ਵਿਚਾਰੇ ਦਿਲ ਨੂੰ ਹੀ ਸਹਿਣਾ ਪੈਂਦਾ ਹੈ। ਇਸੇ ਲਈ ਪਤਾ ਹੀ ਨਹੀਂ ਲੱਗਦਾ ਕਿ ਕਦੋਂ ਇਸ ਨੇ ਤਣਾਅ ਦੇ ਅਸਰ ਹੇਠ ਧੜਕਨਾ ਬੰਦ ਕਰ ਦੇਣਾ ਹੈ ਤੇ ਸਾਨੂੰ ਬਦੋਬਦੀ ਦੁਨੀਆਂ ਨੂੰ ਅਲਵਿਦਾ ਕਹਿਣ ਉੱਤੇ ਮਜਬੂਰ ਕਰ ਦੇਣਾ ਹੈ।

ਸ਼ੋਰ-ਸ਼ਰਾਬਾ, ਅਗਾਂਹ ਵਧਣ ਦੀ ਹੋੜ, ਰੋਜ਼ ਦੀ ਭੱਜ-ਦੌੜ, ਵਾਧੂ ਕੰਮ ਦਾ ਭਾਰ ਆਦਿ ਵਰਗੇ ਤਣਾਅ ਸਰੀਰ ਅੰਦਰ ਤਬਾਹੀ ਮਚਾ ਕੇ ਮਾੜੇ ਹਾਰਮੋਨ ਵਧਾ ਦਿੰਦੇ ਹਨ ਅਤੇ ਇਕਦਮ ਮੌਤ ਦਾ ਕਾਰਨ ਵੀ ਬਣ ਜਾਂਦੇ ਹਨ। ਜਦੋਂ ਦਿਲ ਦੀ ਬਿਮਾਰੀ ਦੀ ਸ਼ੁਰੂਆਤ ਹੋ ਜਾਏ, ਫੇਰ ਦਿਲ ਦੀ ਸਿਹਤ ਦਾ ਖ਼ਿਆਲ ਰੱਖਣਾ ਸਿਆਣਪ ਨਹੀਂ ਹੈ ਕਿਉਂਕਿ ਉਦੋਂ ਤਕ ਤਾਂ ਨੁਕਸਾਨ ਹੋ ਚੁੱਕਿਆ ਹੁੰਦਾ ਹੈ। ਇਸੇ ਲਈ ਪਹਿਲਾਂ ਹੀ ਖ਼ਿਆਲ ਰੱਖਣਾ ਜ਼ਰੂਰੀ ਹੈ। ਕਈ ਖੋਜਾਂ ਸਾਬਤ ਕਰ ਚੁੱਕੀਆਂ ਹਨ ਕਿ ਦੁਨੀਆਂ ਭਰ ਦੇ ਦਿਲ ਦੇ ਮਰੀਜ਼ਾਂ ਵਿਚੋਂ 6 ਪ੍ਰਤੀਸ਼ਤ ਭਾਰਤੀ ਹਨ ਤੇ ਉਨ੍ਹਾਂ ਵਿਚੋਂ ਵੀ ਸਭ ਤੋਂ ਵੱਧ ਪੰਜਾਬੀ। ਕੁਝ ਖੋਜੀ ਮੰਨਦੇ ਹਨ ਕਿ ਭਾਰਤ ਵਿਚ ਹਰ ਮਿੰਟ ਵਿਚ 5 ਬੰਦੇ ਦਿਲ ਦੇ ਦੌਰੇ ਨਾਲ ਮਰ ਰਹੇ ਹਨ ਅਤੇ ਇਸ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਅੱਜ ਕੱਲ੍ਹ ਤਾਂ ਵੀਹ ਤੋਂ ਤੀਹ ਸਾਲ ਦੀ ਉਮਰ ਦੇ ਨੌਜਵਾਨ ਦਿਲ ਦੇ ਦੌਰੇ ਦੇ ਸ਼ਿਕਾਰ ਹੋਣੇ ਸ਼ੁਰੂ ਹੋ ਚੁੱਕੇ ਹਨ, ਜਿਸ ਦਾ ਮਤਲਬ ਹੈ ਕਿ ਮੋਟਾਪੇ ਨੂੰ ਬਚਪਨ ਤੋਂ ਹੀ ਕਾਬੂ ਵਿਚ ਰੱਖਣਾ ਬਹੁਤ ਜ਼ਰੂਰੀ ਹੈ।

ਵਿਕਸਤ ਦੇਸ਼ਾਂ ਵਿਚ ਦਿਲ ਦੀਆਂ ਬਿਮਾਰੀਆਂ ਉੱਤੇ ਏਨਾ ਕਾਬੂ ਪਾ ਲਿਆ ਗਿਆ ਹੈ ਕਿ ਐਸ ਵੇਲੇ ਪਹਿਲਾਂ ਨਾਲੋਂ ਲਗਪਗ 50 ਤੋਂ 70 ਪ੍ਰਤੀਸ਼ਤ ਘੱਟ ਲੋਕ ਇਸ ਦਾ ਸ਼ਿਕਾਰ ਹੋ ਰਹੇ ਹਨ। ਇਹ ਸਿਰਫ਼ ਇਸ ਲਈ ਹੋਇਆ ਹੈ ਕਿ ਉਹ ਸ਼ਨਿੱਚਰਵਾਰ ਐਤਵਾਰ ਕੰਮ ਦਾ ਤਣਾਅ ਛੱਡ ਕੇ ਭਰਪੂਰ ਜ਼ਿੰਦਗੀ ਜਿਊਂਦੇ ਹਨ ਅਤੇ ਸੈਰ ਖੁੰਝਾਉਂਦੇ ਨਹੀਂ। ਖ਼ੁਰਾਕ ਦਾ ਬਹੁਤੇ ਲੋਕ ਕਾਫੀ ਧਿਆਨ ਰੱਖਣ ਲੱਗ ਪਏ ਹਨ। ਸੈਰ ਦਾ ਮਹੱਤਵ ਤਾਂ ਝੁਠਲਾਇਆ ਜਾ ਹੀ ਨਹੀਂ ਸਕਦਾ ਕਿਉਂਕਿ ਸੈਰ ਨਾਲ ਦਿਲ ਦੀਆਂ ਬੰਦ ਹੋਈਆਂ ਨਾੜੀਆਂ ਵੀ ਖੁੱਲ੍ਹ ਜਾਂਦੀਆਂ ਹਨ ਅਤੇ ਨਵੀਆਂ ਨਾੜੀਆਂ ਵੀ ਬਣ ਜਾਂਦੀਆਂ ਹਨ ਜੋ ਦਿਲ ਦੇ ਪੱਠਿਆਂ ਨੂੰ ਲਗਾਤਾਰ ਲਹੂ ਅਤੇ ਆਕਸੀਜ਼ਨ ਪਹੁੰਚਾਉਂਦੀਆਂ ਰਹਿੰਦੀਆਂ ਹਨ। ਤਣਾਅ ਘਟਾਉਣ ਦੇ ਬੇਅੰਤ ਤਰੀਕੇ ਸੁਝਾਏ ਜਾ ਚੁੱਕੇ ਹਨ, ਇਸੇ ਲਈ ਖ਼ੁਰਾਕ ਬਾਰੇ ਹੀ ਜ਼ਿਆਦਾ ਜ਼ਿਕਰ ਕਰਨਾ ਠੀਕ ਰਹੇਗਾ। ਕੁਝ ਤਰ੍ਹਾਂ ਦੇ ਖਾਣੇ ਦਿਲ ਲਈ ਵਧੀਆ ਹੁੰਦੇ ਹਨ ਪਰ ਕੁਝ ਖ਼ਤਰਨਾਕ। ਘਿਓ, ਤੇਲ, ਮੱਖਣ, ਮਲਾਈ, ਖੰਡ ਜਿੱਥੇ ਭਾਰ ਵਧਾਉਂਦੇ ਹਨ, ਉੱਥੇ ਦਿਲ ਨੂੰ ਵੀ ਵਾਧੂ ਕੰਮ ਕਰਨ ਉੱਤੇ ਲਾ ਦਿੰਦੇ ਹਨ। ਦਿਲ ਦੀਆਂ ਨਾੜੀਆਂ ਵਿਚ ਵਾਧੂ ਥੰਦਾਈ ਜੰਮਣ ਕਾਰਨ ਦਿਲ ਦੇ ਦੌਰੇ ਦਾ ਖ਼ਤਰਾ ਵੀ ਵੱਧ ਜਾਂਦਾ ਹੈ। ਇਸੇ ਤਰ੍ਹਾਂ ਜ਼ਿਆਦਾ ਕੌਫ਼ੀ ਪੀਣ ਨਾਲ ਤਣਾਅ ਤੋਂ ਵੀ ਵੱਧ ਮਾੜਾ ਅਸਰ ਦਿਲ ਉੱਤੇ ਪੈਂਦਾ ਹੈ। ਕੇਕ, ਪੇਸਟਰੀ, ਮਠਿਆਈ, ਬਣੇ ਬਣਾਏ ਬਾਜ਼ਾਰੀ ਸੂਪ, ਪੁਰਾਣੀਆਂ ਬਹੀਆਂ ਸਬਜ਼ੀਆਂ ਦਾਲਾਂ, ਤਲੇ ਆਲੂ, ਬਰਗਰ, ਪੀਜ਼ਾ, ਮੇਓਨਾਸ, ਜ਼ਿਆਦਾ ਸ਼ਰਾਬ, ਵਾਧੂ ਲੂਣ, ਆਦਿ ਸਭ ਮੋਟਾਪੇ ਨੂੰ ਸੱਦਾ ਦੇ ਕੇ ਦਿਲ ਨੂੰ ਬਿਮਾਰੀ ਵੱਲ ਧੱਕਦੇ ਹਨ।

ਇਸੇ ਲਈ ਤਾਜ਼ੀਆਂ ਸਬਜ਼ੀਆਂ ਦਾ ਸੂਪ, ਪੁੰਗਰੀਆਂ ਦਾਲਾਂ, ਸੁੱਕੇ ਮੇਵੇ, ਉਬਲੀਆਂ ਸਬਜ਼ੀਆਂ, ਦਾਲਾਂ, ਫਲ, ਸਲਾਦ ਆਦਿ ਰੱਜ ਕੇ ਖਾਣੇ ਚਾਹੀਦੇ ਹਨ।

ਸਿਰਫ਼ ਮਾੜੀਆਂ ਚੀਜ਼ਾਂ ਖ਼ੁਰਾਕ ਵਿਚੋਂ ਮਨਫ਼ੀ ਕਰਨੀਆਂ ਹੀ ਕਾਫੀ ਨਹੀਂ ਹੁੰਦੀਆਂ ਬਲਕਿ ਚੰਗੀਆਂ ਚੀਜ਼ਾਂ ਵੀ ਜ਼ਰੂਰ ਖਾਣੀਆਂ ਚਾਹੀਦੀਆਂ ਹਨ। ਹੁਣ ਸੋਇਆਬੀਨ ਨੂੰ ਹੀ ਲਵੋ। ਇਸ ਵਿਚਲੇ ਆਈਸੋਫਲੇਵੋਨ ਐਂਟੀਔਕਸੀਡੈਂਟ ਦਿਲ ਦੀ ਬਿਮਾਰੀ ਹੋਣ ਤੋਂ ਬਚਾਓ ਕਰਦੇ ਹਨ। ਆਪਣੇ ਛਾਣਬੂਰੇ ਵਾਲੇ ਕਣਕ ਦੇ ਆਟੇ ਵਿਚ ਸੋਇਆਬੀਨ ਪਿਸਵਾ ਕੇ ਪਾ ਲਵੋ ਅਤੇ ਲਗਾਤਾਰ ਇਸ ਦੀ ਵਰਤੋਂ ਜਾਰੀ ਰੱਖੋ। ਸਿਰਫ਼ 25 ਗ੍ਰਾਮ ਰੋਜ਼ਾਨਾ ਸੋਇਆਬੀਨ ਨਾਲ ਹੀ ਸਰੀਰ ਵਿਚਲਾ ਕੋਲੈਸਟਰੋਲ 12 ਤੋਂ 15 ਪ੍ਰਤੀਸ਼ਤ ਘੱਟ ਜਾਂਦਾ ਹੈ। ਥੋਮ, ਅਦਰਕ, ਜ਼ੀਰਾ, ਤਿਲ, ਧਨੀਆ, ਜਵੈਣ, ਅਲਸੀ, ਔਲਾ, ਹਰੜ, ਬ੍ਰਹਮੀ, ਬਹੇੜੇ, ਸ਼ੰਖਪੁਸ਼ਪੀ ਵਗੈਰਾ ਸਭ ਦਿਲ ਵਾਸਤੇ ਵਧੀਆ ਖ਼ੁਰਾਕ ਸਾਬਤ ਹੋ ਚੁੱਕੇ ਹਨ। ਛਾਣਬੂਰੇ ਵਾਲਾ ਆਟਾ, ਬਾਜਰਾ, ਜੌਂ, ਸੱਤੂ, ਦਾਲਾਂ, ਕਾਲੇ ਛੋਲੇ, ਹਰੀਆਂ ਸਬਜ਼ੀਆਂ ਜਿਵੇਂ ਘੀਆ, ਕੱਦੂ, ਭਿੰਡੀ, ਫਲ ਜਿਵੇਂ ਸੇਬ, ਹਦਵਾਣਾ, ਬੱਘੂਗੋਸ਼ਾ, ਕੇਲਾ ਆਦਿ, ਮੱਛੀ ਖ਼ਾਸਕਰ ਸੈਲਮਨ ਅਤੇ ਹਿਲਸਾ, ਜਿਹੜੀਆਂ ਓਮੇਗਾ 3 ਫੈਟੀ ਐਸਿਡ ਭਰਪੂਰ ਹਨ, ਖਾਣਾ ਬਣਾਉਣ ਲਈ ਵਰਤੇ ਤੇਲ- ਓਲਿਵ ਤੇਲ, ਸੀਸੇਮ ਤੇਲ, ਮਸਟਰਡ ਤੇਲ, ਇਸਬਗੋਲ, ਅੰਡੇ, ਸਮੁੰਦਰੀ ਜੀਵ, ਸੁੱਕੇ ਮੇਵੇ ਖ਼ਾਸਕਰ ਬਦਾਮ ਆਦਿ ਸਾਰੇ ਹੀ ਦਿਲ ਵਾਸਤੇ ਬਹੁਤ ਵਧੀਆ ਹਨ ਕਿਉਂਕਿ ਇਨ੍ਹਾਂ ਨਾਲ ਲੋੜੀਂਦਾ ਫਾਈਬਰ ਵਿਟਾਮਿਨ ਬੀ, ਸੀ, ਈ, ਪੋਟਾਸ਼ੀਅਮ ਅਤੇ ਜ਼ਿੰਕ ਦਿਲ ਨੂੰ ਲਗਾਤਾਰ ਸਿਹਤਮੰਦ ਰੱਖਦਾ ਹੈ। ਇਨ੍ਹਾਂ ਚੀਜ਼ਾਂ ਦਾ ਫ਼ਾਇਦਾ ਲੈਣ ਲਈ 30 ਮਿੰਟ ਦੀ ਰੋਜ਼ਾਨਾ ਕਸਰਤ ਬਹੁਤ ਜ਼ਰੂਰੀ ਹੈ, ਜਿਸ ਨਾਲ ਦਿਲ ਮਜ਼ਬੂਤ ਹੋ ਜਾਂਦਾ ਹੈ।

ਹਰੀਆਂ ਪੱਤੀਆਂ ਦੀ ਚਾਹ ਪੌਲੀਫਿਨੌਲ ਨਾਲ ਭਰਪੂਰ ਹੁੰਦੀ ਹੈ, ਜਿਹੜੀ ਕੈਂਸਰ ਅਤੇ ਦਿਲ ਦੀਆਂ ਬਿਮਾਰੀਆਂ ਘਟਾਉਣ ਵਿਚ ਮਦਦ ਕਰਦੀ ਹੈ ਕਿਉਂਕਿ ਇਹ ਤਣਾਅ ਘਟਾਉਂਦੀ ਹੈ। ਇਸੇ ਲਈ ਅੱਜ ਤੋਂ ਹੀ ਕੜਕ ਕਾਲੀ ਚਾਹ ਦੀ ਥਾਂ ਹਰੀ ਚਾਹ ਪੀਣੀ ਸ਼ੁਰੂ ਕਰ ਦੇਣੀ ਚਾਹੀਦੀ ਹੈ। ਕੈਮੋਮਿਲ ਬੂਟੀ ਦੀ ਚਾਹ ਰਾਤ ਨੂੰ ਸੌਣ ਲੱਗਿਆਂ ਪੀਣ ਨਾਲ ਤਣਾਅ ਇਕਦਮ ਕਾਫੂਰ ਹੋ ਜਾਂਦਾ ਹੈ ਅਤੇ ਵਧੀਆ ਨੀਂਦਰ ਆ ਜਾਂਦੀ ਹੈ। ਜੇ ਕਿਸੇ ਨੂੰ ਇਹ ਪੀਣ ਨਾਲ ਟੱਟੀਆਂ ਲੱਗ ਜਾਣ ਜਾਂ ਜੀਅ ਕੱਚਾ ਹੋਣ ਲਗ ਪਵੇ ਤਾਂ ਇਹ ਨਾ ਲਵੋ ਕਿਉਂਕਿ ਕਿਸੇ ਨੂੰ ਜੜ੍ਹੀਆਂ-ਬੂਟੀਆਂ ਤੋਂ ਐਲਰਜੀ ਵੀ ਹੋ ਸਕਦੀ ਹੈ। ਚੌਦਾਂ ਲੱਖ ਬੰਦੇ ਕਿਉਂਕਿ ਹਰ ਸਾਲ ਸਿਰਫ਼ ਏਸੇ ਦਿਲ ਸਦਕਾ ਹੀ ਦੁਨੀਆਂ ਨੂੰ ਅਲਵਿਦਾ ਕਹਿ ਰਹੇ ਹਨ ਅਤੇ ਉਹ ਵੀ ਇਨ੍ਹਾਂ ਵਿਚੋਂ ਅੱਧੇ ਤੋਂ ਵੱਧ ਸ਼ੱਕਰ ਰੋਗ ਅਤੇ ਬਲੱਡ ਪ੍ਰੈਸ਼ਰ ਵਰਗੀਆਂ ਬਿਮਾਰੀਆਂ ਸਹੇੜ ਕੇ, ਇਸੇ ਲਈ ਖ਼ੁਰਾਕ ਵੱਲ ਅੱਜ ਤੋਂ ਹੀ ਧਿਆਨ ਦੇਣਾ ਜ਼ਰੂਰੀ ਬਣ ਜਾਂਦਾ ਹੈ। ਕੁਝ ਗੱਲਾਂ ਜੋ ਆਮ ਆਦਮੀ ਨੂੰ ਆਪਣੇ ਸਰੀਰ ਬਾਰੇ ਪਤਾ ਹੋਣੀਆਂ ਚਾਹੀਦੀਆਂ ਹਨ, ਉਹ ਹਨ : ਬਲੱਡ ਪ੍ਰੈਸ਼ਰ, ਕੋਲੈਸਟਰੋਲ ਅਤੇ ਸਰੀਰ ਦਾ ਭਾਰ।

ਜੇ ਜਵਾਨੀ ਵਿਚ ਉਪਰਲਾ ਬਲੱਡ ਪ੍ਰੈਸ਼ਰ 120-139 ਹੈ ਅਤੇ ਹੇਠਲਾ 80-89 ਤਾਂ ਇਸ ਨੂੰ ਪ੍ਰੀ ਹਾਈਪਰ ਟੈਨਸ਼ਨ ਕਹਿੰਦੇ ਹਨ। ਜੇ ਉੱਪਰਲਾ 140-159 ਅਤੇ ਹੇਠਲਾ 90-99 ਹੈ ਤਾਂ ਬਲੱਡ ਪ੍ਰੈਸ਼ਰ ਵਧਣ ਦੀ ਪਹਿਲੀ ਪੌੜੀ ਸਮਝੋ। ਜੇ ਉੱਪਰਲਾ 160 ਤੋਂ ਵੱਧ ਹੈ ਅਤੇ ਹੇਠਲਾ 100 ਤੋਂ ਵੱਧ ਹੈ ਤਾਂ ਸਮਝੋ ਕਿ ਬਲੱਡ ਪ੍ਰੈਸ਼ਰ ਦੀ ਦੂਜੀ ਪੌੜੀ ਚੜ੍ਹ ਚੁੱਕੇ ਹੋ! ਜੇ ਬਲੱਡ ਪ੍ਰੈਸ਼ਰ ਦਵਾਈਆਂ ਨਾਲ ਕਾਬੂ ਵਿਚ ਰੱਖਿਆ ਜਾ ਰਿਹਾ ਹੈ, ਫੇਰ ਵੀ ਪੌੜੀ ਚੜ੍ਹੀ ਤਾਂ ਪਹਿਲੀ ਮਿਣਤੀ ਤੋਂ ਹੀ ਗਿਣੀ ਜਾਂਦੀ ਹੈ। ਹੁਣ ਕੋਲੈਸਟਰੋਲ ਦੀ ਗੱਲ ਕਰੀਏ। ਕੋਲੈਸਟਰੋਲ ਵੀ ਦੋ ਕਿਸਮਾਂ ਦਾ ਹੁੰਦਾ ਹੈ- ਚੰਗਾ (ਐਚ.ਡੀ.) ਤੇ ਮਾੜਾ (ਐਲ.ਡੀ.ਐਲ.) ਸਰੀਰ ਵਿਚਲਾ ਕੋਲੈਸਟਰੋਲ 200 ਮਿਲੀਗ੍ਰਾਮ ਪ੍ਰਤੀ ਡੈਸੀਲਿਟਰ ਤੋਂ ਹਮੇਸ਼ਾ ਘੱਟ ਹੋਣਾ ਚਾਹੀਦਾ ਹੈ। ਟਰਾਈਗਲਿਸਰਾਈਡ 150 ਮਿਲੀਗ੍ਰਾਮ ਪ੍ਰਤੀ ਡੈਸੀਲਿਟਰ ਤੋਂ ਘੱਟ, ਚੰਗਾ ਕੋਲੈਸਟਰੋਲ 40 ਮਿਲੀਗ੍ਰਾਮ ਪ੍ਰਤੀ ਡੈਸੀਲਿਟਰ ਤੋਂ ਵੱਧ ਅਤੇ ਮਾੜਾ ਕੋਲੈਸਟਰੋਲ 130 ਮਿਲੀਗ੍ਰਾਮ ਪ੍ਰਤੀ ਡੈਸੀਲਿਟਰ ਤੋਂ ਘੱਟ ਹੀ ਰਹੇ ਤਾਂ ਵਧੀਆ ਹੈ।

ਸ਼ੱਕਰ ਰੋਗ ਅਤੇ ਸਿਗਰਟ, ਬੀੜੀ ਦਿਲ ਦਾ ਸੱਤਿਆਨਾਸ ਕਰ ਦਿੰਦੇ ਹਨ। ਸਭ ਕੁਝ ਜਾਣਦੇ ਬੁੱਝਦੇ ਵੀ ਲੋਕ ਲਹੂ ਵਿਚ ਸ਼ੱਕਰ ਦੀ ਮਾਤਰਾ ਠੀਕ ਰੱਖਣ ਲਈ ਇਨਸੂਲਿਨ ਦੇ ਟੀਕੇ ਲਵਾਉਣ ਨਾਲੋਂ ਦੁਨੀਆਂ ਨੂੰ ਅਲਵਿਦਾ ਕਹਿਣਾ ਜ਼ਿਆਦਾ ਠੀਕ ਸਮਝਦੇ ਹਨ। ਇਸੇ ਹੀ ਤਰ੍ਹਾਂ ਸਿਗਰਟ ਬੀੜੀ ਦੇ ਆਦੀ ਲੋਕ ਇਸ ਨੂੰ ਜ਼ਿੰਦਗੀ ਤੋਂ ਕੀਮਤੀ ਸਮਝਦੇ ਹਨ। ਮੋਟਾਪੇ ਨਾਲ ਦਿਲ ਦਾ ਨਾਸ ਤਾਂ ਵੱਜਦਾ ਹੀ ਹੈ ਪਰ ਇਹ ਬਲੱਡ ਪ੍ਰੈਸ਼ਰ, ਦਿਮਾਗ਼ ਦੀ ਨਸ ਬੰਦ ਹੋਣੀ, ਪਿੱਤੇ ਦੀ ਪੱਥਰੀ, ਛਾਤੀ ਦਾ ਕੈਂਸਰ, ਅੰਤੜੀਆਂ ਅਤੇ ਗਦੂਦ ਦੇ ਕੈਂਸਰ ਦਾ ਕਾਰਨ ਵੀ ਬਣ ਜਾਂਦਾ ਹੈ।

ਆਪਣਾ ਭਾਰ ਠੀਕ ਮਾਪ ਦਾ ਰੱਖਣ ਲਈ ਬੀ ਮਾਸ ਇੰਡੈਕਸ ਲੱਭੀ ਜਾ ਸਕਦੀ ਹੈ। ਇਹ ਕਰਨ ਲਈ ਆਪਣਾ ਭਾਰ ਕਿੱਲੋਆਂ ਵਿਚ ਅਤੇ ਲੰਬਾਈ ਮੀਟਰਾਂ ਵਿਚ ਨਾਪ ਲਵੋ। ਲੰਬਾਈ ਨੂੰ ਮੀਟਰ ਸਕੁਏਅਰ ਵਿਚ ਬਦਲ ਕੇ ਇਸ ਤਰ੍ਹਾਂ ਗਿਣਤੀ ਕੀਤੀ ਜਾ ਸਕਦੀ ਹੈ। ਮਸਲਨ ਭਾਰ 70 ਕਿੱਲੋ ਅਤੇ ਲੰਬਾਈ 1 ਮੀਟਰ-ਤਾਂ ਬੀ Ḥ ਭਾਰ Ḳ (ਲੰਬਾਈ)2 Ḥ 70 Ḳ 2 Ḥ 24 ਕਿੱਲੋ ਪ੍ਰਤੀ ਮੀਟਰ ਸਕੁਏਅਰ। ਜੇ ਬੀ 18 ਤੋਂ ਘੱਟ ਹੈ ਤਾਂ ਸਮਝੋ ਕਾਫੀ ਕਮਜ਼ੋਰ ਹੋ। ਜੇ 18 ਤੋਂ 24 ਹੈ ਤਾਂ ਨਾਰਮਲ ਹੋ। ਜੇ 25 ਤੋਂ 29 ਹੈ ਤਾਂ ਭਾਰ ਜ਼ਿਆਦਾ ਹੈ, ਪਰ ਜੇ 30 ਤੋਂ ਵੱਧ ਹੈ ਤਾਂ ਮੋਟਾਪਾ ਵੱਧ ਚੁੱਕਾ ਹੈ। ਭਾਰਤੀਆਂ ਲਈ ਇਹੀ ਮਾਪਦੰਡ ਕੁਝ ਘੱਟ ਮਾਤਰਾ ਵਿਚ ਹਨ। ਜੇ ਸਿਰਫ਼ 10 ਪ੍ਰਤੀਸ਼ਤ ਭਾਰ ਵੀ ਘੱਟ ਜਾਂਦਾ ਹੈ ਤਾਂ ਦਿਲ ਉੱਤੇ ਮਾੜਾ ਅਸਰ ਤਾਂ ਘੱਟਦਾ ਹੀ ਹੈ ਪਰ ਅੱਧੀਆਂ ਬਿਮਾਰੀਆਂ ਵੀ ਸਰੀਰ ਵਿਚੋਂ ਭੱਜਣ ਦੀ ਕਰਦੀਆਂ ਹਨ। ਹੁਣ ਸੋਚ ਕੇ ਵੇਖੋ ਜੇ ਵੀਹ ਪ੍ਰਤੀਸ਼ਤ ਭਾਰ ਘੱਟ ਜਾਏ ਤਾਂ ਕੀ ਕਮਾਲ ਹੋ ਸਕਦਾ ਹੈ! ਕਮਰ ਦਾ ਨਾਪ ਔਰਤਾਂ ਵਿਚ 90 ਸੈਂਟੀਮੀਟਰ ਅਤੇ ਮਰਦਾਂ ਵਿਚ 80 ਸੈਂਟੀਮੀਟਰ ਤੋਂ ਵਧ ਨਹੀਂ ਹੋਣਾ ਚਾਹੀਦਾ। ਜੇ ਲਗਾਤਾਰ ਵਧੀਆ ਏਰੋਬਿਕ (ਦੌੜਨਾ, ਸਾਈਕਲ ਚਲਾਉਣਾ, ਨੱਚਣਾ, ਤੈਰਨਾ, ਪੌੜੀਆਂ ਚੜ੍ਹਨਾ ਆਦਿ) ਸਰੀਰਕ ਕਸਰਤ ਜਾਰੀ ਰੱਖੀ ਜਾਏ ਤਾਂ ਦਿਲ ਦੀਆਂ ਬਿਮਾਰੀਆਂ ਦਾ ਖ਼ਤਰਾ 50 ਪ੍ਰਤੀਸ਼ਤ ਤਕ ਘੱਟ ਜਾਂਦਾ ਹੈ, ਜਿਨ੍ਹਾਂ ਵਿਚ ਬਹੁਤੇ ਰੁਝੇਵੇਂ ਵਾਲੇ ਲੋਕ ਤਾਂ ਲਿਫਟ ਦੀ ਬਜਾਏ ਪੌੜੀਆਂ ਹੀ ਰੋਜ਼ਾਨਾ ਚੜ੍ਹਦੇ ਰਹਿਣ ਜਾਂ ਦਫ਼ਤਰ ਤੋਂ ਕਾਰ ਇਕ ਕਿਲੋਮੀਟਰ ਦੂਰ ਖੜੀ ਕਰ ਕੇ ਪੈਦਲ ਤੁਰ ਪੈਣ, ਰੋਜ਼ਾਨਾ ਯੋਗ ਕਰਨ ਨਾਲ ਹੀ ਕਾਫੀ ਫ਼ਾਇਦਾ ਲੈ ਸਕਦੇ ਹਨ। ਲਗਾਤਾਰ ਕਸਰਤ ਕਰਨ ਨਾਲ ਹੱਡੀਆਂ ਵੀ ਮਜ਼ਬੂਤ ਰਹਿੰਦੀਆਂ ਹਨ, ਹੱਡੀਆਂ ਵਿਚਲਾ ਕੈਲਸ਼ੀਅਮ ਵੀ ਨਹੀਂ ਘਟਦਾ ਅਤੇ ਜੋੜ ਵੀ ਸਿਹਤਮੰਦ ਰਹਿੰਦੇ ਹਨ। ਵਿਕਸਤ ਦੇਸ਼ਾਂ ਵਿਚ 45 ਸਾਲ ਦੀ ਉਮਰ ਤੋਂ ਬਾਅਦ ਆਦਮੀਆਂ ਵਿਚ ਅਤੇ 55 ਸਾਲ ਦੀ ਉਮਰ ਤੋਂ ਬਾਅਦ ਔਰਤਾਂ ਵਿਚ ਦਿਲ ਦੀ ਬਿਮਾਰੀ ਹੋਣ ਦਾ ਖ਼ਤਰਾ ਵੱਧ ਜਾਂਦਾ ਹੈ ਪਰ ਭਾਰਤ ਵਿਚ ਜਿਵੇਂ ਮੈਂ ਅੱਗੇ ਦੱਸਿਆ ਹੈ, ਭਰ ਜਵਾਨੀ ਵਿਚ ਹੀ ਦਿਲ ਦੇ ਰੋਗੀ ਬਣੀ ਜਾ ਰਹੇ ਹਨ, ਇਸੇ ਲਈ ਖ਼ੁਰਾਕ ਅਤੇ ਕਸਰਤ ਦਾ ਖ਼ਿਆਲ ਬਚਪਨ ਤੋਂ ਹੀ ਸ਼ੁਰੂ ਕਰ ਦੇਣਾ ਚਾਹੀਦਾ ਹੈ ਅਤੇ ਬੱਚਿਆਂ ਨੂੰ ਸਬਜ਼ੀ ਦਾਲਾਂ ਤੋਂ ਬਗ਼ੈਰ ਰੋਟੀ ਨਹੀਂ ਦੇਣੀ ਚਾਹੀਦੀ, ਰੋਜ਼ਾਨਾ ਪਰੌਂਠੇ, ਆਚਾਰ ਤਾਂ ਬਿਲਕੁਲ ਨਹੀਂ ਤੇ ਨਾ ਹੀ ਕੋਲਡ ਡਰਿੰਕਸ, ਚਿਪਸ, ਸੌਸ ਆਦਿ। ਜੇ ਘਰ ਵਿਚ ਪਿਓ ਨੂੰ ਦਿਲ ਦੀ ਬਿਮਾਰੀ 45 ਸਾਲ ਦੀ ਉਮਰ ਤੋਂ ਪਹਿਲਾਂ ਅਤੇ ਮਾਂ ਵਿਚ 55 ਸਾਲ ਦੀ ਉਮਰ ਤੋਂ ਪਹਿਲਾਂ ਹੋਈ ਹੈ ਤਾਂ ਇਸ ਦਾ ਅਸਰ ਅੱਗੋਂ ਬੱਚਿਆਂ ਵਿਚ ਛੇਤੀ ਹੋਣ ਦਾ ਖ਼ਤਰਾ ਕਾਫੀ ਵੱਧ ਜਾਂਦਾ ਹੈ। ਨਸ਼ੇ ਜਿਵੇਂ ਕੋਕੀਨ ਵੀ ਵੱਡੇ ਸ਼ਹਿਰਾਂ ਦੇ ਵੱਡੇ ਕਾਕਿਆਂ ਵਿਚ ਦਿਲ ਦੇ ਦੌਰਿਆਂ ਦਾ ਉਭਰਦਾ ਕਾਰਨ ਬਣਦੇ ਜਾ ਰਹੇ ਹਨ ਕਿਉਂਕਿ ਇਹ ਦਿਲ ਦੀਆਂ ਨਾਰਮਲ ਨਾੜੀਆਂ ਨੂੰ ਸੁੰਗੜਨ ਲਈ ਮਜਬੂਰ ਕਰ ਦਿੰਦੇ ਹਨ। ਕਈ ਲੋਕਾਂ ਨੂੰ ਕੋਲੈਸਟਰੋਲ ਨਾਰਮਲ ਹੁੰਦਿਆਂ ਹੋਇਆਂ, ਸ਼ੱਕਰ ਰੋਗ ਅਤੇ ਬਲੱਡ ਪ੍ਰੈਸ਼ਰ ਨਾ ਹੁੰਦਿਆਂ ਹੋਇਆਂ ਵੀ ਦਿਲ ਦਾ ਦੌਰਾ ਹੋ ਜਾਂਦਾ ਹੈ। ਇਸ ਦਾ ਕਾਰਨ ਹੋਮੋਸਿਸਟੀਨ ਦਾ ਵੱਧ ਜਾਣਾ ਹੁੰਦਾ ਹੈ, ਜਿਸ ਨੂੰ ਘਟਾਉਣ ਲਈ ਬੀ ਕੰਪਲੈਕਸ ਵਿਟਾਮਿਨ ਸਹਾਈ ਹੁੰਦਾ ਹੈ। ਸੰਗੀਤ ਦਾ ਵੀ ਬਿਮਾਰੀ ਘਟਾਉਣ ਵਿਚ ਰੋਲ ਲੱਭਿਆ ਜਾ ਚੁੱਕਿਆ ਹੈ। ਮੱਧਮ ਮਧੁਰ ਸੰਗੀਤ ਤਣਾਅ ਘਟਾਉਣ ਦੇ ਨਾਲ ਨਾਲ ਬਲੱਡ ਪ੍ਰੈਸ਼ਰ ਵੀ ਘਟਾ ਦਿੰਦਾ ਹੈ, ਧੜਕਨ ਨਾਰਮਲ ਕਰ ਦਿੰਦਾ ਹੈ, ਸਰੀਰ ਦੀ ਬਿਮਾਰੀ ਨਾਲ ਲੜਨ ਦੀ ਤਾਕਤ ਵਧਾਉਂਦਾ ਹੈ, ਇਕਾਗਰਤਾ ਵਿਚ ਵਾਧਾ ਕਰਦਾ ਹੈ ਅਤੇ ਦਰਦ ਵੀ ਘਟਾ ਦਿੰਦਾ ਹੈ। ਇਸ ਦੇ ਉਲਟ ਤੇਜ਼ ਉੱਚਾ ਸੰਗੀਤ ਬਲੱਡ ਪ੍ਰੈਸ਼ਰ ਵਧਾ ਦਿੰਦਾ ਹੈ ਅਤੇ ਸਰੀਰ ਅੰਦਰ ਮਾੜੇ ਹਾਰਮੋਨਾਂ ਦਾ ਵੀ ਵਾਧਾ ਕਰ ਦਿੰਦਾ ਹੈ। ਏਨਾ ਕੁਝ ਜਾਣ ਲੈਣ ਤੋਂ ਬਾਅਦ ਹੁਣ ਤਾਂ ਦਿਲ ਦੀਆਂ ਦਿਲ ਵਿਚ ਨਹੀਂ ਰਹਿਣ ਦੇਣੀਆਂ ਚਾਹੀਦੀਆਂ। ਖੁੱਲ੍ਹ ਕੇ ਇਜ਼ਹਾਰ ਕਰ ਲੈਣਾ ਚਾਹੀਦਾ ਹੈ ਅਤੇ ਰੱਜ ਕੇ ਹੱਸਣਾ ਚਾਹੀਦਾ ਹੈ। ਰੋਜ਼ਾਨਾ ਕਸਰਤ ਕਰ ਕੇ, ਮਧੁਰ ਸੰਗੀਤ ਸੁਣ ਕੇ ਵਧੀਆ ਸਿਹਤਮੰਦ ਖਾਣਾ ਖਾ ਕੇ, ਤਣਾਅ ਘਟਾ ਕੇ, ਭਾਰ ਕਾਬੂ ਵਿਚ ਰੱਖ ਕੇ, ਭਰਪੂਰ ਜ਼ਿੰਦਗੀ ਜੀਅ ਕੇ, ਵਧੀਆ ਇਨਸਾਨਾਂ ਨਾਲ ਸਮਾਂ ਬਿਤਾ ਕੇ, ਰੱਬੀ ਬਾਣੀ ਦਾ ਆਨੰਦ ਉਠਾ ਕੇ, ਦਿਲ ਦੇ 'ਚੰਦਰੇ' ਰੋਗ ਤੋਂ ਬਚਿਆ ਜਾ ਸਕਦਾ ਹੈ। ਜੇ ਹਾਲੇ ਵੀ ਕੋਈ ਦਿਲ ਦੇ ਮਾਮਲੇ ਵਿਚ 'ਗੜਬੜ' ਕਰਨੀ ਚਾਹੇ ਤਾਂ ਉਸ ਦੀ ਮਰਜ਼ੀ!

ਮਰ ਰਹੀਆਂ ਭਾਸ਼ਾਵਾਂ ਤੇ ਪੰਜਾਬੀ ਭਾਸ਼ਾ



ਗਿਆਨ ਸਿੰਘ ਬਿਲਗਾ
(ਯੂ.ਐਸ.ਏ.)
+1- 661-397-7330

ਯੂਨੈਸਕੋ ਦੇ ਭਾਸ਼ਾ ਵਿਗਿਆਨੀਆਂ ਦੀ ਇਕ ਰਿਪੋਰਟ ਕਿ ਸੰਸਾਰ ਭਰ ਵਿਚ ਵੱਖ ਵੱਖ ਇਲਾਕਿਆਂ ਵਿਚ ਬੋਲੀਆਂ ਜਾਣ ਵਾਲੀਆਂ ਬੋਲੀਆਂ ਤੇ ਭਾਸ਼ਾਵਾਂ ਵਿਚੋਂ ਕੁਝ ਕੁ ਨੇੜਲੇ ਭਵਿੱਖ ਵਿਚ ਆਪਣੀ ਮੌਤੇ ਮਰ ਜਾਣਗੀਆਂ, ਉਨ੍ਹਾਂ ਦਾ ਨਾਮੋ ਨਿਸ਼ਾਨ ਮਿਟ ਜਾਵੇਗਾ, ਇਨ੍ਹਾਂ 370 ਮਰ ਰਹੀਆਂ ਭਾਸ਼ਾਵਾਂ ਵਿਚੋਂ ਪੰਜਾਬੀ ਭਾਸ਼ਾ ਦਾ ਪੰਜਾਹਵਾਂ ਸਥਾਨ ਹੈ, ਨੇ ਪੰਜਾਬ ਵਿਚ ਵਸਦੇ ਪੰਜਾਬੀਆਂ, ਭਾਸ਼ਾ ਵਿਗਿਆਨੀਆਂ, ਸਾਹਿਤ ਸਭਾਵਾਂ, ਲਿਖਾਰੀ ਸਭਾਵਾਂ ਤੇ ਪੰਜਾਬੀ ਪ੍ਰੇਮੀਆਂ ਨੂੰ ਫਿਰਕਮੰਦੀ ਵਿਚ ਪਾ ਦਿੱਤਾ ਹੈ ਅਤੇ ਗੰਭੀਰਤਾ ਨਾਲ ਮਾਂ ਬੋਲੀ ਤੇ ਭਾਸ਼ਾ ਦੀ ਰੱਖਿਆ ਲਈ ਸੋਚਣ ਵਾਸਤੇ ਮਜਬੂਰ ਕਰ ਦਿੱਤਾ ਹੈ।

ਕੌਮਾਂਤਰੀ ਪੱਧਰ 'ਤੇ ਜਾਂ ਪੰਜਾਬ ਵਿਚ ਜਿਥੇ ਕਿਤੇ ਵੀ ਸਾਹਿਤਕ ਸਮਾਗਮ ਹੁੰਦੇ ਹਨ, ਇਹ ਸਾਹਿਤਕਾਰ, ਲਿਖਾਰੀ ਤੇ ਪੰਜਾਬੀ ਪ੍ਰੇਮੀ ਤਿੰਨ ਤਰ੍ਹਾਂ ਦੇ ਵਿਚਾਰ ਗਰੁੱਪਾਂ ਵਿਚ ਵੰਡੇ ਨਜ਼ਰ ਆਉਂਦੇ ਹਨ। ਪਹਿਲੀ ਤਰ੍ਹਾਂ ਦੇ ਲੋਕ ਯੂਨੈਸਕੋ ਦੇ ਭਾਸ਼ਾ ਵਿਗਿਆਨੀਆਂ ਦੇ ਵਿਚਾਰ ਨਾਲ ਪੂਰਨ ਰੂਪ ਵਿਚ ਸਹਿਮਤ ਹਨ, ਇਸ ਲਈ ਤਰਕ ਦਿੱਤਾ ਜਾਂਦਾ ਹੈ ਜਿਵੇਂ ਘੱਟ ਗਿਣਤੀ ਸਭਿਆਚਾਰ ਨੂੰ ਬਹੁ-ਗਿਣਤੀ ਵਾਲਾ ਸਭਿਆਚਾਰ ਆਪਣੇ ਵਿਚ ਸਮੋ ਲੈਂਦਾ ਹੈ, ਇਸੇ ਤਰ੍ਹਾਂ ਸੰਸਾਰ ਭਰ ਦੀਆਂ ਬਹੁ ਸੰਮਤੀ ਲੋਕਾਂ ਵਲੋਂ ਅਪਣਾਈਆਂ ਜਾਣ ਵਾਲੀਆਂ ਭਾਸ਼ਾਵਾਂ ਘੱਟ ਗਿਣਤੀ ਵਲੋਂ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਨੂੰ ਆਪਣੇ ਵਿਚ ਜਜ਼ਬ ਕਰ ਲੈਣਗੀਆਂ। ਦੂਜੇ ਗੁੱਟ ਦੇ ਲਿਖਾਰੀ ਤੇ ਸਾਹਿਤਕਾਰ ਐਨ ਵਿਰੋਧ ਵਿਚ ਖੜੇ ਹਨ ਕਿ ਉਹ ਭਾਸ਼ਾ ਤੇ ਬੋਲੀ ਜੋ ਕਿਸੇ ਖਾਸ ਇਲਾਕੇ ਵਿਚ ਬੋਲੀ ਜਾ ਰਹੀ ਹੈ, ਉਸ ਵਿਚ ਮਣਾਂ ਮੂੰਹੀ ਸਾਹਿਤ ਨਿਰੰਤਰ ਰਚਿਆ ਜਾ ਰਿਹਾ ਹੈ, ਜੋ ਕੌਮਾਂਤਰੀ ਭਾਸ਼ਾਵਾਂ ਦੇ ਮਿਆਰ ਦਾ ਟਾਕਰਾ ਕਰਦਾ ਹੈ। ਜਿਸ ਭਾਸ਼ਾ ਦੀ ਆਪਣੀ ਵਿਆਕਰਣ ਹੈ, ਵਾਕ ਬਣਤਰ ਵਿਚ ਵੱਖਰਾ ਕਿਰਿਆ ਰੂਪ ਅਪਣਾ ਰਹੀ ਹੈ, ਦੇਸ਼ ਜਾਂ ਪਰਦੇਸ ਜਿਥੇ ਵੀ ਪੰਜਾਬੀ ਸਾਹਿਤਕਾਰ ਬੈਠਾ ਹੈ, ਨਿਰੰਤਰ ਸਾਹਿਤ ਦੀ ਰਚਨਾ ਕਰ ਰਿਹਾ ਹੈ। ਅਨੇਕਾਂ ਪੱਤਰ, ਪੱਤਰਕਾਵਾਂ ਰੋਜ਼ਾਨਾ ਤੇ ਹਫ਼ਤਾਵਾਰੀ ਪ੍ਰਕਾਸ਼ਤ ਹੋ ਰਹੀਆਂ ਹਨ, ਮਾਸਿਕ ਰਸਾਲਿਆਂ ਦਾ ਜਿਵੇਂ ਹੜ੍ਹ ਹੀ ਆ ਗਿਆ ਹੋਵੇ, ਜਿਸ ਭਾਸ਼ਾ ਨੇ ਵਿਗਿਆਨ, ਸਮਾਜਕ, ਸਿਹਤ ਵਿਗਿਆਨ ਤੇ ਰਾਜਨੀਤਕ ਵਿਸ਼ਿਆਂ ਨੂੰ ਆਪਣੇ ਘੇਰੇ ਵਿਚ ਲਿਆ ਹੋਵੇ, ਨਾਟਕ, ਕਵਿਤਾ, ਨਾਵਲ, ਕਹਾਣੀ, ਛੋਟੀ ਕਹਾਣੀ ਹਰਵਿਧਾ ਨੂੰ ਸਾਹਿਤਕਾਰਾਂ ਨੇ ਅਪਣਾਇਆ ਹੋਵੇ, ਉਹ ਕਿਵੇਂ ਮਰ ਸਕਦੀ ਹੈ। ਤੀਸਰੀ ਤਰ੍ਹਾਂ ਦੇ ਪੰਜਾਬੀ ਸਾਹਿਤਕਾਰਾਂ ਤੇ ਭਾਸ਼ਾ ਵਿਗਿਆਨੀ ਦੀ ਸੋਚ ਹੈ ਕਿ ਸਾਨੂੰ ਉਸ ਉੱਨਤ ਸੰਚਾਰ ਸਾਧਨਾਂ ਦੇ ਯੁੱਗ ਵਿਚ ਜਿਥੋਂ ਜਾਣਕਾਰੀ ਦਾ ਹੜ੍ਹ ਹੀ ਆ ਗਿਆ ਹੋਵੇ, ਸੰਸਾਰ ਇਕ ਪਿੰਡ ਹੀ ਨਜ਼ਰ ਆਉਂਦਾ ਹੋਵੇ, ਕੁਝ ਕੁ ਬੋਲੀਆਂ ਦੀ ਸਰਦਾਰੀ ਸੰਸਾਰ ਭਰ ਵਿਚ ਚਲਦੀ ਹੋਵੇ, ਸੁਚੇਤ ਜ਼ਰੂਰ ਰਹਿਣਾ ਚਾਹੀਦਾ ਹੈ ਅਤੇ ਆਪਣੀ ਮਾਤ ਭਾਸ਼ਾ ਦੀ ਉਨਤੀ ਲਈ ਸੰਜੀਦਾ ਜਥੇਬੰਦਕ ਯਤਨ ਜਾਰੀ ਰੱਖਣੇ ਚਾਹੀਦੇ ਹਨ ਤਾਂ ਜੋ ਕੌਮਾਂਤਰੀ ਉਨਤੀ ਦੇ ਹਾਣ ਦਾ ਹੋਇਆ ਜਾ ਸਕੇ। ਆਪਣੀ ਮਾਂ ਬੋਲੀ ਤੇ ਭਾਸ਼ਾ ਦੀ ਰੱਖਿਆ ਕੀਤੀ ਜਾ ਸਕੇ। ਪਰ ਹਾਲੇ ਇਹ ਅਲੋਕਾਰ ਗੱਲ ਨਜ਼ਰ ਨਹੀਂ ਆਉਂਦੀ ਹੈ ਕਿ ਪੰਜਾਬੀ ਭਾਸ਼ਾ ਮਰ ਰਹੀ ਹੈ। ਕਲਾਡ ਹੈਗੇਜ ਫਰਾਂਸ ਦਾ ਮਸ਼ਹੂਰ ਭਾਸ਼ਾ ਸ਼ਾਸਤਰੀ ਤਾਂ ਇਥੇ ਤਕ ਕਹਿ ਗਿਆ ਹੈ ਕਿ 'ਸੰਸਾਰ ਦੇ ਲੋਕਾਂ ਦੀ ਬਹੁਤ ਸੰਮਤੀ ਬਿਲਕੁਲ ਭਾਸ਼ਾਵਾਂ ਦੇ ਮਰ ਜਾਣ ਦੇ ਵਿਸ਼ੇ 'ਤੇ ਸੰਜੀਦਾ ਨਹੀਂ। ਜੇ ਅਸੀਂ ਸਾਵਧਾਨੀ ਨਹੀਂ ਵਰਤਾਂਗੇ, ਅੰਗਰੇਜ਼ੀ ਜਿਸ ਤਰ੍ਹਾਂ ਤਰੱਕੀ ਕਰ ਰਹੀ ਹੈ, ਯਕੀਨਨ ਇਹ ਹੋਰ ਭਾਸ਼ਾਵਾਂ ਨੂੰ ਨਿਗਲ ਜਾਵੇਗੀ।'

ਹਾਲੇ ਇਹ ਚਰਚਾ ਚੱਲ ਹੀ ਰਹੀ ਸੀ ਕਿ 17 ਅਕਤੂਬਰ 2009 ਬੀ.ਬੀ.ਸੀ. ਬ੍ਰਿਟਿਸ਼ ਬਰਾਡਕਾਸਟਿੰਗ ਕਾਰਪੋਰੇਸ਼ਨ ਲੰਡਨ ਤੋਂ ਟੌਪ ਕੌਲੇਜ ਵਲੋਂ ਪ੍ਰਸਾਰਿਤ ਇਕ ਰਿਪੋਰਟ ਪੂਰੀ ਤਾਂ ਨਹੀਂ, ਜਿਸ ਦਾ ਸਾਰਅੰਸ਼ ਹੀ ਇਥੇ ਦਿੱਤਾ ਜਾ ਸਕਦਾ ਹੈ, "ਅੰਦਾਜ਼ਨ 7000 ਸੰਸਾਰ ਭਰ ਦੀਆਂ ਭਾਸ਼ਾਵਾਂ ਦੀ ਗਿਣਤੀ ਇਕ ਦਹਾਕੇ ਤਕ ਪੰਜ ਸੌ ਤਕ ਘੱਟਣ ਜਾ ਰਹੀ ਹੈ, ਜਦ ਇਕ ਭਾਸ਼ਾ ਮਰਦੀ ਹੈ ਤਾਂ ਕੀ-ਕੀ ਗੁਆਚਦਾ ਹੈ?" 1992 ਵਿਚ ਅਮਰੀਕੀ ਭਾਸ਼ਾ ਵਿਗਿਆਨੀਆਂ ਨੇ ਸੰਸਾਰ ਭਰ ਨੂੰ ਸਕਤੇ ਵਿਚ ਲੈ ਆਂਦਾ ਹੈ ਕਿ 2100 ਈਸਵੀ ਤਕ 90 ਫੀਸਦੀ ਦੁਨੀਆ ਦੀਆਂ ਭਾਸ਼ਾਵਾਂ ਮਰ ਮੁੱਕ ਜਾਣਗੀਆਂ। ਕੈਲੇਡ ਹੈਗੇਜ ਫਰਾਂਸੀਸੀ ਭਾਸ਼ਾ ਵਿਗਿਆਨੀ ਨੇ ਇਕ ਥਾਂ ਹੋਰ ਟਿੱਪਣੀ ਕਰਦਿਆਂ ਕਿਹਾ, "ਕੁਝ ਕੁ ਕਬੀਲੇ ਬਾਹਰੀ ਦਬਾਅ ਅਧੀਨ ਆਪਣੀ ਭਾਸ਼ਾ ਛੱਡਣ ਲਈ ਮਜਬੂਰ ਹੋ ਜਾਂਦੇ ਹਨ। ਹਾਲੇ ਤਕ ਤਾਂ ਅਸੀਂ ਲੇਖਕਾਂ ਸਾਹਿਤਕਾਰਾਂ ਨੂੰ ਸੁਚੇਵ ਵੀ ਨਹੀਂ ਕੀਤਾ, ਕੁਝ ਕੁ ਲੋਕ ਇਸ ਵਿਸ਼ੇ ਨੂੰ ਅਣਗੌਲਿਆ ਕਰੀ ਰੱਖਣ ਵਿਚ ਹੀ ਭਲਾ ਸੋਚਦੇ ਹਨ, ਉਸ ਨੇ ਅੱਗੇ ਕਿਹਾ ਕਿ ਅੰਗਰੇਜ਼ੀ ਦੀ ਜਿਵੇਂ ਉਨਤੀ ਤੇ ਪਸਾਰ ਹੋ ਰਿਹਾ ਹੈ, ਯਕੀਨਨ ਹੋਰ ਭਾਸ਼ਾਵਾਂ ਨੂੰ ਹੜੱਪ ਕਰ ਜਾਵੇਗੀ।

ਐਥਨੋਲੌਗ ਅਨੁਸਾਰ ਜੋ ਇਹ ਬਹਿਸ ਜਾਰੀ ਰੱਖੇ ਹੋਏ ਹੈ, ਅਨੁਸਾਰ 473 ਭਾਸ਼ਾਵਾਂ ਦੇ ਸਿਰ ਖਤਰੇ ਦੀ ਘੰਟੀ ਵੱਜ ਰਹੀ ਹੈ, ਇਸ ਵਿਚਾਰ ਦੀ ਪ੍ਰਸ਼ਟੀ ਲਿਪਨ ਅਪੈਚੀ ਅਮਰੀਕੀ, ਚਾਰ ਟਰਾਂਟੋ ਨਿਵਾਸੀ ਕਨੇਡੀਅਨ, ਬਾਕੀਆ (ਬਿਕੀਆ) ਕੈਮਰੂਪ ਭਾਸ਼ਾ ਵਿਗਿਆਨੀਆਂ ਦੇ ਹਨ। ਐਥਨੇਲੌਗ ਦਾ ਐਡੀਟਰ ਪਾਲ ਲੁਈਸ ਕਹਿੰਦਾ ਹੈ, "ਅਸੀਂ ਉਸ ਦੰਦੀ 'ਤੇ ਖੜੇ ਹਾਂ, ਜਿਥੋਂ ਭਾਸ਼ਾਵਾਂ ਨੂੰ ਮਰ ਰਿਹਾ ਵੇਖ ਰਹੇ ਹਾਂ।" ਐਥਨੋਲੌਗ ਦੇ ਕੁਝ ਅੰਕੜਿਆਂ ਅਨੁਸਾਰ 6 ਫੀਸਦੀ ਸੰਸਾਰ ਦੀਆਂ ਭਾਸ਼ਾਵਾਂ 94 ਫੀਸਦੀ ਸੰਸਾਰ ਦੀ ਵਸੋਂ ਵਿਚ ਬੋਲੀਆਂ ਤੇ ਲਿਖੀਆਂ ਜਾਂਦੀਆਂ ਹਨ। 94 ਫੀਸਦੀ ਬਾਕੀ ਸੰਸਾਰ ਦੀਆਂ ਭਾਸ਼ਾਵਾਂ 6 ਫ਼ੀਸਦੀ ਵਸੋਂ ਬੋਲਦੀ ਜਾਂ ਲਿਖਦੀ ਹੈ।

ਕੱਲੇ ਮੈਨਡਰਨ 845 ਮਿਲੀਅਨ ਬੋਲਦੇ ਹਨ, ਸਪੈਨਿਸ਼ 329 ਮਿਲੀਅਨ, ਅੰਗਰੇਜ਼ੀ 328 ਮਿਲੀਅਨ, 133 ਭਾਸ਼ਾਵਾਂ ਨੂੰ ਤਾਂ ਬੋਲਣ ਵਾਲੇ ਕੇਵਲ ਇਕ ਟੱਬਰ ਜਿਨ੍ਹਾਂ ਦੀ ਗਿਣਤੀ 10 ਹੀ ਹੈ, ਰਹਿ ਜਾਂਦੇ ਹਨ। 2008 ਵਿਚ ਸਭ ਤੋਂ ਪਹਿਲਾਂ ਚੀਫ਼ ਮੈਰੀ ਸਮਿਥ ਜੌਨਜ ਨੇ ਭਾਸ਼ਾਵਾਂ ਦੀ ਮੌਤ ਦਾ ਸੰਕੇਤ ਦਿੱਤਾ ਸੀ।

ਕੀ ਗੁਆਚਦਾ ਹੈ ਜਦੋਂ ਭਾਸ਼ਾ ਮਰਦੀ ਹੈ?

ਜਦੋਂ ਸੰਸਾਰੀਕਰਨ ਦੀ ਹਨੇਰੀ ਸਾਰੇ ਸੰਸਾਰ ਵਿਚ ਵਗ ਰਹੀ ਹੈ। ਕੁਝ ਕੁ ਕੌਮਾਂ ਤੇ ਫਿਰਕੇ ਆਪਣੇ ਨਿਖੇੜੇ ਤੋਂ ਡਰਦੇ ਹੀ ਆਪਣੇ ਸਭਿਆਚਾਰ ਤੇ ਭਾਸ਼ਾਵਾਂ ਨੂੰ ਮਰਦੇ ਮੂਕ ਦਰਸ਼ਕ ਦੇ ਤੌਰ 'ਤੇ ਹੀ ਵੇਖ ਰਹੇ ਹਨ ਅਤੇ ਆਪਣੀ ਹੋਂਦ ਨੂੰ ਬਚਾਉਣ ਲਈ ਸੰਘਰਸ਼ ਵੀ ਨਹੀਂ ਕਰਦੇ। "ਅਸੀਂ ਅਮੀਰ ਵਿਰਸਾ ਤੇ ਸਭਿਆਚਾਰ, ਕੁਦਰਤ ਨਾਲ ਇਕਮਿਕ ਹੋਣ ਦੀ ਭਾਸ਼ਾ, ਦੁਨੀਆ ਨਾਲ ਸੰਪਰਕ, ਆਪਣੇ ਪਰਿਵਾਰਕ ਰਿਸ਼ਤੇ, ਨਜ਼ਦੀਕੀ ਰਿਸ਼ਤੇਦਾਰ ਨਾਲ ਮੇਲ ਗੁਆ ਰਹੇ ਹੋਵਾਂਗੇ।" ਰੈਨ ਗੋਗ ਕਹਿੰਦਾ ਹੈ, "ਇਹ ਅਨੰਦ, ਖੁਸ਼ੀ, ਪਿਆਰ, ਜ਼ਿੰਦਗੀ, ਸਮਾਜਿਕ ਜੀਵਨ ਜੋ ਬਹੁਮੁੱਲਾ ਹੈ, ਇਸ ਸਨਅੱਤੀ ਤਰੱਕੀ ਦੀ ਦੁਨੀਆ 'ਚ ਬਹੁਤ ਕੁਝ ਜ਼ਰੂਰੀ ਹੈ, ਜਿਸ ਦਾ ਵਰਨਣ ਕਰ ਸਕਣਾ ਔਖਾ ਲੱਗਦਾ ਹੈ, ਤੁਹਾਥੋਂ ਲੁੱਟਿਆ



ਜਾ ਚੁੱਕਾ ਹੈ।"

ਹੈਨਗੌਗ ਭਾਸ਼ਾ ਵਿਗਿਆਨੀ ਹੋਰ ਅੱਗੇ ਕਹਿੰਦਾ ਹੈ, "ਭਾਸ਼ਾ ਕੇਵਲ ਸ਼ਬਦਾਂ ਦਾ ਹੀ ਸਮੂਹ ਨਹੀਂ, ਇਹ ਤਾਂ ਜਿਉਂਦੇ ਤੇ ਸਾਹ ਲੈਂਦੇ ਹਨ, ਇਹ ਸਬੰਧਾਂ ਨੂੰ ਜੋੜਦੇ ਸਭਿਆਚਾਰ ਨੂੰ ਪ੍ਰਿਭਾਸ਼ਤ ਕਰਦੇ ਹਨ ਜਦੋਂ ਕੋਈ ਭਾਸ਼ਾ ਮਰਦੀ ਹੈ ਤਾਂ ਸਭਿਆਚਾਰ ਵੀ ਮਰ ਜਾਂਦਾ ਹੈ।" ਭਾਸ਼ਾ ਸਭਿਆਚਾਰ ਦੀ ਕੀਮਤ ਬਹਿਸ ਵਿਚ ਲਿਆਉਣ ਵਾਲੀ ਚੀਜ਼ ਨਹੀਂ। ਅਸਲ ਵਿਚਸੰਸਾਰ ਦੀਆਂ ਸਾਰੀਆਂ ਕੌਮਾਂ ਫਿਰਕਿਆਂ ਤੇ ਜਨ ਸਮੂਹਾਂ ਦਾ ਇਸ ਨੂੰ ਸਾਂਭਣਾ ਫਰਜ਼ ਬਣਦਾ ਹੈ। ਸੈਲੀਕੋਕੋ ਯੂਨੀਵਰਸਿਟੀ ਆਫ਼ ਸ਼ਿਕਾਗੋ ਦਾ ਭਾਸ਼ਾ ਵਿਗਿਆਨੀ ਜ਼ੋਰ ਦੇ ਕੇ ਕਹਿੰਦਾ ਹੈ, "ਸਮਾਜਿਕ ਤੇ ਆਰਥਕ ਤਬਦੀਲੀਆਂ ਦੇ ਸਨਮੁੱਖ ਕੁਝ ਭਾਸ਼ਾਈ ਜਨ ਸਮੂਹਾਂ ਨੇਆਪਦੇ ਆਪ ਨੂੰ ਉਸ ਬਿੰਦੂ 'ਤੇ ਲੈ ਆਂਦਾ, ਜਿਥੋਂ ਮੋੜ ਕੱਟਣ ਅਸੰਭਵ ਹੈ। ਉਹ ਆਪਣੀ ਬੋਲੀ, ਭਾਸ਼ਾ, ਸਭਿਆਚਾਰ ਤੋਂ ਮੂੰਹ ਮੋੜ ਲੈਂਦੇ ਹਨ।" ਐਥਨੋਲੌਗ ਦਾ ਐਡੀਟਰ ਪਾਲ ਲਿਊਸ ਕਹਿੰਦਾ, "ਖਤਰੇ ਬਹੁਤ ਵੱਡੇ ਹਨ, ਆਪਣੀ ਹੋਂਦ ਦੀ ਕਾਇਮੀ ਤੇ ਭਾਸ਼ਾ ਦੇ ਜੁੜਵੇਂ ਸ਼ਬਦ ਹਨ, ਕੁਝ ਕੁ ਜਨ ਸਮੂਹ ਭਾਸ਼ਾ ਦੇ ਖਤਮ ਹੁੰਦਿਆਂ ਸਾਰ ਹੀ ਆਪਣੀ ਸਭਿਆਚਾਰ ਹੋਂਦ ਗੁਆ ਬੈਠਦੇ ਹਨ ਅਤੇ ਇਹ ਸਮਾਜਕ ਨਿਘਾਰ ਉਦਾਸੀਨਤਾ, ਆਤਮਘਾਤ ਅਤੇ ਨਸ਼ਿਆਂ ਦੀ ਡੂੰਘੀ ਖਾਈ ਵਿਚ ਗਰਕ ਜਾਂਦੇ ਹਨ। ਮਾਂ ਪਿਓ ਆਪਣੇ ਬੱਚਿਆਂ ਨੂੰ ਮਾਂ ਬੋਲੀ ਤੇ ਭਾਸ਼ਾ ਦਾ ਗਿਆਨ ਨਹੀਂ ਦਿੰਦੇ। ਉਨ੍ਹਾਂ ਦੇ ਆਪਣੇ ਵਡੇਰਿਆਂ ਨਾਲ ਸਬੰਧ ਟੁੱਟ ਜਾਂਦੇ ਹਨ, ਸਭਿਆਚਾਰਕ ਕਦਰਾਂ ਕੀਮਤਾਂ ਨਾਲੋਂ ਨਾਤਾ ਤੋੜ ਬਹਿੰਦੇ ਹਨ। ਜਦੋਂ ਸਭਿਆਚਾਰ ਤੇ ਸਮਾਜ ਨਾਲ ਟੁੱਟਣ ਦਾ ਦਰਦ ਮਹਿਸੂਸ ਹੁੰਦਾ ਹੈ, ਉਦੋਂ ਤਕ ਪੁਸ਼ਤਾਂ ਬੱਧੀ ਉਨ੍ਹਾਂ ਸਭ ਕੁਝ ਗੁਆ ਲਿਆ ਹੁੰਦਾ ਹੈ। ਕੋਈ ਵੀ ਇਸ ਗੱਲ ਨੂੰ ਨਹੀਂ ਸਮਝਦਾ ਕਿ ਸਦਾ ਭਾਸ਼ਾਵਾਂ ਦੀ ਹੀ ਗਲਤੀ ਨਹੀਂ ਹੁੰਦੀ। ਸਾਡੇ ਤਰ੍ਹਾਂ ਬਹੁਤ ਸਾਰੇ ਭਾਸ਼ਾਈ ਜਨ ਸਮੂਹ ਤਾਂ ਇਹ ਹੀ ਮਹਿਸੂਸ ਕਰਦੇਹਨ ਕਿ ਜੇਸ ਅਸੀਂ ਆਪਣੇ ਬੱਚਿਆਂ ਨੂੰ ਆਪਣੀ ਭਾਸ਼ਾ ਵਿਚ ਗਿਆਨ ਦਿੱਤਾ ਤਾਂ ਉਹ ਕਿੱਤੇ ਦੀ ਵਿਸ਼ੇਸ਼ ਯੋਗਤਾ ਪ੍ਰਾਪਤ ਨਹੀਂ ਕਰ ਸਕਣਗੇ ਤੇ ਸਮਾਜ ਨਾਲੋਂ ਪਛੜ ਜਾਣਗੇ। ਜਦੋਂ ਲੋਕਾਂ ਦੀ ਅਜਿਹੀ ਮਾਨਸਿਕਤਾ ਬਣ ਜਾਵੇ ਤਾਂ ਤੁਸੀਂ ਆਪਣੀ ਬੋਲੀ ਤੇ ਭਾਸ਼ਾ, ਸਭਿਆਚਾਰ ਦੀ ਕਿਵੇਂ ਰਾਖੀ ਕਰ ਸਕਦੇ ਹੋ।

ਕੀ ਮਰ ਰਹੀ ਭਾਸ਼ਾ ਦੀ ਪੁਨਰ ਸੁਰਜੀਤੀ ਹੋ ਸਕਦੀ ਹੈ? ਹਾਂ ਹੋ ਸਕਦੀ ਹੈ। ਨਿਊਜ਼ੀਲੈਂਡ ਵਿਚ ਮੋਅਰੀ ਅਤੇ ਬਰਤਾਨੀਆ ਵਿਚ ਵੈਲਿਸ਼ ਦੀ ਤਰ੍ਹਾਂ। ਪਰ ਗੰਭੀਰ ਯਤਨ ਕਰਨੇ ਪੈਣਗੇ। ਜੌਹਨ ਕਲਿਊਡ ਹੋਗੇਗ ਹੈਬਰੀਓ ਭਾਸ਼ਾ ਦੀ ਉਦਾਹਰਣ ਦਿੰਦਾ ਹੈ ਇਜਰਾਈਲੀ ਜਿਊਜ਼ ਦੇ ਗੰਭੀਰ ਯਤਨਾਂ ਸਦਕਾ ਇਹ ਭਾਸ਼ਾ ਨਿਤ ਵਰਤੋਂ ਦੀ ਤੇ ਜਿਉਂਦੀ ਜਾਗਦੀ ਭਾਸ਼ਾ ਬਣ ਗਈ ਹੈ ਕੌਰਨਿਸ਼ ਵਿਦਵਾਨਾ ਨੇ ਵੀ ਹੈਬਰੀਓ ਭਾਸ਼ਾ ਨੂੰ ਮੁੜ ਜੀਵਤ ਕਰਨ ਵਿਚ ਯੋਗਦਾਨ ਪਾਇਆ। ਕੌਰਨਿਸ ਭਾਸ਼ਾ ਘੱਟ ਗਿਣਤੀ ਤਬਕੇ ਦੀ ਭਾਸ਼ਾ 2002 ਤੋਂ ਪ੍ਰਵਾਨਿਤ ਕੀਤੀ ਜਾ ਚੁੱਕੀ ਹੈ ਅਤੇ ਉਥੋਂ ਦੀ ਸਰਕਾਰ ਨੇ ਮਾਨਤਾ ਵੀ ਪ੍ਰਦਾਨ ਕਰ ਦਿੱਤੀ ਹੈ। ਅਸੀਂ ਪੁਰਾਣੇ ਮਕਾਨ ਦੀ ਮੁਰੰਮਤ ਕਰਨ ਲਈ ਕਿੰਨਾ ਧਨ ਖ਼ਰਚ ਕਰਦੇ ਹਾਂ ਕਿ ਇਹ ਸਾਡੀ ਵਿਰਾਸਤ ਹੈ। ਇਹ ਭਾਸ਼ਾ, ਸਭਿਆਚਾਰ ਵੀ ਤਾਂ ਸਾਡੀ ਵਿਰਾਸਤ ਹੈ। ਆਓ ਇਸ ਦੀ ਸੰਭਾਲ ਲਈ ਸਿਰ ਤੋੜ ਯਤਨ ਕਰੀਏ।

ਉਪਰੋਕਤ ਬੁੱਧੀਮਾਨ ਵਿਦਵਾਨਾਂ, ਭਾਸ਼ਾ ਵਿਗਿਆਨੀਆਂ ਵਲੋਂ ਸਥਾਪਤ ਕੀਤੀਆਂ ਸੇਧਾਂ, ਭਵਿੱਖਬਾਣੀਆਂ ਤੇ ਖੋਜਾਂ ਦੇ ਅਧਾਰ 'ਤੇ ਪੰਜਾਬੀ ਭਾਸ਼ਾ ਦੀ ਉਨਤੀ, ਲੈਂਬਰਾ ਇਤਿਹਾਸਕ ਪਿਛੋਕੜ, ਆਪਣਿਆਂ ਵਲੋਂ ਦਿੱਤੇ ਜ਼ਖ਼ਮਾਂ ਵਿਰੋਧੀਆਂ ਦੇ ਛੜਯੰਤਰਾਂ, ਮਾਤ ਭਾਸ਼ਾਵਾਂ ਦੇ ਪ੍ਰੇਮੀਆਂ ਦੀਆਂ ਕੁਰਬਾਨੀਆਂ, ਸਹੇ ਕਸ਼ਟਾਂ, ਰਾਜਨੀਤਕ ਪਾਰਟੀਆਂ ਤੇ ਸਰਕਾਰਾਂ ਦੀਆਂ ਤਿਕੜਮਬਾਜ਼ੀਆਂ ਦਾ ਸੰਖੇਪ ਲੇਖਾ ਜੋਖਾ ਕਰਕੇ ਹੀ ਕਿਸੇ ਨਤੀਜੇ 'ਤੇ ਪੁੱਜਿਆ ਜਾ ਸਕਦਾ ਹੈ। ਪੰਜਾਬੀ ਭਾਸ਼ਾ ਉਤਰੀ ਭਾਰਤ ਵਿਚ ਪੰਜ ਦਰਿਆਵਾਂ ਦੀ ਧਰਤੀ, ਲਹਿੰਦਾ ਪੰਜਾਬ (ਪਾਕਿਸਤਾਨ), ਚੜ੍ਹਦਾ ਪੰਜਾਬ (ਭਾਰਤੀ ਪੰਜਾਬ) ਵਿਚ ਸਮੁੱਚਤਮ ਰੂਪ ਵਿਚ ਪੜ੍ਹੀ ਤੇ ਲਿਖੀ ਜਾਣ ਵਾਲੀ ਭਾਸ਼ਾ ਹੈ। ਇਸ ਦੀਆਂ ਸੱਤ ਹੋਰ ਉਪ ਭਾਸ਼ਾਵਾਂ ਵੀ ਹਨ। ਲਿਪੀਬੱਧ ਕਰਨ ਤੋਂ ਪਹਿਲਾਂ ਲੋਕ ਗੀਤ, ਖੁਸ਼ੀ ਗਮੀ ਦੇ ਗੀਤ, ਸਿੱਠਣੀਆਂ, ਅਲੋਹਣੀਆ, ਦੁੱਖ ਦਰਦ ਤੇ ਪਿਆਰ ਨੂੰ ਰੂਪਮਾਨ ਕਰਦੇ ਗੀਤ ਸਾਡਾ ਅਮੀਰ ਸਭਿਆਚਾਰਕ ਵਿਰਸਾ ਹਨ, ਇਨ੍ਹਾਂ ਨੂੰ ਅੱਜ ਸੰਭਾਲਿਆ ਜਾ ਰਿਹਾ ਹੈ। ਲੋਕ ਪ੍ਰੀਤ ਕਹਾਣੀਆਂ ਤੇ ਲੋਕ ਗਾਥਾਵਾਂ ਦੇ ਕਵੀ ਤੇ ਸੂਫ਼ੀ ਮੱਤ ਦੇ ਔਲੀਏ ਸ਼ੇਖ ਫਰੀਦ, ਮੀਆ ਵਾਰਸ ਸ਼ਾਹ, ਬੁਲ੍ਹੇ ਸ਼ਾਹ, ਹਾਸ਼ਮ, ਪੀਲੂ, ਕਾਦਰ ਯਾਰ ਪਹਿਲ ਪਲਕੜੇ ਸ਼ਾਇਰ ਅੱਜ ਵੀ ਸੱਥਾਂ ਵਿਚ ਗਾਏ ਜਾਂਦੇ ਹਨ।

> ਡੋਗਰੀ ਪਹਾੜੀ ਮੁਲਤਾਨੀ ਤੇ ਦੁਆਬੇ ਵਿਚ
> ਜੀਵੇ ਮੁਲਤਾਨੀ ਮਾਝੀ ਧੀ ਪੋਠੋਹਾਰ ਦੀ
> ਬੋਲੀ ਹਾਂ ਪੰਜਾਬੀ ਪੰਜ ਪਾਣੀਆਂ ਦਾ ਰਸ ਮੇਰਾ
> ਪੀ ਲਵੇ ਜਿਹੜਾ ਉਹਦੀ ਹਿਕੜੀ ਹਾਂ ਠਾਰਦੀ
> ਜਿਵੇਂ ਜਿਵੇਂ ਛਾਂਗਦੇ ਹੋ ਤਿਵੇਂ ਤਿਵੇਂ ਫੈਲਦੀ ਹਾਂ
> ਤੂਤ ਦੀ ਲਾਗਰ ਮੈਂ ਟਹਿਣੀ ਹਾਂ ਗੁਲਾਬ ਦੀ
> (ਕੰਵਰ ਇਮਤਿਆਜ)

ਸਿੱਖ ਗੁਰੂ ਸਾਹਿਬਾਨ ਤੇ ਹੋਰ ਭਗਤਾਂ ਨੇ ਇਸ ਨੂੰ ਅਮੀਰ ਹੀ ਨਹੀਂ ਕੀਤਾ। ਸਗੋਂ ਗੁਰਮੁਖੀ ਲਿੱਪੀ ਦੇ ਅੱਖਰਾਂ ਨੂੰ ਠੀਕ ਰੂਪ ਵਿਚ ਅੰਤਰਿਕ ਕਰਨ ਤੇ ਬੋਲੀ ਦੇ ਮੇਚ ਦਾ ਬਣਾਉਣ ਹਿੱਤ ਅਭੁਤ ਅਪੂਰਨ ਯਤਨ ਕੀਤੇ ਹਨ, ਸਾਹਿਤ 'ਲੋਕ ਚੇਤਨਾ ਦਾ ਕੰਮ ਕਰਦਾ ਹੈ' ਸ਼ਹੀਦੇ ਆਜ਼ਮ ਭਗਤ ਸਿੰਘ ਦਾ ਲੇਖ ਸਾਡਾ ਰਾਹ ਰੁਸ਼ਨਾਉਂਦਾ ਹੈ। ਗੈਰੀਬਾਰਡੀ ਨੂੰ ਫ਼ੌਜੀ ਭਰਤੀ ਨਾ ਮਿਲਦੀ, ਜੇ ਮੇਜਨੀ ਸਾਹਿਤ ਤੇ ਸਾਹਿਤਕ ਜਾਗ੍ਰਿਤੀ ਪੈਦਾ ਨਾ ਕਰਦੇ। ਆਇਰਸ਼ ਲੋਕ ਗੈਲਿਕ ਭਾਸ਼ਾ ਮੁੜ ਸੁਰਜੀਤ ਨਾ ਕਰ ਸਕਦੇ। ਤੁਹਾਨੂੰ ਪਤਾ ਹੋਵੇਗਾ ਇਸ ਭਾਸ਼ਾ ਵਿਚ ਕਵਿਤਾ ਕਾਰਨ ਆਇਰਸ਼ ਬੱਚਿਆਂ ਨੂੰ ਘੋਰ ਦੰਡ ਦਿੱਤੇ ਜਾਂਦੇ ਸਨ। ਰੂਸੋ ਵਾਲਟੀਅਰ ਦੇ ਸਾਹਿਤ ਬਗੈਰ ਫਰਾਂਸ ਵਿਚ ਕ੍ਰਾਂਤੀ ਨਹੀਂ ਆ ਸਕਦੀ ਸੀ, ਟਾਲਸਟਾਏ ਤੇ ਗੋਰਕੀ ਬਿਨਾਂ ਰੂਸ ਦੀ ਮਜ਼ਦੂਰ ਕ੍ਰਾਂਤੀ ਅਸੰਭਵ ਸੀ, ਸਿੱਖ ਗੁਰੂ ਸਾਹਿਬਾਨ ਵਲੋਂ ਰਚੇ ਨਰੋਏ ਸਾਹਿਤ ਤੋਂ ਬਗੈਰ ਧਾਰਮਕ ਤੇ ਮਾਨਸਿਕ ਗੁਲਾਮੀ ਝੱਲ ਰਹੇ ਪੰਜਾਬੀ ਕਦੇ ਵੀ ਆਪਣੀ ਰੱਖਿਆ ਲਈ ਜਥੇਬੰਦਕ ਟਾਕਰੇ ਲਈ ਉਠ ਨਹੀਂ ਸਕਦੇ ਸਨ। ਸ਼ਹੀਦੇ ਆਜ਼ਮ ਭਗਤ ਸਿੰਘ ਨੇ ਜ਼ੋਰ ਦੇ ਕੇ ਕਿਹਾ ਸੀ ਕਿ ਪੰਜਾਬੀ ਭਾਸ਼ਾ ਨੂੰ ਧਰਮਾਂ ਨਾਲ ਜੋੜ ਕੇ ਪੰਜਾਬੀਓ ਤੁਸੀਂ ਪਹਾੜ ਜਿੱਡੀ ਗਲਤੀ ਕਰ ਰਹੇ ਹੋ ਜਿਵੇਂ ਪੰਜਾਬੀ ਗੁਰਮੁਖੀ ਅੱਖਰਾਂ ਵਿਚ ਸਿੱਖ ਧਰਮ ਨਾਲ, ਹਿੰਦੀ ਦੇਵਨਾਗਰੀ ਅੱਖਰਾਂ ਵਿਚ ਹਿੰਦੂਆਂ ਨਾਲ, ਪੰਜਾਬੀ (ਸ਼ਾਹਮੁਖੀ) ਅੱਖਰਾਂ ਵਿਚ ਮੁਸਲਮਾਨਾਂ ਨਾਲ ਜੋੜ ਕੇ ਅਸੀਂ ਸਭਿਆਚਾਰਕ ਵੰਡੀਆਂ ਪਾ ਰਹੇ ਹਾਂ, ਇਸ ਕੁਰੀਤੀ ਨੂੰ ਰੋਕਣਾ ਹੋਵੇਗਾ, ਇਸ ਤਰ੍ਹਾਂ ਦੀ ਵੰਡ ਸਮਾਜਕ ਉਨਤੀ ਦੇ ਰਾਹ ਵਿਚ ਰੁਕਾਵਟ ਹੈ। ਇਸ ਅੜੰਗੇ ਨੂੰ ਦੂਰ ਕਰਨਾ ਹੋਵੇਗਾ। ਭਾਵੇਂ ਪੰਜਾਬੀ ਬੋਲੀ ਲਿਖਣ ਲਈ ਗੁਰਮੁਖੀ ਹੀ ਢੁਕਵੀਂ ਲਿਪੀ ਹੈ ਪਰ ਨਿੱਜੀ ਸਹੂਲਤ ਲਈ ਇਸ ਨੂੰ ਕਿਸੇ ਵੀ ਲਿਪੀ ਵਿਚ ਲਿਖਣ ਦੀ ਖੁੱਲ੍ਹ ਦੇ ਦੇਣੀ ਚਾਹੀਦੀ ਹੈ। ਅੱਜ ਅਸੀਂ ਵੇਖਦੇ ਹਾਂ ਕਿ ਲਹਿੰਦੇ ਪੰਜਾਬ ਵਿਚ ਸ਼ਾਹਮੁਖੀ ਵਿਚ ਨਿਗਰ ਦੇ ਸਿਹਤਮੰਦ ਪੰਜਾਬੀ ਸਾਹਿਤ ਦੀ ਵੱਡੇ ਪੱਧਰ 'ਤੇ ਰਚਨਾ ਹੋ ਰਹੀ ਹੈ। ਅਫ਼ਰੀਕਾ ਦੀਆਂ ਬਹੁਤ ਸਾਰੀਆਂ ਬੋਲੀਆਂ ਰੋਮਨ ਅੱਖਰਾਂ ਵਿਚ ਲਿਖੀਆਂ ਜਾ ਰਹੀਆਂ ਹਨ ਅਤੇ ਉਚ ਪਾਏ ਦਾ ਸਾਹਿਤ ਰਚਿਆ ਜਾ ਰਿਹਾ ਹੈ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਸਮੇਂ ਵੀ ਪੰਜਾਬੀ ਦੀ ਰਾਜਭਾਸ਼ਾ ਫਾਰਸੀ ਹੀ ਰਹੀ, ਜਿਸ ਕਰ ਕੇ ਮਾਤ ਭਾਸ਼ਾ ਪੰਜਾਬੀ ਪੰਜਾਬ ਦੀ ਮਾਤ ਭਾਸ਼ਾ ਹੋਣ ਦੇ ਬਾਵਜੂਦ ਉਨਤੀ ਦੀ ਪਟੜੀ ਨਾ ਚੜ੍ਹ ਸਕੀ। ਅੰਗਰੇਜ਼ ਸਾਮਰਾਜ ਦੀ ਗੁਲਾਮੀ ਸਮੇਂ ਰਾਜ ਕਾਜ ਦਾ ਸਾਰਾ ਕੰਮ ਅੰਗਰੇਜ਼ੀ ਵਿਚ ਹੋਣ ਲੱਗਾ। ਪੰਜਾਬ ਸਮੇਤ ਹੋਰ ਪ੍ਰਾਂਤਾਂ ਦੀਆਂ ਮਾਤ ਭਾਸ਼ਾਵਾਂ ਨੂੰ ਵੀ ਹਾਸ਼ੀਏ ਵੱਲ ਧੱਕ ਦਿੱਤਾ ਗਿਆ। ਭਾਵੇਂ ਉਨ੍ਹਾਂ ਵਿਚ ਉਚ ਪੱਧਰੀ ਸਾਹਿਤਕ ਰਚਨਾ ਲਗਾਤਾਰ ਕੀਤੀ ਜਾ ਰਹੀ ਸੀ। ਚੈਕੋਸਲਵਾਕੀਆ ਦਾ ਭਾਸ਼ਾ ਸ਼ਾਸਤਰੀ ਲਿਖਦਾ ਹੈ, "ਜਿਸ ਕੌਮ ਨੂੰ ਲੰਮਾ ਸਮਾਂ ਗੁਲਾਮੀ ਦੇ ਸੰਗਲ ਵਿਚ ਜਕੜਿਆ ਰੱਖਣਾ ਹੁੰਦਾ ਹੈ, ਉਸ ਦੀ ਮਾਤ ਭਾਸ਼ਾ ਨੂੰ ਖ਼ਤਮ ਕਰ ਕੇ ਕੌਮੀ ਯਾਦਸ਼ਕਤੀ ਨੂੰ ਨਸ਼ਟ ਕੀਤਾ ਜਾ ਸਕਦਾ ਹੈ। ਇਸ ਦੀਆਂ ਲਿਖਤਾਂ ਕਿਤਾਬਾਂ, ਇਤਿਹਾਸ ਨੂੰ ਉਜਾੜ ਦਿਓ, ਸਭਿਆਚਾਰ ਆਪਣੇ ਆਪ ਉਜੜ ਜਾਵੇ, ਉਹ ਲੋਕ ਸਾਹ ਸੱਤਹੀਣ ਹੋ ਕੇ ਗੁਲਾਮ ਰਹਿਣ ਲਈ ਮਜਬੂਰ ਹੋ ਜਾਣਗੇ।"

ਇਸੇ ਲਈ ਕੌਮੀ ਮੁਕਤੀ ਘੋਲ ਦੀ ਲਹਿਰ ਨੂੰ ਜਿੱਤ ਤਕ ਪਹੁੰਚਾਉਣ ਲਈ ਪ੍ਰਾਂਤਕ ਮਾਤ ਭਾਸ਼ਾਵਾਂ ਨੂੰ ਪਹਿਲ ਦੇਣਾ ਜ਼ਰੂਰੀ ਸਮਝਿਆ ਜਾਣ ਲੱਗਾ ਸੀ। ਇੰਡੀਅਨ ਨੈਸ਼ਨਲ ਕਾਂਗਰਸ ਤੇ ਹੋਰ ਕੌਮੀ ਮੁਕਤੀ ਘੋਲ ਦੀ ਅਗਵਾਈ ਕਰ ਰਹੀਆਂ ਪਾਰਟੀਆਂ ਤੇ ਗਰੁੱਪਾਂ ਨੇ ਪ੍ਰਮੁੱਖਤਾ ਨਾਲ ਇਸ ਨੂੰ ਆਪਣੇ ਏਜੰਡੇ 'ਤੇ ਲਿਆਂਦਾ ਕਿ ਅੰਗਰੇਜ਼ਾ ਨੇ ਇਕ ਸਭਿਆਚਾਰਕ ਇਕਾਈ ਮਿੱਥ ਕੇ ਬੋਲੀ ਤੇਭਾਸ਼ਾ ਦੇ ਆਧਾਰ 'ਤੇ ਹੱਦਬੰਦੀ ਕਰਨ ਦੀ ਬਜਾਏ ਗੁਲਾਮੀ ਦੇ ਸੰਗਲ ਨੂੰ ਹੋਰ ਪੀਡਾ ਕਰਨ ਹਿੱਤ ਸਾਰੇ ਦੇਸ਼ ਦੀ ਪ੍ਰਾਂਤਕ ਵੰਡੇ ਹੀ ਕੀਤੀ ਹੋਈ ਹੈ, ਦੇਸ਼ ਦੀ ਆਜ਼ਾਦੀ ਤੋਂ ਫ਼ੌਰਨ ਬਾਅਦ ਬੋਲੀ ਤੇ ਭਾਸ਼ਾ ਦੇ ਆਧਾਰ 'ਤੇ ਹੱਦਬੰਦੀ ਕਰ ਕੇ ਪ੍ਰਾਂਤਕ ਭਾਸ਼ਾਵਾਂ ਵਿਚ ਮੁਢਲੀ ਸਿਖਿਆ ਦਾ ਪ੍ਰਵਧਾਨ ਕੀਤਾ ਜਾਵੇਗਾ ਜੋ ਵਿਗਿਆਨਕ ਹੋਵੇਗਾ। ਪ੍ਰਾਂਤਕ ਬੋਲੀਆਂ ਨੂੰ ਵੱਧਣ ਫੁੱਲਣ ਤੇ ਤਰੱਕੀ ਦੇ ਮੌਕੇ ਪ੍ਰਦਾਨ ਕੀਤੇ ਜਾਣਗੇ।, ਸਭਿਆਚਾਰਕ ਤਰੱਕੀ ਹੋਵੇਗੀ। ਭਾਰਤ ਦੇ ਸੰਤੁਲਤ ਵਿਕਾਸ ਦਾ ਰਾਹ ਪੱਧਰਾ ਹੋਵੇਗਾ। ਕਲਕੱਤਾ, ਨਾਗਪੁਰ, ਲਾਹੌਰ, ਕਰਾਚੀ ਕਾਂਗਰਸ ਦੇ ਪਾਸ ਕੀਤੇ ਮਤੇ ਇਸੇ ਗੱਲ ਦੀ ਪ੍ਰੋੜਤਾ ਕਰਦੇ ਹਨ।

-ਬਾਕੀ ਅਗਲੇ ਅੰਕ ਵਿਚ

ਸਿੱਖ ਫੈਡਰੇਸ਼ਨ ਆਫ਼ ਐਡਮਿੰਟਨ ਵਲੋਂ ਭਾਈਚਾਰੇ ਲਈ ਮੁਫ਼ਤ ਸੇਵਾਵਾਂ ਸ਼ੁਰੂ



ਐਡਮਿੰਟਨ (ਨਦਬ)–ਸਿੱਖ ਫ਼ੈਡਰੇਸ਼ਨ ਆਫ਼ ਐਡਮਿੰਟਨ ਵਲੋਂ ਆਪਣੇ ਨਵੇਂ ਦਫ਼ਤਰ ਵਿਚ ਇਕ ਵਿਸ਼ੇਸ਼ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਸ਼ਹਿਰ ਦੀਆਂ ਵੱਖ–ਵੱਖ ਧਾਰਮਕ, ਸਮਾਜਕ, ਖੇਡ ਤੇ ਸਮਾਜ ਭਲਾਈ ਸੰਸਥਾਵਾਂ ਦੇ ਅਹੁਦੇਦਾਰਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਫ਼ੈਡਰੇਸ਼ਨ ਦੇ ਪ੍ਰਧਾਨ ਕੁਲਮੀਤ ਸਿੰਘ ਸੰਘਾ ਨੇ ਕਿਹਾ ਕਿ ਸੰਸਥਾ ਵਲੋਂ ਵੀਜ਼ਾ ਅਰਜ਼ੀ, ਪਾਸਪੋਰਟ, ਹੈਲਥ ਕਾਰਡ, ਪੀ.ਆਰ. ਕਾਰਡ ਦੇ ਫ਼ਾਰਮ ਭਰਨ ਤੋਂ ਇਲਾਵਾ ਨੋਟਰੀ, ਪਾਸਪੋਰਟ ਫ਼ੋਟੋ, ਸਪਾਂਸਰਸ਼ਿਪ ਅਰਜ਼ੀ, ਨਵੇਂ ਆਏ ਇੰਮੀਗ੍ਰਾਟਾਂ ਦੀ ਸਹਾਇਤਾ ਮੁਫ਼ਤ ਸੇਵਾਵਾਂ ਸ਼ੁਰੂ ਕੀਤੀਆਂ ਗਈਆਂ ਹਨ, ਜਿਸ ਦਾ ਹਰ ਕੋਈ ਪੂਰਾ ਲਾਭ ਲੈ ਸਕੇਗਾ। ਇਸ ਮੌਕੇ ਵਿਸ਼ੇਸ਼ ਤੌਰ ’ਤੇ ਪੁੱਜੇ ਵਿਧਾਇਕ ਨਰੇਸ਼ ਭਾਰਦਵਾਜ, ਵਿਧਾਇਕ ਪੀਟਰ ਸੰਧੂ ਅਤੇ ਵਿਧਾਇਕ ਡਾ. ਰਾਜੂ ਸਰਮਨ ਨੇ ਕਿਹਾ ਕਿ ਫ਼ੈਡਰੇਸ਼ਨ ਵਲੋਂ ਪਿਛਲੇ ਲੰਮੇ ਸਮੇਂ ਤੋਂ ਕੀਤੇ ਜਾ ਰਹੇਸਮਾਜ ਭਲਾਈ ਦੇ ਕਾਰਜ ਸ਼ਲਾਘਾਯੋਗ ਹਨ। ਸਮੂਹ ਭਾਈਚਾਰੇ ਨੂੰ ਅਜਿਹੇ ਕੰਮਾਂ ਵਿਚ ਵੱਧ ਚੜ੍ਹ ਕੇ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਸਮਾਗਮ ਦੌਰਾਨ ਉਘੇ ਹੋਮ ਬਿਲਡਰ ਰਣਜੀਤ ਪਵਾਰ, ਨਾਨਕਸ਼ਾਹੀ ਕੈਲੰਡਰ ਦੇ ਰਚੇਤਾ ਪਾਲ ਸਿੰਘ ਪੁਰੇਵਾਲ, ਸਮਾਜ ਸੇਵੀ ਜੋਰਾ ਸਿੰਘ ਝੱਜ, ਗੁਰਦੁਆਰਾ ਸਿੰਘ ਸਭਾ ਦੇ ਪ੍ਰਧਾਨ ਪਰਮਿੰਦਰ ਸਿੰਘ ਖੁੰਬੜ, ਗੁਰਦੁਆਰਾ ਮਿਲਵੁੱਡਜ਼ ਤੋਂ ਬਲਵੀਰ ਸਿੰਘ ਚਾਨਾ, ਕਰਨੈਲ ਸਿੰਘ ਭੰਵਰਾ, ਗੁਰਦੁਆਰਾ ਨਾਨਕਸਰ ਤੋਂ ਜ਼ੋਰਾ ਸਿੰਘ ਗਰੇਵਾਲ, ਖ਼ਾਲਸਾ ਸਕੂਲ ਤੋਂ ਗੁਰਚਰਨ ਸੰਘਾ, ਜਸਵੀਰ ਸਿੰਘ ਦਿੱਲੀ, ਸੀਤਲ ਨੰਨੂਆ, ਤੀਰਥ ਬਰਾੜ, ਕੇਸਰ ਸੋਹੀ, ਜੋਗਾ ਸਿੰਘ ਖਹਿਰਾ, ਜਸ ਲੌਂਗੋਵਾਲ, ਬਿੱਟੂ ਦਿਓਲ, ਵਰਿੰਦਰ ਗਰੇਵਾਲ, ਰੌਲ ਰੰਧਾਵਾ, ਪਰਮਜੀਤ ਸਿੰਘ, ਸੁਖਦੇਵ ਔਜਲਾ, ਮਤਾਲੀ ਬੈਨਰਜੀ ਤੇ ਹਰਬੰਸ ਸਿੰਘ ਹੋਠੀ ਤੋਂ ਇਲਾਵਾ ਹੋਰ ਵੀ ਭਾਈਚਾਰਾ ਮੌਜੂਦ ਸੀ।

ਤਾਲਿਬਾਨ ਨੂੰ ਚੁਣੌਤੀ ਦਿੰਦੀ ਅਫ਼ਗ਼ਾਨਿਸਤਾਨ ਦੀ ‘ਮਲਾਲਾ’



ਜ਼ੁਬੈਰ ਅਹਿਮਦ

ਦੀਵਾਰ ’ਤੇ ਚਿੱਤਰਕਾਰੀ ਕਰਦੀ ਅਫ਼ਗ਼ਾਨਿਤਸਾਨ ਤੋਂ ਆਈ ਮਲੀਨਾ ਸੁਲੇਮਾਨ ਦੇਖਣ ਵਿਚ ਜਿੰਨੀ ਸੁੰਦਰ ਹੈ, ਅੰਦਰ ਤੋਂ ਉਨੀਂ ਹੀ ਨਿਡਰ ਵੀ ਹੈ। ਅਫ਼ਗ਼ਾਨਿਸਤਾਨ ਦੇ ਕੰਧਾਰ ਸ਼ਹਿਰ ਤੋਂ ਆਈ ਮਲੀਨਾ ਵਿਦੇਸ਼ੀ ਜ਼ਰੂਰ ਹੈ ਪਰ ਮੁੰਬਈ ਦੇ ਪ੍ਰਸਿੱਧ ਜੇ.ਜੇ. ਸਕੂਲ ਆਫ਼ ਫ਼ਾਈਨ ਆਰਟਸ ਵਿਚ ਪੜ੍ਹਾਈ ਕਰਦੇ ਹੋਏ ਉਹ ਖ਼ੁਦ ਨੂੰ ਵਿਦੇਸ਼ੀ ਬਿਲਕੁਲ ਨਹੀਂ ਸਮਝਦੀ। ਮਲੀਨਾ ਆਪਣੇ ਦੇਸ਼ ਦੀ ਉਦਾਰ ਅਤੇ ਆਧੁਨਿਕ ਵਿਚਾਰਧਾਰਾ ਰੱਖਣ ਵਾਲਿਆਂ ਦੀ ਵਧਦੀ ਆਬਾਦੀ ਦਾ ਇੱਕ ਹਿੱਸਾ ਹੈ। ਹਾਲਾਂਕਿ ਤਾਲਿਬਾਨ ਨਾਲ ਮੁਕਾਬਲਾ ਕਰਨਾ ਆਸਾਨ ਨਹੀਂ ਹੈ ਪਰ ਉਨ੍ਹਾਂ ਨੇ ਕਾਫ਼ੀ ਹੱਦ ਤਕ ਇਹ ਵੀ ਕੀਤਾ ਹੈ। ਜਦੋਂ ਤਾਲਿਬਾਨ ਦੀਆਂ ਧਮਕੀਆਂ ਵਧਦੀਆਂ ਗਈਆਂ ਅਤੇ ਉਸ ਦੇ ਪਿਤਾ ਦੀ ਲੱਤ ਤੋੜ ਦਿੱਤੀ ਗਈ ਉਦੋਂ ਉਨ੍ਹਾਂ ਨੇ ਆਪਣਾ ਦੇਸ਼ ਛੱਡ ਦਿੱਤਾ। ਦੋ ਮਹੀਨੇ ਪਹਿਲਾਂ ਆਪਣੇ ਮਾਤਾ–ਪਿਤਾ ਨਾਲ ਕੰਧਾਰ ਤੋਂ ਮੁੰਬਈ ਆਈ ਮਲੀਨਾ ਇਥੋਂ ਦੀ ‘ਖੁੱਲ੍ਹੀ ਫ਼ਿਜ਼ਾ ਵਿਚ ਆਜ਼ਾਦੀ ਨਾਲ ਸਾਹ ਲੈ ਰਹੀ ਹੈ’ ਅਤੇ ਜਦ ਤੋਂ ਉਹ ਇਥੇ ਆਈ ਹੈ ਉਦੋਂ ਤੋਂ ਉਹ ਕਾਫ਼ੀ ਖ਼ੁਸ਼ ਹੈ।

ਅੱਠ ਭਰਾ ਤੇ ਭੈਣਾਂ ਵਿਚੋਂ ਸਭ ਤੋਂ ਛੋਟੀ ਮਲੀਨਾ ਨੂੰ ਕਲਾ ਨਾਲ ਬਚਪਨ ਤੋਂ ਹੀ ਪਿਆਰ ਸੀ। ਕਲਾ ਦੀ ਪੜ੍ਹਾਈ ਕਰਨ ਉਹ ਕਰਾਚੀ ਵੀ ਗਈ ਅਤੇ ਬਾਅਦ ਵਿਚ ਆਪਣੇ ਦੇਸ਼ ਪਰਤ ਕੇ ਇਸ ਦੇ ਮਹੱਤਵ ਦਾ ਪ੍ਰਚਾਰ ਕਰਨ ਲੱਗੀ ਪਰ ਸ਼ੁਰੂ ਤੋਂ ਹੀ ਉਸ ਨੂੰ ਵਿਰੋਧ ਦਾ ਸਾਹਮਣਾ ਕਰਨਾ ਪਿਆ। ਮਲੀਨਾ ਅਨੁਸਾਰ, ‘‘ਮੈਂ ਦੀਵਾਰਾਂ ਅਤੇ ਚਟਾਨਾਂ ’ਤੇ ਪੇਂਟਿੰਗ ਕਰਦੀ ਤਾਂ ਲੋਕ ਮਾੜਾ–ਚੰਗਾ ਬੋਲਦੇ ਅਤੇ ਪੱਥਰ ਸੁੱਟਦੇ। ਅਸੀਂ ਦੂਜੀ ਥਾਂ ਜਾਂਦੇ ਤਾਂ ਉਥੇ ਵੀ ਆ ਜਾਂਦੇ। ਇਹ ਸਿਲਸਿਲਾ ਕਾਫ਼ੀ ਦਿਨਾਂ ਤਕ ਚਲਦਾ ਰਿਹਾ। ਸ਼ੁਰੂ ਦੇ ਦਿਨਾਂ ਵਿਚ ਮਲੀਨਾ ਦੇ ਮਾਤਾ ਪਿਤਾ ਨੂੰ ਇਸ ਬਾਰੇ ਪਤਾ ਨਹੀਂ ਸੀ ਪਰ ਇਕ ਦਿਨ ਜਦੋਂ ਤਾਲਿਬਾਨ ਦੀ ਲਿਖਤੀ ਧਮਕੀ ਆਈ ਤਾਂ ਉਸ ਦੇ ਪਰਿਵਾਰ ਵਾਲਿਆਂ ਨੇ ਉਸ ਨੂੰ ਘਰ ਵਿਚ ਕੈਦ ਕਰ ਦਿੱਤਾ। ਉਹ ਗਰਾਫਿਤੀ ਦਾ ਕੰਮ ਦੁਬਾਰਾ ਸ਼ੁਰੂ ਕਰਨ ਲਈ ਤੜਫਨ ਲੱਗੀ। ਮਲੀਨਾ ਅਨੁਸਾਰ, ‘‘ਮੈਂ ਡੇਢ ਸਾਲ ਘਰ ਵਿਚ ਕੈਦ ਰਹੀ। ਮੇਰੇ ਸੀਨੇ ਵਿਚ ਤੂਫ਼ਾਨ ਫੈਲ ਰਿਹਾ ਸੀ। ਮੈਂ ਲੋਕਾਂ ਨਾਲ ਮਿਲਣਾ ਚਾਹੁੰਦੀ ਸੀ। ਘਰ ਵਿਚ ਇੰਟਰਨੈਟ ਵੀ ਨਹੀਂ ਸੀ। ਘਰ ਵਿਚ ਇਸ ਕੈਦ ਵਿਚ ਮੈਨੂੰ ਸਮਝ ’ਚ ਆਇਆ ਕਿ ਮੇਰੀ ਤਰ੍ਹਾਂ ਦੇਸ਼ ਵਿਚ ਹੋਰ ਵੀ ਲੜਕੀਆਂ ਹੋਣਗੀਆਂ ਜੋ ਆਪਣੀ ਕਲਾ ਨੂੰ ਸਾਹਮਣੇ ਲਿਆਉਣਾ ਚਾਹੁੰਦੀਆਂ ਹੋਣਗੀਆਂ ਪਰ ਉਨ੍ਹਾਂ ਦੇ ਘਰ ਵਾਲਿਆਂ ਨੇ ਉਨ੍ਹਾਂ ਨੂੰ ਰੋਕ ਦਿੱਤਾ ਹੋਵੇਗਾ। ਅਜਿਹੇ ਵਿਚ ਮੈਂ ਆਪਣੇ ਪਰਿਵਾਰ ਨਾਲ ਬਗਾਵਤ ਕਰ ਦਿੱਤੀ। ਮਲੀਨਾ ਮੁਤਾਬਕ, ‘‘ਮੈਂ ਪੇਂਟਿੰਗ ਦੀ ਬਜਾਏ ਗਰਾਫਿਤੀ ਨੂੰ ਇਸ ਲਈ ਚੁਣਿਆ ਕਿਉਂਕਿ ਇਹ ਕੰਮ ਦੀਵਾਰਾਂ ’ਤੇ ਹੁੰਦਾ ਹੈ, ਜਿਸ ਨੂੰ ਜ਼ਿਆਦਾ ਤੋਂ ਜ਼ਿਆਦਾ ਲੋਕ ਦੇਖ ਸਕਦੇ ਹਨ।’’

ਮਲੀਨਾ ਦਾ ਮਕਸਦ ਔਰਤਾਂ ਅਤੇ ਹੋਰ ਕਲਾਕਾਰਾਂ ਦੀ ਆਜ਼ਾਦੀ ਅਤੇ ਉਨ੍ਹਾਂ ਦੀ ਤਰ੍ਹਾਂ ਸਾਰੀਆਂ ਲੜਕੀਆਂ ਨੂੰ ਪੈਗਾਮ ਦੇਣਾ ਹੈ ਕਿ ਉਨ੍ਹਾਂ ਨੂੰ ਡਰਨ ਦੀ ਜ਼ਰੂਰਤ ਨਹੀਂ ਹੈ। ਗਰਾਫਿਤੀ ਚਿੱਤਰਕਲਾ ਦਾ ਬੀੜਾ ਚੁੱਕਣ ਦਾ ਮਕਸਦ ਆਪਣੇ ਪਰਿਵਾਰ, ਰੂੜੀਵਾਦੀ ਸਮਾਜ ਅਤੇ ਤਾਲਿਬਾਨ ਵਿਰੁੱਧ ਬਗਾਵਤ ਵੀ ਸੀ। ਉਸ ਨੂੰ ਉਸ ਦੇ ਸਾਹਸ ਲਈ ਖ਼ੁਦ ਰਾਸ਼ਟਰਪਤੀ ਹਾਮਿਦ ਕਰਜ਼ਈ ਨੇ ਆਪਣੇ ਮਹਿਲ ਬੁਲਾ ਕੇ ਸ਼ਾਬਾਸ਼ੀ ਵੀ ਦਿੱਤੀ ਸੀ ਪਰ ਇਸ ਦੇ ਬਾਵਜੂਦ ਉਸ ਨੂੰ ਸਰਕਾਰ ਨਾਲ ਸ਼ਿਕਾਇਤ ਹੈ। ਸਰਕਾਰ ਮਰਦ ਅਤੇ ਔਰਤ ਵਿਚਕਾਰ ਬਰਾਬਰੀ ਦੀਆਂ ਸਿਰਫ਼ ਗੱਲਾਂ ਕਰਦੀ ਹੈ, ਬਰਾਬਰੀ ’ਤੇ ਅਮਲ ਨਹੀਂ ਕਰਦੀ। ਮਲੀਨਾ ਮੁਸਲਮਾਨ ਔਰਤਾਂ ਅਤੇ ਕਲਾਕਾਰਾਂ ਲਈ ਆਜ਼ਾਦੀ ਚਾਹੁੰਦੀ ਹੈ। ਉਹ ਕਹਿੰਦੀ ਹੈ ਕਿ ਆਜ਼ਾਦੀ ਪੱਛਮੀ ਦੇਸ਼ਾਂ ਵਾਲੀ ਨਹੀਂ ਪਰ ਇਸਲਾਮ ਦੇ ਦਾਇਰੇ ਵਿਚ ਰਹਿ ਕੇ ਵੀ ਸਾਨੂੰ ਕਾਫ਼ੀ ਆਜ਼ਾਦੀ ਮਿਲ ਸਕਦੀ ਹੈ।

ਮਲੀਨਾ ਭਾਰਤ ਵਿਚ ਲੜਕੇ ਅਤੇ ਲੜਕੀਆਂ ਵਿਚਕਾਰ ਦੋਸਤਾਨਾ ਰਿਸ਼ਤੇ ਤੋਂ ਕਾਫ਼ੀ ਪ੍ਰਭਾਵਤ ਹੈ। ਉਸ ਨੂੰ ਅਫ਼ਸੋਸ ਇਸ ਗੱਲ ਦਾ ਹੈ ਕਿ ਕੰਧਾਰ ਵਿਚ ਮੁਸਲਿਮ ਸਮਾਜ ਤਾਲਿਬਾਨ ਦੀ ਸੋਚ ਨੂੰ ਤੇਜ਼ੀ ਨਾਲ ਅਪਣਾਉਣ ਲੱਗਾ ਹੈ। ਉਹ ਕਹਿੰਦੀ ਹੈ ਕਿ ਜੇਕਰ ਉਸ ਕੋਲ ਕੋਈ ਬਦਲ ਹੋਵੇ ਤਾਂ ਉਹ ਮੁੰਬਈ ਵਿਚ ਕੁਝ ਹੋਰ ਸਮਾਂ ਬਤੀਤ ਕਰਨਾ ਚਾਹੇਗੀ। ਉਸ ਮੁਤਾਬਕ, ‘‘ਇਸ ਸਮੇਂ ਮੈਂ ਕਸ਼ਮਕਸ਼ ਵਿਚ ਹਾਂ, ਇਕ ਪਾਸੇ ਮੇਰੇ ਪਰਿਵਾਰ ਦੇ ਬੰਧਨ ਹਨ ਅਤੇ ਦੂਜੇ ਪਾਸੇ ਤਾਲਿਬਾਨ ਦੀਆਂ ਧਮਕੀਆਂ। ਮੈਂ ਕਿੱਥੇ ਜਾਵਾਂ? ਮੇਰਾ ਭਵਿੱਖ ਕੀ ਹੈ, ਮੈਨੂੰ ਪਤਾ ਨਹੀਂ...।’’ ਪਰ ਅਨਿਸਚਿਤ ਭਵਿੱਖ ਦੇ ਬਾਵਜੂਦ ਉਸ ਦੇ ਚਿਹਰੇ ’ਤੇ ਮਾਯੂਸੀ ਦਾ ਅਹਿਸਾਸ ਤਕ ਨਹੀਂ ਹੈ।


FEB 15 to 18
Family Pricing at Millwoods Suzuki
BUY A VEHICLE AT MILLWOODS SUZUKI THIS WEEKEND... ENTER A DRAW FOR A CRUISE... TAKE A TEST DRIVE AND GET A HUGHES GAS CARD...
...and make your wife happy!
TOP $$$S
FOR ALL YOUR TRADES!!!
APPLY @ MWSCREDIT.CA FOR 100% GUARANTEED APPROVAL
ALL VEHICLES ARE CERTIFIED & CARPROOF VERIFIED
Family Day Pricing Specials
2012 FORD ESCAPE LTD #12089-0 $25,995
2011 SX4 AWD #12T428-1 LOADED $15,995
2011 GRAND CARAVAN SXT #12272-0 $19,995 LOADED
2012 NISSAN PATHFINDER #12142-0 $28,995
2012 GRAND VITARA JX #13T453-1 $21,995
2010 MITSUBISHI LANCER #12261-0 $15,995 LOADED
2010 NISSAN ROGUE AWD SL #12154-0 $24,995
2009 CHEV IMPALA #11976-1 $9,995
2010 CHRYSLER 300 TOURING #12143-1 $14,995
2011 SUZUKI KIZASHI #12267-0 $13,995
2008 KIA SPORTAGE LX #12C254-1 $10,850
Open 24/7 @ MILLWOODSSUZUKI.COM
...WONDERING WHERE TO SERVICE YOUR VEHICLE?
Honda? Saturn? Toyota? Gm? Ford? Chrysler? Kia? Mazda? Hyundai? VW?
Come To Millwoods Suzuki!!!
We Service All Makes And Models
10% OFF SERVICE when you bring in this ad
LANA JEFFREY Service Department Manager
NAND BHASIN Used Vehicle Manager
780·450·4500
34th AVE AUTO ROW | 3403-93 ST. | SPECIAL TOLL FREE 1-866-897-4500
BBB ACCREDITED BUSINESS
Alberta Motor Vehicle Industry Council
VEHICLES MAY NOT BE EXACTLY AS ILLUSTRATED. 0.9% FINANCE RATE AVAILABLE OAC.


NEW WAY
Stucco Ltd.
Quality work at reasonable rates.
We do Splash Dash Stucco and Acrylic. For free estimates call
(BALJIT) Ph. : (780)-708-1436, Fax : (780)-462-0691
All Kind of Stucco Acrylic & Rain Screen Residential & Commercial
ਕਿਸੇ ਵੀ ਕਿਸਮ ਦੀ ਵਧੀਆ ਸਟੱਕੋ ਕਰਵਾਉਣ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਉ


Moga Painting Company
Serving Since 1985
Experts in Interior & Exterior Paint
Residential & Commercial
> Excellent Colour Matching
> Guaranteed Work
> Reasonable Rates
Office Painting, Spray Painting, Staircase Railing, Stain & Varnish
ਆਪਣੇ ਘਰ ਜਾਂ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।
For Free ESTIMATES Call SURJIT
Edmonton (780) 934-3535 Winnipeg (204) 979-7070


Residential | Commercial | Investment Properties
Home Life/United Realty Inc. Brokerage
Independently Owned & Operated.
Higher Standards Agents... Higher Results™
Cell: 647 818 6880
Bus: 905 672 1234
FAX: 905 672 0672
hpshundal@gmail.com
ਟੋਰਾਂਟੋ ਦੇ ਇਲਾਕੇ 'ਚ ਜਾਇਦਾਦ ਖਰੀਦਣ ਜਾਂ ਵੇਚਣ ਲਈ ਇੱਕ ਭਰੋਸੇਮੰਦ ਨਾਂ
Sales Representative
Harinder Hundal
M.Sc. Eco, M.B.A
MLS MULTIPLE LISTING SERVICE
REALTOR
50 SunnyVale Gate, Unit # 7, Brampton, ON L6S 0C4


ਮੁਲਾਕਾਤ Productions
ਟੀ. ਵੀ ਪ੍ਰੋਗਰਾਮ ਮੁਲਾਕਾਤ
Aired on VISION TV
1:00 pm to 1:30 pm
(Alberta Time / Every Saturday)
Charanjit Brar
Producer & Host
Ph: 647 300 8436
cbrar@rogers.com


CALL TODAY TO BOOK YOUR APPOINTMENT OR EMAIL SERVICE@SHERWOODFORD.BIZ!
SHERWOOD Ford
GET READY for SPRING SERVICE SALE
6.0 + 7.3L Diesel Health Check
$139.95 - Engine
$289.95 - Full Truck
only applicable on Ford vehicles. Taxes and fees not included.
A/C Check-Up
$54.95
No Top Ups!
Diesel Labour Rate
6.0 & 7.3L
$90 PER HOUR
SPRING WILL BE HERE! (OFFER VALID WITH COUPONS ONLY)
Transmission Flush and Filter
Starting at $299.95
Power Steering Flush
$99.95
Includes parts and labour
Brake Flush
$99.95
Includes parts and labour
187 Point Inspection
$99.95
NOW HIRING ALL SERVICE AND PARTS STAFF
local & toll free 1.866.444.7183
Find Sherwood Ford on
Let's get connected.
SHERWOOD Ford
2540 Broadmoor Blvd.
Mon. - Fri. 9am - 9pm
Saturday 9am - 6pm
sherwoodford.ca
Alberta Motor Vehicle Industry Council


LOHRI
MELA
2013
SUNDAY
31ST MARCH
PHF
PUNJABI HERITAGE FOUNDATION
Manjit Singh
ਅਸੀਂ ਲੈ ਕੇ ਆ ਰਹੇ ਹਾਂ
Punjabi Folk Carnival
ਗਿੱਧਾ, ਭੰਗੜਾ, ਜਿੰਦੂਆ, ਸੰਮੀ,
ਮਲਵਈ ਗਿੱਧਾ, ਲੁੱਡੀ, ਝੂਮਰ
ਘੋੜੀਆਂ, ਸੁਹਾਗ, ਸਿੱਠਣੀਆਂ
FESTIVAL PLACE, SHERWOOD PARK
100 FESTIVAL WAY

ਵਿਦੇਸ਼ਾਂ ਵਿਚ ਭਾਰਤੀ ਇਨਕਲਾਬ ਦਾ ਮੋਢੀ ਤਾਰਕ ਨਾਥ ਦਾਸ



ਡਾ. ਤੇਜਿੰਦਰ ਵਿਰਲੀ
+91-94647-97400
virli@rediffmail.com

ਅਸੀਂ ਗ਼ਦਰ ਲਹਿਰ ਦੀ ਸਤਾਬਦੀ ਮਨਾਉਣ ਵੱਲ ਵਧ ਰਹੇ ਹਾਂ, ਇਸਨੂੰ ਧਿਆਨ 'ਚ ਰੱਖਦਿਆਂ ਗ਼ਦਰ ਲਹਿਰ ਦੇ ਮਹੱਤਵਪੂਰਨ ਤੱਥਾਂ ਅਤੇ ਇਸ ਲਹਿਰ ਦੇ ਮਹਾਨ ਨਾਇਕਾਂ ਬਾਰੇ 'ਨਵੀਂ ਦੁਨੀਆਂ' ਦੇ ਹਰ ਅੰਕ ਵਿੱਚ ਛਾਪਣ ਦੀ ਯੋਜਨਾ ਬਣਾਈ ਹੈ। ਇਸੇ ਲੜੀ ਤਹਿਤ ਅਸੀਂ ਡਾ ਤੇਜਿੰਦਰ ਵਿਰਲੀ ਦਾ ਇਹ ਵਿਸ਼ੇਸ਼ ਲੇਖ ਇੱਥੇ ਛਾਪ ਰਹੇ ਹਾਂ।

ਭਾਰਤ ਅੱਜ ਗ਼ਦਰ ਸ਼ਤਾਬਦੀ ਵਰ੍ਹਾ ਮਨਾ ਰਿਹਾ ਹੈ ਤੇ ਜੇਕਰ ਇਸ ਮੌਕੇ ਇਸ ਮਹਾਨ ਵਿਅਕਤੀ ਨੂੰ ਯਾਦ ਨਾ ਕੀਤਾ ਜਾਵੇ ਤਾਂ ਇਹ ਜਸ਼ਨ ਅਧੂਰੇ ਹੀ ਸਮਝੇ ਜਾਣਗੇ। ਉਹ ਇਕ ਵਿਅਕਤੀ ਹੀ ਨਹੀਂ ਸੀ ਸਗੋਂ ਆਪਣੇ ਆਪ ਵਿਚ ਪੂਰਾ ਇਤਿਹਾਸ ਸੀ ਤੇ ਇਸ ਨੂੰ ਸਮਝੇ ਬਿਨਾਂ ਗ਼ਦਰ ਦੀ ਏਨੀ ਵੱਡੀ ਲਹਿਰ ਨੂੰ ਸਮਝਿਆ ਹੀ ਨਹੀਂ ਜਾ ਸਕਦਾ। ਪੰਜਾਬ ਦੇ ਕੁਝ ਅਖੌਤੀ ਚਿੰਤਕ ਪੰਜਾਬ ਦੇ ਮਹਾਨ ਆਗੂਆਂ ਨੂੰ ਫਿਰਕਾਪ੍ਰਸਤੀ ਦੀ ਅੱਖ ਨਾਲ ਦੇਖਦੇ ਹੋਏ ਉਨ੍ਹਾਂ ਨੂੰ ਕੇਵਲ ਤੇ ਕੇਵਲ ਸਿੱਖ ਸਿੱਧ ਕਰਨ ਵੱਲ ਰੁਚਿਤ ਹੋ ਰਹੇ ਹਨ ਤੇ ਇਹ ਸਿੱਧ ਕਰਨ ਦੇ ਆਹਰ ਵਿਚ ਹਨ ਕਿ ਉਹ ਗ਼ਦਰ ਕੌਮੀ ਇਨਕਲਾਬ ਨਹੀਂ ਸੀ ਸਗੋਂ ਸਿੱਖ ਇਨਕਲਾਬ ਸੀ ਜਦਕਿ ਮਹਾਨ ਗ਼ਦਰੀ ਦੇਸ਼ ਦੇ ਸੱਚੇ ਇਨਕਲਾਬੀ ਸਨ। ਇਨ੍ਹਾਂ ਦਾ ਪ੍ਰੇਰਨਾ ਸਰੋਤ ਸੰਸਾਰ ਦਾ ਇਨਕਲਾਬੀ ਵਿਰਸਾ ਸੀ, ਜਿਨ੍ਹਾਂ ਲਈ ਧਰਮ, ਜਾਤ ਤੇ ਰੰਗ ਕੇਵਲ ਵਿਅਕਤੀਗਤ ਮਸਲਾ ਹੀ ਸੀ। ਭਾਰਤ ਦੇ ਇਹ ਮਹਾਨ ਗ਼ਦਰੀ ਬੰਗਾਲੀ ਪ੍ਰੋਫੈਸਰ ਤਾਰਕਨਾਥ ਦਾਸ ਦੀ ਅਗਵਾਈ ਵਿਚ ਮਹਾਨ ਗ਼ਦਰ ਵੱਲ ਵਧੇ ਸਨ, ਜਿਨ੍ਹਾਂ ਦੀਆਂ ਵੱਡੀਆਂ ਕੁਰਬਾਨੀਆਂ ਨੇ ਉਸ ਮਹਾਨ ਬੰਗਾਲੀ ਨੂੰ ਫੋਕਸ ਵਿਚ ਹੀ ਨਹੀਂ ਆਉਣ ਦਿੱਤਾ। ਇਹ ਭਾਰਤੀਆਂ ਦਾ ਸੁਭਾਅ ਵੀ ਹੈ ਕਿ ਇਨ੍ਹਾਂ ਲਈ ਸ਼ਹੀਦੀ ਦਾ ਜਾਮ ਪੀਣ ਵਾਲਾ ਵੱਡਾ ਹੈ ਜਦਕਿ ਸਾਰੀ ਉਮਰ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਵਿਚ ਨਰਕ ਵਾਲੀ ਜ਼ਿੰਦਗੀ ਬਤੀਤ ਕਰਨ ਵਾਲਾ ਬਹੁਤਾ ਅਰਥ ਨਹੀਂ ਰੱਖਦਾ। ਸਾਡੇ ਇਤਿਹਾਸਕਾਰਾਂ ਨੇ ਹੀ ਹਾਕਮਾਂ ਦੇ ਇਸ਼ਾਰੇ ਉਪਰ ਸਾਡੇ ਇਤਿਹਾਸ ਨੂੰ ਵਗਾੜ ਕੇ ਹੀ ਪੇਸ਼ ਕੀਤਾ ਹੈ। ਆਓ ਪੰਜਾਬ ਦੇ ਮਹਾਨ ਗ਼ਦਰੀਆਂ ਦੇ ਮੋਢੀ ਆਗੂ ਨੂੰ ਯਾਦ ਕਰੀਏ।

ਤਾਰਕ ਨਾਥ ਦਾਸ ਦਾ ਨਾਮ ਵਿਦੇਸ਼ਾਂ ਵਿਚ ਭਾਰਤ ਦੀ ਆਜ਼ਾਦੀ ਦਾ ਝੰਡਾ ਬੁਲੰਦ ਕਰਨ ਵਾਲਿਆਂ ਵਜੋਂ ਲਿਆ ਜਾਂਦਾ ਹੈ। ਜਦ ਕਦੇ ਵੀ ਭਾਰਤੀ ਆਜ਼ਾਦੀ ਦੇ ਘੋਲ ਦੀ ਗੱਲ ਚੱਲੇਗੀ ਤਾਂ ਤਾਰਕ ਨਾਥ ਦਾਸ ਦੁਆਰਾ ਸਿਰਜਿਆ ਸ਼ਾਨਮੱਤਾ ਇਤਿਹਾਸ ਉਭਰਵੇਂ ਰੂਪ ਵਿਚ ਸਾਹਮਣੇ ਆਵੇਗਾ। ਇਹ ਅੰਤਰਰਾਸ਼ਟਰੀ ਪ੍ਰਸਿੱਧੀ ਵਾਲਾ ਇਨਕਲਾਬੀ ਪੱਛਮੀ ਬੰਗਾਲ ਦੇ ਇਕ ਨਿੱਕੇ ਜਿਹੇ ਪਿੰਡ ਮਜੂਪਰਾ (ਨੇੜੇ ਕੰਚਰਪਰਾ) ਜ਼ਿਲ੍ਹਾ 24 ਪਰਗਨਾ ਵਿਚ 15 ਜੂਨ 1884 ਨੂੰ ਨਿਮਨ ਮੱਧ ਵਰਗੀ ਪਰਿਵਾਰ ਵਿਚ ਪਿਤਾ ਸ਼੍ਰੀ ਕਾਲੀ ਮੋਹਨ ਦੇ ਘਰ ਪੈਦਾ ਹੋਇਆ। ਸ਼੍ਰੀ ਕਾਲੀ ਮੋਹਨ ਕਲਕੱਤਾ ਵਿਖੇ ਕੇਂਦਰੀ ਟੈਲੀਗ੍ਰਾਫ ਮਹਿਕਮੇ ਵਿਚ ਕਲਰਕ ਸਨ। ਤਾਰਕ ਨਾਥ ਦਾਸ ਸਕੂਲ ਦੇ ਮੁਢਲੇ ਦਿਨਾਂ ਵਿਚ ਹੀ ਲਾਇਕ ਵਿਦਿਆਰਥੀ ਵਜੋਂ ਆਪਣੇ ਅਧਿਆਪਕਾਂ ਦਾ ਕੇਂਦਰ ਬਿੰਦੂ ਬਣ ਗਿਆ ਸੀ। ਦੇਸ਼ ਭਗਤੀ ਬਾਰੇ ਮੁੱਢਲਾ ਗਿਆਨ ਉਦੋਂ ਹੋਇਆ ਜਦੋਂ ਤਾਰਕਨਾਥ ਦਾਸ ਦੇ ਹੈਡਮਾਸਟਰ ਨੇ ਇਕ ਲੇਖ ਲਿਖਣ ਮੁਕਾਬਲੇ ਲਈ ਤਾਰਕ ਨਾਥ ਨੂੰ ਪ੍ਰੇਰਤ ਕੀਤਾ। ਇਹ ਮੁਕਾਬਲਾ ਦੇਸ਼ ਭਗਤੀ ਨਾਲ ਸਬੰਧਤ ਵਿਸ਼ੇ ਬਾਰੇ ਲੇਖ ਲਿਖਣ ਦਾ ਸੀ। ਇਸ ਮੁਕਾਬਲੇ ਲਈ ਲਿਖੇ ਲੇਖ ਨੂੰ ਪੜ੍ਹ ਕੇ ਇਕ ਨਿਰਨਾਇਕ ਹੱਕਾ ਬੱਕਾ ਰਹਿ ਗਿਆ। 16 ਸਾਲਾਂ ਦੇ ਵਿਦਿਆਰਥੀ ਦੀ ਇਸ ਅਹਿਮ ਰਚਨਾ ਨੇ ਜਿੱਥੇ ਤਾਰਕ ਨਾਥ ਦਾਸ ਨੂੰ ਪਹਿਲਾ ਸਥਾਨ ਪ੍ਰਦਾਨ ਕਰਵਾਇਆ, ਉੱਥੇ ਉਸ ਦੀ ਵਿਲੱਖਣ ਲਿਖਣ ਸ਼ੈਲੀ ਤੇ ਤਿੱਖੀ ਸਮਝਦਾਰੀ ਨੇ ਸਹਿਪਾਠੀਆਂ ਦਾ ਧਿਆਨ ਵੀ ਆਪਣੇ ਵੱਲ ਖਿੱਚਿਆ। ਇਸੇ ਲੇਖ ਨੂੰ ਪੜ੍ਹ ਕੇ ''ਅਨੁਸ਼ੀਲਨ ਸਮਿਤੀ'' ਦੇ ਬਾਨੀ ਪੀ. ਮਿੱਤਰ ਏਨੇ ਪ੍ਰਭਾਵਤ ਹੋਏ ਕਿ ਉਨ੍ਹਾਂ ਨੇ ਆਪਣੇ ਸਹਿਯੋਗੀ ਸਤੀਸ਼ ਚੰਦਰ ਬਾਸੂ ਨੂੰ ਕਿਹਾ ਕਿ ਇਸ ਹੋਣਹਾਰ ਵਿਦਿਆਰਥੀ ਨੂੰ ਸੰਮਤੀ ਦਾ ਮੈਂਬਰ ਬਣਾ ਲਿਆ ਜਾਵੇ। ਸੋ ਤਾਰਕ ਨਾਥ ਦਾਸ ਛੋਟੀ ਉਮਰ ਵਿਚ ਹੀ ਅਨੁਸ਼ੀਲਨ ਸੰਮਤੀ ਦੇ ਮੈਂਬਰ ਬਣ ਗਏ ਸਨ। ਸੰਮਤੀ ਦੇ ਆਗੂਆਂ ਦੀਆਂ ਉਮੀਦਾਂ ਉਸ ਹੋਣਹਾਰ ਵਿਦਿਆਰਥੀ 'ਤੇ ਸ਼ੁਰੂ ਵਿਚ ਹੀ ਲੱਗ ਗਈਆਂ ਸਨ।

1901 ਵਿਚ ਉਹ ਉਚ ਵਿਦਿਆ ਪ੍ਰਾਪਤ ਕਰਨ ਲਈ ਕਲਕੱਤੇ ਚਲਾ ਗਿਆ। ਉਸ ਦੀਆਂ ਦੇਸ਼ ਭਗਤੀ ਦੀਆਂ ਰੁਚੀਆਂ ਨੂੰ ਪ੍ਰਫੁੱਲਤ ਕਰਨ ਵਿਚ ਉਸ ਦੀ ਵੱਡੀ ਭੈਣ ਗਿਰਿਜਾ ਦਾ ਅਹਿਮ ਰੋਲ ਸੀ। ਉਹ ਆਪਣੇ ਭਰਾ ਦੀਆਂ ਦੇਸ਼ ਭਗਤੀ ਦੀਆਂ ਰੁਚੀਆਂ ਨੂੰ ਬੜਾਵਾ ਦੇਣ ਲਈ ਉਸ ਦਾ ਵਿਸ਼ੇਸ਼ ਸਹਿਯੋਗ ਦਿੰਦੀ ਸੀ। ਨਵੰਬਰ 1905 ਵਿਚ ਜਦੋਂ ਪੀ. ਮਿੱਤਰ ਅਨੁਸ਼ੀਲਨ ਸੰਮਤੀ ਦੀਆਂ ਸਿਖਿਆਵਾਂ ਦੇ ਵਿਸਥਾਰ ਲਈ ਢਾਕਾ ਗਏ। ਉਸ ਸਮੇਂ ਉਨ੍ਹਾਂ ਨਾਲ ਨੌਜਵਾਨ ਵਿਦਿਆਰਥੀ ਆਗੂ ਵਜੋਂ ਤਾਰਕ ਨਾਥ ਦਾਸ ਵੀ ਨਾਲ ਸਨ। ਇਹ ਉਹ ਸਮਾਂ ਸੀ ਜਦੋਂ ਸ਼੍ਰੀ ਅਰਬਿੰਦੋ ਨੌਜਵਾਨਾਂ ਲਈ ਪ੍ਰੇਰਨਾ ਦਾ ਸਰੋਤ ਬਣੇ ਹੋਏ ਸਨ। ਤਾਰਕ ਨਾਥ ਦਾਸ ਅਤੇ ਉਨ੍ਹਾਂ ਦੇ ਦੋਸਤ ਗੁਰੂ 'ਦੱਤ ਕੁਮਾਰ' ਪੂਰੀ ਤਰ੍ਹਾਂ ਨਾਲ ਅਨੁਸ਼ੀਲਨ ਸੰਮਤੀ ਦੀ ਲਹਿਰ ਵਿਚ ਸਰਗਰਮ ਹੋ ਗਏ ਸਨ।



ਛੇਤੀ ਮਗਰੋਂ ਉਹ ਤਾਰਕ ਬ੍ਰਹਮਚਾਰੀ ਦੇ ਨਾਮ ਹੇਠ ਮਦਰਾਸ (ਚੈਨਈ) ਦੇ ਲੈਕਚਰ ਟੂਰ ਲਈ ਚੱਲ ਪਿਆ। ਵਿਵੇਕਾਨੰਦ ਤੇ ਬਿਪਨਚੰਦਰ ਪਾਲ ਤੋਂ ਬਾਅਦ ਉਹ ਪਹਿਲਾ ਅਜਿਹਾ ਵਿਅਕਤੀ ਸੀ, ਜਿਸ ਨੇ ਆਪਣੀਆਂ ਦੇਸ਼ ਭਗਤੀ ਦੀਆਂ ਤਕਰੀਰਾਂ ਨਾਲ ਲੋਕਾਂ ਵਿਚ ਆਪਣੀ ਵਿਸ਼ੇਸ਼ ਥਾਂ ਬਣਾਈ। ਇਸੇ ਟੂਰ ਵਿਚ ਉਸ ਨੇ ਨਿਲਾਕਾਂਨਥਾ ਬ੍ਰਹਮਾਚਾਰੀ, ਸੁਬਰਾਮਨੀਅਮ ਸ਼ਿਵਾ ਅਤੇ ਚਿਦੰਬਰਮ ਪਿਲਾਈ ਵਰਗਿਆਂ ਨੂੰ ਵੀ ਪ੍ਰਭਾਵਤ ਕੀਤਾ।

16 ਜੁਲਾਈ 1907 ਨੂੰ ਤਾਰਕ ਨਾਥ ਦਾਸ ਜਪਾਨ ਰਾਹੀਂ ਸਿਆਟਲ (ਅਮਰੀਕਾ) ਪਹੁੰਚ ਗਿਆ। ਇੱਥੇ ਉਸ ਨੇ ਖੇਤ ਮਜ਼ਦੂਰੀ ਕੀਤੀ ਤਾਂ ਕਿ ਜ਼ਿੰਦਗੀ ਦੀਆਂ ਮੁਢਲੀਆਂ ਲੋੜਾਂ ਪੂਰੀਆਂ ਕੀਤੀਆਂ ਜਾ ਸਕਣ। ਇਸ ਮਗਰੋਂ ਉਸ ਨੂੰ ਬਰਕਲੇ ਯੂਨੀਵਰਸਿਟੀ ਦੀ ਲੈਬੋਰਟਰੀ ਵਿਚ ਨੌਕਰੀ ਮਿਲ ਗਈ। ਇਸ ਦੇ ਨਾਲ ਨਾਲ ਉਸ ਨੇ ਪੜ੍ਹਨਾ ਵੀ ਸ਼ੁਰੂ ਕਰ ਦਿੱਤਾ ਅਤੇ ਛੇਤੀ ਹੀ ਉਸ ਨੇ ਅਨੁਵਾਦਕ ਅਤੇ ਦੋ ਭਾਸ਼ੀਏ ਦੇ ਇਮਿਤਹਾਨ ਚੰਗੇ ਨੰਬਰਾਂ ਵਿਚ ਪਾਸ ਕਰ ਲਏ। ਇਸੇ ਵਿਸ਼ੇਸ਼ ਯੋਗਤਾ ਕਰ ਕੇ ਤਾਰਕ ਨਾਥ ਨੂੰ ਜਨਵਰੀ 1908 ਵਿਚ ਵੈਨਕੂਵਰ (ਕੈਨੇਡਾ) ਵਿਖੇ ਇੰਮੀਗ੍ਰੇਸ਼ਨ ਵਿਭਾਗ ਵਿਚ ਨੌਕਰੀ ਮਿਲ ਗਈ। ਉੱਥੇ ਉਸ ਨੇ ਪਹਿਲੀ ਵਾਰ ਦੇਖਿਆ ਕਿ ਕਲਕੱਤਾ ਪੁਲੀਸ ਦਾ ਬਦਨਾਮ ਸੂਹੀਆ ਅਫਸਰ ਵਿਲੀਅਮ ਸੀ. ਹੋਪਕਿਨਸਨ ਇੰਮੀਗ੍ਰੇਸ਼ਨ ਵਿਭਾਗ ਵਿਚ ਇੰਸਪੈਕਟਰ ਦੇ ਤੌਰ 'ਤੇ ਨਿਯੁਕਤ ਕਰ ਦਿੱਤਾ ਗਿਆ, ਜਿਹੜਾ ਹਿੰਦੀਆਂ ਦੀ ਸੂਹ ਰੱਖ ਰਿਹਾ ਸੀ। ਵਿਦੇਸ਼ਾਂ ਵਿਚ ਭਾਰਤੀਆਂ ਦੀ ਸੂਹ ਰੱਖਣ ਵਾਲੇ ਹੋਪਕਿਨਸਨ ਦੇ ਖ਼ਤਰਨਾਕ ਇਰਾਦਿਆਂ ਦੀ ਸੂਹ ਸਭ ਤੋਂ ਪਹਿਲਾਂ ਤਾਰਕ ਨਾਥ ਨੂੰ ਹੀ ਲੱਗੀ ਸੀ। ਬਰਤਾਨਵੀ ਸਰਕਾਰ ਦੀਆਂ ਭਾਰਤ ਵਿਰੋਧੀ ਨੀਤੀਆਂ ਦੀ ਆਲੋਚਨਾ ਕਰਨ ਕਰ ਕੇ ਤਾਰਕ ਨਾਥ ਦਾਸ ਨੂੰ ਕਨੇਡਾ ਸਰਕਾਰ ਨੇ ਅਪ੍ਰੈਲ 1908 ਵਿਚ ਨੌਕਰੀ ਤੋਂ ਕੱਢ ਦਿੱਤਾ।

ਤਾਰਕ ਨਾਥ ਦਾਸ ਅਤੇ ਪੀ. ਖਾਨਖੋਜੇ ਨੇ ਭਾਰਤ ਨੂੰ ਆਜ਼ਾਦ ਕਰਵਾਉਣ ਲਈ ਯੋਜਨਾਬੱਧ ਲਹਿਰ ਖੜੀ ਕਰਨ ਦਾ ਨਿਰਨਾ ਲਿਆ। ਇਸੇ ਸਮੇਂ ਕਲਕੱਤਾ ਤੋਂ ਬੰਗਾਲੀ ਦੇਸ਼ ਭਗਤ ਅਧਰ ਲਸ਼ਕਰ ਕਨੇਡਾ ਪਹੁੰਚਿਆ । ਉਸ ਨੇ ਤਾਰਕ ਨਾਥ ਦਾਸ ਨੂੰ ਜਤਿਨ ਮੁਖਰਜੀ ਦੁਆਰਾ ਭੇਜੇ ਪੈਸੇ ਦਿੰਦਿਆਂ ਕਿਹਾ ਕਿ ਉਹ ਚਾਹੁੰਦੇ ਹਨ ਕਿ ਅਮਰੀਕਾ ਵਿਚੋਂ ''ਫਰੀ ਹਿੰਦੋਸਤਾਨ'' ਨਾਮ ਦਾ ਪਰਚਾ ਪ੍ਰਕਾਸ਼ਤ ਕੀਤਾ ਜਾਵੇ, ਜਿਹੜਾ ਦੇਸ਼ ਭਗਤੀ ਦੇ ਵਿਚਾਰਾਂ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਲਈ ਸੰਸਾਰ ਦੇ ਕੋਨੇ ਕੋਨੇ 'ਤੇ ਭੇਜਿਆ ਜਾਵੇ। ਉਨ੍ਹਾਂ ਨੇ ਇਹ ਵੀ ਕਿਹਾ ਕਿ ਇਹ ਪਰਚਾ ਗੁਰਮੁਖੀ ਵਿਚ ਵੀ ਪ੍ਰਕਾਸ਼ਤ ਕੀਤਾ ਜਾਵੇ। ਤਾਰਕ ਨਾਥ ਦਾਸ ਦੁਆਰਾ ਕੱਢਿਆ ''ਫਰੀ ਹਿੰਦੋਸਤਾਨ'' ਕਨੇਡਾ ਅਤੇ ਉੱਤਰੀ ਅਮਰੀਕਾ ਵਿਚ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪਰਚਾ ਸੀ, ਜਿਸ ਨੇ ਲੋਕਾਂ ਨੂੰ ਬਰਤਾਨਵੀ ਸਾਮਰਾਜ ਖ਼ਿਲਾਫ਼ ਲਾਮਬੰਦ ਕੀਤਾ ਸੀ। ਇਸ ਪਰਚੇ ਦੇ ਪਹਿਲੇ ਸਫ਼ੇ ਉਪਰ ਹਰਬਰਟ ਸਪੈਂਸਰ ਦਾ ਮਸ਼ਹੂਰ ਵਾਕ ਛਾਪਿਆ ਜਾਂਦਾ ''ਜ਼ੁਲਮ ਦਾ ਮੁਕਾਬਲਾ ਕਰਨਾ ਪਰਮਾਤਮਾ ਦੇ ਹੁਕਮ ਦੀ ਪਾਲਣਾ ਕਰਨਾ ਹੈ।'' ਇਸ ਵਾਕ ਤੋਂ ਇਸ ਪਰਚੇ ਦੀ ਵਿਚਾਰਧਾਰਕ ਸਮਝ ਦੀ ਟੋਹ ਬੜੀ ਆਸਾਨੀ ਨਾਲ ਲਾਈ ਜਾ ਸਕਦੀ ਹੈ। ਇਸ ਨੇ ਆਪਣੀ ਮਿਹਨਤ ਨਾਲ ਪਾਠਕਾਂ ਵਿਚ ਆਪਣਾ ਵਿਸ਼ੇਸ਼ ਸਥਾਨ ਬਣਾ ਲਿਆ ਸੀ। ਤਾਰਕ ਨਾਥ ਦਾਸ ਨੇ ਭਾਰਤੀਆਂ ਦੀ ਆਵਾਜ਼ ਬਣਨ ਵਾਲਾ ਕੇਵਲ ਇਹ ਪਰਚਾ ਹੀ ਪ੍ਰਕਾਸ਼ਤ ਨਹੀਂ ਕੀਤਾ ਸਗੋਂ 1907 ਵਿਚ ਹਿੰਦੋਸਤਾਨੀ ਐਸੋਸੀਏਸ਼ਨ ਵੈਨਕੂਵਰ ਵੀ ਸਥਾਪਤ ਕਰ ਦਿੱਤੀ ਸੀ। ਤਾਰਕ ਨਾਥ ਦਾਸ ਨੇ ਉੱਥੇ ਵੱਸਦੇ ਭਾਰਤੀਆਂ ਨੂੰ ਪੜ੍ਹਾਉਣ ਲਈ ਉਨ੍ਹਾਂ ਦੀਆਂ ਕਲਾਸਾਂ ਲਈਆਂ, ਜਿਸ ਵਿਚ ਉਨ੍ਹਾਂ ਨੂੰ ਅੰਗਰੇਜ਼ੀ ਹਿੰਦੀ ਦੇ ਨਾਲ ਨਾਲ ਹਿਸਾਬ ਵੀ ਪੜ੍ਹਾਇਆ ਜਾਂਦਾ ਸੀ, ਤਾਂ ਕਿ ਵਿਦੇਸ਼ਾਂ ਵਿਚ ਗਏ ਭਾਰਤੀਆਂ ਨੂੰ ਆਉਂਦੀਆਂ ਮੁਸ਼ਕਲਾਂ ਦੂਰ ਕੀਤੀਆਂ ਜਾ ਸਕਣ। ਇਨ੍ਹਾਂ ਕਲਾਸਾਂ ਵਿਚ ਭਾਰਤੀਆਂ ਨੂੰ ਇਹ ਵੀ ਪੜ੍ਹਾਇਆ ਜਾਂਦਾ ਸੀ ਕਿ ਉਨ੍ਹਾਂ ਦੇ ਕਰਤਵ ਕੀ ਹਨ? ਕਰਤਵਾਂ ਦੇ ਨਾਲ ਨਾਲ ਉਨ੍ਹਾਂ ਦੇ ਅਧਿਕਾਰਾਂ ਬਾਰੇ ਵੀ ਜਾਣਕਾਰੀ ਦਿੱਤੀ ਜਾਂਦੀ ਸੀ। ਇੱਥੇ ਹੀ ਭਾਰਤੀਆਂ ਨੂੰ ਇਹ ਦੱਸਿਆ ਗਿਆ ਕਿ ਆਪਣੇ ਦੇਸ਼ ਬਾਰੇ ਉਨ੍ਹਾਂ ਦਾ ਕੀ ਫਰਜ਼ ਬਣਦਾ ਹੈ? ਕਨੇਡਾ, ਅਮਰੀਕਾ ਵਿਚ ਵੱਸਦੇ ਭਾਰਤੀਆਂ ਦੀਆਂ ਮੁਸ਼ਕਲਾਂ ਹੱਲ ਕਰਨ ਕਰ ਕੇ ਤਾਰਕ ਨਾਥ ਦਾਸ ਛੇਤੀ ਹੀ ਇਨ੍ਹਾਂ ਦਾ ਕੇਂਦਰੀ ਧੁਰਾ ਬਣ ਗਿਆ ਸੀ। ਉਹ ਭਾਰਤੀਆਂ ਦੇ ਚਿੱਠੀ ਪੱਤਰ ਉਨ੍ਹਾਂ ਦੇ ਪਰਿਵਾਰਾਂ ਨੂੰ ਲਿਖਦਾ ਇਸ ਕਰ ਕੇ ਉਹ ਭਾਰਤੀਆਂ ਦੇ ਖਾਸ ਸਤਿਕਾਰ ਦਾ ਕੇਂਦਰ ਬਣ ਗਿਆ। ਕਨੇਡਾ ਵਿਚ ਵੱਸਦੇ ਭਾਰਤੀ ਉਸ ਨੂੰ ਆਪਣੇ ਪਰਿਵਾਰਕ ਭੇਤਾਂ ਦਾ ਜਾਣੂ ਹੋਣ ਕਰ ਕੇ ਹੋਰ ਵੀ ਸਤਿਕਾਰ ਦਿੰਦੇ ਸਨ। ਉਸ ਸਮੇਂ ਦੋ ਹਜ਼ਾਰ ਤੋਂ ਵੱਧ ਸਿੱਖ ਭਾਰਤੀ ਕਨੇਡਾ ਤੇ ਅਮਰੀਕਾ ਦੇ ਉਸ ਭੂਗੋਲਿਕ ਖਿੱਤੇ ਵਿਚ ਰਹਿ ਰਹੇ ਸਨ, ਜਿਨ੍ਹਾਂ ਦਾ ਸੰਪਰਕ ਤਾਰਕ ਨਾਥ ਦਾਸ ਨਾਲ ਬਣਿਆ ਹੋਇਆ ਸੀ। ਤਾਰਕ ਨਾਥ ਦੀ ਮਦਦ ਨਾਲ ਇਹ ਅਨਪੜ੍ਹ ਸਿੱਖ ਆਪਣੀਆਂ ਰੋਜ਼ ਦੀਆਂ ਮੁਸ਼ਕਲਾਂ ਦਾ ਹੱਲ ਕਰ ਸਕੇ ਸਨ। ਉਹ ਵਿਦੇਸ਼ਾਂ ਵਿਚ ਵਸੇ ਭਾਰਤੀਆਂ ਨੂੰ ਬੌਧਿਕ ਅਗਵਾਈ ਦੇ ਰਿਹਾ ਸੀ। ਪੰਜਾਬ ਤੋਂ ਗਏ ਸਿੱਖਾਂ ਦੀ ਵਿਸ਼ੇਸ਼ ਤੌਰ 'ਤੇ ਰੁਚੀ ਤਾਰਕ ਨਾਥ ਵਿਚ ਬਣ ਗਈ ਸੀ। ਇਸੇ ਦਾ ਪ੍ਰਮਾਣ ਸੀ 'ਸਵਦੇਸ਼ ਸੇਵਕ' ਜਿਸ ਨੂੰ ਗੁਰੂ ਦਤ ਕੁਮਾਰ ਨੇ ਤਾਰਕ ਨਾਥ ਦੀ ਸਲਾਹ ਨਾਲ 31 ਅਕਤੂਬਰ 1907 ਵਿਚ ਪ੍ਰਕਾਸ਼ਤ ਕਰਨਾ ਸ਼ੁਰੂ ਕੀਤਾ।

ਬਾਕੀ ਅਗਲੇ ਅੰਕ 'ਚ

ਕੁੱਤੀ ਵਿਹੜਾ

ਲੜੀਵਾਰ ਛਪਣ ਵਾਲੀ ਕਹਾਣੀ

ਪੰਜਾਬੀ ਦੇ ਸਮਰੱਥ ਕਹਾਣੀਕਾਰ ਅਤੇ ਆਲੋਚਕ ਮਨਿੰਦਰ ਕਾਂਗ ਪਿਛਲੇ ਦਿਨੀਂ ਅਚਾਨਕ ਹੀ ਸਦਾ ਲਈ ਤੁਰ ਗਏ। ਮਨਿੰਦਰ ਕਾਂਗ ਨੇ ਪੰਜਾਬੀ ਦੀ ਲੰਮੀ ਕਹਾਣੀ ਵਿਚ ਬਿਲਕੁਲ ਨਵੇਂ ਤਜਰਬੇ ਕੀਤੇ। ਪਿਛਲੇ ਕੁਝ ਸਾਲਾਂ ਵਿਚ ਉਨ੍ਹਾਂ ਦੀਆਂ ਕਹਾਣੀਆਂ 'ਦੋ ਤਲਵਾਰਾਂ ਬੱਧੀਆਂ', 'ਭਾਰ' ਅਤੇ 'ਕੁੱਤੀ ਵਿਹੜਾ' ਪੰਜਾਬੀ ਸਾਹਿਤ ਵਿਚ ਸ਼ਾਹਕਾਰ ਰਚਨਾਵਾਂ ਵਜੋਂ ਦਰਜ ਹੋਈਆਂ। 'ਨਵੀਂ ਦੁਨੀਆ' ਵਿਚ ਉਨ੍ਹਾਂ ਦੀ ਬੇਹੱਦ ਚਰਚਿਤ ਕਹਾਣੀ 'ਕੁੱਤੀ ਵਿਹੜਾ' ਉਨ੍ਹਾਂ ਨੂੰ ਸ਼ਰਧਾਂਜਲੀ ਵਜੋਂ ਲੜੀਵਾਰ ਛਾਪਣ ਦੀ ਖੁਸ਼ੀ ਲਈ ਜਾ ਰਹੀ ਹੈ। ਇਹ ਕਹਾਣੀ ਤਿੰਨ ਕਾਲ ਖੰਡਾਂ ਵਿਚ ਫੈਲੀ ਹੋਈ ਹੈ, ਵਰਤਮਾਨ ਤੋਂ ਪ੍ਰਾਰੰਭ ਹੋ ਕੇ ਗੁਰੂ ਰਾਮਦਾਸ ਜੀ ਦੇ ਕਾਲ ਤਕ ਅਤੇ ਇਨ੍ਹਾਂ ਦੋਹਾਂ ਦੇ ਵਿਚਕਾਰਲੇ (ਮੱਧਕਾਲ) ਨੂੰ ਆਪਣੇ ਕਲੇਵਰ ਵਿਚ ਲੈਂਦੀ ਹੈ।

-ਸੰਪਾਦਕ



ਮਨਿੰਦਰ ਸਿੰਘ ਕਾਂਗ

'ਕੁੱਤੀ ਵਿਹੜਾ' ਜਾਂ 'ਕਸਾਈ ਵਿਹੜਾ' - ਦੋਹੇਂ ਨਾਂ ਇਕੋ ਥਾਂ ਦੇ ਨੇ।

ਚਾਹੇ ਕੁੱਤੀ ਵਿਹੜਾ ਕਹਿ ਲਵੋ ਤੇ ਚਾਹੇ ਕਸਾਈ ਵਿਹੜਾ! ਅੰਬਰਸਰ ਸ਼ਹਿਰ ਦੇ ਜੰਮਪਲ ਫੱਟ ਦੱਸ ਦੇਣਗੇ ਕਿ ਸੁਲਤਾਨਵਿੰਡ ਗੇਟ ਦੇ ਅੰਦਰੋਂ ਲੰਘਦਿਆਂ ਕਿਰਪਾਨਾਂ ਵਾਲਾ ਬਜ਼ਾਰ ਲੰਘ ਕੇ, ਤੇ ਢੋਲੀਆਂ ਵਾਲੇ ਚੌਂਕ ਤੋਂ ਲੈ ਕੇ ਹਰਮੰਦਰ ਸਾਹਿਬ ਦੇ ਰਾਹ ਵਿੱਚ ਪੈਂਦੀ ਸੋਡਾ-ਵਾਟਰ ਫੈਕਟਰੀ ਤੱਕ ਕੁੱਤੀ ਵਿਹੜਾ ਹੀ ਜੇ! ਅਗੋਂ ਤੇ ਫੇਰ ਗੁਰੂ ਰਾਮ ਦਾਸ ਸਰਾਂ ਸ਼ੁਰੂ ਹੋ ਜਾਂਦੀ ਏ!

- - - -

ਤੇ ਮੈਂ ਲਿਖਣਾ ਕੋਈ ਨਹੀਂ ਸੀਗਾ ਏਸ ਸਭ ਕੁਝ ਬਾਰੇ, ਜੇ ਕਿਤੇ ਬਾਲਮੀਕੀਆਂ ਦੇ ਬੰਟੀ ਨੇ ਡੱਬ ਵਿੱਚੋਂ ਲੰਮਾ ਖੰਜਰ ਕੱਢ ਕੇ ਲਲਕਾਰੇ-ਚੀਕਾਂ ਨਾ ਮਾਰੀਆਂ ਹੁੰਦੀਆਂ...!

ਇਹ ਤੇ ਇਲੈਕਸ਼ਨਾਂ ਦੇ ਦਿਨ ਸਨ ਤੇ ਵਰ੍ਹਾ 1997 ਦਾ ਲਗਾ ਜਾਂਦਾ ਸੀ। ਇਧਰ ਚੌਂਕ ਬਾਬੇ ਭੌੜੀ ਵਾਲੇ ਦਾ ਪੁਰਾਣਾ ਦਸ ਨੰਬਰੀਆ, ਤੇ ਕਹਿੰਦਾ-ਕੁਹਾਂਦਾ ਬਦਮਾਸ਼ ''ਸਲਾਹੀਆ ਸੁਤਲਾਨ ਵਿੰਡੀਆ''ਇਲੈਕਸ਼ਨ ਲੜ ਰਿਹਾ ਸੀ ਫੇਰ ਇਸ ਵਾਰ! ਪਹਿਲੇ ਉਹ ਆਪਣੇ ਬਦਮਾਸ਼ ਗੁਰੂ 'ਇਕਵਿੰਦਰ ਸਿੰਘ' ਨਾਲ ਕਈ ਦਹਾਕੇ ਯੂਥ ਕਾਂਗਰਸ ਦਾ ਬਦਮਾਸ਼ ਵਰਕਰ ਰਿਹਾ ਸੀ। ਇਸ ਵਾਰ ਆਪਣੇ ਬਦਮਾਸ਼+ਸਿਆਸੀ ਗੁਰੂ 'ਇਕਵਿੰਦਰ' ਦੇ ਇਸ਼ਾਰੇ ਤੇ ਅਕਾਲੀ ਹੋ ਗਿਆ ਸੀ। ਮੁੱਖ ਮੰਤਰੀ ਰੌਸ਼ਨ ਸਿੰਘ ਦੀ ਹਾਜ਼ਰੀ ਵਿੱਚ ਉਹਨੂੰ ਸਿਰੋਪਾ ਪਾ ਕੇ ਅਕਾਲੀ ਸਿੰਘ ਬਣਾ ਲਿਆ ਗਿਆ ਸੀ। ਇਥੋਂ ਤੱਕ ਕਿ ਟਿਕਟ ਨਾਲ ਵੀ ਨਿਵਾਜਿਆ ਗਿਆ ਸੀ। ਸਰਕਾਰੀ ਏਜੰਸੀਆਂ ਨੇ ਵੀ ਤਬਦੀਲੀ ਲਿਆਉਣੀ ਸੀ। ਉਹਨਾਂ ਵਲੋਂ ਵੀ ਥਾਪੜਾ ਮਿਲ ਗਿਆ ਸੀ। ਖ਼ੁਫ਼ੀਆ ਸਰਕਾਰੀ ਤੰਤਰ ਨਾਲ ਸੀ। ਜ਼ਾਹਰ ਸੀ, ਸਾਲਾਂ ਦੀ ਉਸਦੀ ਖ਼ੁਫ਼ੀਆ ਏਜੰਸੀਆਂ ਨਾਲ ਨਿਭਾਈ ਯਾਰੀ ਕੰਮ ਆਈ ਸੀ, ਤੇ ਉਹਨੂੰ ਪੱਕਾ ਕੀਤਾ ਗਿਆ ਸੀ ਕਿ ਇਸ ਵਾਰ ਐਮ.ਐਲ.ਏ ਉਹ ਹੀ ਬਣੇਗਾ...!

...ਦੂਸਰੀ ਵੱਡੀ ਗੱਲ, ਉਹਦੇ ਸਿਆਸੀ+ਬਦਮਾਸ਼ ਗੁਰੂ ਇਕਵਿੰਦਰ ਨੇ ਵੀ ਦਿੱਲੀ ਦਰਬਾਰ ਤੇ ਕੇਂਦਰੀ ਖ਼ੁਫ਼ੀਆ ਏਜੰਸੀਆਂ ਦੇ ਹੁਕਮ ਤੇ 'ਰੌਸ਼ਨ-ਬਾਣੀ' ਗ੍ਰਹਿਣ ਕਰ ਲਈ ਸੀ। ਹੁਣ ਤੇ ਅਕਾਲੀਆਂ ਤੇ ਕਾਂਗਰਸੀਆਂ ਦਾ ਕਦੀ ਵੱਖੋ-ਵੱਖਰਾ ਦਿੱਸਦਾ ਖਾਸਾ ਵੀ ਇਕ ਹੋ ਚੁੱਕਾ ਸੀ। ਹੁਣ ਅਕਾਲੀਆਂ ਵਿੱਚ ਵੀ ਸ਼ਹਿਰ ਦੇ ਕਾਂਗਰਸੀ ਬਦਮਾਸ਼ਾਂ ਵਾਲੇ ਨਾਂ ਰੱਖਣ ਤੇ ਚੈਨੀਆਂ-ਮੁੰਦੀਆਂ ਪਾ ਕੇ ਜੀਪਾਂ 'ਤੇ ਚੜ੍ਹ ਕੇ ਚੋਣ-ਮੁਹਿੰਮ ਚਲਾਣ ਦੀ ਲਹਿਰ ਸੀ। ਕੋਈ ਬਦਮਾਸ਼ ਹੁਣ ''ਕਿੱਟਾ'' ਜੀ ਸੀ, ਕੋਈ ''ਬਿੱਟਾ'' ਜੀ! ਕੋਈ ਹੁਣ ''ਟੀਟੂ'' ਜੀ ਸਨ ਤੇ ਕੋਈ ਹੁਣ ''ਬੰਟੀ'' ਜੀ ਸਨ। ਕੋਈ ਰੋਮੀ-ਟੋਮੀ ਸੀ, ਕੋਈ ''ਬਿੱਟੂ-ਟੀਟੂ'' ਸਨ। ਕਿਤੇ-ਕਿਤੇ ''ਲਾਟੀ'' ਜੀ, ''ਲਾਡੀ'' ਜੀ ਵੀ ਮਿਲਦੇ ਸਨ, ਤੇ ਕਿਤੇ ਨਾ ਕਿਤੇ ਭਪੀ ਭਾਜੀ, ਭੂਪੀ ਭਾਜੀ ਤੇ ਗਿੰਦਾ-ਭਿੰਦਾ ਜੀ ਵੀ ਸਨ। ਜਿਸਨੂੰ ਕੁਝ ਨਹੀਂ ਸੀ ਲੱਭਦਾ, ਉਹ ਦਾੜ੍ਹੀ ਲੰਮੀ ਕਰਕੇ ਨਾਂ ਦੇ ਮਗਰ ਖਾਲਸਾ ਜੋੜ ਲੈਂਦਾ ਸੀ। ਰਾਤ ਨੂੰ ਲੰਮੀ ਦਾੜ੍ਹੀ ਸਮੇਤ ਜਾਂ ਤੇ ਤੰਮਾਕੂ ਦਾੜ੍ਹਾਂ ਵਿੱਚ ਰੱਖਕੇ ਪੈਗ ਲਾਉਂਦੇ, ਜਾਂ ਨਾਗਣੀ (ਅਫ਼ੀਮ) ਦੀ ਉਂਗਲ ਚੱਟਦੇ...।

...ਅੰਬਰਸਰ ਪੂਰੀਆਂ ਚੜ੍ਹਾਈਆਂ 'ਤੇ ਸੀ !

...ਇਹੋ ਜਿਹੇ ਵਧੀਆ ਸਮਿਆਂ ਵਿੱਚ, ਜਦੋਂ ਕਿ ਸਮਾਂ 1997 ਦਾ ਚਲ ਰਿਹਾ ਸੀ ਤੇ ਇਲੈਕਸ਼ਨ ਸਿਰ 'ਤੇ ਸਨ, ਮੈਂ ਆਪਣੇ ਮਿੱਤਰ-ਪਿਆਰਿਆਂ ਨਾਲ ਦਰਬਾਰ ਸਾਹਿਬ, ਸਰਾਂ ਵਾਲੇ ਪਾਸਿਉਂ ਪੈਦਲ ਨਿਕਲਦਾ ਬਾਹਰ ਸੁਲਤਾਨਵਿੰਡ ਰੋਡ 'ਤੇ ਚੜ੍ਹਿਆ। ਇਧਰ ਦੇ ਮਸ਼ਹੂਰ ਇਲਾਕੇ ਅਜੀਤ ਨਗਰ ਦੇ ਬਾਹਰ ਏਸੇ ਬਦਮਾਸ਼ 'ਸਲਾਰੀਏ' ਦੇ ਵਿਰੋਧੀ ਦਾ ਇਲੈਕਸ਼ਨ ਜਲਸਾ ਹੋ ਰਿਹਾ ਸੀ। ਇਥੇ ਹੀ ਮੈਨੂੰ ਬੰਟੀ ਦੇ ਦਰਸ਼ਨ ਹੋਏ, ਜਦੋਂ ਉਹਨੇ ਸ਼ਰਾਬ ਨਾਲ ਰੱਜੇ ਹੋਏ ਨੇ ਡੱਬ ਵਿਚੋਂ ਖੰਜਰ ਕੱਢ ਕੇ ਘੁਮਾਇਆ। ਨਾਲ ਹੀ ਲਲਕਾਰਾ ਮਾਰਿਆ-

''ਓਏ ਰੋਡ 'ਤੇ ਕੁੱਤੀ ਨਹੀਂ ਬੁੜਕਣ ਦੇਣੀ! ਲੰਡੀ-ਬੁੱਚੀ ਡੁਰਰ-ਰ ਉਏ...!''

ਮੇਰੇ ਨਾਲ ਮੇਰੇ ਤਿੰਨ ਸਾਥੀ ਸਨ। ਇਕ ਤੇ ਸਥਾਨਕ ਕਵੀ ਹਰਜੀਤ 'ਨੀਲਮਣੀ' ਜੀ ਸਨ। ਦੂਸਰਾ ਸਾਡਾ ਸਾਂਝਾ ਮਿੱਤਰ ਗੁਰਿੰਦਰ ਗੀਟਾ ਸੀ ਤੇ ਤੀਸਰਾ ਮੇਰਾ ਆਪਣਾ ਪਰਛਾਵਾਂ, 'ਤੋਚੀ ਸਾਂਈ' ਸੀ। ਤੋਚੀ ਜਨਮਜਾਤ ਫ਼ਕੀਰ ਸੀ ਤੇ ਮੇਰਾ ਬਚਪਨ ਦਾ ਜੋਟੀਦਾਰ ਸੀ। ਉਹ ਡੇਰੇ 'ਲਾਲਾਂ ਵਾਲੇ' ਉੱਪਰ ਚੜ੍ਹਾਇਆ ਬਾਲਕ ਸੀ ਤੇ ਉਥੇ ਡੇਰੇ ਵਿੱਚ ਹੀ ਪਲਿਆ ਸੀ। ਅੰਬਰਸਰ ਮੈਂ ਜਦੋਂ ਵੀ ਜਾਵਾਂ, ਜਿੰਨੇ ਦਿਨ ਵੀ ਰਹਵਾਂ, ਭਾਵੇਂ ਇਕ ਦਿਨ, ਭਾਵੇਂ ਹਫ਼ਤਾ, ਉਹਨੇ ਦਿਹਾੜੀ ਦੇ ਇਕ-ਦੋ ਘੰਟੇ ਮੇਰੇ ਨਾਲ ਪੈਦਲ ਹੀ ਸ਼ਹਿਰ ਵਿੱਚ ਗਲੀਆਂ ਕੱਛਦਿਆਂ ਕੱਟਣੇ ਹੁੰਦੇ ਸਨ।

...ਹਮੇਸ਼ਾ ਵਾਂਗ ਅੱਜ ਵੀ ਉਹ ਨਾਲ ਸੀ!

ਸਭ ਤੋਂ ਪਹਿਲਾਂ ਨੀਲਮਣੀ ਬੋਲਿਆ :-

''-- ਦੇ ਯਾਰ ਦੇ ਚਿੱਟੇ (ਚੂਹੜੇ) ਕਿਵੇਂ ਚਾਂਭਲੇ ਈ...!''

''ਮੂਰਖ ਜਾਂ ਤੇ ਖਾ ਮਰੇ, ਜਾਂ ਰੱਜ ਮਰ...।'' ਗੀਟੇ ਨੇ ਤੱਤ ਕੱਢਿਆ।

ਮੇਰੇ ਦਿਲ ਨੂੰ ਜਿਵੇਂ ਇਕ ਧੱਕਾ ਜਿਹਾ ਲਗਾ। ਜ਼ਾਹਰ ਤੌਰ 'ਤੇ ਮੈਂ ਪਰਗਟ ਨਹੀਂ ਹੋਣ ਦਿੱਤਾ। ਇਕ ਤੇ ਮੈਂ ਬੰਟੀ ਨੂੰ ਨਿੱਜੀ ਰੂਪ ਵਿਚ ਜਾਣਦਾ ਸਾਂ। ਉਹ ਸਾਡੀ ਪੀੜ੍ਹੀ-ਦਰ-ਪੀੜ੍ਹੀ ਤੁਰੀ ਆਉਂਦੀ ਚੂਹੜੀ 'ਰਾਧਾ ਰੰਡੀ' ਦੇ ਕਬੀਲੇ ਵਿਚੋਂ ਸੀ। 'ਰਾਧਾ ਰੰਡੀ' ਤੇ ਹੁਣ (ਹਜ਼ਰਤ ਈਸਾ ਉਹਨੂੰ ਜਨੱਤ ਦਵਾਏ) ਇਸ ਦੁਨੀਆਂ ਤੋਂ ਰੁਖ਼ਸਤ ਹੋ ਚੁੱਕੀ ਸੀ। ਪਿਛਲੇ ਸੌ, ਡੇਢ ਸੌ ਸਾਲ ਦਾ ਸਾਡੇ ਖ਼ਾਨਦਾਨ ਦਾ ਸ਼ਜਰਾ ਮੈਨੂੰ ਪਤਾ ਏ। ਤੇ ਏਹ ਸੌ, ਡੇਢ ਸੌ ਸਾਲ ਹੀ ਏਸ ਰਾਧਾ ਰੰਡੀ ਦੇ ਪੂਰਵਜਾਂ ਤੇ ਉਹਦੇ ਪੁੱਤ, ਧੀਆਂ ਤੇ ਨੂੰਹਾਂ ਨੇ ਸਾਡਾ ਗੰਦ ਚੁੱਕਿਆ ਸੀ। ਰਾਧਾ ਨੂੰ ਮੈਂ ਹਮੇਸ਼ਾ ਮਲ ਮੂਤਰ ਵਾਲੇ ਟੋਕਰੇ ਨਾਲ ਵੇਖਿਆ ਸੀ, ਜਾਂ ਕਦੀ-ਕਦੀ ਆਪਣੇ ਖ਼ੋਲੇ ਦੇ ਬਾਹਰ ਹੁੱਕਾ ਪੀਂਦਿਆਂ । ਉਹਦਾ ਕਮਰਾ ਪਤਾ ਨਹੀਂ ਕਿਉਂ, ਮੈਨੂੰ ਹਮੇਸ਼ਾ ਖ਼ੋਲਾ ਹੀ ਲਗਾ ਸੀ!

- - - -

ਇਹ ਬੰਟੀ ਉਸੇ ਰਾਧਾ ਰੰਡੀ ਦੀ ਸਕੀ ਭੈਣ ਦਾ ਪੜੋਤਰਾ ਸੀ। ਇਹਨਾਂ ਵਿੱਚ ਵਿਆਹ ਤੇ ਔਲਾਦ ਛੇਤੀ ਹੋ ਜਾਂਦੇ ਸਨ। ਰਾਧਾ ਅਜੇ ਭਰ ਜੁਆਨ ਸੀ ਕਿ ਵਿਧਵਾ ਹੋ ਗਈ। ਮਸਾਂ ਵੀਹਾਂ ਕੁ ਦੀ ਸੀ, ਜਦੋਂ ਰੰਡੀ ਹੋ ਕੇ ਪੇਕੇ ਵੀ ਆ ਗਈ। ਕੁੱਛੜ ਇਕੋ-ਇਕ ਕੁੜੀ ਸੀ ਤੇ ਫੇਰ ਉਸੇ ਕੁੜੀ ਤੋਂ ਹੀ ਰਾਧਾ ਦੀ ਕੁਲ ਅੱਗੇ ਚੱਲੀ ਸੀ। ਰਾਧਾ ਦੀਆਂ ਛੇ ਭੈਣਾਂ ਸਨ ਤੇ ਇਕੋ ਭਰਾ ਸੀ। ਭਰਾ ਅਫ਼ੀਮੀ ਸੀ ਤੇ ਹੁੱਕੇ 'ਚ ਗੋਲਾ ਰੱਖ ਕੇ ਪੀਂਦਾ ਸੀ। ਇਹ ਲੱਤ ਉਹਨੂੰ ਪਿਉ ਨੇ ਲਾਈ ਸੀ। ਰਾਧਾ ਦੀ ਮਾਂ ਤੇ ਬੜੀ ਮਾਂਦੀ-ਮਰੇੜੀ ਜਿਹੀ ਸੀ। ਰਾਧਾ ਦੇ ਰੰਡੀ ਹੋ ਕੇ ਪਰਤ ਆਉਣ ਪਿਛੋਂ ਸਾਲ ਕੁ ਬਾਦ ਉਹ ਮਰ ਵੀ ਗਈ। ਉਹਦੇ ਨਾਲ ਹੀ ਛੇਵੀਂ ਭੈਣ, ਜਿਹੜੀ ਮਸਾਂ ਹੀ ਮਹੀਨੇ, ਦੋ ਦੀ ਸੀ, ਵੀ ਮਰ ਗਈ। ਹੁਣ ਰਾਧਾ ਤੋਂ ਛੋਟੀਆਂ ਚਾਰ ਸਨ। ਭਰਾ ਸਭ ਤੋਂ ਵੱਡਾ ਸੀ। ਭਰਾ ਕੋਲ ਕੰਮ ਕੋਈ ਨਹੀਂ ਸੀ ਤੇ ਪਿਉ ਕਰਨ ਜੋਗਾ ਨਹੀਂ ਸੀ।

ਕੁਛ ਚਿਰ ਭਰਾ ਨੇ ਰਾਮ ਬਾਗ ਵਿਖੇ ਰੰਡੀਆਂ ਦਾ ਦੱਲਪੁਣਾ ਕੀਤਾ ਸੀ। ਉਹਨੇ ਭੈਣ ਰਾਧਾ ਨੂੰ ਸਮਝਾਇਆ ਕਿ ਕੁਝ ਸਮਾਂ ਰਾਮ ਬਾਗ ਵਿੱਚ ਧੰਦਾ ਕਰ ਕੇ ਵੇਖ ਲਵੇ। ਉਹ ਦੂਜਿਆ ਦਾ ਦੱਲਾ ਬਣਿਆ ਰਿਹੈ, ਤੇ ਹੁਣ ਆਪਣੀ ਭੈਣ ਲਈ ਤੇ ਜਾਨ ਹਾਜ਼ਰ ਹੈ ! ਭਰਾ ਤੇ ਪਿਉ ਦੀ ਸਹਿਮਤੀ ਨਾਲ ਰਾਧਾ ਨੇ ਨਿੱਕੀ ਕੁੜੀ ਆਪਣੀ ਛੋਟੀ ਭੈਣ, ਜਿਹੜੀ ਹੁਣ ਸਤਾਰਾਂ ਟੱਪ ਗਈ ਸੀ, ਨੂੰ ਸਾਂਭ ਦਿੱਤੀ 'ਤੇ ਆਪ ਰਾਮ ਬਾਗ ਬੈਠ ਗਈ। ਪਰ ਉਹਨੂੰ ਇਹ ਧੰਦਾ ਲੰਮਾ ਸਮਾਂ ਰਾਸ ਨਹੀਂ ਆਇਆ। ਉਹਨੇ ਉਥੇ ਮਸਾਂ ਮਰਕੇ ਸਾਲ-ਸਵਾ ਸਾਲ ਕੱਟਿਆ। ਇਕ ਤੇ ਉਹਦੇ ਬਹੁਤੇ ਗਾਹਕ ਫੌਜੀ ਸਨ, ਜਾਂ ਅੰਬਰਸਰ ਵਪਾਰ ਕਰਨ ਆਏ ਮੁਸਲਮਾਨ ਤੇ ਪਠਾਣ ਸਨ। ਢਿੱਡੋਂ ਉਹ ਮੁਸਲਮਾਨਾਂ ਨੂੰ ਅੰਤਾਂ ਦੀ ਨਫ਼ਰਤ ਕਰਦੀ ਸੀ। ਪਰ ਉਹਨਾਂ ਦੀਆਂ ਗੰਦੀਆਂ ਫਰਮਾਇਸ਼ਾਂ ਨੂੰ ਉਹੀ ਜਾਣਦੀ ਸੀ ਕਿ ਉਹ ਕਿੱਦਾਂ ਟਾਲਦੀ ਸੀ ! ਸਾਲ ਕੁ ਬਾਦ ਹੀ ਉਹਨੂੰ ਗਰਮੀ ਪੈ ਗਈ। ਇਹ ਸੁਗਾਤ ਉਹਨੂੰ ਕੋਈ ਗੋਰਾ ਫੌਜੀ ਦੇ ਗਿਆ। ਪਹਿਲੇ ਤੇ ਉਹਨੇ ਪਰਵਾਹ ਹੀ ਨਾ ਕੀਤੀ। ਪਰ ਜਦੋਂ ਪਿਸ਼ਾਬ ਵਿਚੋਂ ਪਾਕ ਰਿੱਸਦੀ ਦਿੱਸੀ ਤਾਂ ਉਹ ਮਿਸ਼ਨ-ਕੰਪਾਊਂਡ ਦੇ ਡਾਕਟਰ ਕੋਲ ਭੱਜੀ ਗਈ। ਉਦੋਂ ਮਹਾਂ ਸਿੰਘ ਗੇਟ ਦੇ ਅੰਦਰ ਕਰਕੇ ਕੁਤਵਾਲੀ ਤੋਂ ਪਹਿਲਾਂ ਨਵਾਂ-ਨਵਾਂ ਮਿਸ਼ਨ ਕੰਪਾਊਂਡ ਖੁਲ੍ਹਾ ਸੀ। ਰਾਧਾ ਚਰਚ ਬੜੇ ਨੇਮ ਨਾਲ ਹਰ ਐਤਵਾਰ ਜਾਂਦੀ ਤੇ ਸਤਸੰਗ ਸੁਣਦੀ ਸੀ। ਮਿਸ਼ਨ ਕੰਪਾਉਂਡ ਵਾਲੇ ਸਾਰੇ ਉਸਦੇ ਜਾਣੂੰ ਸਨ। ਉਥੇ ਸੇਵਾ ਵਿੱਚ ਲੱਗੇ ਈਸਾਈ ਡਾਕਟਰ ਨੇ ਉਹਦਾ ਇਲਾਜ ਸ਼ੁਰੂ ਕਰ ਦਿੱਤਾ ਤੇ ਨਾਲੇ ਲਾਟ-ਪਾਦਰੀ ਨੂੰ ਵੀ ਉਹਦੀ ਤਕਲੀਫ ਦੱਸ ਦਿੱਤੀ। ਇਕ ਈਸਾਈ ਬੱਚੀ ਨੂੰ ਨਰਕ ਵਿੱਚੋਂ ਕੱਢਣ ਲਈ ਲਾਟ-ਪਾਦਰੀ ਨੇ ਕਮਰ ਕੱਸ ਲਈ। ਉਹਨੇ ਰਾਧਾ ਨੂੰ ਤੇ ਠੀਕ ਕਰਵਾ ਹੀ ਦਿੱਤਾ, ਨਾਲ ਹਰ ਮਹੀਨੇ ਦੀ ਬੱਝਵੀਂ ਚਵਾਨੀ ਦੀ, ਦੋ ਬੰਦਿਆਂ ਦੀ ਡਿਊਟੀ ਲਾ ਦਿੱਤੀ। ਰਾਧਾ ਲਈ ਅਠਿਆਨੀ ਮਹੀਨਾ ਤੇ ਸਵਰਗ ਸੀ। ਉਹਦੇ ਭਰਾ ਲਈ ਕੀਨੀਆ ਦੇ ਟਿਕਟ ਦਾ ਇੰਤਜ਼ਾਮ ਕੀਤਾ ਗਿਆ ਤੇ ਉਹ ਦਸੀਂ-ਪੰਦਰੀਂ ਦਿਨੀ ਹੀ ਕੀਨੀਆ ਦੇ ਸਮੁੰਦਰੀ ਜਹਾਜ਼ ਚੜ੍ਹ ਗਿਆ ਸੀ, ਜਿਥੋਂ ਉਹ ਮੁੜ ਕਦੀ ਨਾ ਪਰਤਿਆ। ਸ਼ਾਇਦ ਉਧਰ ਹੀ ਕਿਧਰੇ ਮਰ-ਖੱਪ ਗਿਆ ਹੋਵੇ।

ਉਹਦੇ ਮਗਰੋਂ ਰਾਧਾ ਨੇ ਆਪਣੇ ਜੱਦੀ ਘਰ ਦੀ ਅਗਲੀ ਕਮਰੀ ਜਿਹੀ ਸਾਂਭ ਲਈ। ਪਿਉ ਕੁਝ ਕੁ ਸਾਲਾਂ ਬਾਅਦ ਮਰ ਗਿਆ। ਹਰ ਸ਼ਨੀ-ਐਤਵਾਰ ਰਾਧਾ ਨੇਮ ਨਾਲ ਚਰਚ ਜਾਂਦੀ ਤੇ ਆਪਣੇ ਕੁੱਤੀ ਵਿਹੜੇ ਵਿੱਚੋਂ ਜਿੰਨੇ ਕੁ ਹੋ ਸਕਦਾ, ਮਰਦ-ਤੀਵੀਆਂ ਤੇ ਨੌਜੁਆਨ ਕੁੜੀਆਂ ਨੂੰ ਨਾਲ ਲੈ ਕੇ ਜਾਂਦੀ। ਚੈਪਲ ਦੀਆਂ ਖੁਲ੍ਹੀਆਂ ਬਾਰੀਆਂ ਵਿਚੋਂ ਜਦ ਮਸੀਹੀ ਭਜਨ ਗੂੰਜਦੇ, ਰਾਧਾ ਦੀ ਖਰਜ ਭਰੀ ਅਵਾਜ਼ ਲਗਾਤਾਰ ਗੂੰਜਦੀ, ਜਿਵੇਂ ਟੀਨ ਤੇ ਛੱਤ ਤੇ ਇਕਸਾਰ ਮੀਂਹ ਪੈ ਰਿਹਾ ਹੋਵੇ!

- - - -

ਇਸੇ ਰਾਧਾ, ਜਿਸਦਾ ਲਕਬ 'ਰੰਡੀ' ਪੈ ਗਿਆ ਹੋਇਆ ਸੀ, ਦੀਆਂ ਛੋਟੀਆਂ ਚਾਰੇ ਭੈਣਾਂ ਉਥੇ ਹੀ ਲਾਗੇ-ਸ਼ਾਗੇ ਵਿਆਹੀਆਂ ਗਈਆਂ ਸਨ। ਦੋ ਦਾ ਵਿਆਹ ਤੇ ਡੈਮ ਗੰਜ ਕੋਲ ਸੂਰ ਦਾ ਮੀਟ ਵੇਚਣ ਬੈਠੇ ਇਕੋ ਪਰਿਵਾਰ ਦੇ ਚਾਚੇ-ਤਾਏ ਤੇ ਮੁੰਡਿਆਂ ਨਾਲ ਹੋ ਗਿਆ ਸੀ। ਇਕ ਰੇਲਵੇ ਸਟੇਸ਼ਨ ਟੱਪ ਕੇ ਲੋਕੋ-ਸ਼ੈਡਾਂ ਕੋਲ ਬੈਠੇ ਬਾਲਮੀਕੀਆਂ ਵਿੱਚ ਵਿਆਹੀ ਗਈ ਸੀ। ਚੌਥੀ ਉਥੇ ਕੁੱਤੀ ਵਿਹੜੇ ਦੇ ਬਾਹਰ ਹੀ ਵਿਆਹੀ ਗਈ ਸੀ। ਉਹੋ ਸਵੇਰੇ-ਸ਼ਾਮ ਰਾਧਾ ਦੀ ਸੇਵਾ ਵਿੱਚ ਆਈ ਰਹਿੰਦੀ ਸੀ।

ਰਾਧਾ ਦੇ ਟੱਬਰ ਦੇ ਵੱਡ-ਵਡੇਰੇ ਗੁਰੂ ਬਜ਼ਾਰ, ਝੂਠੇ ਬਜ਼ਾਰ, ਲੂਣ ਮੰਡੀ, ਆਟਾ ਮੰਡੀ ਤੇ ਮਾਈ ਸੇਵਾਂ ਦੇ ਬਜ਼ਾਰਾਂ ਉਪਰ ਬਣੇ ਘਰਾਂ ਦਾ ਮਲ ਮੂਤਰ ਚੁੱਕਦੇ ਸਨ। ਅੰਮ੍ਰਿਤਸਰ ਦੀਆਂ ਤੰਗ ਗਲੀਆਂ ਵਿੱਚ ਬਣੇ ਉੱਚੇ ਘਰਾਂ ਦੀਆਂ ਟੱਟੀਆਂ ਧੁਰ ਕੋਠੇ ਹੁੰਦੀਆਂ ਸਨ। ਰਾਧਾ ਦੇ ਵੱਡ-ਵਡੇਰੇ ਸਵੇਰੇ ਅੰਮ੍ਰਿਤ ਵੇਲੇ ਤੇ ਸ਼ਾਮ ਨੂੰ ਹਨੇਰੇ ਤੋਂ ਪਹਿਲਾਂ ਕੋਠੇ ਲਾਹੁੰਦੇ। ਗੰਦ ਚੁੱਕਣ ਨੂੰ ਉਹ 'ਕੋਠਾ ਕਮਾਣਾ' ਕਹਿੰਦੇ ਸਨ। ਰਾਧਾ ਦੇ ਘਰਾਂ ਦੇ ਨਾਲ ਉਹਦੇ ਹੀ ਸ਼ਰੀਕੇ ਬਰਾਦਰੀ ਦੇ ਦੂਸਰੇ ਘਰ, ਘੰਟਾ ਘਰ, ਬਾਗ ਵਾਲੀ ਗਲੀ, ਚੌਂਕ ਰਾਮਦਾਸ ਦੇ ਇਲਾਕੇ ਦਾ ਗੰਦ ਚੁੱਕਦੇ ਸਨ। ਗਲਤੀ ਨਾਲ ਵੀ ਜੇ ਬਰਾਦਰੀ-ਸ਼ਰੀਕੇ ਦੀਆਂ ਚੂਹੜੀਆਂ ਤੇ ਚੂਹੜੇ ਦੂਸਰੇ ਦੇ ਇਲਾਕੇ ਦਾ ਮਲ ਮੂਤਰ ਚੁੱਕਣ ਦਾ ਕੰਮ ਲੈ ਲੈਂਦੇ, ਤਾਂ ਮਾਨੋ ਹਨੇਰੀ ਆ ਜਾਂਦੀ ਸੀ। ਝਾੜੂਆਂ, ਟੋਕਰਿਆਂ ਤੇ ਗੰਦ ਚੁੱਕਣ ਵਾਲੇ ਫਰਸਿਆਂ ਨਾਲ ਉਹ ਲੜਾਈ ਹੁੰਦੀ ਤੇ ਉਹ-ਉਹ ਗਾਹਲਾਂ, ਚੂਹੜੀਆਂ-ਚੂਹੜੇ ਇਕ ਦੂਸਰੇ ਨੂੰ ਦੇਂਦੇ ਕਿ ਬਜ਼ਾਰ ਖਾਲੀ ਹੋ ਜਾਂਦੇ ਸਨ !

- - - -

ਅਗਲੀ ਵੱਡੀ ਗੱਲ ਇਹ ਸੀ ਕਿ ਜਿਸ ਗਲੀ-ਮੁੱਹਲੇ ਜਾਂ ਘਰ ਤੋਂ ਉਹ ਤੰਗ ਆ ਜਾਂਦੇ, ਉਥੇ ਚੂਹੜੇ ਹੋਣ ਕਾਰਨ ਉਹ ਔਖਾ ਤੇ ਬੋਲ ਨਹੀਂ ਸਨ ਸਕਦੇ, ਪਰ ਇਕ ਕੰਮ ਅਵੱਸ਼ ਕਰਦੇ। ਉਸ ਇਲਾਕੇ ਦਾ ਗੰਦ ਚੁੱਕਦੇ ਘੱਟ ਸਨ ਤੇ ਪਾਣੀ ਪਾਕੇ ਨਾਲੀਆਂ ਵਿੱਚ ਡੋਲ੍ਹ ਜ਼ਿਆਦਾ ਛੱਡਦੇ ਸਨ। ਗੁਰੂ ਬਜ਼ਾਰ ਦੇ ਸੁਨਿਆਰਿਆਂ ਦੇ ਚਿੱਟੇ ਦੁੱਧ ਰੰਗ ਤੋਂ, ਤੇ ਉਹਨਾਂ ਦੀਆਂ ਮੋਟੀਆਂ-ਮੋਟੀਆਂ, ਸੁੰਦਰ ਸੁਨਿਆਰੀਆਂ ਤੋਂ ਜਿਵੇਂ ਉਹਨਾਂ ਨੂੰ ਧੁਰੋਂ ਨਫ਼ਰਤ ਸੀ। ਏਸੇ ਲਈ ਕਈ ਸੌ ਸਾਲ ਤੱਕ ਹੀ ਗੁਰੂ ਬਜ਼ਾਰ ਵਿੱਚੋਂ ਸਵੇਰੇ ਸੁਵਖਤੇ ਲੰਘਣਾ ਨਰਕ ਤੁਲ ਹੁੰਦਾ ਸੀ। ਉਹ ਤੇ ਲਾਲੀਆਂ ਜਾਂ ਸੁਨਿਆਰਿਆਂ, ਚੂਹੜੀ ਦੇ ਜਾਣ ਪਿਛੋਂ ਭਰਾਈਆਂ ਨੂੰ ਬੁਲਾ ਕੇ ਪਾਣੀ ਇਕੱਠਾ ਕਰਾਂਦੀਆਂ ਤੇ ਮਣਾਂ ਮੂੰਹੀ ਨਾਲੀਆਂ ਵਿੱਚ ਡੋਲ੍ਹਦੀਆਂ ਸਨ, ਤਾਂ ਕਿਤੇ ਜਾਕੇ ਏਸ ਗੁਰੂ ਸਾਹਿਬਾਨ ਦੇ ਵਰੋਸਾਏ ਪੁਰਾਣੀ ਇੱਟ ਤੇ ਬਰੀਕ ਗਲੀਆਂ ਵਾਲੇ ਬਜ਼ਾਰਾਂ ਵਿੱਚੋ ਬੋਅ ਸਾਫ਼ ਹੁੰਦੀ।

- - - -

''ਰਾਧਾ'' ਕੁਝ ਚਿਰ ਰੰਡੀਆਂ ਵਾਲਾ ਕੰਮ ਛੱਡਕੇ ਕੋਠੇ ਲਾਹੁਣ ਵੀ ਜਾਂਦੀ ਰਹੀ ਸੀ। ਬਸ ਐਵੇ ਸਾਲ-ਦੋ ਕੁ ਸਾਲ ਹੀ! ਫੇਰ ਉਹਨੇ ਅਜੀਤ ਨਗਰ, ਜਿਹੜਾ ਅਕਾਲੀਆਂ ਨੇ 1948 ਵਿੱਚ ਫੁੱਲਾਂ ਵਾਲੇ ਬਾਗ ਨੂੰ ਖਤਮ ਕਰਕੇ ਕੱਟਿਆ ਸੀ, ਉਥੇ ਝਾੜੂ ਮਾਰਨ ਦੀ ਡਿਊਟੀ ਲੈ ਲਈ ਸੀ। ਉਥੇ ਹੀ ਸਾਡੇ ਚਾਰ-ਪੰਜ ਘਰ ਇੱਕ ਸਾਂਝੀ ਵਲਗਣ ਵਿੱਚ ਬਣੇ ਹੋਏ ਸਨ। ਅਕਾਲੀਆਂ ਨੇ ਸਾਡੇ ਇਕ ਬਾਬੇ ਨੂੰ ਉਹਦੀ ਸੇਵਾ ਬਦਲੇ ਸਸਤੀ ਜ਼ਮੀਨ ਦੇ ਦਿੱਤੀ ਸੀ। ਉਸ ਸਾਂਝੀ ਵਲਗਣ ਵਿਚ ਚਾਰਾਂ ਵਿੱਚੋਂ ਇੱਕ ਘਰ ਸਾਡਾ ਵੀ ਸੀ।

ਰਾਧਾ ਜਦੋਂ ਵੀ ਸਾਡੇ ਘਰ ਅਗੋਂ ਲੰਘਦੀ, ਮੇਰੀ ਬੇਬੇ (ਪੜਦਾਦੀ) ਕੋਲੋਂ ਹਮੇਸ਼ਾ, ਸੱਟੇ-ਦੜੇ ਦਾ ਨੰਬਰ ਜ਼ਰੂਰ ਪੁੱਛਦੀ ਸੀ। ਬੇਬੇ ਜੋ ਵੀ ਪੁੱਠਾ ਸਿੱਧਾ ਬੋਲ ਦੇਂਦੀ, ਰਾਧਾ ਉਹਦਾ ਨੰਬਰ ਬਣਾ ਲੈਂਦੀ। ਫੇਰ ਉਹ ਉਸੇ ਨੰਬਰ 'ਤੇ ਦੜਾ ਜਾਂ ਸੱਟਾ ਲਾ ਦੇਂਦੀ। ਉਹਨੀਂ ਦਿਨੀ ਅੰਬਰਸਰ ਵਿੱਚ ''ਬਾਬਾ ਭੁਕਾਨਿਆ ਵਾਲਾ'', ਜਿਹੜਾ ਦਸ ਨੰਬਰੀਆ ਸੀ, ਘੜਾ ਖੋਹਲਦਾ ਸੀ। ਧੇਲੀ ਦੇ ਢਾਈ ਰੁਪਏ, ਰੁਪਏ ਦੇ ਪੰਜ ਰੁਪਏ, ਪੰਜ ਦੇ ਪੰਝੀ!

... ਸ਼ਾਮ ਨੂੰ ਰਾਧਾ ਆਪਣੀ ਧੇਲੀ, ਰੁਪਈਆ ਲਾਕੇ ਹੋਣ ਵਾਲੀ ਕਮਾਈ ਦਾ ਨੰਬਰ ਪਤਾ ਕਰਨ ਚਾਟੀਵਿੰਡ ਚੌਂਕ ਜਾਂਦੀ। ਉਥੇ ਬਾਬਾ ''ਭੁਕਾਨਿਆਂ ਵਾਲਾ'' ਸ਼ਾਮ ਨੂੰ

ਨੰਬਰ ਪੁਕਾਰਦਾ। ਕਈ ਵਾਰ ਰਾਧਾ ਨੂੰ ਨੰਬਰ ਮਿਲ ਜਾਂਦਾ ਤੇ ਉਹ 'ਚਰਸ' ਦੀ ਗੋਲੀ ਲੈ ਲੈਂਦੀ। ਉਦੋਂ ਉਹਦੀ ਹੁੱਕੀ ਵਿੱਚੋਂ ਅਸਲੀ ਸੁਲਫ਼ੇ ਦੀ ਮਹਿਕ ਉੱਠਦੀ। ਜੇ ਨੰਬਰ ਨਾ ਵੀ ਨਿਕਲਦਾ, ਰਾਧਾ ਹੱਸੀ ਜਾਂਦੀ ਤੇ ਆਪਣੀ ਕਮਰੇ ਦੇ ਬਾਹਰ ਆਕੇ ਮੰਜੀ 'ਤੇ ਬੈਠ ਜਾਂਦੀ ਤੇ ਆਲੇ-ਦੁਆਲੇ ਬੈਠੇ ਹੋਰਨਾਂ ਨੂੰ ਆਪਣੇ ਕਾਰਨਾਮੇ ਦੱਸੀ ਜਾਂਦੀ ਤੇ ਹੱਸਦੀ ਰਹਿੰਦੀ। ਗੱਲਾਂ ਕਰਦਿਆਂ ਉਹਦੇ ਮਹਿੰਦੀ ਰੰਗੇ ਵਾਲ ਵੀ ਹੱਸਦੇ ਲਗਦੇ। ਉਹਦੇ ਆਲੇ ਦੁਆਲੇ ਉਹਦੀ ਬੇਟੀ ਦੇ ਪੋਤੇ-ਪੜੋਤੇ, ਉਹਦੀਆਂ ਭੈਣਾਂ ਦੇ ਬੱਚਿਆਂ ਦੇ ਬੱਚੇ ਉਹਦੀ ਕੁਲ ਵਧਾ ਰਹੇ ਦਿੱਸਦੇ।

ਰਾਧਾ ਨੂੰ ਵੇਖਦਿਆਂ ਹੀ ਮੇਰੀ ਦਾਦੀ ਉੱਚੀ ਸਾਰੀ ਕਹਿੰਦੀ ਸੀ –

''ਲੈ ਆ ਗਈ ਰਾਧਾ ਰੰਡੀ...! ਹੁਣ ਆਕੇ ਕਹੇਗੀ ਚਾਹ ਪਾ ਦੇਹ ਮੇਰੀ ਗੜਵੀ 'ਚ!''

ਇਹ ਬੰਟੀ ਮਸੀਹ, ਜਿਹੜਾ ਅੱਜਕਲ ਟੌਪ ਦਾ ਛੁਰੀਮਾਰੀ ਤੇ ਸਮੈਕ ਪੀਣ ਵਿੱਚ ਨੰਬਰ-ਵਨ ਸੀ, ਇਸੇ ਰਾਧਾ ਰੰਡੀ ਦੇ ਕਬੀਲੇ ਵਿੱਚੋ ਸੀ। ਵੀਹਾਂ ਨੂੰ ਪਾਰ ਕੀਤਾ ਇਹ ਮੁੰਡਾ ਮੇਰੀ ਸਿੰਝਾਣ ਵਿੱਚ ਸੀ। ਸਾਡੇ ਇਲਾਕੇ ਵਿੱਚ ਲੜਾਈਆਂ ਵਿੱਚ ਪੈਸੇ ਲੈ ਕੇ ਆਣ, ਢੋਲੀਆਂ ਨਾਲ ਢੋਲ ਵਜਾਣ ਲਈ ਸਾਈ 'ਤੇ ਆਉਣ ਵਿੱਚ ਇਹ ਅਗੇ ਰਹਿੰਦਾ ਸੀ। ਪਿਛਲੇ ਸਾਲ ਕੁ ਤੋਂ ਇਹ ਹੁਣ ਸਮੈਕ ਦੀਆਂ ਪੁੜੀਆਂ ਵੇਚਣ ਵਿੱਚ ਨੰਬਰ ਇਕ 'ਤੇ ਸੀ। ਥਾਣੇਦਾਰ ਮੱਲ੍ਹੀ ਕੋਲੋਂ ਕਈ ਵਾਰ ਕੁੱਟ ਖਾ ਚੁੱਕਾ ਸੀ।

ਵੱਡੀ ਗੱਲ ਇਹ ਸੀ ਕਿ ਮੈਂ ਇਸ ਨੂੰ, ਇਸ ਦੇ ਪਿਉ ਤੇ ਦਾਦੇ ਨੂੰ, ਗੱਲ ਕੀ ਰਾਧਾ ਤੱਕ ਇਸ ਦੇ ਸਾਰੇ ਖਾਨਦਾਨੀ ਸ਼ਜਰੇ ਨੂੰ ਜਾਣਦਾ ਸਾਂ। ਇਹਦਾ ਪਿਉ ਵੀ ਕਤਲ ਹੋ ਕੇ ਹੀ ਸੰਸਾਰ ਤੋਂ ਰੁਖਸਤ ਹੋਇਆ ਸੀ।---

ਅੱਜ ਜਦੋਂ ਮੇਰੇ ਸਾਥੀਆਂ ਇਹਨੂੰ ''ਚਿੱਟਾ'' ਕਿਹਾ ਤਾਂ ਉਹ ਮਾਨੋ ਮੇਰੀ ਸਿਮਰਤੀ ਦੇ ਦਵਾਰ ਖੋਲ੍ਹ ਗਏ ਸਨ –

– – – –

''ਉਹ ... ਵੇਖਿਓ ਨਾਂ! ਉਹ ਕੌਣ ਆ ਰਹੇ ਨੇ ਸਿੱਧੇ ਸਾਡੇ ਵੱਲ?'' ਬਾਬਾ ਬੁੱਢਾ ਜੀ ਨੇ ਅਚਾਨਕ ਉੱਠੇ ਰੌਲ੍ਹੇ ਵਲ ਨਿਗਾਹ ਗੱਡ ਕੇ ਸਾਹਮਣੇ ਬੈਠੀਆਂ ਸੰਗਤਾਂ ਨੂੰ ਕਿਹਾ।

ਬਾਬਾ ਬੁੱਢਾ ਜੀ ਦੇ ਬਿਲਕੁਲ ਪਿੱਛੇ ਤਖਤਪੋਸ਼ 'ਤੇ ਸੱਚੇ ਪਾਤਸ਼ਾਹ ਬਿਰਾਜਮਾਨ ਸਨ। ਨਾਲ ਹੀ ਬਾਕੀ ਹਜ਼ੂਰੀ ਸੇਵਕ ਬੈਠੇ ਹੋਏ ਸਨ। ਕੁਛ ਸੰਗਤਾਂ ਸਾਹਮਣੇ ਬੈਠੀਆਂ ਸੀ, ਕੁਝ ਥੋੜ੍ਹੀ ਦੂਰੀ 'ਤੇ ਮਿੱਟੀ ਪੁੱਟਣ ਦੀ ਕਾਰ-ਸੇਵਾ ਕਰ ਰਹੀਆਂ ਸਨ।

''...ਆਉਣ ਦਿਓ ਬਾਬਾ ਜੀ! ਇਹਨਾਂ ਨੂੰ ਆਉਣ ਦਿਉ ਮੇਰੇ ਵਲ! ਇਹਨਾਂ ਦਾ ਤੇ ਸਾਡਾ ਮਿਲਣਾ ਪਹਿਲਾਂ ਹੀ ਤੈ ਹੋ ਚੁੱਕਾ ਹੈ। ਇਹ ਜਨਮ ਤੇ ਇਕ ਬਹਾਨਾ ਹੀ ਜੇ! ਇਹੀ ਲੋਕ ਤੇ ਏਹਨਾਂ ਧਰਤੀਆਂ ਦੇ ਅਸਲ ਮਾਲਕ ਸਨ। ਆਉਣ ਦਿਓ!'' ਸੱਚੇ ਪਾਤਸ਼ਾਹ ਨੇ ਬਚਨ ਕੀਤੇ।

ਸਭ ਦਾ ਧਿਆਨ ਆਉਣ ਵਾਲਿਆਂ ਵਲ ਹੀ ਸੀ। ਆਉਣ ਵਾਲੇ ਨਜ਼ਦੀਕ ਆ ਰਹੇ ਸਨ। ਕੋਈ ਪੱਚੀ-ਤੀਹ ਜਣਿਆਂ ਦਾ ਟੋਲਾ ਸੀ। ਵਧੇਰੇ ਕਰਕੇ ਮਰਦ ਤੇ ਬੱਚੇ ਸਨ। ਔਰਤਾਂ ਦੋ-ਚਾਰ ਹੀ ਸਨ, ਤੇ ਉਹ ਵੀ ਬਿਰਧ ਸਨ। ਸਾਰਿਆਂ ਦੇ ਪਿੰਡੇ ਨੰਗੇ ਸਨ, ਸਿਰਫ਼ ਹੇਠਾਂ, ਨੰਗ ਢੱਕਣ ਦੇ ਨਾਂ ਚੰਦ ਲੀਰਾਂ ਬੱਧੀਆਂ ਹੋਈਆਂ ਸਨ। ਬਿਰਧ ਔਰਤਾਂ ਧੜੋਂ ਨੰਗੀਆਂ ਤੇ ਲੱਕ ਉਹਨਾਂ ਦੇ ਵੀ ਲੀਰਾਂ ਹੋਈਆਂ ਲੱਕਦੀਆਂ ਹੀ ਬੰਨ੍ਹੀਆਂ ਹੋਈਆਂ ਸਨ। ਬਾਲ-ਅੰਞਾਣਿਆਂ ਦੇ ਢਿੱਡ ਪਿਚਕੇ ਤੇ ਸਰੀਰ ਬੀਮਾਰਾਂ ਜਿਹੇ ਸਨ। ਉਹਨਾਂ ਨਾਲ ਟੁਰੇ ਆਉਂਦੇ ਬੰਦਿਆਂ ਨੇ ਮੂੰਹ 'ਤੇ ਇਕ ਹੱਥ ਨਾਲ ਮਿੱਟੀ ਦੇ ਟੁੱਟੇ ਤੌੜਿਆਂ ਦੇ ਟੋਟੇ ਨੱਪੇ ਹੋਏ ਸਨ ਤੇ ਢਿੱਡਾਂ 'ਤੇ ਰੱਸੀਆਂ ਬੰਨ੍ਹੀਆਂ ਹੋਈਆ ਸਨ।

...ਸੰਗਤ ਪਛਾਣ ਗਈ ਸੀ ਕਿ ਉਹ ਕੌਣ ਸਨ? ਸਭ ਲੋਕ ਹੁਣ ਸੱਚੇ ਪਾਤਸ਼ਾਹ ਵਲ ਵੇਖ ਰਹੇ ਸਨ। ਉਹਨਾਂ ਪੱਚੀਆਂ-ਤੀਹਾਂ ਬੰਦਿਆਂ ਦਾ ਟੋਲਾ ਕੁਝ ਕਦਮਾਂ ਪਿਛਾਂਹ ਹੀ ਖੜੋ ਗਿਆ ਸੀ।

– – – –

''ਆ ਜਾਉ ਕਰਮਾਂ ਵਾਲਿਓ! ਝਿਜਕੋ ਨਾ! ਨਾਨਕ ਦੇ ਦਰਬਾਰ ਤੁਹਾਡੀ ਕੋਈ ਭਿੱਟ ਨਹੀਂ!'' ਗੁਰੂ ਰਾਮਦਾਸ ਜੀ ਨੇ ਉਹਨਾਂ ਦੇ ਸਭ ਤੋਂ ਅੱਗੇ ਖੜ੍ਹੇ ਮੁਖੀ ਨੂੰ, ਤੇ ਬਾਕੀਆਂ ਨੂੰ ਸਾਂਝਾ ਸੰਬੋਧਨ ਕਰਦਿਆਂ ਕਿਹਾ।

''...ਅੰਨਦਾਤਾ! ਅਸੀਂ ਸਾਰੇ ਤੇਰੀ ਸ਼ਰਨੀ ਆਏ ਹਾਂ। ਪਰ ਕਿੱਦਾਂ ਅਰਜ ਕਰੀਏ? ਅਸੀਂ ਸਾਰੇ ਹੀ ਦੋ ਪਿੰਡਾਂ ਦੇ ਚੂਹੜੇ ਆਂ! ਸੁਲਤਾਨਵਿੰਡ ਤੇ ਚਾਟੀਵਿੰਡ ਦੇ ਵਿਚਕਾਰ ਪੈਂਦੇ ਪਹੇ ਤੇ ਸਾਡਾ ਵਿਹੜਾ ਏ। ਪਰ੍ਹਾਂ ਜੰਗਲ ਏ! ਅਸੀਂ ਸਾਰੇ ਹੀ ਮਹਿਮੇ ਰਾਜਪੂਤ ਦੇ ਬਠਾਏ ਹੋਏ ਹਾਂ। ਹੁਣ ਬਾਬਾ ਬਲੌਲ ਰਾਜਪੂਤ ਸਾਡਾ ਮਾਲਕ ਏ! ਪਰ ਪਿੰਡ ਦੇ ਸਾਰੇ ਰਾਜਪੂਤ ਤੇ ਬ੍ਰਾਹਮਣ ਸਾਥੋਂ ਵਗਾਰਾਂ ਲੈਂਦੇ ਨੇ। ਅਸੀਂ ਕਿਸੇ ਤੋਂ ਨਾਬਰ ਨਹੀਂ ਹੋ ਸਕਦੇ ਮਾਲਕਾ।'' ਸਭ ਤੋਂ ਅਗਲੇ ਨੇ, ਜਿਹੜਾ ਉਹਨਾਂ ਦਾ ਮੁਖੀ ਜਾਪਦਾ ਸੀ, ਅਰਜ਼ ਗੁਜਾਰੀ ਤੇ ਨਾਲ ਹੀ ਜੋਰ-ਜੋਰ ਦੀ ਢਿੱਡ ਵਜਾਣਾ ਸ਼ੁਰੂ ਕਰ ਦਿੱਤਾ। ਉਹਦੇ ਢਿੱਡ ਵਜੌਣ ਦੀ ਦੇਰ ਸੀ ਕਿ ਬਸ ਜਿਵੇਂ ਬਾਕੀ ਉਹਦਾ ਇਸ਼ਾਰਾ ਹੀ ਉਡੀਕ ਰਹੇ ਸਨ। ਸਾਰਿਆਂ ਹੀ ਮੂੰਹ ਤੋਂ ਤੌੜਿਆਂ ਦੇ ਟੋਟੇ ਲਾਹ ਦਿੱਤੇ ਤੇ ਢਿੱਡ ਵਜੌਣ ਤੇ ਮੂੰਹੋਂ ਕੁਰਲੌਣ ਲਗ ਪਏ। ਬੁੱਢੀਆਂ ਜਨਾਨੀਆਂ ਨੇ ਵੱਖਰੀਆਂ ਜਿਹੀਆਂ ਦਿਲ-ਚੀਰਵੀਆਂ ਲੇਰਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ।

ਸੰਗਤ ਭੌਂਚਕੀ ਜਿਹੀ ਗਈ ਸੀ। ਇਥੋਂ ਤੱਕ ਕਿ ਬਾਲਕ ਅਰਜਨ ਦੇਵ ਅਤੇ ਬਾਬਾ ਬੁੱਢਾ ਜੀ ਵੀ ਪਸ਼ੇਮਾਨ ਹੋ ਗਏ ਸਨ। ਪਰ ਜਾਣੀ-ਜਾਣ ਪਾਤਸ਼ਾਹ ਨੇ ਸਭ ਨੂੰ ਸ਼ਾਂਤ ਹੋਣ ਦਾ ਇਸ਼ਾਰਾ ਕੀਤਾ, ਤੇ ਉਹਨਾਂ ਨੂੰ ਘੜੀ-ਦੋ-ਘੜੀ ਢਿੱਡ ਵੱਜਾ ਲੈਣ ਦਿੱਤੇ। ਅਖੀਰ ਉਹਨਾਂ ਦਾ ਇਹ ਅਮਲ ਰੁਕਿਆ ਤੇ ਉਹਨਾਂ ਦੂਰੋਂ ਹੀ ਸੰਗਤ ਸਮੇਤ ਗੁਰੂ ਸਾਹਿਬ ਨੂੰ ਲੰਮੇ ਪੈਕੇ ਡੰਡਵਤ ਕੀਤੀ।

''...ਉੱਠੋ ਬੱਚਿਓ! ਮੈਂ ਤੁਹਾਡੀ ਵੇਦਨਾ ਪੜ੍ਹ ਲਈ ਏ। ਇਹ ਗੁਰੂ ਨਾਨਕ ਦਾ ਦਰਬਾਰ ਏ! ਤੁਹਾਨੂੰ ਖਾਲੀ ਨਹੀਂ ਮੋੜਾਂਗਾ।'' ਗੁਰੂ ਸਾਹਿਬ ਨੇ ਰਮਜ਼ ਸੁੱਟੀ।

''...ਮਾਲਕਾ! ਰਾਜਪੂਤ ਤੇ ਹਿੰਦੂ ਲਾਲੇ ਸਾਥੋਂ ਵਗਾਰਾਂ ਲੈਂਦੇ ਨੇ। ਬਾਹਮਣਾਂ ਨੂੰ ਸਾਨੂੰ ਆਪਣੀਆਂ ਬੇਟੀਆਂ ਪਰੋਸਣੀਆਂ ਪੈਂਦੀਆਂ ਨੇ। ਜਿਹੜੇ ਬਾਹਮਣ ਤੇ ''ਮਲਕ'' ਹੁਰਾਂ ਦੇ ਨੇੜੇ ਨੇ, ਉਹ ਤੇ ਬਹੁਤਾ ਹੀ ਕਹਿਰ ਕਮਾਂਦੇ ਨੇ। ਮਲਕ ਹੁਰੀਂ ਵੀ ਜ਼ੁਲਮ ਕਰਦੇ ਨੇ, ਪਰ ਏਨਾ ਨਹੀਂ, ਜਿੰਨਾ ਇਹ ਬਾਹਮਣ ਤੇ ਰਾਜਪੂਤ ਕਰਦੇ ਨੇ। ਮਲਕ ਹੁਰੀਂ ਆਪਣੇ ਸੇਵਕ ਭੇਜ ਛੱਡਦੇ ਨੇ ਕਿ ਜੁੰਮੇ ਦੀ ਨਮਾਜ਼ ਅਦਾ ਕਰਿਆ ਕਰੋ। ਪਰ ਕਰੀਏ ਕਿਵੇਂ? ਨਾ ਕੋਈ ਨਮਾਜ਼ੀ, ਨਾ ਕਾਜ਼ੀ, ਅਸੀਂ ਆਪ ਕਿਥੋਂ ਲਿਆਈਏ? ਉਹ ਭੇਜਦੇ ਨਹੀਂ।'' ਉਹਨਾਂ ਦੇ ਮੁਖੀ ਨੇ ਵਿਥਿਆ ਖੋਲ੍ਹ ਸੁਣਾਈ।

''ਇਹ ਨਾਨਕ ਨਿਰੰਕਾਰੀ ਦਾ ਦਰਬਾਰ ਏ। ਇਥੋਂ ਤੁਸੀਂ ਖਾਲੀ ਨਹੀਂ ਜਾਓਗੇ!'' ਐਤਕੀ ਬਾਬਾ ਬੁੱਢਾ ਜੀ ਨੇ ਗੁਰੂ ਸਾਹਿਬ ਵਲੋਂ ਜਵਾਬ ਦਿੱਤਾ।

''ਬਾਬਾ ਜੀ! ਇਹਨਾਂ ਨੂੰ ਕਿਹੜੀ ਗੁੱਠ ਦੇ ਦਈਏ?'' ਗੁਰੂ ਜੀ ਨੇ ਬਾਬਾ ਬੁੱਢਾ ਜੀ ਨੂੰ ਸਵਾਲ ਕੀਤਾ।

''ਮਹਾਰਾਜ! ਇਸ ਨਵੇਂ ਨਗਰ ਵਿੱਚ ਤੁਸੀਂ ਇਹਨਾਂ ਢੇਡਾਂ ਨੂੰ ਵੀ ਵੱਸਾਣ ਦੀ ਸੋਚੀ ਬੈਠੇ ਹੋ! ਤਾਂ ਤੇ ਫੇਰ ਮਲਕ ਹੁਰਾਂ ਨਾਲ ਵੀ, ਤੇ ਇਲਾਕੇ ਦੇ ਬਾਹਮਣਾਂ ਨਾਲ ਵੀ ਸਿੱਧਾ ਮੱਥਾ ਲਗ ਜਾਣ ਏ !'' ਬਾਬਾ ਮੋਹਰੀ ਜੀ ਨੇ ਕਿਹਾ।

''ਭਗਤ ਜੀ ! ਅਸੀਂ ਨਕਦ ਅਦਾਇਗੀ ਦੇਕੇ ਇਹ ਜਗ੍ਹਾ ਖਰੀਦੀ ਏ। ਦੂਸਰਾ ਇਹ ਨਾਨਕ ਦਾ ਦਰਬਾਰ ਏ। ਰੂਹਾਨੀਅਤ ਦਾ ਮਰਕਜ਼ ! ਇਥੇ ਮਲਕ-ਸ਼ਲਕ ਜਾਂ ਕਿਸੇ ਬਾਹਮਣ ਦੀ ਮਜਾਲ ਨਹੀਂ ਹੋਣੀ ਕਿ ਚੁਸਕ ਜਾਵੇ ! ਪੰਜਾਬ ਮੁਲਕ ਹੀ ਪੀਰਾਂ ਤੇ ਭਗਤਾਂ ਦਾ ਏ!'' ਬਾਬਾ ਬੁੱਢਾ ਜੀ ਨੇ ਕਿਹਾ।

''ਐਦਾਂ ਕਰੋ ਕਿ ਉੱਤਰ ਵਲ ਮੂੰਹ ਕਰਕੇ ਜੰਗਲ ਦੀ ਆਖਰੀ ਬਾਹੀ ਇਹਨਾਂ ਨੂੰ ਦੇ ਦਿਉ।'' ਗੁਰੂ ਜੀ ਨੇ ਦੋ ਟੁੱਕ ਫੈਸਲਾ ਦੇ ਦਿੱਤਾ।

''ਸਾਨੂੰ ਭਾਵੇਂ ਜੰਗਲ ਦੇ ਅੰਦਰ ਚਾਰ ਕਰਮ ਦੇ ਦਿਉ, ਪਰ ਹੁਣ ਸਾਨੂੰ ਵਾਪਸ ਨਾ ਧੱਕਿਆ ਜੇ! ਨਹੀਂ ਤੇ ਮਲਕ ਹੁਰੀਂ ਸਾਨੂੰ ਮਾਰ ਦੇਣਗੇ। ਉਹ ਬਹੁਤੇ ਵਗਾਰੀਆਂ ਦੀ ਪੁੱਠੀ ਖੱਲ ਲੁਹਾ ਕੇ ਲੂਣ ਪਵਾਂਦੇ ਜੇ।'' ਸ਼ਰਨੀ ਆਇਆਂ ਵਿਚੋਂ ਇਕ ਹੋਰ ਨੇ ਅਰਜ ਕੀਤੀ।

''ਹੁਣ ਤੁਸੀਂ ਇਥੇ ਸਾਡੇ ਸ਼ਹਿਰ ਵਿੱਚ ਹੀ ਵੱਸੋਗੇ। ਤੇ ਤੀਹੋ-ਕਾਲ ਤੁਹਾਨੂੰ ਰਹਿੰਦੀ ਦੁਨੀਆਂ ਤੱਕ ਕੋਈ ਨਾ ਕੱਢ ਸਕੂ !'' ਮਹਾਰਾਜ ਨੇ ਬਚਨ ਕੀਤੇ।

''ਤੁਹਾਡੇ ਮਲਕ ਕਿਹੜਾ ਏ?'' ਬਾਬਾ ਮੋਹਰੀ ਜੀ ਨੇ ਕਿਹਾ।

''ਅਸਦ ਖਾਂ ਏ!'' ਸ਼ਰਨੀਆਂ ਦੀ ਥਾਂ ਟਿੱਕਾ ਪ੍ਰਿਥੀ ਚੰਦ ਫੱਟ ਬੋਲਿਆ।

''ਟਿੱਕਾ ਜੀ ਨੂੰ ਬੜਾ ਇਲਮ ਏ !'' ਮੋਹਰੀ ਜੀ ਨੇ ਕਿਹਾ।

''ਮਹਾਰਾਜ ਦਾ ਕੰਮ-ਕਾਰ ਵੀ ਇਹਨਾਂ ਹੀ ਵੇਖਣੈ।'' ਇਕ ਹੋਰ ਸੇਵਕ ਬੋਲਿਆ।

''ਪਰਿਵਾਰ ਤੇ ਹੋਰ ਜੀਆ-ਜੰਤ ਲੁਕਾ ਕੇ ਆਏ ਹੋ ਨਾ?'' ਹਲਕਾ ਜਿਹਾ ਮੁਸਕਾ ਕੇ ਸੱਚੇ ਪਾਤਸ਼ਾਹ ਨੇ ਕਿਹਾ।

''ਜੀ ਸੱਚੇ ਪਾਤਸ਼ਾਹ। ਟੱਬਰ-ਟੀਰ ਤੇ ਹੋਰ ਜੀਆ-ਜੰਤ ਉਹ ਸਾਹਮਣੀ ਝਿੜੀ ਵਿੱਚ ਲੁਕੋ ਆਏ ਆਂ। ਮਲਕ ਹੁਰਾਂ ਨੂੰ ਜਾਂ ਪ੍ਰੋਹਤਾਂ ਦੇ ਕਿਸੇ ਵੀ ਘਰ ਨੂੰ ਖਬਰ ਹੋ ਜਾਂਦੀ ਤਾਂ ਸਾਨੂੰ ਜਾਂ ਤਾਂ ਸਾੜ ਦੇਣਾ ਸੀ, ਜਾਂ ਪੁੱਠੀਆਂ ਖੱਲ੍ਹਾਂ ਲੁਹਾ ਦੇਣੀਆਂ ਸਨ।'' ਇਕ ਸ਼ਰਨਾਰਥੀ ਬੋਲਿਆ।

''ਜਾਉ ਲੈ ਆਉ ਸਭਨਾਂ ਸਿਰਾਂ ਨੂੰ ! ਜਿੰਨੇ ਸਰੀਰ ਨੇ, ਸਭ ਨਾਨਕ-ਨਿਰੰਕਾਰੀ ਦੇ ਨੇ। ਆਕੇ ਪਹਿਲਾਂ ਲੰਗਰ ਛੱਕੋ। ਤੇ ਨਾਲੇ ਇਹ ਦੱਸੋ, ਪਈ ਰੋਟੀ-ਪਾਣੀ ਲਈ ਦਾਣੇ ਪਿੰਡ ਦੇਂਦਾ ਸੀ ਜਾਂ ਕੋਈ ਹੋਰ ਇੰਤਜ਼ਾਮ ਸੀ?'' ਗੁਰੂ ਜੀ ਨੇ ਕਿਹਾ।

''-ਜੀ ਪਿੰਡ ਦੇਂਦਾ ਤੇ ਸੀ, ਪਰ ਬੜੇ ਬੁਰੇ ਹਾਲੀਂ। ਕਦੀ ਕਦੀ ਮਲਕ ਹੁਰੀਂ ਜ਼ਕਾਤ ਭਿਜਵਾਂਦੇ ਸਨ, ਪਰ ਉਹ ਵੀ ਸਾਡੇ ਸਾਰੇ ਲਾਣੇ (ਕਬੀਲੇ) ਲਈ ਪੂਰੀ ਨਹੀਂ ਸੀ ਪੈਂਦੀ।'' ਮੁਖੀ ਜਾਪਦੇ ਬੰਦੇ ਨੇ ਸਾਰੀ ਵਿਥਿਆ ਦੱਸੀ।

''...ਤੇ ਫੇਰ ਔਕੜ ਵੇਲੇ ਕੀ ਕਰਦੇ ਸਾਉ?'' ਗੁਰੂ ਸਾਹਿਬ ਨੇ ਸਪਸ਼ਟ ਪੁੱਛਿਆ।

''...ਜੀ ਕੀ ਦੱਸੀਏ? ਔਕੜ ਵੇਲੇ ਜਾਂ ਤੇ ਫੇਰ ਚੂਹੇ ਮਾਰ ਲਈਦੇ ਸੀ। ਜੰਗਲ ਫਰੋਲ ਲਈਦਾ ਸੀ ਜੀ ਚੂਹਿਆਂ ਲਈ ! ਸਹਿਆ ਜਾਂ ਕੋਈ ਰੋਝ ਮਾਰਨ ਦਾ ਸਾਨੂੰ ਹੁਕਮ ਨਹੀਂ ਸੀ। ਤੇ ਜੇ ਕਿਤੇ ਪਸ਼ੂ ਮਰ ਜਾਏ, ਤਾਂ ਅਸੀਂ ਚਮੜਾ ਕਮਾ ਕੇ ਮਾਲਕ ਨੂੰ ਦੇ ਦਈਦਾ ਸੀ, ਪਰ ਮਾਸ ਨੂੰ ਸੁੱਕਾ ਕੇ, ਭੋਰ ਕੇ, ਚੂਰਾ ਬਣਾ ਲਈਦਾ ਸੀ। ਉਸੇ ਨੂੰ ਔਕੜਾਂ ਵੇਲੇ ਉਬਾਲ ਲਈਦਾ ਸੀ ਜੀ ਤਾਂਬੀਏ 'ਚ।'' ਇਕ ਹੋਰ ਨੇ ਖੁਲਾਸਾ ਕੀਤਾ।

''...ਪਰ ਸਿਆਲਾਂ ਦੇ ਦਿਨੀਂ ਕੀ ਕਰਦੇ ਹੋਵੋਗੇ? ਸਿਆਲਾਂ 'ਚ ਤੇ ਕਈ ਵਾਰ ਕੁਛ ਵੀ ਨਹੀਂ ਲੱਭਦਾ।'' ਬਾਬਾ ਬੁੱਢਾ ਜੀ ਨੇ ਪੇਂਡੂ ਅਭਿਆਸ 'ਚੋਂ ਸਹਿਵਨ ਹੀ ਪੁੱਛ ਲਿਆ।

''ਬੋਲਦੇ ਨਹੀਂ – ਭਲਿਓ ਲੋਕੋ।'' ਉਹਨਾਂ ਨੂੰ ਚੁੱਪ ਵੇਖ ਕੇ ਗੁਰੂ ਸਾਹਿਬ ਬੋਲੇ।

''ਸੱਚੇ ਪਾਤਸ਼ਾਹ। ਕੀ ਦੱਸੀਏ? ਹੱਲ ਤੇ ਸਿਆਲਾਂ ਦਾ ਵੀ ਅਸੀਂ ਕੱਢ ਲਿਆ ਹੋਇਆ ਸੀ। ਭੁੱਖ ਨਾਲ ਨਹੀਂ, ਅਸੀਂ ਤੇ ਵੱਡੇ-ਵੱਡੇਰਿਆਂ ਦੇ ਕੋਹਣ ਨਾਲ ਮਰ ਚੱਲੇ ਆਂ। ਅੱਤ ਭੁੱਖ ਦੇ ਦਿਨੀਂ ਅਸੀਂ ਚਾਟੀਵਿੰਡ ਤੋਂ ਪਾਰ ਜੰਗਲ 'ਚ ਲੰਘ ਜਾਂਦੇ ਸਾਂ ਤੇ ਇਕ-ਦੋ ਜੰਗਲੀ ਕੁੱਤੇ ਮਾਰ ਲਿਆਨੇ ਸਾਂ। ਜਦੋਂ ਉਹਨਾਂ ਦਾ ਮਾਸ ਮੁੱਕ ਜਾਂਦਾ, ਹੋਰ ਮਾਰ ਲਿਆਂਦੇ ਸਾਂ। ਪਾਤਸ਼ਾਹ! ਸਾਡਾ ਬੜਾ ਮੰਦਾ ਹਾਲ ਸਾਈ।'' ਇਕ ਮਾਂਦੇ-ਮਰੇੜੇ ਬੁੱਢੇ ਨੇ, ਜਿਹੜਾ ਮੁਖੀਏ ਦੇ ਬਰਾਬਰ ਖੜ੍ਹਾ ਸੀ, ਅਰਜ ਗੁਜ਼ਾਰੀ।

ਸਭ ਪਾਸੇ ਚੁੱਪ ਛਾ ਗਈ। ਕਈਆਂ ਨੂੰ ਵਿਚੋਂ ਘ੍ਰਿਣਾ ਨਾਲ ਉਲਟੀ ਆਣ ਵਾਲੀ ਹੋ ਗਈ। ਸੰਗਤਾਂ ਵਿਚੋਂ ਚੰਦ ਔਰਤਾਂ ਕੁੱਤੇ ਵਾਲੀ ਗੱਲ ਸੁਣਕੇ ਕਚਿਆਣ ਨਾਲ ਮਨ ਭਾਰੀ ਕਰ ਬੈਠੀਆਂ। ਆਖਰ ਸੱਚੇ ਪਾਤਸ਼ਾਹ ਨੇ ਹੀ ਚੁੱਪ ਤੋੜੀ –

''ਬਾਬਾ ਜੀ, ਪਹਿਲਾਂ ਇਹਨਾਂ ਨੂੰ ਲੰਗਰ ਛਕਾਉ। ਫੇਰ ਜਗ੍ਹਾ ਦੇ ਦਿਉ, ਤਾਂ ਕਿ ਰਾਤ ਤੱਕ ਇਹ ਕੋਈ ਛੰਨਾਂ, ਛੱਪਰੀਆਂ ਬੰਨ੍ਹ ਲੈਣ।''

''ਜੀ ਪਾਤਸ਼ਾਹ।'' ਬਾਬਾ ਜੀ ਉੱਠ ਖੜੋਤੇ।

ਏਨੇ ਨੂੰ ਉਸੇ ਨੰਗੀ ਭੀੜ ਵਿਚੋਂ ਦੋ ਸਰੀਰ ਬਾਹਰ ਆਏ। ਲੱਕ ਉਹਨਾਂ ਦੇ ਲਹੂ ਲਿਬੜੀਆਂ ਤਹਿਮਤਾਂ ਸਨ। ਤਹਿਮਤਾਂ ਤੇ ਗੰਦੀ ਰੱਸੀ ਬੰਨ੍ਹ ਕੇ ਨਿੱਕੀਆਂ ਛੁਰੀਆਂ ਬੰਨ੍ਹੀਆਂ ਹੋਈਆ ਸਨ। ਅਗੇ ਹੋ ਕੇ ਉਹਨਾਂ ਸੱਚੇ ਪਾਤਸ਼ਾਹ ਨੂੰ ਸਲਾਮ ਕੀਤੀ ਤੇ ਅਰਜ ਗੁਜ਼ਾਰੀ –

''ਖੁਦਾਵੰਦਾ! ਅਸੀਂ ਵੀ ਅਰਜ ਲੈ ਕੇ ਆਏ ਹਾਂ। ਸਾਡੀ ਵੀ ਝੋਲੀ ਖ਼ੈਰ ਪਾ।'' ਉਹਨਾਂ ਵਿਚੋਂ ਇਕ ਨੇ ਕਿਹਾ।

''... ਹਾਂ ਦੱਸੋ। ਤੁਹਾਡੀ ਝੋਲੀ ਖਾਲੀ ਨਹੀਂ ਜਾਣ ਦਿਆਂਗੇ। ਦੱਸੋ, ਦੱਸੋ?'' ਮਹਾਰਾਜ ਨੇ ਕਿਹਾ।

''ਅਸੀਂ ਕਸਾਈ ਆਂ ! ਇਹਨਾਂ ਦੇ ਲਾਣੇ ਵਿਚੋਂ ਹੀ ਆਂ। ਪਰ ਮਲਕ ਹੁਰਾਂ ਦੇ ਕਾਜ਼ੀ ਨੂੰ ਕੁਛ ਕਸਾਈ ਚਾਹੀਦੇ ਸਨ। ਉਹਨਾਂ ਨੇ, ਪਰੂੰ-ਪਰਾਰ ਤੋਂ ਵੀ ਕਿਤੇ ਪਹਿਲੋਂ ਦੀ ਗੱਲ ਆ, ਸਾਡੇ ਹੱਥਾਂ ਤੇ ਸੂਫੀ ਅੰਬ ਸ਼ਾਹ ਕੋਲੋ ਬੈਤ ਕਰਾ ਦਿੱਤੀ ਸੀ। ਹੁਣ ਕਲਮਾ ਤੇ ਪੜ੍ਹ ਲਿਆ ਏ। ਪਰ ਸਾਨੂੰ ਉਹ ਨਾਲ ਨਹੀਂ ਰਲਾਂਦੇ। ਰਹਿਨੇ ਅਸੀਂ ਆਪਣੇ ਇਹਨਾਂ ਭਰਾਵਾਂ ਨਾਲ ਆਂ। ਜਦੋਂ ਉਹਨਾਂ ਨੂੰ ਪਸ਼ੂ ਹਲਾਲ ਕਰੌਣ ਦੀ ਲੋੜ ਪੈਂਦੀ ਏ, ਉਦੋਂ ਸਾਨੂੰ ਵਗਾਰ ਲਈ ਧੱਕ ਖੜ੍ਹਦੇ ਨੇ।'' ਇਕ ਨੇ ਆਪਣੀ ਲਹੂ ਲਿਬੜੀ ਤਹਿਮਤ ਦਾ ਪੱਲਾ ਹੱਥ 'ਚ ਫੜ ਕੇ ਅਰਜ ਕੀਤੀ। ਦੂਸਰੇ ਨੇ ਨੀਵਾਂ ਹੋਕੇ ਮੂੰਹ ਵਿੱਚ ਘਾਹ ਦੀ ਤਿੜ ਦੱਬਾ ਲਈ। ਤਿੜ (ਦੱਬ) ਬੇਨਤੀ ਕਰਨ ਦੀ ਨਿਸ਼ਾਨੀ ਸੀ।

''...ਮੈਂ ਵੇਖ ਲਈ ਏ ਦੱਬ ਤੇਰੇ ਮੂੰਹ ਵਿੱਚ। ਤੂੰ ਵੀ ਅਰਜ ਕਰ ਛੱਡ। ਮਹਾਰਾਜ ਨੇ ਤੈਨੂੰ ਵੀ ਖਾਲੀ ਨਹੀਂ ਤੋਰਨਾ।'' ਬਾਬਾ ਬੁੱਢਾ ਜੀ ਨੇ ਹੱਸ ਕੇ ਕਿਹਾ।

''ਖੁਦਾਵੰਦਾ। ਇਹਨਾਂ ਦੀਆਂ ਛੰਨ ਕੋਲ ਇਕ-ਅੱਧ ਛੰਨ ਸਾਡੀ ਵੀ ਪਵਾ ਦੇਹ। ਅਸੀਂ ਉਹਨਾਂ ਦੇ ਵੱਸ ਨਹੀਂ ਰਹਿਣਾ ਚਾਹੁੰਦੇ। ਕਸਾਈ ਅਸੀਂ ਨਹੀਂ। ਕਸਾਈ ਤੇ ਉਹ ਨੇ ਅਸਲ 'ਚ ! ਪਿਛਲੇ ਵਰ੍ਹੇ ਉਹਨਾਂ ਸਾਡੀ ਨਿੱਕੀ ਜਿਹੀ ਗਲਤੀ ਤੇ ਮੇਰਾ ਛੋਹਰ ਵੱਟੇ-ਇੱਟਾਂ ਮਾਰ-ਮਾਰ ਕੇ ਮਾਰ ਦਿੱਤਾ ਸੀ।'' ਘਾਹ ਦੀ ਤਿੜ ਵਾਲਾ ਬੋਲਿਆ ਤੇ ਰੋਣ ਲੱਗ ਪਿਆ।

''... ਇਹ ਤੇ ਗੱਲ ਹੀ ਕੋਈ ਨਹੀਂ। ਖੱਬੀ ਬਾਹੀ ਤੁਹਾਡੀ ! ਸੱਜੀ ਉਹਨਾਂ ਦੀ ! ਤੁਸੀਂ ਵੀ ਉਥੇ ਹੀ ਛੰਨਾਂ ਪਾ ਲਉ।'' ਗੁਰੂ ਜੀ ਨੇ ਨਬੇੜਾ ਕਰ ਦਿੱਤਾ।

''... ਜੀ ਪਾਤਸ਼ਾਹ। ਇਕ ਬੰਨੇ 'ਕੁੱਤੀ ਵਿਹੜਾ' ਤੇ ਦੂਜੇ ਬੰਨੇ 'ਕਸਾਈ ਵਿਹੜਾ''। ਇਥੇ ਵਾਹਵਾ ਰੌਣਕ ਰਹਿਸੀ ਮਾਰਾਜ।'' ਮੋਹਰੀ ਜੀ ਨੇ ਕਿਹਾ। ਇਹ ਪਤਾ ਨਹੀਂ ਸੀ ਲਗਾ ਕਿ ਮੋਹਰੀ ਜੀ ਨੇ ਦਿਲੋਂ ਕਿਹਾ ਕਿ ਵਿਅੰਗ ਕੀਤਾ ਸੀ? ਕਿਉਂਕਿ ਨਾਨਕ ਨਿਰੰਕਾਰੀ ਦੀ ਗੱਦੀ ਵਲੋਂ ਕੁਛ ਵੀ ਕੀਤਾ ਜਾਣਾ ਸੰਭਵ ਸੀ। ਪਰ ਮੋਹਰੀ ਜੀ ਨੂੰ ਆਪਣੇ ਖੱਤਰੀ ਹੋਣ ਦਾ ਵੀ ਕਿਧਰੇ ਡੂੰਘਾ, ਧੁਰ ਅੰਦਰ ਮਾਣ ਸੀ। ਅੱਜ ਉਹ ਮਾਣ ਥੋੜ੍ਹਾ ਔਖਾ ਹੋ ਰਿਹਾ ਸੀ।

''... ਸਭ ਗੁਰੂ ਦੀ ਬਖਸ਼ਿਸ਼ ਏ ਮੋਹਰੀ ਜੀ। ਅਸੀਂ ਕੌਣ ਆਂ?'' ਗੁਰੂ ਸਾਹਿਬ, ਜੋ ਦਿਲ ਦੀਆਂ ਦਿਲ 'ਚ ਬੁੱਝ ਲੈਂਦੇ ਸਨ, ਕਹਿਣ ਲੱਗੇ।

– – – –

ਬਾਬਾ ਬੁੱਢਾ ਜੀ ਉਹਨਾਂ ਨੂੰ, ਸਾਰਿਆਂ ਨੂੰ, ਸਮੇਤ ਝਿੜੀ ਵਿੱਚ ਲੁਕੀ ਸੰਗਤ ਦੇ, ਲੰਗਰ ਛਕਾਣ ਲੈ ਗਏ ਸਨ। ਕਾਫੀ ਦੇਰ ਮਗਰੋਂ ਉਹ ਇਕੱਲੇ ਪਰਤੇ ਤੇ ਸੱਚੇ ਪਾਤਸ਼ਾਹ ਦੇ ਬਿਲਕੁਲ ਨਜ਼ਦੀਕ ਆ ਕੇ ਚਰਨਾਂ ਕੋਲ ਬੈਠ ਗਏ ਤੇ ਅਰਜ ਕੀਤੀ –

''ਸੱਚੇ ਪਾਤਸ਼ਾਹ! ਲੰਗਰ ਤੇ ਛਕਾ ਦਿੱਤੈ ! ਪਰ ਕਿੰਨੀ ਓ ਸੰਗਤ ਚੁੱਪ ਕਰਕੇ ਖਿਸਕ ਗਈ ਏ। ਇਹਨਾਂ ਢੇਡਾਂ ਨਾਲ ਬਹਿ ਕੇ ਲੰਗਰ ਛੱਕਣ ਲਈ ਤੇਰੇ ਵਿਰਲੇ ਸਿੱਖ ਹੀ ਬੈਠੇ ਰਹੇ ਨੇ। ਬਸ ਉਹੀ, ਜਿੰਨ੍ਹਾ ਨੂੰ ਢੇਡਾਂ ਵਿੱਚੋਂ ਵੀ ਤੂੰ ਹੀ ਦਿੱਸਦਾ ਏਂ !''

ਹਜ਼ੂਰ ਮਹਾਰਾਜ ਕਿੰਨੀ ਦੇਰ ਖਾਮੋਸ਼ ਬੈਠੇ ਰਹੇ। ਫੇਰ ਬਾਬਾ ਬੁੱਢਾ ਜੀ ਦੇ ਕੰਨ ਕੋਲ ਸਰਗੋਸ਼ੀ ਨਾਲ ਕਹਿਣ ਲੱਗੇ –

''ਤੁਸੀਂ ਇਹਨਾਂ ਨੂੰ ਉੱਤਰ ਵਾਲੀ ਬਾਹੀ ਵੱਲ ਥੋੜ੍ਹੀ ਥਾਂ ਦਿਉ। ਕੋਲ ਜੰਗਲ ਵੀ ਹੈ। ਰਾਤ ਤੱਕ ਇਹ ਸਿਰ ਲੁਕਾਣ ਜੋਗੇ ਹੋਣ। ਇਹ ਨਾਨਕ ਦੇ ਦਰਾਬਰ 'ਚ ਆਏ ਨੇ। ਸ਼ਰਾਨਗਤ ਨੂੰ ਕਿਵੇਂ ਸੁੱਟ ਪਾਈਏ? ਵੇਖੀ ਜਾਏਗੀ, ਜੋ ਹੋਏਗਾ !''

''ਪਾਤਸ਼ਾਹ! ਵਧੇਰੇ ਕਰਕੇ ਲਾਹੌਰ ਦੀ ਰੋੜ ਬੰਸ, ਤੇ ਸੁਲਤਾਨਪੁਰ ਲੋਧੀ ਵਲ ਦੀ ਜੱਟ ਬਰਾਦਰੀ ਲੰਗਰ ਛੱਡ ਗਈ ਏ। ਉੱਠ ਕੇ ਚੁੱਪ ਕੀਤੇ ਟੁਰ ਗਏ ਨੇ। ਬਾਕੀ ਰਿਆੜਕੀ ਦੇ ਤੇ ਪਹਾੜ ਦੇ ਪੈਰਾਂ ਦੇ ਕੁਛ ਘੁਮਿਆਰ ਤੇ ਜੱਟ, ਜਿਹੜੇ ਇਕੱਠੇ ਆਏ ਸਨ, ਉਹ ਬੜੇ ਸਿਦਕ ਨਾਲ ਲੰਗਰ ਛੱਕ ਰਹੇ ਨੇ।'' ਬਾਬਾ ਬੁੱਢਾ ਜੀ ਨੇ ਤਫ਼ਸੀਲ ਦਿੱਤੀ। ਨਾਲ ਹੀ ਉਹ ਉੱਠ ਕੇ ਦੁਬਾਰਾ ਢੇਡਾਂ ਵੱਲ ਚਲੇ ਗਏ, ਤਾਂ ਕਿ ਉਹਨਾਂ ਨੂੰ ਜਗ੍ਹਾਂ ਦੇ ਨਿਸ਼ਾਨ ਦੇ ਆਣ।

''ਵਾਹ ਮੇਰੇ ਨਾਨਕਾ ! ਨਿਰੰਕਾਰੀਆ ! ਤੇਰੀਆਂ ਤੂੰ ਜਾਣੇ। ਪਰ ਮੇਰੇ ਪੁੱਤਰੋ। ਤੁਸੀਂ ਜਿੰਨੀ ਆਸ ਲੈ ਕੇ ਇਹਨਾਂ ਨਾਨਕ-ਪੰਥੀਆਂ ਕੋਲ ਆਏ ਸਾਉ, ਮੈਨੂੰ ਨਹੀਂ ਭਾਸਦਾ, ਪਈ ਇਹ ਤੁਹਾਨੂੰ ਪੂਰੀ ਤਰ੍ਹਾਂ ਗਲ ਨਾਲ ਲਾ ਲੈਣਗੇ।'' ਗੁਰੂ ਰਾਮਦਾਸ, ਸੱਚੇ ਪਾਤਸ਼ਾਹ ਨੇ ਮੂੰਹ ਵਿੱਚ ਇਹ ਅਰਜ ਨਾਨਕ ਨਿਰੰਕਾਰੀ ਦੀ ਆਤਮਾ ਅਗੇ ਕੀਤੀ ਤੇ ਜਵਾਬ ਵਿੱਚ ਜੋ ਉਹਨਾਂ ਨੂੰ ਅਗਮ-ਨਿਗਮ ਦੀ ਬਾਣੀ ਸੁਣੀ, ਉਹ ਸਿਰਫ ਉਹੀ ਜਾਣ ਸਕੇ ਸਨ। ਪਰ ਉਹਨਾਂ ਦੇ ਮੁਖ ਦੀ ਉਦਾਸੀ ਕਈ ਕੁਛ ਰਹਿ ਰਹੀ ਸੀ।

ਇਸ ਸਾਰੇ ਕੌਤਕ ਨੂੰ ਦੋ ਬਾਲ-ਅੰਞਾਣੇ, ਬਾਲਕ ਅਰਜਨ ਦੇਵ ਅਤੇ ਉਹਨਾਂ ਦਾ ਹੀ ਅੰਗ-ਸਾਕ ਵਿਚੋਂ ਭਰਾ ਲਗਦਾ ਬਾਲਕ ਗੁਰਦਾਸ ਬੜੇ ਗਹੁ ਨਾਲ ਵੇਖ ਰਹੇ ਸਨ। ਉਹਨਾਂ ਦੇ ਮੁਖ-ਮੰਡਲ ਬਾਲਕ ਹੋਣ ਦੇ ਬਾਵਜੂਦ ਕਿਸੇ ਸਿਆਣੀ ਆਭਾ ਨਾਲ ਲਿਸ਼ਕ ਰਹੇ ਸਨ।

– – – –

ਬਾਬਾ ਬੁੱਢਾ ਜੀ ਉਹਨਾਂ ਨੂੰ, ਸਾਰਿਆਂ ਨੂੰ, ਸਮੇਤ ਝਿੜੀ ਵਿੱਚ ਲੁਕੀ ਸੰਗਤ ਦੇ, ਲੰਗਰ ਛਕਾਣ ਲੈ ਗਏ ਸਨ। ਕਾਫੀ ਦੇਰ ਮਗਰੋਂ ਉਹ ਇਕੱਲੇ ਪਰਤੇ ਤੇ ਸੱਚੇ ਪਾਤਸ਼ਾਹ ਦੇ ਬਿਲਕੁਲ ਨਜ਼ਦੀਕ ਆ ਕੇ ਚਰਨਾਂ ਕੋਲ ਬੈਠ ਗਏ ਤੇ ਅਰਜ ਕੀਤੀ –

''ਸੱਚੇ ਪਾਤਸ਼ਾਹ! ਲੰਗਰ ਤੇ ਛਕਾ ਦਿੱਤੈ ! ਪਰ ਕਿੰਨੀ ਓ ਸੰਗਤ ਚੁੱਪ ਕਰਕੇ ਖਿਸਕ ਗਈ ਏ। ਇਹਨਾਂ ਢੇਡਾਂ ਨਾਲ ਬਹਿ ਕੇ ਲੰਗਰ ਛੱਕਣ ਲਈ ਤੇਰੇ ਵਿਰਲੇ ਸਿੱਖ ਹੀ ਬੈਠੇ ਰਹੇ ਨੇ। ਬਸ ਉਹੀ, ਜਿੰਨ੍ਹਾ ਨੂੰ ਢੇਡਾਂ ਵਿੱਚੋਂ ਵੀ ਤੂੰ ਹੀ ਦਿੱਸਦਾ ਏਂ !''

ਹਜ਼ੂਰ ਮਹਾਰਾਜ ਕਿੰਨੀ ਦੇਰ ਖਾਮੋਸ਼ ਬੈਠੇ ਰਹੇ। ਫੇਰ ਬਾਬਾ ਬੁੱਢਾ ਜੀ ਦੇ ਕੰਨ ਕੋਲ ਸਰਗੋਸ਼ੀ ਨਾਲ ਕਹਿਣ ਲੱਗੇ –

''ਤੁਸੀਂ ਇਹਨਾਂ ਨੂੰ ਉੱਤਰ ਵਾਲੀ ਬਾਹੀ ਵੱਲ ਥੋੜ੍ਹੀ ਥਾਂ ਦਿਉ। ਕੋਲ ਜੰਗਲ ਵੀ ਹੈ। ਰਾਤ ਤੱਕ ਇਹ ਸਿਰ ਲੁਕਾਣ ਜੋਗੇ ਹੋਣ। ਇਹ ਨਾਨਕ ਦੇ ਦਰਾਬਰ 'ਚ ਆਏ ਨੇ। ਸ਼ਰਾਨਗਤ ਨੂੰ ਕਿਵੇਂ ਸੁੱਟ ਪਾਈਏ? ਵੇਖੀ ਜਾਏਗੀ, ਜੋ ਹੋਏਗਾ !''

ਬਾਕੀ ਅਗਲੇ ਅੰਕ 'ਚ

ਕਹਾਣੀ

ਗਹਿਣਾ

ਜਤਿੰਦਰ ਹਾਂਸ
+91-98554-25700



ਚਿੱਤ ਕਰਦਾ ਬੂਅ ਕਹਿਕੇ ਨਿਕਲਜਾਂ।

ਕਾਲਜਾ ਫਿਰ ਫੂਕਿਆ ਗਿਆ। ਮੈਂ ਤਾਂ ਭੁੰਨੀ ਪਈ ਆਂ। ਕਦੀ ਮੇਰੀ ਨਣਦ ਰਾਣੀ ਲਈ ਲਿਆਂਦੀਆਂ ਵਾਲੀਆਂ ਵੱਲ ਦੇਖਾਂ, ਕਦੀ ਅਪਣੇ ਬੁੱਚੇ ਕੰਨਾਂ ਵੱਲ। ਮੇਰਾ ਪੁੱਤ ਹੈਪੀ, ਸੁਨਿਆਰੇ ਤੋਂ ਲਿਆਂਦੀ ਵਾਲੀਆਂ ਦੀ ਡੱਬੀ ਮੇਰੇ ਹੱਥ 'ਤੇ ਰੱਖ ਕੇ ਕਹਿੰਦਾ, "ਫੁੱਫੜ ਦੇ ਭੋਗ 'ਤੇ ਭੂਆ ਦੇ ਪਾ ਕੇ ਆਉਣੀਆਂ ਨੇ।" ਮੈਂ ਹੱਕੀ-ਬੱਕੀ ਰਹਿ ਗਈ।

ਰਾਣੀ ਨੂੰ ਟੂੰਮ ਪਾਉਣ ਲਈ ਪਿਛਲੇ ਕਈ ਦਿਨਾਂ ਤੋਂ ਠੰਢੀ ਲੜਾਈ ਚੱਲ ਰਹੀ ਸੀ। ਘਰ ਦੇ ਬੁਰੇ-ਹਾਲ, ਬਾਂਕੇ ਦਿਹਾੜੇ ਹੋਏ ਪਏ ਸੀ। ਕੋਈ ਨਹੀਂ ਸੀ ਚਾਹੁੰਦਾ ਰਾਣੀ ਨੂੰ ਟੂੰਮ ਪਾਈ ਜਾਵੇ। ਨਾਲੇ ਇਹ ਟੱਬਰ ਤਾਂ ਪੂਰਾ ਭੂਰੀ ਕੀੜੀ ਫਿਰੀ ਆਲਾ। ਐਨਾਂ ਕੂਲਾ ਤਾਂ ਹੈ ਨੀ ਬਈ ਰਾਣੀ ਨੂੰ ਟੂੰਮ ਬਣਵਾ ਕੇ ਦੇਵੇ। ਮੈਂ ਅਪਣੇ ਕੰਨਾਂ ਲਈ ਵਾਲੀਆਂ-ਵਾਲੀਆਂ ਪਿੱਟਦੀ ਬੁੜੀ ਹੋਗੀ, ਮੈਨੂੰ ਤਾਂ ਬਣਵਾ ਕੇ ਦਿੱਤੀਆਂ ਨੀ। ਨਾਲੇ ਇਹਨਾਂ ਲਈ ਸਾਰੀ ਉਮਰ ਰਿਣ ਦਿੱਤੇ ਨੇ। ਫਿਰ ਇਹ ਹੈਪੀ ਨੂੰ ਰਾਣੀ ਭੂਆ ਦਾ ਹੇਜ ਕਿਵੇਂ ਜਾਗ ਪਿਆ।

ਰਾਣੀ ਨੇ ਫੋਨ ਕਰਕੇ ਹੈਪੀ ਤੇ ਉਹਦੇ ਬਾਪ ਨੂੰ ਬੁਲਾਇਆ ਸੀ। ਹੈਪੀ ਦਾ ਬਾਪ ਤਾਂ ਬਹੁਤਾ ਹੀ ਬਿਮਾਰ ਆ, ਮੰਜਾ ਨੀ ਛੱਡ ਸਕਦਾ। ਰਾਣੀ ਨੇ ਹੈਪੀ ਨੂੰ ਬੁਲਾ ਕੇ ਪਤਾ ਨਹੀਂ ਕੀ ਉਹਦੇ ਸਿਰ ਪਾ ਤਾ। ਮਿੱਠੋ ਮਾਸੀ ਗੱਲਾਂ ਨਾਲ ਤਾਂ ਵੱਡਿਆਂ-ਵੱਡਿਆਂ ਨੂੰ ਜਿੱਤ ਲੈਂਦੀ ਆ। ਹੈਪੀ ਵਾਲੀਆਂ ਬਣਵਾ ਲਿਆਇਆ। ਖਬਰਾ ਚੰਦਰੇ ਨੇ ਕਿੱਥੋਂ ਖੂਹ ਪੱਟਿਆ ਹਊ। ਘਰ ਤਾਂ ਜ਼ਹਿਰ ਖਾਣ ਨੂੰ ਵੀ ਪੈਸਾ ਨਹੀਂ ਸੀ। ਉਹ ਵਾਲੀਆਂ ਮੈਨੂੰ ਫੜਾ ਕੇ ਕਲੇਸ਼ ਤੋਂ ਡਰਦਾ ਅਪਣੇ ਕਮਰੇ 'ਚ ਚਲਾ ਗਿਆ। ਜਾ ਵੜਿਆ ਅਪਣੀ ਤੀਵੀਂ ਦੀ ਕੁੱਛੜ 'ਚ ਜਿਵੇਂ ਉਹ ਉਹਦਾ ਮੋਰਚਾ ਹੋਵੇ। ਮੇਰੇ ਦਿਲ 'ਚ ਤਾਰ ਜਿਹੀ ਫਿਰ ਗਈ। ਦਿਲ ਕਰੇ ਡੱਬੀ ਚੁੱਲੇ 'ਚ ਸਿੱਟ ਦਿਆਂ। ਹੱਥ ਵਿੱਚੋਂ ਡਿੱਗ ਕੇ ਡੱਬੀ ਖੁੱਲ੍ਹ ਗਈ। ਦੇਖਦੀ ਹਾਂ ਵਾਲੀਆਂ ਬਹੁਤ ਹੀ ਸੁਹਣੀਆਂ ਨੇ। ਇਹ ਤਾਂ ਵਿਆਹੁਲੀ ਕੁੜੀ ਦੇ ਪਾਉਣੀਆਂ ਚਾਹੀਦੀਆਂ ਨੇ, ਮਰਗ ਦੇ ਬਦਸ਼ਗਨੇ 'ਤੇ ਨਹੀਂ।

ਝਮ-ਝਮ ਕਰਦੀਆਂ ਵਾਲੀਆਂ ਨੂੰ ਮੇਰਾ ਕੰਨਾਂ 'ਚ ਪਾਉਣ ਨੂੰ ਜੀਅ ਕਰ ਆਇਆ। ਮੈਂ ਅੰਦਰ ਜਾ ਵੜੀ ਦਰਵਾਜ਼ਾ ਬੰਦ ਕਰ ਲਿਆ। ਸ਼ੀਸ਼ੇ ਅੱਗੇ ਜਾ ਕੇ ਕੰਨਾਂ 'ਚ ਵਾਲੀਆਂ ਪਾ ਲਈਆਂ। ਬਹੁਤਾ ਈ ਚੰਗਾ-ਚੰਗਾ ਲੱਗਣ ਲੱਗਾ। ਤਪਦਾ ਮਨ ਜਿਵੇਂ ਠੰਢਾ ਹੋ ਗਿਆ ਹੋਵੇ।

ਮੇਰੇ ਕੰਨ 'ਚ ਵਾਲੀਆਂ ਬਹੁਤੀਆਂ ਹੀ ਫਬ ਰਹੀਆਂ ਸਨ, ਜਿਵੇਂ ਮਰੇ ਪਏ ਕੰਨਾਂ 'ਚ ਜਾਨ ਪੈ ਗਈ ਹੋਵੇ। ਮਨ 'ਚ ਫੈਸਲਾ ਕਰ ਲਿਆ ਹੁਣ ਨੀ ਲਾਹੁੰਦੀ ਚਾਹੇ ਉਧਰਲੀ ਦੁਨੀਆਂ ਇਧਰ ਆ ਜੇ।

ਮੇਰਾ ਨਣਦੋਈਆ ਤਾਰਾ ਸਿਹੁੰ ਪੂਰਾ ਹੋ ਗਿਆ। ਜਿੰਨਾ ਦਾਣਾ ਪਾਣੀ ਉਹਦੇ ਕਰਮਾਂ 'ਚ ਲਿਖਿਆ ਸੀ ਚੁਗ ਗਿਆ ਵਿਚਾਰਾ। ਰਾਣੀ ਭੂਰੀ ਕੀੜੀ ਫਿਰੀ ਆਲੀ ਆ। ਉਹਦੇ ਮਰੇ ਦਾ ਝੋਰਾ ਦਰੇਗ ਨੀ ਕੀਤਾ। ਬਈ ਚੰਦਰੀਏ, ਤੇਰੇ ਸਿਰ ਦਾ ਸਾਈਂ ਸੀ। ਇਕ ਮੈਂ ਆਂ ਹੈਪੀ ਦੇ ਬਾਪ ਦੇ ਪਿੱਛੇ ਮਰ-ਮਰ ਜਾਨੀ ਆਂ। ਭਾਵੇਂ ਉਹ ਇਕ ਆਨੇ ਦਾ ਬੰਦਾ ਨੀ। ਜਿੰਦਣ ਤਾਰਾ ਸਿਹੁੰ ਪੂਰਾ ਹੋਇਆ, ਰਾਣੀ ਐਂ ਫਿਰੇ ਜਿਵੇਂ ਵਿਆਹੁਲੀ ਆਈ ਹੁੰਦੀ ਆ। ਮੈਨੂੰ ਇਕ ਪਾਸੇ ਲੈ ਗਈ ਕਹਿੰਦੀ, "ਭਾਬੀ ਓਵੇਂ ਆਇਓ, ਜਿਵੇਂ ਪੇਕੇ ਆਉਂਦੇ ਹੁੰਦੇ ਨੇ।"

ਮੈਂ ਸਮਝ ਗਈ ਇਹਦੇ ਟੂੰਮ ਪਵਾਉਣ ਦੀ ਅੱਗ ਲੱਗੀ ਹੋਈ ਆ। ਅਖੇ ਨਹੀਂ ਤਾਂ ਉਹਦਾ ਨੱਕ ਨੀ ਰਹਿੰਦਾ, ਬਈ ਚੰਦਰੀਏ ਸਾਡੇ ਘਰ ਦੀ ਹਾਲਤ ਤਾਂ ਦੇਖ। ਹੁਣ ਇਸ ਨੰਗ ਟੱਬਰ ਨੂੰ ਵੀ ਨੱਕ ਯਾਦ ਆ ਗਿਆ। ਬਈ ਭੁੱਖਿਆਂ-ਨੰਗਿਆਂ ਦਾ ਕਾਹਦਾ ਨੱਕ ਹੁੰਦੈ। ਨਾਲੇ ਰਾਣੀ ਕਿਧਰੋਂ ਆ ਗੀ ਨਕੌੜੇ ਵਾਲੀ। ਬਥੇਰੇ ਖੇਖਨ ਕਰਦੀ ਰਹੀ ਆ ਕੁਆਰੀ ਹੁੰਦੀ। ਮਾਰ ਗਲੀ-ਗੁਆਂਢ ਦੇ ਔਂਧੇ ਗੁੰਡੇ ਮਗਰ ਲਾਈ ਫਿਰਦੀ ਹੁੰਦੀ ਸੀ। ਜੇ ਮੈਂ ਨਿਗਾਹ ਨਾ ਰੱਖਦੀ, ਨਾ ਰੋਕਦੀ-ਟੋਕਦੀ ਤਾਂ ਹੁਣ ਟਕੇ-ਟਕੇ ਨੂੰ ਵਿਕਦੀ ਫਿਰਦੀ। ਹੁਣ ਉਹਦੇ ਕੋਲ ਚਾਰ ਪੈਸੇ ਨੇ ਨਕੌੜੇ ਵਾਲੀ ਹੋਗੀ।

ਮੇਰਾ ਸ਼ੀਸ਼ੇ ਅੱਗਿਓਂ ਹਿਲਣ ਨੂੰ ਜੀਅ ਨਹੀਂ ਕਰਦਾ। ਸਿਰ ਹਿੱਲਿਆ ਤਾਂ ਵਾਲੀਆਂ ਕੰਨਾਂ ਵਿਚ ਝੂਲਣ ਲੱਗੀਆਂ। ਚਿੱਤ ਨੂੰ ਸਰੂਰ ਜਿਹਾ ਚੜ੍ਹ ਗਿਆ। ਵਾਲੀਆਂ ਪਾ ਕੇ ਤੀਵੀਂ, ਤੀਵੀਂ ਲੱਗਦੀ ਆ। ਕੰਨੋ ਬੁਚੀ ਤਾਂ ਐਵੇਂ ਹੀਜੜਾ ਜਿਹੀ ਲੱਗਦੀ ਆ। ਅਪਣੇ ਸਿਰੋਂ ਡੰਡੀਆਂ ਵਾਲੀਆਂ ਮਿਰਚਾ ਵਾਰ ਕੇ ਚੁੱਲ੍ਹੇ 'ਚ ਸਿੱਟੂੰਗੀ ਕਿਤੇ ਮੈਨੂੰ ਮੇਰੀ ਹੀ ਨਜ਼ਰ ਨਾ ਲੱਗ ਜਾਵੇ।

ਖਬਰਾ ਕਿਹਤੀ ਚੰਦਰੀ ਘੜੀ ਸੀ। ਜਦੋਂ ਮੈਂ ਕੰਨ ਬਿਨਾਏ ਸੀ। ਮੇਰੇ ਹਾਣ ਦੀਆਂ ਸਾਰੀਆਂ ਕੁੜੀਆਂ ਕੰਨ ਬਿਨਾਈ ਫਿਰਦੀਆਂ ਸਨ। ਉਹਨਾਂ ਦੇ ਕੰਨਾਂ ਵਿਚ ਕੁਝ ਨਾ ਕੁਝ ਪਾਇਆ ਬੜਾ ਸੁਹਣਾ ਲੱਗਦਾ ਸੀ। ਗੱਪੀਆਂ ਦੀ ਸੀਟੀ ਤਾਂ ਸੋਨੇ ਦੇ ਟੌਪਸ ਵੀ ਪਾਈ ਫਿਰਦੀ ਸੀ। ਮੇਰਾ ਵੀ ਬਹੁਤ ਜੀਅ ਕਰਦਾ।

ਮਾਂ ਟਾਲਦੀ ਰਹਿੰਦੀ, "ਕੰਨ ਬਿਨਵਾ ਕੇ ਕੀ ਕਰੇਂਗੀ? ਫਿਰ ਕੁਝ ਕੰਨਾਂ 'ਚ ਪਾਉਣ ਨੂੰ ਮੰਗੇਗੀ, ਗਹਿਣੇ ਪਤਾ ਕਿਉਂ ਪਾਉਂਦੇ ਆ? ਸੁਹਣੇ ਲੱਗਣ ਨੂੰ, ਸੰਗ-ਸ਼ਰਮ, ਇੱਜ਼ਤ ਵਾਲੀ ਧੀ ਧਿਆਣੀ ਤਾਂ ਉਈਂ ਬਥੇਰੀ ਸੁਹਣੀ ਲੱਗਦੀ ਆ। ਇਵੇਂ ਈ ਮੇਰੀ ਲਾਡੋ ਵੀ ਬਥੇਰੀ ਸੁਹਣੀ ਆ ---।"

ਉਸ ਦਿਨ ਮਾਂ ਅਤੇ ਗੁਆਂਢਣ ਚਾਚੀ ਪਥਵਾੜਿਆਂ 'ਚ ਪਾਥੀਆਂ ਪੱਥ ਰਹੀਆਂ ਸੀ। ਮੈਂ ਉਧਰ ਗਈ ਤਾਂ ਮਾਂ ਕਹਿੰਦੀ, "ਕੁੜੇ ਮੁੰਦਰੋ ਮੇਰੇ ਨਾਲ ਹੱਥ ਵਟਾ---।"

ਮੇਰਾ ਨਾਂ ਤਾ ਮਹਿੰਦਰ ਕੌਰ ਆ , ਪਰ ਘਰੇ ਸਾਰੇ ਮੁੰਦਰੋ ਈ ਆਖਦੇ।

"ਪਹਿਲਾ ਮੇਰੇ ਕੰਨ ਬੰਨਵਾ" ਮੈਂ ਜਿੱਦ ਕੀਤੀ ਸੀ।

"ਉਠ ਜਿੱਡੀ ਹੋਗੀ, ਕੰਮ ਨੂੰ ਕਹੋ ਤਾਂ ਮੌਤ ਪੈਂਦੀ ਆ, ਇਹਦੇ ਹਰਾਂਵਣ ਦੇ ਕੰਨ ਬਨਾਉਣ ਦੀ ਅੱਗ ਲੱਗੀ ਹੋਈ ਆ, ---ਜਾਹ ਮਰ ਪਰੇ---।" ਮਾਂ ਗੁੱਸੇ 'ਚ ਬੁੜ-ਬੁੜ ਕਰਨ ਲੱਗੀ।

ਚਾਚੀ ਹੱਸਦੀ ਹੋਈ ਬੋਲੀ, "ਚੱਲ ਅਪਣੀ ਮਾਂ ਨਾਲ ਪਾਥੀਆਂ ਪਥਵਾ, ਮੈਂ ਬਿੰਨ ਦਊਂ ਤੇਰੇ ਕੰਨ---।"

ਮਾਂ ਨੇ ਗੋਹੇ ਨਾਲ ਲਿੱਬੜੇ ਹੱਥ ਉਤਾਂਹ ਨੂੰ ਚੁੱਕ ਕੇ ਚਾਚੀ ਨੂੰ ਰੋਕਿਆ ਸੀ, "ਕੰਨ ਬਿੰਨਣ ਨੂੰ ਰਹਿਣ ਦੇ ਅਜੇ, ਬਿੰਨੇ ਹੋਏ ਸੁੰਨੇ ਕੰਨ ਚੰਗੇ ਨੀ ਲੱਗਦੇ---।

"ਕੋਈ ਨੀ ਮੈਂ ਆਪੇ ਲੈਦੂੰ ਕੰਨਾਂ 'ਚ ਪਾਉਣ ਨੂੰ ਕੁਸ਼। ਨਿਆਣੀ ਦਾ ਚਾਅ ਪੂਰਾ ਹੋਜੂ--- ਜਦੋਂ ਕੁੜੀਆਂ ਵੱਡੀਆਂ ਹੋ ਜਾਂਦੀਐਂ ਤਾਂ ਕੰਨ ਬਿਨਾਉਣ ਲੱਗਿਆਂ ਵੱਧ ਦੁੱਖ ਲੱਗਦੈ।" ਗ਼ਰੀਬ ਚਾਚੀ ਸ਼ਾਹਣੀ ਬਣੀ ਬੈਠੀ ਮੈਨੂੰ ਚੰਗੀ-ਚੰਗੀ ਲੱਗੀ ਸੀ।

"ਬਥੇਰਾ ਜੀਅ ਕਰਦਾ ਜੁਆਕਾਂ ਦੇ ਚਾਅ ਪੂਰੇ ਕਰਨ ਨੂੰ--- ਪਰ।" ਮਾਂ ਨੇ ਹਉਕਾ ਜਿਹਾ ਲਿਆ।

ਮੈਂ ਬੜੇ ਚਾਅ ਨਾਲ ਪਾਥੀਆਂ ਪਥਾਉਣ ਲੱਗੀ। ਕੋਠੇ ਜਿੱਡਾ ਸਨੇਰ ਸੀ ਸਾਰਾ ਪਥਵਾਇਆ।

ਕੰਮ ਮੁੱਕੇ 'ਤੇ ਮਾਂ ਘਰ ਨੂੰ ਤੁਰ ਗਈ। ਚਾਚੀ ਨੇ ਮੇਰੇ ਕੋਲੋਂ ਕਿੱਕਰ ਦੀਆਂ ਸੂਲਾਂ ਮੰਗਵਾਈਆਂ। ਅਪਣੇ ਗੋਹੇ ਨਾਲ ਲਿੱਬੜੇ ਹੱਥ ਕੱਖਾਂ 'ਤੇ ਘਸਾ ਕੇ ਸਾਫ਼ ਕੀਤੇ। ਮੈਨੂੰ ਕੋਲ ਬਿਠਾ ਕੇ ਇਕ ਹੱਥ 'ਚ ਸੂਲ ਤੇ ਦੂਜੇ ਹੱਥ ਨਾਲ ਕੰਨ ਦੀ ਪੇਪੜੀ ਫੜ ਕੇ ਕਹਿੰਦੀ, "ਔਹ ਦੇਖ ਕਿੱਕਰ 'ਤੇ, ਕਾਟੋ।"

ਮੇਰਾ ਧਿਆਨ ਕਿੱਕਰ ਵੱਲ ਗਿਆ ਹੀ ਸੀ, ਉਹਨੇ ਮੇਰੇ ਕੰਨ ਦੀ ਪੇਪੜੀ ਵਿਚੋਂ ਸੂਲ ਲੰਘਾ ਦਿੱਤੀ। ਮੇਰੀ ਚੀਕ ਨਿਕਲ ਗਈ।

"ਐਵੇਂ ਚੀਕੀ ਜਾਨੀ ਏ, ਮੈਂ ਤਾਂ ਕੰਨ ਬਿਨਣ ਲੱਗੀ ਭੋਰਾ ਪਤਾ ਨੀ ਲੱਗਣ ਦਿੰਦੀ।" ਇਹ ਕਹਿ ਕੇ ਉਹਨੇ ਮੇਰੇ ਦੂਜੇ ਕੰਨ ਦੀ ਪੇਪੜੀ ਵਿਚੋਂ ਵੀ ਸੂਲ ਲੰਘਾ ਦਿੱਤੀ।

ਮੈਂ ਖੁਸ਼ੀ 'ਚ ਝੱਲੀ ਹੋਈ ਫਿਰਾਂ। ਹੁਣ ਮੇਰੇ ਕੰਨਾਂ 'ਚ ਝੁਮਕੇ ਝੂਲਣਗੇ। ਜਦੋਂ ਮੈਂ ਕੰਨ ਬੰਨਵਾ ਕੇ ਉਠੀ, ਤਾਂ ਸਾਹਮਣੇ ਵਹਿਮੀਆਂ ਦੀ ਬੁੜੀ ਖਾਲੀ ਪਰਾਤ ਲਈ ਕਿਸੇ ਦੇ ਘਰੋਂ ਆਟਾ ਲੈਣ ਜਾ ਰਹੀ ਸੀ। ਉਹਦੀ ਚੰਦਰੀ ਦੀ ਨਜ਼ਰ ਪੱਥਰ ਪਾੜ ਸੀ। ਇੱਕ ਪੱਥਰ ਪਾੜ ਨਜ਼ਰ, ਦੂਜਾ ਖਾਲੀ ਭਾਂਡਾ, ਖਬਰੈ ਇਸੇ ਲਈ ਮੇਰੇ ਕੰਨ ਸਾਰੀ ਉਮਰ ਖਾਲੀ ਰਹੇ। ਘਰ ਆ ਕੇ ਕੰਨਾਂ ਵਿਚ ਨਿੰਮ ਦੇ ਪਤਲੇ ਜਿਹੇ ਡੱਕੇ ਪਾ ਲਏ।

ਫਿਰ ਮੇਰੇ ਕੰਨ ਪੱਕ ਗਏ। ਮਾਂ ਹਰ ਰੋਜ਼ ਘਿਓ ਵਿਚ ਹਲਦੀ ਮਿਲਾ ਕੇ ਕੰਨਾਂ 'ਤੇ ਲਾਉਂਦੀ ਰਹੀ। ਅਸੀ ਪੰਜੇ ਭੈਣ ਭਰਾ ਲੜਦੇ, ਕਾਟਮਕਟੀਲੇ ਹੁੰਦੇ। ਮੈਂ ਉਹਨਾਂ ਦੇ ਕਾਬੂ ਨਾ ਆਉਂਦੀ। ਉਹਨਾਂ ਨੇ ਮੈਨੂੰ ਕਾਬੂ ਕਰਨ ਦਾ ਗੁਰ ਸਿੱਖ ਲਿਆ ਸੀ। ਉਹ ਮੇਰੇ ਕੰਨ ਦੁਖਾ ਦਿੰਦੇ। ਮੈਂ ਰੋਂਦੀ, ਸਿਰ ਫੜ ਕੇ ਬੈਠ ਜਾਂਦੀ। ਪਰ ਕੰਨਾਂ 'ਚੋਂ ਡੱਕੇ ਨਾ ਕੱਢਦੀ, ਖਬਰੇ ਕਦੋਂ ਕੰਨਾਂ ਲਈ ਵਾਲੀਆਂ ਜੁੜ ਜਾਣ। ਮੇਰੀਆਂ ਦੋਵੇਂ ਭੈਣਾ ਵੀ ਕੰਨਾਂ 'ਚ ਨਿੰਮ ਦੇ ਡੱਕੇ ਜਿਹੇ ਪਾਈਂ ਫਿਰਦੀਆਂ।

ਅਸੀਂ ਕੰਨਾਂ 'ਚ ਕੁੱਝ ਪਵਾਉਣ ਦੀ ਜ਼ਿੱਦ ਕਰਦੀਆਂ ਤਾਂ ਮਾਂ ਕਹਿੰਦੀ, "ਕਿਸੇ ਦਿਨ ਸ਼ਹਿਰ ਜਾਊਂਗੀ, ਸੁਨਿਆਰਿਆਂ ਕੋਲ ਆਵਦੀਆਂ ਵਾਲੀਆਂ ਤੁੜਵਾ ਕੇ ਤਿੰਨ ਜੋੜੇ ਛੋਟੀਆਂ-ਛੋਟੀਆਂ ਵਾਲੀਆਂ ਬਣਵਾ ਕੇ ਲਿਆਊਂਗੀ---।" ਪਰ ਉਹ ਦਿਨ ਕਦੇ ਨਾ ਆਇਆ।

ਕਦੀ ਮਾਂ ਸਮਝੌਤੀਆਂ ਦੇਣ ਲੱਗਦੀ, " ਜ਼ਮਾਨਾ ਬੜਾ ਚੰਦਰਾ, ਉਹੀ ਕੁੜੀ ਸੁਹਣੀ ਲੱਗਦੀ ਆ ਜਿਹੜੀ ਮਾਂ-ਪਿਓ ਦੀ ਇੱਜ਼ਤ ਨੂੰ ਦਾਗ ਨਾ ਲੱਗਣ ਦੇਵੇ, ਉਹ ਗਹਿਣਿਆਂ ਨਾਲ ਲੱਦੀ ਸਹੁਰੀ ਜਾਂਦੀ ਆ ਪਰ ਕੁੜੀਆਂ-ਕੱਤਰੀਆਂ ਦਾ ਅਸਲੀ ਗਹਿਣਾ ਤਾਂ ਇੱਜ਼ਤ ਹੀ ਹੁੰਦੀ ਆ।"

ਅਸੀਂ ਗਿਲਟ ਜਿਹੀ ਦੀਆਂ ਬਨਾਉਟੀ ਵਾਲੀਆਂ ਕੰਨਾਂ 'ਚ ਪਾਈ ਇੱਜ਼ਤ ਸੰਭਾਲੀ ਤੁਰੀਆਂ ਫਿਰਦੀਆਂ। ਉਸ ਸਮੇਂ ਨੂੰ ਉਡੀਕਦੀਆਂ ਜਦੋਂ ਗਹਿਣਿਆਂ ਨਾਲ ਲੱਦੀਆਂ ਸਹੁਰੀਂ ਜਾਵਾਂਗੀਆਂ।

ਮੈਨੂੰ ਵਿਆਹ ਦਾ ਬਹੁਤਾ ਚਾਅ ਗਹਿਣਿਆਂ ਕਰਕੇ ਹੀ ਸੀ। ਮੇਰਾ ਦਿਲ ਕਰਦਾ ਡਜ਼ਾਇਨਦਾਰ ਗੁਲਾਮੇ ਵਾਲਾ ਸੂਟ ਹੋਵੇ। ਗੱਲ 'ਚ ਰਾਣੀਹਾਰ ਹੋਵੇ। ਬਾਹਵਾਂ 'ਚ ਚੂੜੇ ਨਾਲ ਸੋਨੇ ਦੀਆਂ ਚੂੜੀਆਂ ਹੋਣ। ਹੱਥਾਂ 'ਚ ਛਾਪਾਂ ਛੱਲੇ ਹੋਣ, ਚੀਰਮੀ ਕੱਢ ਕੇ ਸਿਰ ਵਾਹਾਂ ਤੇ ਉੱਤੇ ਸੱਗੀ ਫੁੱਲ ਹੋਵੇ। ਸਿਰ ਮਟਕਾ-ਮਟਕਾ ਗੱਲਾਂ ਕਰਾਂ ਤੇ ਕੰਨਾਂ ਵਿੱਚ ਵਾਲੀਆਂ ਝੂਮਣ---।" ਪਰ ਮਾਪਿਆਂ ਨੇ ਮੈਨੂੰ ਵਿਆਹ ਨੂੰ ਸਿਰਫ਼ ਕੰਨਾਂ ਦੀਆਂ ਵਾਲੀਆਂ ਤੇ ਛਾਪ ਹੀ ਪਾਈ ਸੀ। ਮਾਂ ਕਹਿ ਰਹੀ ਸੀ, "ਧੀਆਂ ਨੂੰ ਤਾਂ ਸਾਰੀ ਉਮਰ ਏ ਦੇਈ ਜਾਈਦਾ, ਕਦੇ ਭਲੇ ਦਿਨ ਵੀ ਆਉਣਗੇ, ਤੈਥੋਂ ਕੀ ਭੁੱਲਿਆ, ਕਬੀਲਦਾਰ ਆ ਆਪਾਂ---ਹੁਣ ਤਾਂ ਆਪਾਂ ਤੋਂ ਇਹੀ ਸਰਿਆ ਗਰੀਬੋ-ਗਰੀਬੀ, ਤੀਮੀਂ ਦਾ ਅਸਲੀ ਗਹਿਣਾ ਤਾਂ ਉਸਦਾ ਪਤੀ ਹੁੰਦੈ, ਪਾਲ ਸਿਓਂ ਬਥੇਰਾ ਫੱਬੂ, ਤੇਰੇ ਨਾਲ ਤੁਰਿਆ ਜਾਂਦਾ।"

ਵਿਆਹ ਤੋਂ ਬਾਅਦ ਪਹਿਲੀ ਰਾਤ ਮੈਂ ਕਮਰੇ 'ਚ ਬੈਡ 'ਤੇ ਘੁੰਡ ਕੱਢੀ ਬੈਠੀ ਸੀ। ਹੈਪੀ ਦੇ ਬਾਪ ਨੂੰ ਉਡੀਕਦੀ-ਉਡੀਕਦੀ ਹਾਰ ਕੇ ਪੈ ਗਈ। ਉਹ ਅੱਧੀ ਰਾਤ ਆਇਆ ਨਸ਼ੇ 'ਚ ਧੁੱਤ ਹੋਇਆ। ਮੈਨੂੰ ਹਾਬੜਿਆਂ ਵਾਂਗ ਪੈ ਗਿਆ ਜਿਵੇਂ ਕੁਝ ਦੇਖਿਆ ਹੀ ਨਾ ਹੋਵੇ। ਮੈਂ ਡਰ ਨਾਲ 'ਕੱਠੀ ਹੋ ਕੇ ਬੈਠ ਗਈ। ਉਹ ਗੁੰਡਿਆਂ ਬਦਮਾਸ਼ਾਂ ਵਾਲੀਆਂ ਹਰਕਤਾਂ ਕਰੀ ਜਾਵੇ। ਮੇਰੀ ਚੁੰਨੀ ਖਿੱਚ ਕੇ ਪਾੜ ਦਿੱਤੀ। ਮੇਰੇ ਹੌਲ ਜਿਹੇ ਪਈ ਜਾਣ।

'ਆਹ ਵੀ ਲਾਹਦੇ--ਆਹ ਵੀ ਲਾਹ ਦੇ-- ਕੀ ਸਾਂਭ-ਸਾਂਭ ਰੱਖਦੀ ਏਂ, ਮੱਚ ਜਾਣੈ ਸਾਰਾ ਕੁਛ, ਲੱਕੜਾਂ ਈ ਪੈ ਜਾਣੀਆਂ ਨੇ- ਲਾਹ ਦੇ -- ਸਾਰੇ ਗਹਿਣੇ ਲਾਹ ਦੇ --ਲਾਹ ਦੇ --।'

ਮੈਨੂੰ ਬੜਾ ਸਦਮਾ ਜਿਹਾ ਲੱਗਾ। ਅਜਿਹੇ ਮੌਕੇ 'ਲੱਕੜਾਂ ਈ ਪੈ ਜਾਣੀਐ ਵਰਗੀਆਂ ਬਦਸ਼ਗਨੀਆਂ ਗੱਲਾਂ ਕਿਉਂ ਕਰਦਾ ਏ।'

ਮੈਨੂੰ ਡਲੇ ਵਰਗੀ ਕਰਕੇ ਬਿਠਾ ਦਿੱਤਾ।

ਫਿਰ ਹੱਸੀ ਜਾਵੇ ਜਿਵੇਂ ਜਿੱਤ-ਜਿੱਤ ਲਈ ਹੋਵੇ।

ਮੈਂ ਦੋਵੇਂ ਹੱਥਾਂ ਨਾਲ ਮੂੰਹ ਢਕੀ ਬੈਠੀ ਸ਼ਰਮ ਨਾਲ ਨਿਘਰਦੀ ਜਾਵਾਂ। ਡਰੀ ਸਹਿਮੀ ਵੀ ਹੋਈ ਸੀ, ਗੁੱਸਾ ਵੀ ਆ ਰਿਹਾ ਸੀ। ਸ਼ਰਮ ਹਿਆ, ਇੱਜ਼ਤ, ਜਿਹਨਾਂ ਨੂੰ ਮਾਂ ਗਹਿਣਾ ਕਹਿੰਦੀ ਹੁੰਦੀ ਸੀ, ਜਿਹਨੂੰ ਮੈਂ ਇਹਦੇ ਲਈ ਸਾਂਭ-ਸਾਭ ਰੱਖਿਆ ਸੀ, ਇਹ ਬੂਝੜ ਬੰਦਾ ਚਾਰ ਭੁਆਟਣੀਆਂ ਲੈ ਕੇ ਉਹਨਾਂ ਦਾ ਮਜਾਕ ਉਡਾ ਰਿਹਾ ਸੀ। ਲੁੱਟਣ ਨੂੰ ਫਿਰਦਾ ਸੀ। ਚਿੱਤ ਕਰੇ ਇਥੋਂ ਬੂਅ ਕਹਿ ਕੇ ਨਿਕਲਜਾਂ--।

ਮੈਂ ਕਿਹਾ ਸੀ, "ਮੇਰਾ ਨਾ ਜਾਣੀ ਚਿੱਤ ਘਾਊਂ-ਮਾਊਂ ਜਿਹਾ ਹੁੰਦਾ, ਮੈਨੂੰ ਡਰ ਲੱਗਦਾ।"

"ਓ ਡਰ ਕਾਹਦਾ, ਕੁਛ ਨੀ ਹੁੰਦਾ, ਉਹ ਆਜਾ ਮੇਰੀ ਬੁੱਕਲ ਦਿਆ ਗਹਿਣਿਆ --ਲੱਕੜਾਂ ਈ ਪੈ ਜਾਣੀਐ।"

ਤੇ ਮੇਰੀ ਚੀਕ ਨਿਕਲ ਗਈ, ਉਹਨੇ ਹੱਥ ਨਾਲ ਮੇਰਾ ਮੂੰਹ ਨੱਪ ਦਿੱਤਾ।

ਦੂਜੇ ਦਿਨ ਸਵੇਰੇ ਦੇਰ ਨਾਲ ਉਠੀ। ਅਪਣੇ ਆਪ ਨੂੰ ਸੰਭਾਲਿਆ। ਮੇਰੀਆਂ ਵਾਲੀਆਂ ਤੇ ਛਾਪ ਗਾਇਬ ਸੀ। ਮੈਂ ਸੁੰਨ ਹੋ ਗਈ। ਲੁੱਟੀ-ਪੁੱਟੀ ਗਈ ਸੀ।

ਪਾਲ ਬੜੇ ਠਰੰਮੇ ਨਾਲ ਸਮਝਾਉਣ ਲੱਗਾ, "ਕੋਈ ਨਾ ਰੌਲਾ ਨਾ ਪਾਈਂ, ਰਿਸ਼ਤੇਦਾਰ ਆਏ ਹੋਏ ਨੇ, ਉਹ ਕੀ ਸੋਚਣਗੇ, ਬੇਬੇ ਨੂੰ ਚੀਜ਼ਾਂ ਸਾਂਭਣ ਦੀ ਆਦਤ ਆ, ਉਹਨੇ ਸਾਂਭ ਤੇ ਹੋਣਗੇ--।"

ਮੈਨੂੰ ਆਂਢ-ਗੁਆਂਢ ਦੀਆਂ ਤੀਵੀਆਂ ਸ਼ਗਨ ਦੇਣ ਆਈਆਂ। ਮੈਂ ਚੰਗੀ ਤਰ੍ਹਾਂ ਕੰਨ ਢਕੀ ਬੈਠੀ ਸੀ।

ਫਿਰ ਪਾਲ ਨੇ ਉਸੇ ਤਰ੍ਹਾਂ ਦੀਆਂ ਬਨਾਉਟੀ ਜਿਹੀਆਂ ਵਾਲੀਆਂ ਲਿਆ ਦਿੱਤੀਆਂ ਕੰਨਾਂ 'ਚ ਪਾਉਣ ਨੂੰ। ਜਦੋਂ ਉਹਨਾਂ ਦਾ ਸੋਨੇ ਰੰਗਾਂ ਨਿਕਲ ਜਿਹਾ ਉਤਰਨ ਲੱਗਾ ਮੈਨੂੰ ਸੱਸ 'ਤੇ ਗੁੱਸਾ ਆਈ ਜਾਵੇ। ਚੰਦਰੀ ਨੇ ਪਤਾ ਨਹੀਂ ਮੇਰੀਆਂ ਵਾਲੀਆਂ ਤੇ ਛਾਪ ਕਿੱਥੇ ਸਾਂਭ ਦਿੱਤੇ। ਇਕ ਦਿਨ ਹਾਰ ਕੇ ਪੁੱਛ ਹੀ ਲਿਆ। ਉਹ ਭੂਰੀ ਕੀੜੀ ਫਿਰੀ ਆਲੀ ਤਾਂ ਮੇਰੇ ਪਿੱਛੇ ਹੀ ਪੈ ਗਈ ਕਹਿੰਦੀ "ਇਹੀ ਗੱਲ ਤਾਂ ਮੈਂ ਤੈਨੂੰ ਕਈ ਦਿਨਾਂ ਦੀ ਪੁੱਛਣ ਨੂੰ ਫਿਰਦੀ ਆਂ-- ਤੈਂ ਅਪਣੇ ਪੇਕੀ ਭੇਜਤੀਆਂ ਹੋਣਗੀਆਂ। ਪਹਿਲਾਂ ਨੰਗਾਂ ਨੇ ਕੁਝ ਦਿੱਤਾ ਨੀ। ਜਿਹੜਾ ਭੂਣ-ਭੂਣ ਦਿੱਤਾ ਸੀ ਉਹ ਵੀ ਲੈਗੇ-- ਨੀ, ਗਏ ਹੋਏ ਘਰ ਦੀਏ ਐਂ ਤਾਂ ਤੂੰ ਮੇਰੇ ਪੁੱਤ ਦਾ ਘਰ ਲੁਟਾ ਦੇਂਗੀ--।" ਮੈਂ ਇਹ ਸੁਣ ਸੁੰਨ ਜਿਹੀ ਹੋ ਗਈ।

ਬਾਅਦ ਵਿਚ ਪਤਾ ਲੱਗਾ ਇਹ ਕਾਰਾ ਪਾਲ ਦਾ ਹੀ ਸੀ। ਉਹ ਘਰੋਂ ਹੋਰ ਸਾਮਾਨ ਚੁੱਕ ਕੇ ਵੀ ਵੇਚਦਾ ਰਹਿੰਦਾ। ਉਹ ਕਹਿੰਦਾ ਹੁੰਦਾ, "ਜੇ ਮੇਰੇ ਕੋਲ ਸੌ ਰੁਪਈਆ ਹੋਵੇ ਓਨਾ ਚਿਰ ਅੱਚਵੀ ਜਿਹੀ ਲੱਗੀ ਰਹਿੰਦੀ ਆ ਜਿੰਨਾ ਚਿਰ ਖ਼ਰਚ ਨਾ ਦੇਵਾਂ--।"

ਮੇਰੇ ਮਨ 'ਚ ਆਉਂਦਾ ਰਹਿੰਦਾ। ਭੂਰੀ ਕੀੜੀ ਫਿਰੀ ਆਲਿਆ ਕਾਹਦੀ ਕਾਹਲੀ ਸੀ ਮੈਨੂੰ ਲੁੱਟ ਕੇ ਵਗਾਹੁਣ ਦੀ, ਕੁਛ ਦਿਨ ਮੇਰੇ ਚਾਅ ਤਾਂ ਪੂਰੇ ਹੋ ਲੈਣ ਦਿੰਦਾ। ਜੇ ਕਦੀ ਮੈਂ ਬੁੱਚੇ ਕੰਨਾਂ ਦੀ ਗੱਲ ਕਰਨੀ ਤਾਂ ਇਹਨੇ ਬੋਲਣਾ "ਗਹਿਣੇ ਸੋਹਣਾ ਲੱਗਣ ਲਈ ਪਾਈਦੇ ਨੇ। ਮੈਨੂੰ ਤੂੰ ਗਹਿਣਿਆਂ ਤੋਂ ਬਿਨਾਂ ਹੀ ਬਥੇਰੀ ਸੁਹਣੀ ਲੱਗਦੀ ਏਂ, ਨਾਲੇ ਜੀਹਦੀ ਸੁੱਥਣ ਦੇ ਵਿਚ ਗਹਿਣਾ ਉਹਨੇ ਕੀ ਕਿਸੇ ਤੋਂ ਲੈਣਾ।"

ਕਿਸੇ ਹੋਰ ਦਾ ਹਾਰ-ਸ਼ਿੰਗਾਰ ਦੇਖ ਕੇ ਮੇਰੇ ਡੋਬੂ ਪੈਣ ਲੱਗਦੇ। ਦਿਲ ਕਰਦਾ ਇਹ ਸਾਰਾ ਕੁਝ ਮੇਰੇ ਕੋਲ ਵੀ ਹੋਵੇ, ਤੇ ਮੈਂ ਕਈ-ਕਈ ਦਿਨ ਪਾਲ ਨਾਲ ਰੁੱਸੀ ਰਹਿੰਦੀ। ਰਾਤ ਨੂੰ ਪਾਲ ਮਨਾਉਣ ਲੱਗਦਾ, "ਮੇਰੀ ਰੁੱਸੇ ਨਾ ਝਾਂਜਰਾਂ ਵਾਲੀ ਜੱਗ ਭਾਵੇਂ ਸਾਰਾ ਰੁੱਸ ਜੇ--।"

ਝਾਂਜਰਾਂ ਵਾਲੀ ਕਹਿ ਕੇ ਜਿਵੇਂ ਉਹਨੇ ਜ਼ਖ਼ਮਾਂ 'ਤੇ ਲੂਣ ਛਿੜਕ ਦਿੱਤਾ ਸੀ। ਮੈਂ ਗੁੱਸੇ 'ਚ ਬੋਲ ਪਈ ਸੀ--"ਮੈਂ ਤਾਂ ਕਹਿਨੀ ਆ ਕੀੜੇ ਪੈ ਕੇ ਮਰੇਂ। ਦਾਰੂਆਂ-ਸ਼ਰਾਬਾਂ ਨੂੰ ਬਥੇਰੇ ਪੈਸੇ ਜੁੜ ਜਾਂਦੇ ਨੇ,-- ਮੈਂ ਤਾਂ ਕਹਿਨੀ ਆਂ ਤੇਰਾ ਕੱਖ ਨਾ ਰਹੇ, ਮੈਨੂੰ ਕੰਨੋਂ ਬੁੱਚੀ ਕਰਨ ਵਾਲਿਆ--।"

ਪਾਲ ਨੇ ਮੈਨੂੰ ਬਹੁਤ ਕੁੱਟਿਆ। ਮੈਂ ਰੁੱਸ ਕੇ ਪੇਕੀ ਚਲੀ ਗਈ। ਗੱਲ ਪੰਚਾਇਤ ਤੱਕ ਪਹੁੰਚ ਗਈ।

ਪੰਚਾਇਤ 'ਚ ਬਾਪੂ ਮੇਰੇ ਦੁੱਖ 'ਚ ਦੁੱਖੀ ਹੋਇਆ ਬੋਲ ਰਿਹਾ ਸੀ, "ਇਹਨੇ ਕੁੜੀ ਨੂੰ ਐਂ ਕੁੱਟਿਆ ਜਿਵੇਂ ਡੰਗਰਾਂ ਨੂੰ ਕੁੱਟੀਦੈ, ਸਾਰੇ ਸਰੀਰ 'ਤੇ ਨੀਲ ਪਏ ਹੋਏ ਨੇ। ਜੇ ਇਹਦੇ ਬਹੁਤਾ ਈ ਹੌਲ ਉੱਠਦੇ ਤਾਂ ਡੰਗਰਾਂ ਨੂੰ ਕੁੱਟ ਲਿਆ ਕਰੇ।"

"ਕਿਉਂ ਕੁੱਟੀਏ ਡੰਗਰਾਂ ਨੂੰ ਉਹਨਾਂ ਨੇ ਤਾਂ ਦੁੱਧ ਦੇਣਾ।" ਪਾਲ ਡੰਗਰਾਂ ਵਾਂਗ ਹੀ ਬੋਲਿਆ ਸੀ। ਸਾਰੀ ਪੰਚਾਇਤ 'ਚ ਹਾਸੜ ਮੱਚ ਗਈ ਸੀ।

ਆਖਿਰ ਗੱਲ ਦਬ-ਦਬਾ ਗਈ। ਮੈਨੂੰ ਫਿਰ ਸਹੁਰੀਂ ਆਉਣਾ ਪਿਆ ਕਿਉਂਕਿ ਮੇਰੀ ਕੁੱਖ 'ਚ ਹੈਪੀ ਸੀ।

ਮੈਂ ਗਹਿਣੇ ਲੈਣ ਦੀ ਸੱਧਰ ਵਿਸਾਰ ਹੀ ਦਿੱਤੀ ਸੀ ਪਰ ਕਦੀ-ਕਦੀ ਹੌਲ ਜਿਹਾ ਵੀ ਉੱਠ ਖੜਦਾ। ਇਕ ਦਿਨ ਮੈਂ ਪੇਕੀ ਗਈ ਹੋਈ ਸੀ। ਸਹਿਜ-ਸੁਭਾ ਗੱਲ ਚੱਲ ਪਈ ਮੈਂ ਮਾਂ ਨੂੰ ਉਲਾਂਭਾ ਦਿੱਤਾ, "ਮੈਨੂੰ ਨੰਗਾਂ ਦੇ ਵਿਆਹਤਾ।"

ਮਾਂ ਬੋਲੀ, "ਸੰਜੋਗਾਂ ਦੀ ਗੱਲ ਆ ਪੁੱਤ, ਕੋਈ ਮਾਂ-ਬਾਪ ਨੀ ਚਾਹੁੰਦਾ ਹੁੰਦਾ-- ਕੋਈ ਨਾ ਰੱਬ ਦਿਨ ਫੇਰੂ, ਨਾਲੇ ਹੁਣ ਤੈਨੂੰ ਕੀ ਘਾਟਾ ਤੇਰੀ ਗੋਦੀ 'ਚ ਹੀਰੇ ਵਰਗਾ ਪੁੱਤ ਆ।"

ਉਂ ਮੇਰੇ ਮਨ 'ਚ ਹੈਗੀ ਆ, ਮਾੜਾ ਜਿਹਾ ਹੱਥ ਸੁਖਾਲਾ ਹੋ ਜੇ, ਤੈਨੂੰ ਵਾਲੀਆਂ ਬਣਵਾ ਕੇ ਦੇਵਾਂਗੇ-- ਪਰ ਉਹਨੇ ਫੇਰ ਵੇਚਕੇ ਖਾ ਜਾਣੀਆਂ ਨੇ ਨਸ਼ੇੜੀ ਨੇ--।"

ਮੈਂ ਲੜਨ ਵਰਗੀ ਹੋ ਗਈ, "ਮੈਂ ਕਿਹੜਾ ਉਸ ਨਸ਼ੇੜੀ ਨਾਲ ਨਿਕਲ ਕੇ ਗਈ ਸਾਂ, ਤੁਸੀਂ ਓ ਲੱਭਿਆ, ਜਿਹੋ ਜਿਹਾ ਵੀ ਹੈਗਾ ਮੇਰਾ ਜਿਉਂਦਾ ਰਹੇ।"

-0-0-0-

ਤਾਰਾ ਸਿਉਂ ਦਾ ਭੋਗ ਹੈ ਅੱਜ।

ਨੂੰਹ ਨੇ ਮੇਰੇ ਕੰਨਾਂ 'ਚ ਵਾਲੀਆਂ ਦੇਖ ਲਈਆਂ। ਉਹ ਮੁਸਕਰਾਉਂਦੀ ਹੈ। ਮੈਨੂੰ ਲੱਗਾ ਜਿਵੇਂ ਉਹਨੇ ਮਨ 'ਚ ਕਿਹਾ ਹੋਵੇ 'ਬੁੱਢੀ ਘੋੜੀ ਲਾਲ ਲਗਾਮ।'

ਹੈਪੀ ਹੱਸਣ ਲੱਗਾ ਕਹਿੰਦਾ, 'ਬੀਬੀ ਤੇਰੇ ਕੰਨਾਂ 'ਚ ਵਾਲੀਆਂ ਬੜੀਆਂ ਸੁਹਣੀਆਂ ਲੱਗਦੀਆਂ ਨੇ, ਜੀਅ ਤਾਂ ਕਰਦਾ ਤੈਨੂੰ ਇਹਨਾਂ ਤੋਂ ਸੁਹਣੀਆਂ ਬਣਵਾ ਕੇ ਦੇਵਾਂ, ਪਰ ਮਹਿੰਗਾਈ ਨੇ ਮਾਰਲੇ, ਹੁਣ ਭੋਗ 'ਤੇ ਜਾਣ ਨੂੰ ਤਿਆਰ ਹੋ ਜਾ, ਵਾਲੀਆਂ ਲਾਹ ਕੇ ਡੱਬੀ 'ਚ ਪਾ ਦੇ।"

ਮੈਂ ਗੁੱਸੇ 'ਚ ਬੋਲਣ ਲੱਗੀ, "ਮਾਂ ਫੋਸੀ-ਫੋਸੀ ਨੂੰ ਤਰਸੇ ਪੁੱਤ ਗੁਹਾਰੇ ਬਖ਼ਸ਼ੇ, ਜੇ ਮੈਂ ਦਵਾਈ ਨੂੰ ਵੀ ਕਹਿੰਦੀ ਆ ਥੋਡੇ ਭੂਰੀ ਕੀੜੀ ਫਿਰ ਜਾਂਦੀ ਆ, ਰਾਣੀ ਦੇ ਬਥੇਰਾ ਕੁਛ ਆ, ਅੱਗ ਲਾਇਆ ਨੀ ਮੁੱਕਦਾ--ਉਹਨੂੰ ਵਾਲੀਆਂ ਬਣਵਾ ਦਿੱਤੀਆਂ, ਦੱਸ ਤੂੰ ਕਿਥੋਂ ਖੂਹ ਪੁੱਟਿਆ--?"

"ਬੀਬੀ ਹੁਣ ਤੈਨੂੰ ਸਿਆਣੀ-ਬਿਆਣੀ ਨੂੰ ਕੀ ਸਮਝਾਵਾਂ, ਤੂੰ ਆਪ ਏ ਤਾਂ ਕਹਿਨੀ ਹੁੰਨੀ ਏਂ, ਬਈ ਧੀਆਂ ਨੂੰ ਸਾਰੀ ਉਮਰ ਏ ਦੇਈ ਜਾਈਦਾ, ਬਹਾਨੇ ਲੱਭੀਦੇ ਨੇ ਉਹਨਾਂ ਨੂੰ ਦੇਣ ਦੇ, ਨਾਲੇ ਰੀਤੀ-ਰਿਵਾਜ ਨੇ, ਉਹ ਤਾਂ ਨਿਭਾਵੁਣੇ ਈ ਪੈਂਦੇ ਨੇ--।" ਹੈਪੀ ਸਿਆਣਾ-ਬਿਆਣਾ ਬਣਿਆ ਬੈਠਾ ਸੀ ਜਿਵੇਂ ਉਸ ਵਿਚ ਪੁਰਖਿਆਂ ਦੀ ਰੂਹ ਆ ਗਈ ਹੋਵੇ।

"ਅੱਗ ਲੱਗਜੇ ਇਹੋ ਜਿਹੇ ਰਿਵਾਜਾਂ ਨੂੰ, ਹੁਣ ਨੀ ਮੈਂ ਵਾਲੀਆਂ ਲਾਹੁੰਦੀ, ਨਾ ਈ ਮੈਂ ਭੋਗ 'ਤੇ ਜਾਣੈ।" ਮੈਂ ਸੌ ਦੀ ਇਕ ਸੁਣਾ ਦਿੱਤੀ ਸੀ।

'ਬੀਬੀ ਕਿਉਂ ਨਿਆਣਿਆ ਆਲੀਆਂ ਗੱਲਾਂ ਕਰਦੀ ਏਂ, ਇਹ ਵਾਲੀਆਂ ਲਿਆਉਣ ਨੂੰ ਭੂਆ ਨੇ ਆਪ ਪੈਸੇ ਦਿੱਤੇ ਨੇ ਤਾਂ ਜੋ ਅਪਣੀ ਵੀ ਨੱਕ ਰਹਿ ਜੇ, ਉਹਨੂੰ ਵੀ ਸਰੀਕਾਂ 'ਚ ਨੀਵਾਂ ਨਾ ਹੋਣਾ ਪਵੇ।"

ਮੈਂ ਹਾਰ ਕੇ ਵਾਲੀਆਂ ਲਾਹ ਕੇ ਨੂੰਹ ਦੇ ਹੱਥ 'ਤੇ ਸੁੱਟ ਦਿੱਤੀਆਂ। ਬੁਝੇ ਮਨ ਨਾਲ ਅੰਦਰ ਜਾ ਵੜੀ। ਸਾਰਾ ਕੁਝ ਸੁੰਨਾ-ਸੁੰਨਾ ਹੋ ਗਿਆ ਜਿਵੇਂ ਸਰੀਰ 'ਚ ਸੱਤਿਆ ਨਾ ਰਹੀ ਹੋਵੇ। ਮੰਜੇ 'ਤੇ ਢੇਰੀ ਹੋ ਗਈ।

ਉਧਰ ਪਾਲ ਨੂੰ ਫਿਰ ਖੰਘ ਦਾ ਦੌਰਾ ਪੈ ਗਿਆ। ਉਹ ਹਾਕਾਂ ਮਾਰੀ ਜਾ ਰਿਹੈ, "ਉਏ ਦਵਾਈ ਫੜਾ ਜਾ ਐਥੇ।"

ਮੈਂ ਸਤੀ-ਹਾਰੀ ਉਠੀ। ਕੰਸ 'ਤੇ ਪਈ ਦਵਾਈ ਚੁੱਕੀ। ਪਾਲ ਦਾ ਬਹੁਤ ਬੁਰਾ ਹਾਲ ਹੋਇਆ ਪਿਆ ਸੀ। ਲੱਗਿਆ ਜੇ ਦਵਾਈ ਨਾ ਮਿਲੀ ਤਾਂ ਇਹਤੇ ਲੱਕੜਾਂ ਪੈ ਜਾਣਗੀਆਂ। ਮੈਨੂੰ ਪਾਲ 'ਤੇ ਬਹੁਤ ਤਰਸ ਆਉਂਦਾ ਹੈ। ਪਰ ਦਵਾਈ ਮੁੜ ਕੰਸ 'ਤੇ ਰੱਖ ਕੇ ਬਾਹਰ ਨੂੰ ਤੁਰ ਪੈਂਦੀ ਹਾਂ।

ਪਾਲ ਖੰਘੀ ਜਾ ਰਿਹਾ ਸੀ, ਉਹਦਾ ਜਿਵੇਂ ਸਾਹ ਹੀ ਨਹੀਂ ਮੁੜਿਆ।

ਉਪਰੋਂ ਹੈਪੀ ਆ ਗਿਆ। ਉਹਨੇ ਮੈਨੂੰ ਦੇਖਕੇ ਨੀਵੀਂ ਪਾ ਲਈ। ਸੋਚਦਾ ਹੋਵੇਗਾ, ਹੁਣ ਫਿਰ ਲੜਾਂਗੀ, ਕਿ ਅਪਣੇ ਬਾਪ ਨੂੰ ਚੰਗੇ ਡਾਕਟਰ ਨੂੰ ਕਿਉਂ ਨਹੀਂ ਦਿਖਾਉਂਦਾ। ਹਾਂ ਮੈਨੂੰ ਕਹਿਣਾ ਵੀ ਇਹੀ ਚਾਹੀਦਾ ਸੀ, ਪਰ ਮੇਰੇ ਦਿਲ ਦੀ ਗੱਲ ਜ਼ੁਬਾਨ 'ਤੇ ਆ ਗਈ, ਮੈਥੋਂ ਹੈਪੀ ਨੂੰ ਪੁੱਛਿਆ ਗਿਆ, "ਜੇ ਤੇਰਾ ਬਾਪ ਮਰਜੇ, ਤਾਂ ਤੇਰੇ ਮਾਮੇ ਵੀ ਮੈਨੂੰ ਵਾਲੀਆਂ ਪਾਉਣਗੇ?"

ਹੈਪੀ ਡੈਬਰਿਆਂ ਵਾਂਗ ਮੇਰੇ ਵੱਲ ਦੇਖਣ ਲੱਗਾ।

ਵਰ ਦੀ ਲੋੜ

Ramgarian Sikh Girl 24, Height 5`-8``, 3 year Nursing Diploma +4 year working Experience in Heart Institute Hospital , Looking for Suitable Match from Canada or who Lives in India but blood related/relative live in Manitoba. Girl qualified for Permanent and PNP Manitoba Immigration System. Girls Uncle and His Family Living in Canada. Only Contact Ramgarian Families.

Email: baljitsall62@hotmail.com

Matrimonial

ਕੰਨਿਆ ਦੀ ਲੋੜ

ਕਨੇਡੀਅਨ ਯੂਨੀਵਰਸਿਟੀ ਤੋਂ ਐਮ.ਐਸ (ਇੰਜਨੀਅਰਿੰਗ) 29 ਸਾਲ 6'2" ਜੱਟ ਸਿੱਖ ਕਨੇਡੀਅਨ ਸਿਟੀਜ਼ਨ ਕਲੀਨ ਸੇਵਨ, ਪ੍ਰੋਫ਼ੈਸ਼ਨਲ ਇੰਜਨੀਅਰਿੰਗ ਕੰਪਨੀ ਵਿੱਚ ਨੌਕਰੀ ਕਰਦੇ ਲੜਕੇ ਲਈ ਕਨੇਡੀਅਨ ਸਿਟੀਜ਼ਨ ਜਾਂ ਪੱਕੇ ਤੌਰ 'ਤੇ ਰਹਿ ਰਹੀ ਲੜਕੀ ਦੀ ਜ਼ਰੂਰਤ ਹੈ, ਜਿਸਦਾ ਕੱਦ ਘੱਟੋ-ਘੱਟ 5'6" ਹੋਣਾ ਚਾਹੀਦਾ ਹੈ। ਲੜਕੀ ਦੀ ਕਨੇਡੀਅਨ ਵਿਦਿਅਕ ਯੋਗਤਾ, ਗੁਣਾਂ ਨੂੰ ਪਹਿਲ, ਕੋਈ ਮੰਗ ਨਹੀਂ। ਹੋਰ ਜਾਣਕਾਰੀ ਲਈ 780-298-8693 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕੰਨਿਆ ਦੀ ਲੋੜ

Professionally qualified match for Jatt Sikh Clean Shaven Canadian Citizen 29/6'2" M.S (Engineering) from Canadian University, professionally employed with an Engineering firm in Canada. Girl should be preferably 5'5" or above & presently residing in Canada/US. Her personal values & qualification main consideration, Simple marriage, No demands. Email recent pictures & complete Bio-data at jagjitbk@gmail.com or phone 780 298 8693

ਕੰਨਿਆ ਦੀ ਲੋੜ

ਕਨੇਡਾ ਵਾਸੀ ਜੱਟ ਸਿੱਖ ਉਮਰ 39 ਸਾਲ 5'5" ਨਸ਼ਿਆਂ ਤੋਂ ਰਹਿਤ ਕਲੀਨ ਸ਼ੇਵ, ਸੁਹਣੇ-ਸੁਨੱਖੇ ਲੜਕੇ ਲਈ ਲੜਕੀ ਦੀ ਜਰੂਰਤ ਹੈ।ਤਲਾਕਸ਼ੁਦਾ (ਬੱਚੇ ਤੋਂ ਬਗੈਰ) ਜਾਂ ਸਟੂਡੈਂਟ ਵੀਜੇ 'ਤੇ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਸੰਪਰਕ +1-250-552-0867

ਕੰਨਿਆ ਦੀ ਲੋੜ

26 ਸਾਲ 5'9" ਜੱਟ ਸਿੱਖ ਸੰਧੂ ਕਨੇਡੀਅਨ ਸਿਟਿਜ਼ਨ ਲੜਕੇ ਲਈ ਕਨੇਡਾ ਰਹਿੰਦੀ ਸੁਨੱਖੀ, ਪੜ੍ਹੀ ਲਿਖੀ ਪਰਿਵਾਰਕ ਲੜਕੀ ਦੀ ਜ਼ਰੂਰਤ ਹੈ।ਲੜਕੇ ਦਾ ਸਾਰਾ ਪਰਿਵਾਰ ਕਨੇਡਾ ਵਿੱਚ ਸੈਟਲਡ ਹੈ।ਸਟੂਡੈਂਟ/ਵਿਜ਼ਟਰ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ।ਚਾਹਵਾਨ 780-669-0456 ਜਾਂ 780-628-2090 ਜਾਂ karan_sandhu@gmail.com ਤੇ ਸੰਪਰਕ ਕਰ ਸਕਦੇ ਹਨ।

Classified Plus

ਫਿਲਮਾਂ ਬਣਾਉਣ ਦੀ ਸੱਚੀ ਕਹਾਣੀ — **ਲੜੀ ਨੰਬਰ : 15**

ਵੇਖਿਆ ਸ਼ਹਿਰ ਬੰਬਈ



ਗੁਰਚਰਨ ਸੱਗੂ

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

ਇਕ ਦਿਨ ਇਸੇ ਤਰ੍ਹਾਂ ਧੱਕੇ ਖਾਂਦਿਆਂ ਪੈਰੀਂ ਛਾਲੇ ਪੈ ਗਏ ਸਨ, ਆਟੋ ਰਿਕਸ਼ਿਆਂ ਦੇ ਹੁਝਕਿਆਂ ਨਾਲ ਚਿੱਤੜ ਦੁਖ ਰਹੇ ਸਨ, ਬਾਹਾਂ ਲੱਤਾਂ ਵਿਚ ਦਰਦਾਂ ਪੈ ਰਹੀਆਂ ਸਨ। ਦਿਮਾਗ ਏਨਾ ਬੋਝਲ ਤੇ ਭਾਰੀ ਹੋਇਆ ਪਿਆ ਸੀ ਜਿਵੇਂ ਕਿਸੇ ਨੇ ਮਹਾਂਮੂੰਹੀ ਭਾਰ ਮੇਰੇ ਸਿਰ 'ਤੇ ਰੱਖ ਦਿੱਤਾ ਹੋਵੇ ਤੇ ਮੈਂ ਇਹ ਭਾਰ ਸਿਰ ਉੱਪਰ ਚੁੱਕੀ ਰੇਲਵੇ ਪਲੇਟ ਫਾਰਮ ਦੀ ਭੀੜ ਵਿਚ ਕੁਲੀ ਬਣਿਆ ਚਲਣ ਵਾਲੀ ਗੱਡੀ ਦਾ ਡੱਬਾ ਲੱਭ ਰਿਹਾ ਹੋਵਾਂ.... ਇੰਜਣ ਨੇ ਸੀਟੀ ਮਾਰ ਦਿੱਤੀ ਹੋਵੇ... ਗੱਡੀ ਹੌਲੀ ਹੌਲੀ ਪਲੇਟਫਾਰਮ ਛੱਡ ਰਹੀ ਹੋਵੇ... ਮੇਰੇ ਸਿਰ 'ਤੇ ਭਾਰ... ਪੈਰ ਭਾਰੀ... ਗੱਡੀ ਤੁਰ ਰਹੀ।

ਏਨੀ ਥਕਾਵਟ ਤੋਂ ਬਾਅਦ ਵੀ ਅਜੇ ਇਕ ਹੋਰ ਜਗ੍ਹਾ ਜਾਣਾ ਬਾਕੀ ਸੀ ਤੇ ਉਹ ਸੀ ਇਕ ਆਰਟਿਸਟ ਕੋਲ। ਇਸ ਨੇ ਸਿਨੇਮਾ ਘਰਾਂ ਵਿਚ ਲੱਗਣ ਵਾਲੀਆਂ ਫੋਟੋਆਂ ਦੇ ਆਖਰੀ ਪ੍ਰਿੰਟ ਵਿਖਾਉਣੇ ਸਨ।

ਇਹ ਗੱਲ ਮੈਂ ਪਹਿਲੇ ਨਹੀਂ ਲਿਖ ਸਕਿਆ ਕਿ ਫਿਲਮ ਦੇ ਹਰ ਸੀਨ ਦੀ ਸ਼ੂਟਿੰਗ ਦੌਰਾਨ ਇਕ ਸਟਿਲ ਫੋਟੋਗਰਾਫਰ ਹਮੇਸ਼ਾ ਤੁਹਾਡੇ ਨਾਲ ਰਹਿੰਦਾ ਹੈ। ਕਿਸੇ ਵੀ ਸੀਨ ਦੀ ਸ਼ੂਟਿੰਗ ਤੋਂ ਬਾਅਦ ਫਿਰ ਸ਼ੂਟ ਕੀਤੇ ਸੀਨਾਂ ਦੀਆਂ ਸਟਿਲ ਫੋਟੋਆਂ ਲਈਆਂ ਜਾਂਦੀਆਂ ਹਨ। ਉਹਨਾਂ ਹੀ ਪੋਜ਼ਾਂ ਵਿਚ ਜਿਹਨਾਂ ਵਿਚ ਸੀਨ ਸ਼ੂਟ ਕੀਤਾ ਗਿਆ ਹੋਵੇ। ਕਈ ਹਜ਼ਾਰ ਹੀ ਫੋਟੋਆਂ ਬਣ ਜਾਂਦੀਆਂ ਹਨ ਇਸ ਤਰ੍ਹਾਂ ਜਿਹਨਾਂ ਵਿਚੋਂ ਫਾਈਨਲ ਸੀਲੈਕਟ ਕਰਕੇ ਇਕ ਫੋਟੋ ਬਨਾਉਣੀ ਹੁੰਦੀ ਹੈ। ਇਹ ਫਾਈਨਲ ਫੋਟੋ ਬਨਾਉਣ ਲਈ ਕਿਸੇ ਐਕਟਰ ਦਾ ਸਿਰ ਲਿਆ ਜਾਂਦਾ ਹੈ, ਕਿਸੇ ਦੇ ਹੱਥਾਂ ਵਿਚ ਫੜੇ ਪਸਤੌਲ ਦਾ, ਕਿਧਰੇ ਗਾਣਾ ਗਾ ਰਹੀ ਹੀਰੋਇਨ ਦਾ ਮੁਖੜਾ, ਹੀਰੋ ਵਲੋਂ ਉਪਰਲੀ ਮੰਜ਼ਿਲ ਤੋਂ ਮਾਰੀ ਛਾਲ ਦਾ ਤੇ ਕਿਧਰੇ ਨਚਾਰ ਦੀਆਂ ਉਭਰੀਆਂ ਛਾਤੀਆਂ ਨੂੰ ਕੱਟ ਕੇ ਇਕ ਫੋਟੋ ਵਿਚ ਫਿੱਟ ਕੀਤਾ ਜਾਂਦਾ ਹੈ।

ਅਪਣੀ ਇਸ ਫਿਲਮ ਦੇ ਇਕ ਗਾਣੇ ਦੀ ਸ਼ੂਟਿੰਗ ਵਿਚ ਮੈਂ ਵੀ ਇਕ ਛੋਟਾ ਜਿਹਾ ਪਾਰਟ ਕੀਤਾ ਸੀ। ਸੀਨ ਕੁਝ ਇਸ ਤਰ੍ਹਾਂ ਦਾ ਸੀ।

ਗਾਉਣ ਵਾਲੀ ਦਾ ਇਕ ਕੋਠਾ ਹੈ, ਜਿਵੇਂ ਕਿ ਆਮ ਫਿਲਮਾਂ ਵਿਚ ਹੁੰਦਾ ਹੈ। ਵਿਚਕਾਰ ਡਾਂਸਰ ਕੁੜੀ ਨੱਚ ਰਹੀ ਹੈ ਜਦਕਿ ਉਸਦੇ ਆਲੇ ਦੁਆਲੇ ਗੱਦਿਆਂ ਉੱਪਰ ਦੂਸਰੇ ਕਿਰਦਾਰ ਬੈਠੇ ਹਨ। ਫਿਲਮ ਦਾ ਵਿਲਨ ਕੁਲਭੂਸ਼ਨ ਖਰਬੰਦਾ ਆਯਾਸ਼ੀ ਕਰ ਰਿਹਾ ਹੈ, ਹੱਥਾਂ ਵਿਚ ਡਰਿੰਕ ਦੇ ਗਲਾਸ ਹਨ... ਸਾਰੇ ਵਾਹਵਾ ਵਾਹਵਾ ਕਰ ਰਹੇ ਹਨ।

ਇਹਨਾਂ ਹੀ ਕਿਰਦਾਰਾਂ ਵਿਚੋਂ ਮੈਂ ਵੀ ਇਕ ਹਾਂ; ਧੋਤੀ, ਟੋਪੀ ਤੇ ਮੁੱਛਾਂ ਲਾਈ ਮੈਂ ਇਕ ਮਾਰਵਾੜੀ ਲਾਲਾ ਬਣਿਆ ਹੋਇਆ ਹਾਂ। ਅਯਾਸ਼ ਲਾਲਾ, ਵਿਸਕੀ ਦਾ ਗਲਾਸ, ਨਚਾਰ ਨਾਲ ਜੱਫੀ ਪਾ ਕੇ ਡਾਂਸ ਕਰ ਰਿਹਾ ਹੈ। ਨਚਾਰ ਕੁੜੀ ਮੇਰੀ ਧੋਤੀ ਖਿੱਚ ਕੇ ਮੈਨੂੰ ਨੰਗਿਆਂ ਕਰਨ ਦੀ ਕੋਸ਼ਿਸ਼ ਕਰਦੀ ਹੈ.. ਮੈਂ ਧੋਤੀ ਘੁੱਟ ਕੇ ਫੜੀ ਹੋਈ ਹੈ... ਨੰਗਾ ਤਾਂ ਹੋ ਹੀ ਗਿਆ ਸਾਂ ਪਰ ਏਥੇ ਨੰਗਾ ਨਹੀਂ ਸੀ ਹੋਣਾ ਚਾਹੁੰਦਾ... ਤੇ ਫਿਰ ਸਾਰੇ ਹੀ ਕਿਰਦਾਰਾਂ ਵਲੋਂ...

ਵਾਹ! ਵਾਹ!! ਵਾਹ... ਵਾਹ

ਬੰਬਈ ਵਲੋਂ ਦਿੱਤੇ ਹਜ਼ਾਰਾਂ ਲੱਖਾਂ ਜ਼ਖ਼ਮਾਂ ਨਾਲ ਵਲੂੰਧਰਿਆ ਗੁਰਚਰਨ ਸੱਗੂ ਅਯਾਸ਼ ਲਾਲੇ ਦੇ ਕਿਰਦਾਰ ਵਿਚ... ਧੋਤੀ, ਟੋਪੀ, ਮੁੱਛਾਂ, ਹੱਥ ਵਿਚ ਵਿਸਕੀ ਦਾ ਗਲਾਸ ਤੇ ਜੱਫੀ ਵਿਚ ਖੂਬਸੂਰਤ ਨਚਾਰ... ਕਿੰਨਾ ਬਹਿਰੂਪੀਆ ਬਣਿਆ ਹੋਇਆ ਸਾਂ ਮੈਂ।

ਇਸ ਗਾਣੇ ਦੇ ਸੀਨਾਂ ਦੀਆਂ ਫੋਟੋਗਰਾਫਜ਼ ਵੀ ਅਸਾਂ ਇਸ ਆਰਟਿਸਟ ਨੂੰ ਦਿੱਤੀਆਂ ਹੋਈਆਂ ਸਨ, ਜਿਹਨਾਂ ਦੀ ਕਟਿੰਗ ਕਰਕੇ ਉਸ ਫਿਲਮਾਏ ਗਏ ਗਾਣੇ ਦੀ ਸਿਰਫ ਇਕ ਫੋਟੋ ਬਣਾਉਣੀ ਸੀ।

ਮੈਂ ਤੇ ਗੁਰਿੰਦਰ ਜਦ ਇਸ ਆਰਟਿਸਟ ਦੇ ਸਟੂਡੀਓ ਪਹੁੰਚੇ ਤਾਂ ਕੁਦਰਤੀ ਉਹ ਏਸੇ ਗਾਣੇ ਦੀਆਂ ਫੋਟੋਗਰਾਫਜ਼ ਖਿਲਾਰੀ ਫਾਈਨਲ ਸੀਲੈਕਟ ਕਰ ਰਿਹਾ ਸੀ।

ਇਸ ਆਰਟਿਸਟ ਦੇ ਸਟੂਡੀਓ ਵਿਚ ਗੁਰਿੰਦਰ ਹੀ ਆਉਂਦਾ ਜਾਂਦਾ ਰਹਿੰਦਾ ਸੀ, ਮੈਂ ਪਹਿਲਾਂ ਕਦੇ ਨਹੀਂ ਸਾਂ ਗਿਆ। ਇਸ ਵੇਲੇ ਵੀ ਉਸ ਨੂੰ ਇਹ ਨਹੀਂ ਸੀ ਪਤਾ ਕਿ ਮੈਂ ਫਿਲਮ ਦਾ ਪ੍ਰੋਡਿਊਸਰ ਹਾਂ ਤੇ ਧੋਤੀ ਟੋਪੀ ਵਾਲੇ ਲਾਲੇ ਦਾ ਰੋਲ ਮੈਂ ਕੀਤਾ ਹੈ।

ਉਹ ਮੇਰੀ ਲਾਲੇ ਵਾਲੀ ਫੋਟੋ ਗੁਰਿੰਦਰ ਨੂੰ ਵਿਖਾਲ ਕੇ ਕਹਿਣ ਲੱਗਾ, ''ਸਭ ਫੋਟੋਆਂ ਫਿੱਟ ਹੋ ਗਈਆਂ ਨੇ ਪਰ ਇਹ ਹਰਾਮੀ ਲਾਲਾ ਕਿਧਰੇ ਫਿਟ ਨਹੀਂ ਹੋ ਰਿਹਾ।''


ਮੈਂ ਗੁਰਿੰਦਰ ਦੇ ਮੂੰਹ ਵੱਲ ਤੇ ਗੁਰਿੰਦਰ ਮੇਰੇ ਮੂੰਹ ਵੱਲ ਵੇਖ ਰਿਹਾ ਸੀ।

ਤੇ ਆਰਟਿਸਟ ਸਾਡੇ ਦੋਹਾਂ ਦੇ ਮੂੰਹਾਂ ਵੱਲ ਹੈਰਾਨ ਹੋਇਆ ਵੇਖੀ ਜਾ ਰਿਹਾ ਸੀ ਕਿ ਉਸ ਐਸੀ ਕਿਹੜੀ ਗੱਲ ਕਹਿ ਦਿੱਤੀ ਹੈ ਜਿਸ ਨਾਲ ਸਾਡੇ ਦੋਨਾਂ ਦੇ ਚਿਹਰੇ ਉੱਤਰ ਗਏ ਹਨ।

ਗੱਲ ਅਸਲ ਵਿਚ ਮੌਕੇ ਦੀ ਸੀ, ਕੁਦਰਤੀ ਸੱਟ ਸੀ ਇਹ ਮੇਰੇ ਲਈ। ਜੇ ਇਹ ਹਰਾਮੀ ਲਾਲਾ ਫੋਟੋ ਵਿਚ ਕਿਧਰੇ ਫਿਟ ਨਹੀਂ ਸੀ ਹੋ ਰਿਹਾ ਤਾਂ ਇਸਦਾ ਕਿਰਦਾਰ ਨਿਭਾਉਣ ਵਾਲਾ ਗੁਰਚਰਨ ਸੱਗੂ ਵੀ ਬੰਬਈ ਦੀ ਫਿਲਮੀ ਦੁਨੀਆ ਵਿਚ ਕਿਧਰੇ ਫਿੱਟ ਨਹੀਂ ਸੀ ਹੋ ਸਕਿਆ।

ਬਾਅਦ ਵਿਚ ਗੁਰਿੰਦਰ ਨੇ ਜਦ ਮੇਰੀ ਉਸ ਨਾਲ ਪਹਿਚਾਣ ਕਰਵਾਈ ਤਾਂ ਉਹ ਮੇਰੇ ਕੋਲੋਂ ਮੁਆਫੀਆਂ ਮੰਗੀ ਜਾਵੇ, ਸ਼ਰਮਸਾਰ ਹੋ ਰਿਹਾ ਸੀ ਉਹ ਮੈਨੂੰ ਹਰਾਮੀ ਲਾਲਾ ਕਹਿ ਕੇ।

ਮੈਂ ਉਸ ਨੂੰ ਬਥੇਰਾ ਕਿਹਾ ਕਿ ਉਸ ਨੇ ਗਾਲ ਲਾਲੇ ਦੇ ਕਿਰਦਾਰ ਨੂੰ ਕੱਢੀ ਹੈ ਨਾ ਕਿ ਮੈਨੂੰ। ਮੈਂ ਉਸ ਨੂੰ ਇਹ ਫੋਟੋ ਵਿਚੋਂ ਕੱਢ ਦੇਣ ਲਈ ਕਹਿ ਰਿਹਾ ਸਾਂ ਪਰ ਹੁਣ ਉਹ ਕਿਸੇ ਨਾ ਕਿਸੇ ਤਰ੍ਹਾਂ ਹਰ ਹਾਲਤ ਵਿਚ ਇਸ ਨੂੰ ਫਿੱਟ ਕਰਨੀ ਚਾਹੁੰਦਾ ਸੀ। ਸ਼ਾਇਦ ਹੁਣ ਪੈਸੇ ਦਾ ਸਵਾਲ ਖੜ੍ਹਾ ਹੋ ਗਿਆ ਸੀ, ਅਸੀਂ ਉਸ ਨੂੰ ਅੱਜ ਕੁਝ ਪੈਸੇ ਵੀ ਦੇਣੇ ਸਨ। ਅਪਣੇ ਕੰਮ ਦੇ ਮੇਰੇ ਕੋਲੋਂ ਹੀ ਤਾਂ ਅੱਜ ਉਸ ਪੈਸੇ ਲੈਣ ਸਨ ਤੇ ਮੈਨੂੰ ਹੀ ਉਹ ਐਲਬਮ ਵਿਚੋਂ ਬਾਹਰ ਕੱਢ ਦੇਵੇ ਇਹ ਕੰਮ ਕਰਨਾ ਹੁਣ ਉਸ ਲਈ ਮੁਸ਼ਕਲ ਹੋ ਰਿਹਾ ਸੀ, ਹਰਾਮੀ ਲਾਲਾ ਹੁਣ ਉਸ ਹਰ ਹਾਲਤ ਵਿਚ ਫਿੱਟ ਕਰਨਾ ਹੀ ਸੀ।



ਇੱਕ ਫ਼ਿਲਮ ਦੀ ਪਾਰਟੀ ਦੌਰਾਨ ਮਾਰਵਾੜੀ ਲਾਲਾ ਬਣਿਆ ਹੋਇਆ ਗੁਰਚਗਰਨ ਸੱਗੂ

ਵੇਖੋ ਸੋਚ ਕਿਵੇਂ ਬਦਲਣੀ ਹੈ, ਇਹ ਸੋਚ ਸੋਚਦਿਆਂ ਹੀ ਮੈਂ ਸਟੂਡੀਓ ਤੋਂ ਬਾਹਰ ਆ ਗਿਆ।

ਫਿਲਮ ਰਿਲੀਜ਼ ਹੋਣ ਨੂੰ ਹੁਣ ਸਿਰਫ਼ ਇਕ ਮਹੀਨਾ ਬਾਕੀ ਰਹਿ ਗਿਆ ਸੀ, ਫਾਈਨਲ ਪ੍ਰਿੰਟ ਵੀ ਤਿਆਰ ਸੀ, ਪਰ ਬਿਹਾਰ ਟੈਰੀਟਰੀ ਦਾ ਖਰੀਦਦਾਰ ਕੁਝ ਗੜਬੜ ਕਰ ਰਿਹਾ ਸੀ। ਗੁਰਿੰਦਰ ਨੇ ਇਹ ਟੈਰੀਟਰੀ ਵੀ ਗਹਿਣੇ ਰੱਖੀ ਹੋਈ ਸੀ। ਸੂਦ ਵਿਉਪਾਰੀ ਨੇ ਅਪਣੇ ਪੈਸੇ ਬਚਾਉਣ ਲਈ ਅਪਣੇ ਕਿਸੇ ਹੋਰ ਗਾਹਕ ਨਾਲ ਗੱਲਬਾਤ ਪੱਕੀ ਕਰ ਲਈ। ਉਸ ਨੂੰ ਅਪਣੇ ਪੈਸੇ ਦਾ ਫਿਕਰ ਸੀ ਤੇ ਸਾਨੂੰ ਫਿਲਮ ਰਿਲੀਜ਼ ਕਰਨ ਦਾ। ਪੰਜ ਲੱਖ ਦਾ ਵਿਕਿਆ ਮਾਲ ਮਜਬੂਰਨ ਤਿੰਨ ਲੱਖ ਵਿਚ ਵੇਚਣਾ ਪੈ ਰਿਹਾ ਸੀ।

ਫਿਲਮ ਇੰਡਸਟਰੀ ਦੀ ਇਹ ਵੀ ਇਕ ਆਦਤ ਹੈ ਕਿ ਜੇ ਫਿਲਮ ਦੀ ਹਵਾ ਠੀਕ ਨਾ ਹੋਵੇ ਤਾਂ ਉਹ ਕਈ ਵਾਰੀ ਰਿਲੀਜ਼ ਵੇਲੇ ਡਿਸਕਾਊਂਟ ਮੰਗ ਲੈਂਦੇ ਹਨ, ਪਰ ਏਸੇ ਤਰ੍ਹਾਂ ਫਿਲਮੀ ਪ੍ਰੋਡਿਊਸਰ ਵੀ ਕਰਦੇ ਹਨ, ਜੇ ਉਹਨਾਂ ਨੂੰ ਯਕੀਨ ਹੋ ਜਾਂਦਾ ਹੈ ਕਿ ਫਿਲਮ ਉਹਨਾਂ ਦੀ ਆਸ ਤੋਂ ਵਧੀਆ ਬਣ ਗਈ ਹੈ ਤਾਂ ਉਹ ਵੀ ਭਾਅ ਵਧਾ ਦਿੰਦੇ ਹਨ। ਇਹ ਸੌਦਿਆਂ ਦੀ ਅਦਲਾ-ਬਦਲੀ ਫਿਲਮੀ ਵਿਉਪਾਰ ਵਿਚ ਆਮ ਜਿਹੀ ਗੱਲ ਹੈ।

ਖੈਰ ਇਹ ਵਿਉਪਾਰੀ ਗੁਰਿੰਦਰ ਨੂੰ ਹਵਾਈ ਜਹਾਜ਼ ਰਾਹੀਂ ਪਟਨੇ ਉਸ ਡਿਸਟਰੀਬਿਊਟਰ ਦੇ ਆਫਿਸ ਆਪ ਲੈ ਗਿਆ, ਲੋੜੀਂਦੇ ਪੇਪਰ ਵਗੈਰਾ ਬਣਵਾਏ ਤੇ ਜਿੰਨੇ ਪੈਸੇ ਮਿਲੇ ਉਸੇ ਵੇਲੇ ਅਪਣੇ ਨਾਂ ਦਾ ਚੈੱਕ ਬਣਵਾ ਕੇ ਵਾਪਿਸ ਬੰਬਈ ਉੱਡ ਆਇਆ। ਅਕਾਊਂਟੈਂਟ ਨੂੰ ਮਿਲ ਕੇ ਜਦੋਂ ਅਸੀਂ ਪੂਰੀ ਵਟਤ ਦਾ ਹਿਸਾਬ ਲਾਇਆ ਤਾਂ ਮੇਰਾ ਸਿਰ ਚਕਰਾ ਗਿਆ, ਅੱਖਾਂ ਅੱਗੇ ਹਨੇਰਾ ਛਾ ਰਿਹਾ ਸੀ, ਮੇਰਾ ਮੂੰਹ ਸੁੱਕਣ ਲੱਗਾ... ਪਾਣੀ ਦੇ ਦੋ ਤਿੰਨ ਗਲਾਸ ਮੰਗਵਾ ਕੇ ਮੈਂ ਪੀ ਗਿਆ ਸਾਂ। ਫਿਲਮ ਰਿਲੀਜ਼ ਵੇਲੇ ਮੈਂ ਅਜੇ ਵੀ ਤਿੰਨ ਚਾਰ ਲੱਖ ਲੋਕਾਂ ਦਾ ਦੇਣਾ ਸੀ। ਗਹਿਣੇ ਰੱਖਿਆ ਦੂਸਰਾ ਨੌਂ ਲੱਖ ਦਾ ਪਲਾਟ ਵੀ ਮੂਲ ਤੇ ਸੂਦ ਦੇ ਬਰਾਬਰ ਹੋ ਗਿਆ ਸੀ।

ਮੇਰੇ ਹੱਥ ਖਾਲੀ ਦੇ ਖਾਲੀ..ਚਕਰ... ਹਨੇਰਾ....ਸੁੱਕਾ ਮੂੰਹ ਮੈਂ ਦਫਤਰ ਤੋਂ ਬਾਹਰ ਆ ਗਿਆ...

ਸ਼ਾਮ ਨੂੰ ਮੈਂ ਇਕੱਲਾ ਹੀ ਜੂਹੂ ਬੀਚ 'ਤੇ ਚਲਿਆ ਜਾਂਦਾ ਹਾਂ। ਸੂਰਜ ਸਮੁੰਦਰ ਦੇ ਡੂੰਘੇ ਪਾਣੀਆਂ ਵਿਚ ਡੁੱਬ ਰਿਹਾ ਸੀ। ਡੁਬਦੇ ਸੂਰਜ ਦਾ ਨਜ਼ਾਰਾ ਵੀ ਵੇਖਣ ਵਾਲਾ ਸੀ, ਅੱਧਾ ਸਮੁੰਦਰ ਵਿਚ ਤੇ ਅੱਧਾ ਬਾਹਰ... ਸਭ ਪਾਸੇ ਉਸਦੀ ਲਾਲੀ ਬਿਖਰੀ ਹੋਈ ਸੀ... ਲਾਲੀ ਸਮੁੰਦਰ ਦੀਆਂ ਛੱਲਾਂ ਉੱਪਰ ਤੈਰ ਰਹੀ ਸੀ। ਮੈਂ ਇਹ ਸਭ ਖੂਬਸੂਰਤ ਨਜ਼ਾਰਾ ਵੇਖਣ ਲਈ ਰੇਤਾ ਉੱਪਰ ਕੁੱਝ ਪੱਥਰਾਂ 'ਤੇ ਜਾਂਦੇ ਹਾਂ, ਨੰਗੇ ਪੈਰ ਸਮੁੰਦਰ ਦੀਆਂ ਲਹਿਰਾਂ ਵਿਚ ਸੁੱਟ ਦਿੰਦਾ ਹਾਂ। ਜਿਵੇਂ ਦੂਰ ਸਮੁੰਦਰ ਦੀ ਤਹਿ 'ਤੇ ਡੁੱਬਦੇ ਸੂਰਜ ਦੀ ਲਾਲੀ ਤਰਦੀਆਂ ਛੱਲਾਂ 'ਤੇ ਚਮਕ ਰਹੀ ਸੀ ਇਸੇ ਤਰ੍ਹਾਂ ਹੀ ਮੇਰੀਆਂ ਅੱਖਾਂ ਵਿਚ ਮੇਰੇ ਅਥਰੂਆਂ ਦੇ ਸਮੁੰਦਰ ਵਿਚ ਆਈ ਲਾਲੀ ਸੂਰਜ ਦੀ ਲਾਲੀ ਨਾਲ ਟਕਰਾ ਰਹੀ ਸੀ।

ਬੜਾ ਕੁਝ ਸੋਚਿਆ ਸੀ ਮੈਂ ਤਾਂ, ਸਭ ਨੇ ਹੀ ਇਹ ਕਿਹਾ ਸੀ ਕਿ ਫਿਲਮ ਰਿਲੀਜ਼ ਹੋਣ ਤੋਂ ਬਾਅਦ ਜੇ ਕੋਈ ਮੁਨਾਫਾ ਨਾ ਹੋਇਆ ਤਾਂ ਕਮ ਸੇ ਕਮ ਮੇਰੇ ਲੱਗੇ ਪੈਸੇ ਤੇ ਵਿਕ ਗਏ ਪਲਾਟ ਤਾਂ ਵਾਪਿਸ ਆ ਹੀ ਜਾਣਗੇ, ਪਰ ਹੁਣ ਤਾਂ ਫਾਈਨਲ ਅਕਾਊਂਟ ਵੀ ਬਣ ਗਏ ਸਨ ਤੇ ਅਜੇ ਵੀ ਖਾਤਿਆਂ ਵਿਚ ਮੈਂ ਲੋਕਾਂ ਦੇ ਪੈਸੇ ਦੇਣੇ ਸਨ।

ਮੈਂ ਅਪਣੇ ਫਿਲਮ ਬਣਾਉਣ ਦੇ ਜਨੂੰਨ ਵਿਚ ਲੁੱਟਿਆ ਗਿਆ ਸਾਂ, ਖਾਲੀ ਹੋ ਗਿਆ ਸਾਂ। ਬਿਜਨਿਸ ਲਗਪਗ ਬੰਦ ਹੋ ਗਿਆ ਸੀ। ਉਹ ਹੀ ਬੈਂਕ ਮੈਨੇਜਰਜ਼ ਜੋ ਮੇਰੇ ਅੱਗੇ ਪਿੱਛੇ ਫਿਰਦੇ ਹੁੰਦੇ ਸਨ, ਮੈਨੂੰ ਲੰਚ 'ਤੇ ਲਿਜਾਣ ਲਈ ਪੁੱਛਦੇ ਰਹਿੰਦੇ ਸੀ ਹੁਣ ਅਪਣੇ ਕਰਜ਼ੇ ਵਾਪਿਸ ਲੈਣ ਲਈ ਮੇਰੀ ਦੁਕਾਨ ਤੇ ਘਰ ਵੇਚ ਦੇਣ ਲਈ ਧਮਕੀਆਂ ਦੇ ਰਹੇ ਸਨ। ਹਰ ਰੋਜ਼ ਕੋਈ ਨਾ ਕੋਈ ਨੋਟਿਸ ਆਇਆ ਰਹਿੰਦਾ।

ਅਪਣੀ ਇਸ ਕੱਪੜੇ ਦੀ ਦੁਕਾਨ ਤੋਂ ਇਲਾਵਾ ਮੈਂ ਆਲਡਗੇਟ ਵਿਚ ਦੋ ਹੋਰ ਪਰਾਪਰਟੀਆਂ ਬਣਾਈਆਂ ਹੋਈਆਂ ਸਨ ਜਿਹਨਾਂ ਦਾ ਵਾਹਵਾ ਕਿਰਾਇਆ ਆਂਦਾ ਰਹਿੰਦਾ ਸੀ ਤੇ ਕਰਜ਼ਿਆਂ ਦੀਆਂ ਕਿਸ਼ਤਾਂ ਥੋੜ੍ਹੀਆਂ ਬਹੁਤੀਆਂ ਚੱਲ ਰਹੀਆਂ ਸਨ ਪਰ ਜਦੋਂ ਕਿਸੇ ਕਾਰਨ ਕਿਰਾਏਦਾਰ ਵੀ ਚਲੇ ਗਏ ਤਾਂ ਮੈਂ ਹੋਰ ਕੁੜਿੱਕੀ ਵਿਚ ਫਸ ਗਿਆ। ਬਸ ਫਿਰ ਕੀ ਸੀ, ਉਹ ਹੀ ਹੋਇਆ ਜੋ ਹੋਣਾ ਸੀ। ਬੈਂਕ ਨੇ ਹੋਰ ਸ਼ਿਕੰਜਾ ਕਸਣਾ ਸ਼ੁਰੂ ਕਰ ਦਿੱਤਾ ਸੀ। ਦੁਕਾਨ ਲਗਪਗ ਮਾਲ ਤੋਂ ਬਿਲਕੁਲ ਖਾਲੀ ਸੀ, ਗਾਹਕ ਆਉਣੇ ਬੰਦ ਹੋ ਗਏ ਸਨ, ਇਹਨਾਂ ਹੀ ਗਾਹਕਾਂ ਕੋਲੋਂ ਮੈਂ ਕੋਈ ਇਕ ਲੱਖ ਪੌਂਡ ਲੈਣਾ ਸੀ, ਪਰ ਹੁਣ ਕੋਈ ਵੀ ਨਹੀਂ ਸੀ ਆ ਰਿਹਾ, ਜਦ ਉਹਨਾਂ ਤੁਹਾਡੇ ਕੋਲੋਂ ਕੋਈ ਮਾਲ ਹੀ ਨਹੀਂ ਸੀ ਲੈਣਾ ਤਾਂ ਸਿਰਫ ਪੈਸੇ ਦੇਣ ਉਹਨਾਂ ਥੋੜ੍ਹਾ ਆਉਣਾ ਸੀ।

ਦੁਕਾਨ ਖਾਲੀ... ਗਾਹਕ ਨੱਠ ਗਏ... ਬੈਂਕ ਦੇ ਕਰਜ਼ੇ... ਦੀਵਾਲੀਆ ਹੋ ਗਿਆ ਸਾਂ ਮੈਂ।

ਪੱਥਰਾਂ 'ਤੇ ਬੈਠਿਆਂ, ਮੇਰੇ ਨੰਗੇ ਪੈਰ ਰੇਤਾ ਵਿਚ ਖੁੱਭੀ ਜਾ ਰਹੇ ਸਨ ਤੇ ਮੇਰਾ ਦਿਲ ਦਿਮਾਗ ਗਹਿਰੀਆਂ ਸੋਚਾਂ ਵਿਚ ਹੋਰ ਡੁੱਬੀ ਜਾ ਰਿਹਾ ਸੀ।

ਬੀਵੀ ਬੱਚੇ ਮੇਰੇ ਸਾਹਮਣੇ ਸਮੁੰਦਰ ਵਿਚ ਡੁੱਬ ਰਹੇ ਸਨ, ਬਾਹਰ ਕੰਢੇ 'ਤੇ ਆਣ ਲਈ ਹੱਥ ਪੈਰ ਮਾਰ ਰਹੇ ਸਨ ਤੇ ਮੈਂ ਪੱਥਰਾਂ 'ਤੇ ਬੈਠਾ ਉਹਨਾਂ ਲਈ ਕੁਝ ਵੀ ਕਰਨ ਜੋਗਾ ਨਹੀਂ ਸੀ ਰਿਹਾ। ਸੋਚਿਆ ਸੀ, ਫਿਲਮ ਰਿਲੀਜ਼ ਵੇਲੇ ਉਹਨਾਂ ਨੂੰ ਬੰਬਈ ਲਿਆ ਕੇ ਫਿਰ ਵਧੀਆ ਫਾਈਵ ਸਟਾਰ ਹੋਟਲ ਵਿਚ ਠਹਿਰਾਵਾਂਗਾ, ਫਿਲਮ ਰਿਲੀਜ਼ ਦੀ ਇਕ ਵੱਡੀ ਸਾਰੀ ਪਾਰਟੀ ਕਰਾਂਗਾ... ਫਿਲਮ ਦੇ ਹੀਰੋ, ਹੀਰੋਇਨ ਤੇ ਹੋਰ ਐਕਟਰਾਂ ਨੂੰ ਜਲੰਧਰ ਲਿਜਾ ਕੇ ਅਪਣੀ ਫਿਲਮ ਰਿਲੀਜ਼ ਕਰਵਾਵਾਂਗਾ... ਨਕੋਦਰ ਦੇ ਟੁੱਟੇ ਜਿਹੇ ਸਿਨੇਮਾ ਘਰ ਅੰਦਰ ਇੱਟਾਂ ਉੱਪਰ ਬੈਠ ਕੇ ਫਿਲਮਾਂ ਵੇਖ ਕੇ ਬੰਬਈ ਦੇ ਲਏ ਸੁਪਨਿਆਂ ਨੂੰ ਸਾਕਾਰ ਕਰਾਂਗਾ।

ਅਪਣੇ ਸ਼ਹਿਰ ਦੇ ਲੋਕਾਂ ਨੂੰ ਫਿਲਮਾਂ ਦੇ ਬੋਰਡ ਲਿਖਣ ਵਾਲੇ 'ਚੰਨੇ' ਦਾ ਬੰਬਈ ਵਿਚ ਫਿਲਮ ਪ੍ਰੋਡਿਊਸਰ ਬਣ ਜਾਣ ਦੇ ਸਫਰ ਨੂੰ, ਉਸਦੀ ਕਾਮਯਾਬੀ ਦੀ ਫਿਲਮ ਵਿਖਾਵਾਂਗਾ ਪਰ ਇਧਰ ਤਾਂ ਇਹ ਸਾਰੇ ਸੁਪਨੇ ਹੀ ਟੁੱਟ ਗਏ ਸਨ... ਬੰਬਈ ਤੋਂ ਨਕੋਦਰ ਦੀ ਵਾਪਸੀ ਦਾ ਕਿਰਾਇਆ ਵੀ ਉਸਦੀ ਜੇਬ ਵਿਚ ਨਹੀਂ ਸੀ।

ਮੇਰੀ ਨਿੱਜੀ ਜ਼ਿੰਦਗੀ ਸਤਰੰਗੀ ਪੀਂਘ ਤੋਂ ਉੱਤਰ ਕੇ ਸਮੁੰਦਰ ਦੀਆਂ ਲਹਿਰਾਂ ਵਿਚ ਡੁੱਬ ਗਈ ਸੀ...

ਬੀਵੀ ਦੇ ਪੇਟ ਵਿਚ ਪਲ ਰਹੇ ਚਾਰ ਮਹੀਨਿਆਂ ਦੇ ਬੱਚੇ ਨੂੰ ਕਤਲ ਕੀਤਾ ਸੀ ਮੈਂ....

ਬੀਵੀ ਦੀਆਂ ਅੱਖਾਂ ਵਿਚ ਅਥਰੂਆਂ ਦੇ ਹੜ੍ਹ ਲਿਆਂਦੇ ਸਨ ਮੈਂ...

ਪੁੱਤਰ ਦਾ ਐਕਸੀਡੈਂਟ ਕਰਵਾ ਕੇ ਉਸਦੇ ਹੱਥ ਪੈਰ ਸਾੜਨ ਦਾ ਜ਼ਿੰਮੇਵਾਰ ਸਾਂ ਮੈਂ...

ਧੀਆਂ ਦੇ ਸਿਰਾਂ ਉੱਪਰ ਪਿਆਰ ਦਾ ਹੱਥ ਨਹੀਂ ਸਾਂ ਦੇ ਸਕਿਆ ਪਿਛਲੇ ਪੰਜ ਸਾਲ ਤੋਂ ਮੈਂ....

ਕੀ ਖੱਟਿਆ ਮੈਂ ਬੰਬਈ ਆ ਕੇ? ਕੀ ਖੱਟਿਆ ਮੈਂ ਫਿਲਮ ਬਣਾ ਕੇ? ਸਭ ਕੁਝ ਡੁੱਬ ਗਿਆ ਸੀ.... ਸੂਰਜ ਦੇ ਸਮੁੰਦਰ ਵਿਚ ਡੁੱਬ ਜਾਣ ਵਾਂਗ...।

ਅਥਰੂ ਵਗੀ ਜਾ ਰਹੇ ਸਨ ਮੇਰੀਆਂ ਅੱਖਾਂ ਵਿਚੋਂ। ਮੈਂ ਗਿੱਲੀ ਰੇਤਾ ਵਿਚੋਂ ਇਕ ਪੱਥਰ ਨੂੰ ਚੁੱਕ ਕੇ ਦੂਰ ਪਰੇ ਸ਼ਾਂਤ ਹੋਏ ਪਾਣੀ ਵਿਚ ਸੁੱਟਦਾ ਹਾਂ। ਪੱਥਰ ਡੁੱਬ ਗਿਆ ਹੈ ਪਰ ਉਸ ਡੁੱਬੇ ਪੱਥਰ ਨੇ ਅਨੇਕਾਂ ਛੱਲਾਂ ਪਾਣੀ ਦੇ ਉੱਪਰ ਲਹਿਰਾ ਦਿੱਤੀਆਂ ਹਨ। ਇਨ੍ਹਾਂ ਉੱਪਰ ਉਠੀਆਂ ਛੱਲਾਂ ਵਿਚੋਂ ਮੈਂ ਦੂਰ ਡੁੱਬੇ ਹੋਏ ਸੂਰਜ ਦੀ ਲਾਲੀ ਅਜੇ ਵੀ ਵੇਖ ਰਿਹਾ ਹਾਂ। ਇਹ ਸੂਰਜ ਡੁੱਬ ਗਿਆ ਹੈ, ਪਰ ਅਪਣੀ ਲਾਲੀ ਪਿੱਛੇ ਛੱਡ ਗਿਆ ਹੈ। ਇਹ ਹੀ ਸੂਰਜ ਇਸੇ ਵਕਤ ਹੀ ਕਿਸੇ ਹੋਰ ਦੇਸ਼ ਚੜ੍ਹ ਰਿਹਾ ਹੋਵੇਗਾ। ਚੜ੍ਹਦੇ ਸੂਰਜ ਦੀ ਰੋਸ਼ਨੀ ਕਿਸੇ ਹੋਰ ਧਰਤ 'ਤੇ ਕਿਰਨਾਂ ਬਿਖੇਰ ਰਹੀ ਹੋਵੇਗੀ। ਲੋਕੀਂ ਰਾਤ ਦੀ ਨੀਂਦ ਤੋਂ ਉੱਠ ਰਹੇ ਹੋਣਗੇ, ਨਹਾ ਧੋ ਕੇ, ਨਵੇਂ ਵਸਤਰ ਪਾ ਕੇ ਆਪੋ ਅਪਣੇ ਕੰਮਾਂ 'ਤੇ ਜਾਣ ਲਈ ਤਿਆਰ ਹੋ ਰਹੇ ਹੋਣਗੇ।

ਜੇ ਇਸ ਧਰਤ ਦੇ ਇੱਕ ਹਿੱਸੇ 'ਤੇ ਸੂਰਜ ਡੁੱਬਦਾ ਹੈ ਤਾਂ ਇਸੇ ਧਰਤ ਦੇ ਦੂਸਰੇ ਹਿੱਸੇ 'ਤੇ ਇਹ ਨਵਾਂ ਸੂਰਜ ਬਣਕੇ ਚੜ੍ਹਦਾ ਹੈ। ਧਰਤੀ ਵੀ ਇਕ ਹੈ ਤੇ ਸੂਰਜ ਵੀ ਇਕ ਹੈ... ਉਹੀ ਧਰਤੀ ਹੈ, ਉਹੋ ਸੂਰਜ ਹੈ... ਸਿਰਫ ਜਗ੍ਹਾ ਬਦਲ ਗਈ ਹੈ... ਸੂਰਜ ਇਕ, ਰੰਗ ਅਨੇਕ।

ਮੇਰੇ ਦਿਲ ਦਿਮਾਗ ਵਿਚ ਕੋਈ ਰੌਸ਼ਨੀ ਜਗਦੀ ਹੈ, ਪੱਥਰਾਂ ਤੋਂ ਉੱਠ ਕੇ ਪਾਣੀ ਵਿਚ ਚਲਣਾ ਸ਼ੁਰੂ ਕਰ ਦਿੰਦਾ ਹਾਂ, ਗੋਡੇ ਗੋਡੇ ਪਾਣੀ ਹੈ... ਮੈਂ ਤੁਰੀ ਜਾ ਰਿਹਾ ਹਾਂ... ਪਾਣੀ ਉਤਰਨਾ ਸ਼ੁਰੂ ਹੋ ਜਾਂਦਾ ਹੈ, ਗਿੱਟਿਆਂ ਤੱਕ ਆ ਜਾਂਦਾ ਹੈ, ਪਰ ਮੈਂ ਤੁਰੀ ਜਾ ਰਿਹਾ ਹਾਂ।

ਐਲਬਮ ਡੀਜ਼ਾਈਨਰ ਦੇ ਇਹ ਬੋਲ ਮੇਰੇ ਦਿਮਾਗ ਵਿਚ ਸੱਟਾਂ ਮਾਰ ਰਹੇ ਹਨ....

'ਇਹ ਹਰਾਮੀ ਲਾਲਾ ਇਸ ਫੋਟੋ ਵਿਚ ਕਿਧਰੇ ਫਿੱਟ ਨਹੀਂ ਹੋ ਰਿਹਾ।'

ਇਹ ਹਰਾਮੀ ਲਾਲਾ....

ਇਹ ਹਰਾਮੀ ਲਾਲਾ...

ਕਿਧਰੇ ਫਿੱਟ ਨਹੀਂ ਹੋ ਰਿਹਾ....

ਹਾਂ! ਹਾਂ... ਇਹ ਸੱਚ ਹੈ ਮੈਂ ਇੱਥੇ ਫਿੱਟ ਨਹੀਂ ਹੋ ਸਕਦਾ। ਲਾਲਾ ਹਰਾਮੀ ਸੀ ਪਰ ਮੈਂ ਹਰਾਮੀ ਨਹੀਂ... ਗੁਰਚਰਨ ਸੱਗੂ ਹਰਾਮੀ ਨਹੀਂ ਬਣ ਸਕਦਾ। ਭੱਜ ਜਾਣਾ ਇਸ ਸ਼ਹਿਰ ਵਿਚੋਂ ਰਾਤੋ ਰਾਤ ਤੇ ਮੁੜਕੇ ਕਦੇ ਨਾ ਵੇਖਾਂ ਬੰਬਈ ਦਾ ਇਹ ਰੰਗ... ਇਹਨਾਂ ਰੰਗਾਂ ਨੇ ਮੇਰੇ ਮੂੰਹ 'ਤੇ ਕਾਲਖ ਰੰਗੀ ਹੈ... ਚੰਨੇ ਲਲਾਰੀ ਦੇ ਰੰਗਾਂ ਨੂੰ ਬੇਰੰਗ ਕੀਤਾ ਹੈ... ਇਸ ਸ਼ਹਿਰ ਨੇ ਮੇਰੀ ਜ਼ਿੰਦਗੀ ਤਬਾਹ ਕੀਤੀ ਹੈ... ਚੈਨ ਲੁੱਟਿਆ ਹੈ ਇਸ ਸ਼ਹਿਰ ਨੇ ਮੇਰਾ... ਇਹ ਸ਼ਹਿਰ ਮੇਰੇ ਵਰਗਿਆਂ ਲਈ ਅਣਫਿੱਟ ਹੈ-

ਹਾਂ ਹਾਂ ਇਹ ਸ਼ਹਿਰ ਮੇਰੇ ਲਈ ਨਹੀਂ!

ਇਹ ਸ਼ਹਿਰ ਮੇਰੇ ਲਈ ਨਹੀਂ!!

ਇਹ ਸ਼ਹਿਰ ਮੇਰੇ ਲਈ ਨਹੀਂ!!!

ਰਾਤ ਦੇ ਬਾਰਾਂ ਵਜੇ ਮੈਂ ਨੰਗੇ ਪੈਰ, ਹੱਥ ਵਿਚ ਬੂਟ ਜੁਰਾਬਾਂ ਫੜੀ ਸਮੁੰਦਰ ਦੀ ਗਿੱਲੀ ਰੇਤਾ ਵਿਚ ਪੈਰ ਖੋਭੀ ਅਜੇ ਵੀ ਤੁਰ ਰਿਹਾ ਸਾਂ... ਸਮੁੰਦਰ ਸ਼ਾਂਤ ਸੀ... ਮੈਂ ਸ਼ਾਂਤ ਸੀ... ਬੀਚ 'ਤੇ ਜਗਦੀਆਂ ਰੋਸ਼ਨੀਆਂ ਸਮੁੰਦਰ ਦੇ ਪਾਣੀਆਂ 'ਤੇ ਤਰ ਰਹੀਆਂ ਸਨ।

(ਚਲਦਾ)



ਮਾਓਵਾਦੀ ਲਹਿਰ ਦੀ ਕਹਾਣੀ 'ਚੱਕਰਵਿਊ'



ਅਵਤਾਰ ਸਿੰਘ

'ਆਰਕਸ਼ਣ' ਤੋਂ ਬਾਅਦ ਇੱਕ ਵਾਰ ਫਿਰ ਪ੍ਰਕਾਸ਼ ਝਾਅ ਨੇ ਲੋਕਾਈ ਨਾਲ ਜੁੜਿਆ ਮੁੱਦਾ ਚੁੱਕਿਆ ਹੈ।ਆਪਣੀ ਫਿਲਮ 'ਚੱਕਰਵਿਊ' ਵਿਚ ਪ੍ਰਕਾਸ਼ ਝਾਅ ਨੇ ਦੇਸ਼ ਦੇ ਦੋ-ਢਾਈ ਸੌ ਜ਼ਿਲ੍ਹਿਆਂ ਵਿਚ ਚੱਲ ਰਹੀ ਮਾਓਵਾਦੀ ਲਹਿਰ ਦੇ ਕਾਰਨਾਂ, ਮਾਓਵਾਦੀ ਗੁਰੀਲਿਆਂ ਦੀ ਯੁੱਧਨਿਤੀ ਅਤੇ ਆਦਿਵਾਸੀ ਲੋਕਾਂ ਦੀਆਂ ਅਣਗੌਲੇ ਕੀਤੇ ਜਾ ਰਹੇ ਜਿਉਣ ਹਾਲਤਾਂ ਨੂੰ ਬਿਆਨ ਕਰਨ ਦੀ ਕੋਸ਼ਿਸ਼ ਕੀਤੀ ਹੈ।ਫਿਲਮ ਦੀ ਸ਼ੁਰੂਆਤ 'ਗੋਬਿੰਦ ਸੂਰਿਆਵੰਸ਼ੀ ਦੀ ਗ੍ਰਿਫਤਾਰੀ ਤੋਂ ਹੁੰਦੀ ਹੈ ਜਿਸ ਦਾ ਰੋਲ ਓਮ ਪੁਰੀ ਵੱਲੋਂ ਨਿਭਾਇਆ ਗਿਆ ਹੈ।''ਗੋਬਿੰਦ ਸੂਰਿਆਵੰਸ਼ੀ ਦਾ ਕਿਰਦਾਰ ਕੋਬਾੜ ਗਾਂਧੀ ਤੋਂ ਪ੍ਰਭਾਵਿਤ ਹੈ।ਜਿਸ ਦੀ ਗ੍ਰਿਫਤਾਰੀ ਬਿਲਕੁਲ ਉਸੇ ਅੰਦਾਜ਼ 'ਚ ਹੁੰਦੀ ਹੈ ਜਿਸ ਤਰ੍ਹਾਂ ਰਾਹੁਲ ਪੰਡਿਤਾ ਨੇ ਆਪਣੀ ਕਿਤਾਬ 'ਹੈਲੋ ਬਸਤਰ' ਵਿਚ ਦਿਖਾਈ ਹੈ।

ਫਿਲਮ ਬੜੀ ਤੇਜੀ ਨਾਲ ਚੱਲਦੀ ਹੈ ਅਤੇ ਬਹੁਤ ਸਾਰੀਆਂ ਘਟਨਾਵਾਂ ਨੂੰ ਤੋੜ ਮੋਰੜ ਕੇ ਪੇਸ਼ ਕੀਤਾ ਗਿਆ ਹੈ।ਨੰਦੀ ਗ੍ਰਾਮ ਨੂੰ ਨੰਦੀਘਾਟ ਕਰ ਦਿੱਤਾ ਗਿਆ ਜਿੱਥੇ ਐਸ.ਪੀ.ਆਦਿਲ ਖਾਨ ਦਾ ਤਬਾਦਲਾ ਹੁੰਦਾ ਹੈ ਜਿਸ ਨੂੰ 'ਰਾਜਨ'(ਮਨੋਜ ਵਾਜਪਾਈ) ਨਾਮ ਦੇ ਮਾਓਵਾਦੀ ਕਮਾਂਡਰ ਨੂੰ ਫੜਨ ਲਈ ਖਾਸ ਤੌਰ 'ਤੇ ਲਿਆਂਦਾ ਜਾਂਦਾ ਹੈ।ਐਸ.ਪੀ. ਖਾਨ ਆਦਿਵਾਸੀਆਂ ਦੇ ਜ਼ਖਮਾਂ 'ਤੇ ਮਰਹਮ ਲਗਾਉਣ ਦੀ ਕੋਸ਼ਿਸ਼ ਕਰਦਾ ਹੈ ।ਲੋਕਾਂ ਨੂੰ ਸਰਕਾਰ ਦੀਆਂ ਸਫਾਈਆਂ ਦਿੰਦਾ ਹੈ ਪਰ ਦੂਜੇ ਪਾਸੇ ਮਾਓਵਾਦੀ ਕਮਾਂਡਰ ਰਾਜਨ ਆਪਣੀਆਂ ਦਲੀਲਾਂ ਦੇ ਕੇ ਸਰਕਾਰ ਦੇ ਚਿਹਰੇ ਨੂੰ ਨੰਗਾ ਕਰਨ ਦੀ ਕੋਸ਼ਿਸ਼ ਵਿਚ ਲੱਗਾ ਰਹਿੰਦਾ ਹੈ।

ਸਰਕਾਰ ਜਿਸ ਤਰ੍ਹਾਂ ਆਦਿਵਾਸੀਆਂ ਦਾ ਉਜਾੜਾ ਕਰ ਰਹੀ ਹੈ, ਜੰਗਲ –ਜ਼ਮੀਨ ਵਿਦੇਸ਼ੀ ਕੰਪਨੀਆਂ ਨੂੰ ਦੇ ਰਹੀ ਹੈ ਇਹ ਸਭ ਦਿਖਾਉਣ ਦੀ ਕੋਸ਼ਿਸ਼ ਕੀਤੀ ਗਈ ਹੈ।.....ਨੇਤਾਵਾਂ ਵੱਲੋਂ ਆਦਿਵਾਸੀਆਂ ਦੀ ਪ੍ਰਵਾਹ ਨਾਂ ਕਰੇ ਬਿਨ੍ਹਾਂ 'ਮਹਾਨਤਾ'(ਵੇਦਾਂਤਾ) ਵਰਗੀਆਂ ਕੰਪਨੀਆਂ ਦੇ ਹਿੱਤਾਂ ਨੂੰ ਪੂਰਿਆ ਜਾਂਦਾ ਹੈ ।ਰਣਬੀਰ ਸੈਨਾ ਵਰਗੇ ਸੰਗਠਨਾਂ ਨੂੰ ਕਿਸ ਤਰ੍ਹਾਂ ਜ਼ਮੀਨਾ ਖਾਲੀ ਕਰਾਉਣ ਲਈ ਵਰਤਿਆ ਜਾਂਦਾ ਹੈ ਇਹ ਸਭ ਵੀ ਦਿਖਾਇਆ ਗਿਆ ਹੈ ਪਰ ਬਹੁਤ ਛੋਟੇ ਰੂਪ 'ਚ ਦਿਖਾਈਆਂ ਗਈਆਂ ਬਹੁਤ ਸਾਰੀਆਂ ਚੀਜਾਂ ਸਥਾਪਿਤ ਨਹੀਂ ਹੋ ਪਾਉਂਦੀਆਂ। ਲੋਕਾਂ ਦੇ ਦਰਦ ਨੂੰ ਘੱਟ ਬਿਆਨ ਕੀਤਾ ਗਿਆ ਹੈ।ਐਸ ਪੀ ਆਦਿਲ ਦਾ ਦੋਸਤ ਕਬੀਰ(ਅਭੈ ਦਿਉਲ) ਬੜੀ ਅਸਾਨੀ ਨਾਲ ਮਾਓਵਾਦੀਆਂ ਦੇ ਦਲ 'ਚ ਸ਼ਾਮਿਲ ਹੋ ਜਾਂਦਾ ਹੈ। ਭਾਵੇ ਕਿ ਕਬੀਰ (ਅਭੈ ਦਿਓਲ) ਰਾਜਨ (ਮਨੋਜ ਵਾਜਪਾਈ) ਨੂੰ ਗ੍ਰਿਫਤਾਰ ਕਰਵਾਉਣ ਲਈ ਪੁਲਿਸ ਦਾ ਮੁਖਬਰ ਬਣ ਕੇ ਜਾਂਦਾ ਹੈ।ਜਿਸ ਕਾਰਨ ਮਾਓਵਾਦੀਆਂ ਦਾ ਕਾਫੀ ਨੁਕਸਾਨ ਵੀ ਹੁੰਦਾ ਹੈ ਪਰ ਆਖਰ ਵਿਚ ਉਹ ਨਕਸਲਵਾਦੀਆਂ ਦੀ ਲੋਕ ਲਹਿਰ ਦਾ ਇੱਕ ਸਿਪਾਹੀ ਬਣ ਜਾਂਦਾ ਹੈ ਅਤੇ ਲਾਲ ਰੰਗ ਵਿਚ ਰੰਗ ਜਾਂਦਾ ਹੈ।ਉਹ ਨੇੜੇ ਤੋਂ ਉਹਨਾਂ ਦੀ ਲਹਿਰ ਨੂੰ ਦੇਖਦਾ ਹੈ,ਆਦਿਵਾਸੀਆਂ ਦੀਆਂ ਦੁੱਖ ਤਕਲੀਫਾਂ ਨੂੰ ਸਮਝਦਾ ਹੈ।ਤਾਂ ਉਸ ਨੂੰ ਪਤਾ ਹੀ ਨਹੀਂ ਲੱਗਦਾ ਕਿ ਕਦੋਂ ਉਹ ਸਪੂਰਨ ਗੁਰੀਲਾ ਬਣ ਜਾਂਦਾ ਹੈ। ਫਿਲਮ 'ਚ ਮਾਓਵਾਦੀ ਗੁਰੀਲਾ ਜੂਹੀ (ਅੰਜਲੀ ਪਾਟਿਲ) ਦਾ ਰੋਲ ਬੜਾ ਸ਼ਾਨਦਾਰ ਅਤੇ ਜੋਸ਼ੀਲਾ ਹੈ।'ਜੂਹੀ' ਲਹਿਰ ਦੀ ਉਹ ਸਿਪਾਹੀ ਹੈ ਜੋ ਉਹਨਾਂ ਆਦਿਵਾਸੀ ਔਰਤਾਂ ਦੀ ਪ੍ਰਤੀਨਿੱਧਤਾ ਕਰਦੀ ਹੈ ਜੋ ਪੁਲਿਸ ਅਤੇ ਫੌਜ ਦੀਆਂ ਸਤਾਈਆਂ ਹੋਈਆਂ ਨੇ।ਆਜ਼ਾਦ ਭਾਰਤ 'ਚ ਗੁਲਾਮੀ ਦੀ ਜ਼ਿੰਦਗੀ ਜੀਅ ਰਹੀਆਂ ਨੇ।ਉਹ ਸਿਸਟਮ ਦੇ ਅੱਤਿਆਚਾਰ ਦਾ ਸ਼ਿਕਾਰ ਤਾਂ ਹੁੰਦੀ ਹੈ ਪਰ ਗੋਡੇ ਨਹੀਂ ਟੇਕਦੀ ਅਤੇ ਵਿਦਰੋਹ ਕਰਦੀ ਹੋਈ ਲਹਿਰ ਵਿਚ ਕੁੱਦ ਜਾਂਦੀ ਹੈ। ਉਸ ਦੀ ਲੀਡਰਸ਼ਿਪ ਇਹ ਵੀ ਦਰਸਾਉਂਦੀ ਹੈ ਕੁੜੀਆਂ ਦੀ ਅਗਵਾਈ 'ਚ ਵੀ ਇਨਕਲਾਬ ਦੀ ਲੜਾਈ ਲੜੀ ਜਾ ਸਕਦੀ ਹੈ।ਪੁਲਿਸ ਦੀ ਐਨਕਾਊਂਟਰ ਕਰਨ ਦੀ ਚਾਹਤ ਅਤੇ ਤਸ਼ੱਦਦ ਨੂੰ ਬਾਖੂਬੀ ਪੇਸ਼ ਕੀਤਾ ਗਿਆ ਹੈ ਕਿ ਕਿਸ ਤਰ੍ਹਾਂ ਸਿਰਫ ਤਮਗਿਆਂ ਲਈ ਬੇਕਸੂਰ ਲੋਕਾਂ ਦਾ ਹੀ ਨਹੀਂ ਸਗੋਂ ਪੁਲਿਸ ਦਾ ਵੀ ਕਤਲੇਆਮ ਕਰਵਾ ਦਿੱਤਾ ਜਾਂਦਾ ਹੈ।ਭਾਂਵੇਂ ਕਿ ਫਿਲਮ ਮਾਓਵਾਦੀਆਂ ਦੀ ਲੜਾਈ ਦੇ ਹੱਕ ਵਿਚ ਹੀ ਭੁੱਗਤਦੀ ਹੈ।ਪਰ ਇਹ ਸਵਾਲ ਵੀ ਉਠਾਉਂਦੀ ਹੈ ਕਿ ਜੋ ਲੋਕ ਸਿਰਫ 20 ਤੱਕ ਗਿਣਤੀ ਜਾਣਦੇ ਨੇ, 21 ਕੀ ਹੁੰਦਾ ਹੈ ਉਹਨਾਂ ਨੂੰ ਪਤਾ ਨਹੀਂ ਤਾਂ ਫਿਰ ਉਹ ਲੋਕ ਕਿਵੇਂ ਇਨਕਲਾਬ ਕਰ ਸਕਦੇ ਨੇ, ਕਿਵੇਂ ਸੱਤਾ ਪ੍ਰਵਿਰਤਨ ਕਰਨਗੇ?

'ਆਰਗੋ' ਬਨਾਮ 'ਜ਼ੀਰੋ ਡਾਰਕ ਥਰਟੀ'

ਤਹਿਰਾਨ : ਨਿਰਦੇਸ਼ਕ ਬੇਨ ਐਫ਼ਲੇਕ ਦੀ ਫ਼ਿਲਮ 'ਆਰਗੋ' ਨੇ 70ਵੇਂ ਗੋਲਡਨ ਗਲੋਬ ਪੁਰਸਕਾਰ ਸਮਾਰੋਹ ਵਿਚ ਸਭ ਤੋਂ ਵਧੀਆ ਫਿਲਮ ਦਾ ਪੁਰਸਕਾਰ ਜਿੱਤਿਆ ਹੈ। ਗੋਲਡਨ ਗਲੋਬ ਦੇ ਸਮਾਰੋਹ ਵਿਚ ਵੱਖ ਵੱਖ ਕੈਟਾਗਰੀ ਦੇ ਪੁਰਸਕਾਰ ਦਿੱਤੇ ਗਏ। ਸਭ ਤੋਂ ਵਧੀਆ ਫਿਲਮ ਦੀ ਸ਼੍ਰੇਣੀ ਵਿਚ 'ਆਰਗੋ' ਦਾ ਮੁਕਾਬਲਾ 'ਲਾਈਫ਼ ਆਫ਼ ਪਾਈ', 'ਡਜੇਂਗੋ ਅਨਚੇਂਡ', 'ਲਿੰਕਨ' ਅਤੇ 'ਜ਼ੀਰੋ ਡਾਰਕ ਥਰਟੀ' ਨਾਲ ਸੀ। ਫ਼ਿਲਮ 'ਆਰਗੋ' 70ਵੇਂ ਦਹਾਕੇ ਦੀ ਪਿੱਠਭੂਮੀ ਵਿਚ ਬਣੀ ਰਾਜਨੀਤਕ ਫ਼ਿਲਮ ਹੈ। ਫ਼ਿਲਮ ਦੀ ਕਹਾਣੀ ਇਰਾਨ ਦੇ ਕਨੇਡਿਆਈ ਸਫ਼ਾਰਤਖਾਨੇ ਵਿਚ ਬੰਦੀ ਬਣਾਏ ਗਏ 6 ਅਮਰੀਕੀਆਂ ਨੂੰ ਛੁਡਾਉਣ ਦੀ ਮੁਹਿੰਮ 'ਤੇ ਅਧਾਰਤ ਹੈ। ਫ਼ਿਲਮ ਦੇ ਨਿਰਦੇਸ਼ਕ ਬੇਨ ਐਫ਼ਲੇਕ ਨੇ ਨਾ ਸਿਰਫ਼ ਫ਼ਿਲਮ ਦਾ ਨਿਰਦੇਸ਼ਨ ਕੀਤਾ ਬਲਕਿ ਫ਼ਿਲਮ ਵਿਚ ਉਨ੍ਹਾਂ ਨੇ ਅਮਰੀਕੀ ਸੀ.ਆਈ.ਏ. ਏਜੰਟ ਟਾਨੀ ਮੈਨਡੇਜ਼ ਦੀ ਭੂਮਿਕਾ ਵੀ ਨਿਭਾਈ ਹੈ।

'ਜ਼ੀਰੋ ਡਾਰਕ ਥਰਟੀ' ਓਸਾਮਾ ਬਿਨ ਲਾਦੇਨ ਨੂੰ ਮਾਰਨ ਨਾਲ ਜੁੜੀ ਮੁਹਿੰਮ 'ਤੇ ਬਣੀ ਇਹ ਅਮਰੀਕੀ ਫ਼ਿਲਮ ਵੈਸੇ ਤਾਂ ਆਸਕਰ ਵਿਚ ਸਭ ਤੋਂ ਵਧੀਆ ਫ਼ਿਲਮ ਦੀ ਦੌੜ ਵਿਚ ਸੀ ਪਰ ਕੇਵਲ ਸਭ ਤੋਂ ਵਧੀਆ ਸਾਊਂਡ ਐਡੀਟਿੰਗ ਦਾ ਪੁਰਸਕਾਰ ਹੀ ਬਟੋਰ ਸਕੀ। ਉਹ ਵੀ ਜੇਮਜ਼ ਬਾਂਡ ਦੀ ਫ਼ਿਲਮ 'ਸਕਾਈਫ਼ਾਲ' ਦੇ ਨਾਲ। ਇਸ ਦਾ ਮਤਲਬ ਕੀ ਦੁਨੀਆ ਦੇ ਹੁਣ ਤਕ ਦੇ ਸਭ ਤੋਂ ਵੱਡੇ ਮੈਨਹੰਟ ਕਹੇ ਜਾਣ ਵਾਲੇ ਇਸ ਅਭਿਆਨ 'ਤੇ ਬਣੀ ਇਹ ਫਿਲਮ ਆਸਕਰ ਦੀ ਅਤੇ ਅਮਰੀਕਾ ਦੀ ਰਾਜਨੀਤੀ ਦਾ ਸ਼ਿਕਾਰ ਹੋਈ? 2009 ਵਿਚ ਫ਼ਿਲਮ 'ਹਰਟਲਾਕਰ' ਲਈ ਸਭ ਤੋਂ ਵਧੀਆ ਨਿਰਦੇਸ਼ਕ ਦਾ ਪੁਰਸਕਾਰ ਜਿੱਤ ਚੁੱਕੀ ਕੈਥਰਿਨ ਬਿਗੇਲੋ ਦੀ ਫ਼ਿਲਮ 'ਜ਼ੀਰੋ ਡਾਰਕ ਥਰਟੀ' ਰਿਲੀਜ਼ ਹੋਣ ਦੇ ਨਾਲ ਹੀ ਅਮਰੀਕੀ ਸੰਸਦ ਦੀ ਅੱਖ ਵਿਚ ਰੜਕਣ ਲੱਗ ਗਈ ਸੀ। ਇਸ ਫ਼ਿਲਮ ਵਿਚ ਦਿਖਾਏ ਗਏ ਪੁਛਗਿਛ ਦੇ ਦਮਨਾਤਮਕ ਤਰੀਕਿਆਂ ਨੂੰ ਲੈ ਕੇ ਕਾਫ਼ੀ ਵਿਵਾਦ ਰਿਹਾ ਹੈ। ਅਮਰੀਕੀ ਸੰਸਦ ਵਿਚ ਡੈਮੋਕ੍ਰੇਟ ਅਤੇ ਰਿਪਬਲੀਕਨ ਪਾਰਟੀ ਦੋਵਾਂ ਨੇ ਹੀ ਇਨ੍ਹਾਂ ਦ੍ਰਿਸ਼ਾਂ 'ਤੇ ਸਖ਼ਤ ਵਿਰੋਧ ਕੀਤਾ ਅਤੇ ਕਿਹਾ ਕਿ ਇਹ ਅਮਰੀਕਾ ਅਤੇ ਏਜੰਸੀ ਸੀ.ਆਈ.ਏ. ਦੇ ਗ਼ਲਤ ਅਕਸ ਨੂੰ ਪੇਸ਼ ਕਰਦਾ ਹੈ।





ਆਸਕਰ ਤੋਂ ਪਹਿਲਾਂ ਨਿਊਯਾਰਕ ਦੇ ਫ਼ਿਲਮ ਸਮੀਖਿਅਕ ਅਸੀਮ ਛਾਬੜਾ ਨੇ 'ਮੁੰਬਈ ਮਿਰਰ' ਅਖ਼ਬਾਰ ਦੇ ਕਾਲਮ ਵਿਚ ਲਿਖਿਆ ਸੀ, ''ਮੇਰੀ ਪਸੰਦੀਦਾ ਫ਼ਿਲਮ ਜ਼ੀਰੋ ਡਾਰਕ ਥਰਟੀ ਹੈ ਪਰ ਉਸ ਵਿਚ ਦਿਖਾਏ ਤਸੀਹਿਆਂ ਦੇ ਦ੍ਰਿਸ਼ਾਂ ਨੂੰ ਜਿਸ ਤਰ੍ਹਾਂ ਆਲੋਚਨਾ ਝੱਲਣੀ ਪੈ ਰਹੀ ਹੈ, ਲਗਦਾ ਨਹੀਂ ਕਿ ਉਸ ਨੂੰ ਸਭ ਤੋਂ ਵਧੀਆ ਫ਼ਿਲਮ ਦਾ ਐਵਾਰਡ ਮਿਲ ਸਕੇ।''

'ਦ ਸਨ' ਅਖ਼ਬਾਰ ਨੂੰ ਦਿੱਤੇ ਇਕ ਇੰਟਰਵਿਊ ਵਿਚ ਫ਼ਿਲਮ ਦੀ ਨਿਰਦੇਸ਼ਕ ਕੈਥਰਿਨ ਨੇ ਕਿਹਾ ਸੀ, ''ਇਤਿਹਾਸ ਤੋਂ ਮੂੰਹ ਮੋੜਨਾ ਗਲਤ ਹੋਵੇਗਾ। ਲਾਦੇਨ ਦੀ ਤਲਾਸ਼ ਵਿਚ ਕੁਝ ਚੀਜ਼ਾਂ ਅਫ਼ਸੋਸਜਨਕ ਹੋਈਆਂ ਪਰ ਜਕੇਰ ਅਸੀਂ ਤਸੀਹਿਆਂ ਦੇ ਦ੍ਰਿਸ਼ ਨਹੀਂ ਦਿਖਾਉਂਦੇ ਤਾਂ ਇਹ ਇਤਿਹਾਸ ਨੂੰ ਮਿਟਾਉਣ ਵਰਗਾ ਹੁੰਦਾ।''

ਇਕ ਹੋਰ ਅਖ਼ਬਾਰ 'ਦ ਇੰਡਿਪੈਂਡੇਂਟ' ਅਨੁਸਾਰ ''ਪਿਛਲੇ ਸਾਲ ਦਸੰਬਰ ਵਿਚ 'ਜ਼ੀਰੋ ਡਾਰਕ ਥਰਟੀ' ਨੂੰ ਨਿਊਯਾਰਕ ਫ਼ਿਲਮ ਕ੍ਰਿਟਿਕ ਸਰਕਲ ਅਤੇ ਨੈਸ਼ਨਲ ਬੋਰਡ ਆਫ਼ ਰਿਵਿਊ ਵਲੋਂ ਸਭ ਤੋਂ ਵਧੀਆ ਫ਼ਿਲਮ ਦਾ ਦਰਜਾ ਦਿੱਤਾ ਗਿਆ ਸੀ ਪਰ ਫ਼ਿਲਮ ਆਸਕਰ ਮੁਹਿੰਮ ਵਿਚ ਪਿਛੇ ਰਹਿ ਗਈ ਕਿਉਂਕਿ ਸਟੂਡਿਓ ਸੋਨੀ ਪਿਕਚਰਜ਼ ਨੂੰ ਯੂ.ਐਸ. ਸੀਨੇਟਰਾਂ ਨੇ ਚਿੱਠੀ ਲਿਖ ਕੇ ਆਪਣਾ ਇਤਰਾਜ਼ ਪ੍ਰਗਟਾਇਆ ਸੀ।''

ਫ਼ਿਲਮ ਸਮੀਖਿਅਕ ਨਿਮਰਤਾ ਜੋਸ਼ੀ ਅਨੁਸਾਰ ਵੈਸੇ ਤਾਂ ਇਹ ਕਹਿਣਾ ਗ਼ਲਤ ਹੋਵੇਗਾ ਕਿ ਆਸਕਰ ਪੁਰਸਕਾਰਾਂ ਵਿਚ ਖੁੱਲ੍ਹੇਆਮ ਸਿਆਸੀ ਦਖ਼ਲ ਹੁੰਦਾ ਹੈ ਤਾਂ ਇਨ੍ਹਾਂ ਵਿਚ ਹੇਰਫੇਰ ਹੁੰਦੀ ਹੈ ਪਰ ਇਹ ਵੀ ਕਿਸੇ ਤੋਂ ਲੁੱਕਿਆ ਨਹੀਂ ਹੈ ਕਿ ਇਨ੍ਹਾਂ ਐਵਾਰਡਾਂ ਵਿਚ ਸਿਆਸੀ ਮਾਹੌਲ ਦਾ ਧਿਆਨ ਰੱਖਿਆ ਜਾਂਦਾ ਹੈ। ਨਿਮਰਤਾ ਕਹਿੰਦੀ ਹੈ, ''ਮਨੋਰੰਜਨ ਉਦਯੋਗ ਦਾ ਰਾਜਨੀਤੀ ਨਾਲ ਕਿੰਨਾ ਮੇਲਜੋਲ ਹੈ ਇਹ ਕਿਸੇ ਤੋਂ ਲੁਕਿਆ ਨਹੀਂ ਹੈ ਪਰ ਜਿਸ ਤਰ੍ਹਾਂ ਇਸ ਵਾਰ ਬੈਸਟ ਫ਼ਿਲਮ ਦਾ ਐਵਾਰਡ ਵਾਈਟ ਹਾਊਸ ਤੋਂ ਮਿਸ਼ੇਲ ਓਬਾਮਾ ਨੇ ਐਲਾਨਿਆ ਹੈ, ਇਹ ਤਾਂ ਖੁੱਲ੍ਹੇਆਮ ਆਪਣੇ ਗੂੜੇ ਸਬੰਧਾਂ ਨੂੰ ਦਿਖਾਉਣ ਦੀ ਕੋਸ਼ਿਸ਼ ਲਗੀ।''

ਜਿਥੇ ਕੈਥਰਿਨ ਦੀ ਫ਼ਿਲਮ 'ਜ਼ੀਰੋ ਡਾਰਕ ਥਰਟੀ', ਲਾਦੇਨ ਦੀ ਤਲਾਸ਼ ਵਿਚ ਅਮਰੀਕੀ ਏਜੰਸੀ ਦੀ ਹੇਰਫ਼ੇਰ ਜਾਂ ਤਾਕਤ ਨੂੰ ਪੇਸ਼ ਕਰਦੀ ਹੈ, ਉਥੇ ਹੀ ਸਭ ਤੋਂ ਵਧੀਆ ਫ਼ਿਲਮ ਦਾ ਪੁਰਸਕਾਰ ਜਿੱਤਣ ਵਾਲੀ 'ਆਰਗੋ' 1979 ਦੇ ਉਸ ਸਾਹਸੀ ਕਾਰਨਾਮੇ ਨੂੰ ਦਿਖਾਉਂਦੀ ਹੈ, ਜਦੋਂ ਸੀ.ਆਈ.ਏ. ਨੇ ਆਪਣੀ ਸੂਝਬੂਝ ਨਾਲ ਇਰਾਨ ਵਿਚ ਅਮਰੀਕੀ ਬੰਦੀਆਂ ਨੂੰ ਬਾਹਰ ਕੱਢਿਆ ਸੀ। ਹੁਣ ਅਜਿਹੇ ਵਿਚ ਐਵਾਰਡ ਕਿਸ ਨੂੰ ਮਿਲਣਾ ਚਾਹੀਦਾ ਹੈ, ਇਹ ਨਿਰਭਰ ਕਰਦਾ ਹੈ ਕਿ ਐਵਾਰਡ ਕਿਥੇ ਹੋ ਰਹੇ ਹਨ।



Royal
Royal
Executive Homes
Executive Homes
TOWN HOUSES IN WILDWOOD
Only 5 Left
Available from 1232 sq ft. to 1589 sq ft. with attached Single and Double Garage. Starting price: $ 309,900
PRICE REDUCED
Now only $289,900
Excellent Location
Close to all Amenities
Transit Access
Affordable Prices
Future Rec Center
Close to white Mud & Anthony Henday
5 Appliances & Fully Landscaped
10 Year Home Warranty
Granite Counter Top & Maple Kitchen
Whitemud
Anthony Henday
19th St.
17th St.
34th Ave
FUTURE SHOPPING CENTER
23rd Ave
SHOW HOME OPEN NOW
For Show Home Hours:
Contact 780-965-7390
Wild Wood
TOWN HOUSES
1820, 34th Ave
Edmonton.
780-965-7390
780-906-4497
royalexecutivehomes@hotmail.com
Jessy Parihar
Ranjit Deol
Call
Sales Contact :
Roohi@ 780-905-6970 OR
Kul Bhatia @ 780-266-5500

SOHAIL QUADRI, MLA

EDMONTON-MILL WOODS

PREMIER REDFORD HOSTED THE FIRST ANNUAL ALBERTA ECONOMIC SUMMIT



CALGARY: Group photo Associate Minister Wellness Hon Dave Rodney, Justice Minister Hon Jonathan Denis, MLA Sohail Quadri, G. Nabi Choudhury and others during Economic Summit in Calgary. February 9th 2013

Over 300 people took part in the discussions, aimed at figuring out long-term ways to balance Alberta's budget and raise revenue. Sohail Quadri, MLA Edmonton-Mill Woods along with his other colleagues, eminent Albertans and Economic advisors contributed to the discussion on Feb 9, 2013 in Calgary under the leadership of Premier Alison Redford.

COMMITTEES AND COUNCILS MR. QUADRI IS A MEMBER OF:

- Standing Committee on Alberta's Economic Future
- Standing Committee on Legislative Offices
- Standing Committee on Public Accounts
- Private Members Business Committee
- Montana – Alberta Bilateral Advisory Council
- Results Based Budgeting – Economic Development Challenge Panel

As the MLA for Edmonton - Mill Woods, I am always available to assist constituents. If you have any questions or concerns regarding the Alberta Economic Summit, electricity costs, Premier's Address to Albertans or any other matter, I can be reached in my constituency office at (780) 414-1000, or in my Legislature office at (780) 427-7969. Also, please subscribe to my e-newsletter at http://quadri.mypcmla.ca.



SOHAIL QUADRI, MLA

Edmonton-Mill Woods constituency office:

Address: 101 9807–34 Ave Edmonton AB, T6E 5X9

Phone: (780) 414-1000

Email: Edmonton.millwoods@assembly.ab.ca